










Fourteenth Year of Publication | ਨਿਊ ਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 14, Issue 14, April 6th, 2013 | 20451 N Plum Grove Rd. Palatine, IL 60074 | Ph:847-359-0746, Fax:847-705-9388


# ਕਤਲੇਆਮ 84:ਅਮਰੀਕਾ ਵਲੋਂ ਨਸਲਕੁਸ਼ੀ ਮੰਨਣ ਤੋਂ ਨਾਂਹ

## ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਕਰਾਰ

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਅਮਰੀਕੀ ਸਰਕਾਰ ਨੇ ਭਾਰਤ ਵਿਚ 1984 ਦੇ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਕਰਾਰ ਦੇਣ ਤੋਂ ਇਨਕਾਰ ਕਰ ਦਿੱਤਾ, ਪਰ ਇਹ ਗੱਲ ਜ਼ੋਰ ਦੇ ਕੇ ਕਹੀ ਹੈ ਕਿ ਉਸ ਸਮੇਂ ਮਾਨਵੀ ਹੱਕਾਂ ਦੀ ਘੋਰ ਉਲੰਘਣਾ ਹੋਈ ਸੀ। ਕੈਨੇਡਾ ਤੋਂ ਬਾਅਦ ਅਮਰੀਕਾ ਵੱਲੋਂ ਵੀ ਪਟੀਸ਼ਨ ਰੱਦ ਕਰਨ ਨਾਲ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਦੀ ਮੁਹਿੰਮ ਨੂੰ ਝਟਕਾ ਲੱਗਾ ਹੈ ਤੇ ਵਿਦੇਸ਼ੀ ਹਾਕਮਾਂ ਦੇ ਰਵੱਈਏ ਵਿਚ ਆਈ ਤਬਦੀਲੀ ਨੇ ਹੈਰਾਨ ਵੀ ਕੀਤਾ ਹੈ। ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਦਾ ਮੰਨਣਾ ਹੈ ਕਿ ਅਮਰੀਕਾ ਨੇ ਇਸ ਮਾਮਲੇ ਵਿਚ ਭਾਰਤ ਨਾਲ ਸਬੰਧਾਂ ਦੇ ਮੱਦੇਨਜ਼ਰ ਕੂਟਨੀਤਕ ਪੈਂਤੜਾ ਮੱਲਿਆ ਹੈ ਜਿਸ ਨਾਲ ਸਿੱਖ ਭਾਈਚਾਰੇ ਦੇ ਮਨਾਂ ਨੂੰ ਠੇਸ ਲੱਗੀ ਹੈ।

ਉਂਜ, ਰਾਸ਼ਟਰਪਤੀ ਬਰਾਕ ਓਬਾਮਾ ਨੇ ਬੇਸ਼ੱਕ ਇਸ ਗ਼ੈਰਮਨੁੱਖੀ ਕਾਰੇ ਨੂੰ ਨਸਲਕੁਸ਼ੀ ਦੀ ਦਰਜਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਪਰ ਨਵੰਬਰ 1984 ਵਿਚ ਭਾਰਤ ਦੇ 18 ਸੂਬਿਆਂ ਤੇ 110 ਸ਼ਹਿਰਾਂ ਵਿਚ ਹੋਏ ਸਿੱਖ ਕਤਲੇਆਮ ਨੂੰ ਪੰਜ ਸਿੰਘ ਸਾਹਿਬਾਨ ਨੇ ਸਿੱਖ ਨਸਲਕੁਸ਼ੀ ਕਰਾਰ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹਦਾਇਤ ਕੀਤੀ ਹੋਈ ਹੈ ਕਿ ਦੁਨੀਆ ਭਰ ਵਿਚ ਵਸਦੇ ਸਿੱਖ, ਸਿੱਖ ਜਥੇਬੰਦੀਆਂ, ਮੀਡੀਆ ਤੇ ਹੋਰ ਸੰਸਥਾਵਾਂ ਇਸ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਹਿਣ। ਸਰਕਾਰੀ ਅੰਕੜਿਆਂ ਅਨੁਸਾਰ ਇਸ ਕਤਲੇਆਮ ਦੌਰਾਨ 2733 ਬੰਦੇ ਮਾਰੇ ਗਏ ਸਨ ਜਦੋਂਕਿ ਸਿੱਖ ਸੰਸਥਾਵਾਂ ਦੇ ਅੰਕੜਿਆਂ ਮੁਤਾਬਕ ਇਸ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਚਾਰ ਹਜ਼ਾਰ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਜਾਰੀ ਇਸ ਫਰਮਾਨ ਤੋਂ ਬਾਅਦ ਹੀ ਆਸਟਰੇਲੀਆ, ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ ਵਿਚ ਵਸੇ ਸਿੱਖਾਂ ਨੇ ਵਿਦੇਸ਼ੀ ਸਰਕਾਰਾਂ ਤੋਂ ਇਸ ਕਤਲੇਆਮ ਨੂੰ ਨਸਲਕੁਸ਼ੀ ਦਾ ਦਰਜਾ ਦਵਾਉਣ ਲਈ ਮੁਹਿੰਮ ਵਿੱਢੀ ਸੀ। ਉਂਜ, ਇਸ ਤੋਂ ਪਹਿਲਾਂ ਕੈਨੇਡਾ ਸਰਕਾਰ ਵੱਲੋਂ ਵੀ ਸਿੱਖਾਂ ਦੀ ਅਜਿਹੀ ਪਟੀਸ਼ਨ ਖਾਰਜ ਕਰ ਦਿੱਤੀ ਸੀ। ਇਸੇ ਤਰ੍ਹਾਂ ਕਈ ਮਹੀਨੇ ਪਹਿਲਾਂ ਅਮਰੀਕਾ ਵਿਚ ਰਹਿੰਦੇ ਸਿੱਖਾਂ ਨੇ ਆਨਲਾਈਨ ਪਟੀਸ਼ਨ ਮੁਹਿੰਮ ਸ਼ੁਰੂ ਕੀਤੀ ਸੀ ਜਿਸ ਵਿਚ ਓਬਾਮਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਗਈ ਸੀ ਕਿ 1984 ਦੇ ਕਤਲੇਆਮ ਨੂੰ ਸਿੱਖਾਂ ਦੀ ਨਸਲਕੁਸ਼ੀ ਐਲਾਨਿਆ ਜਾਵੇ।

ਅਮਰੀਕੀ ਸਰਕਾਰ ਕੋਲ 15 ਨਵੰਬਰ, 2012 ਨੂੰ ਪਾਈ ਗਈ ਇਸ ਪਟੀਸ਼ਨ 'ਤੇ ਕੁਝ ਹਫਤਿਆਂ ਵਿਚ ਹੀ 30,000 ਤੋਂ ਵੱਧ ਲੋਕਾਂ ਨੇ ਦਸਤਖ਼ਤ ਕੀਤੇ ਸਨ। ਇਸ ਬਾਰੇ ਵ੍ਹਾਈਟ ਹਾਊਸ ਵੱਲੋਂ ਪੇਸ਼ ਜਵਾਬ ਵਿਚ ਕਿਹਾ ਗਿਆ ਕਿ 1984 ਦੀ ਹਿੰਸਾ ਦੌਰਾਨ ਤੇ ਮਗਰੋਂ ਅਮਰੀਕਾ ਨੇ ਭਾਰਤ ਵਿਚ ਭਾਈਚਾਰੇ ਦੇ ਮੈਂਬਰਾਂ ਵਿਰੁੱਧ ਹੋਏ ਜ਼ੁਲਮਾਂ ਤੇ ਮਾਨਵੀ ਹੱਕਾਂ ਦੀ ਘੋਰ ਉਲੰਘਣਾ 'ਤੇ ਨਜ਼ਰਸਾਨੀ ਕੀਤੀ ਸੀ ਤੇ ਇਸ ਬਾਰੇ ਜਨਤਕ ਤੌਰ 'ਤੇ ਰਿਪੋਰਟ ਦਿੱਤੀ ਸੀ। ਇਸ ਰਿਪੋਰਟ ਵਿਚ ਹਿੰਸਾ ਤੇ ਇਸ ਮਗਰੋਂ ਪਏ ਪ੍ਰਭਾਵਾਂ, ਸਿਆਸੀ ਹੱਤਿਆਵਾਂ, ਗੁੰਮਸ਼ੁਦਗੀਆਂ, ਨਿਰਪੱਖ ਜਨਤਕ ਨਿਆਂ ਤੋਂ ਇਨਕਾਰ ਤੇ ਧਾਰਮਿਕ ਆਜ਼ਾਦੀ 'ਤੇ ਨਾਂਹਪੱਖੀ ਪ੍ਰਭਾਵ ਤੇ ਉਨ੍ਹਾਂ ਸਿਵਲ ਸੁਸਾਇਟੀਆਂ ਨੂੰ ਮੱਠਾ ਹੁੰਗਾਰਾ ਜਿਨ੍ਹਾਂ ਨੇ ਮਾਨਵੀ ਹੱਕਾਂ ਦੀ ਉਲੰਘਣਾ ਦੇ ਦੋਸ਼ਾਂ ਦੀ ਜਾਂਚ ਕੀਤੀ ਸੀ, ਜਿਹੇ ਸਾਰੇ ਪਹਿਲੂ ਸ਼ਾਮਲ ਸਨ।

ਵ੍ਹਾਈਟ ਹਾਊਸ ਦਾ ਦਾਅਵਾ ਸੀ ਕਿ ਅਮਰੀਕਾ ਨੇ ਧਰਮ ਦੇ ਆਧਾਰ 'ਤੇ ਲੋਕਾਂ ਵਿਰੁਧ ਹੁੰਦੀ ਹਿੰਸਾ ਦੇ ਖ਼ਿਲਾਫ਼ ਕੰਮ ਵੀ ਕੀਤਾ ਤੇ ਇਸ ਦੀ ਨਿੰਦਾ ਵੀ ਕੀਤੀ। ਲੰਮੇ ਸਮੇਂ ਤੋਂ ਅਮਰੀਕਾ ਦੀ ਇਹ ਵਿਦੇਸ਼ ਨੀਤੀ ਰਹੀ ਹੈ ਕਿ ਸਾਰੇ ਲੋਕਾਂ ਦੇ ਹੱਕਾਂ ਤੇ ਆਜ਼ਾਦੀ ਦੀ ਮਰਿਆਦਾ ਬਣੀ ਰਹੇ। ਅਮਰੀਕਾ ਦੇ ਸਫੀਰ ਲਗਾਤਾਰ ਇਸ ਬਾਰੇ ਰਿਪੋਰਟਾਂ ਦਿੰਦੇ ਹਨ ਤੇ ਵਿਸ਼ਵ ਵਿਚ ਕਿਤੇ ਵੀ ਘੱਟ ਗਿਣਤੀ ਭਾਈਚਾਰਿਆਂ ਦੇ ਹੱਕਾਂ ਦੀ ਹੁੰਦੀ ਉਲੰਘਣਾ ਖ਼ਿਲਾਫ਼ ਬੋਲਦੇ ਹਨ।

ਸਿੱਖਾਂ ਦਾ ਕਹਿਣਾ ਹੈ ਕਿ 1984 ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਦਾ ਕਤਲ ਕੀਤਾ ਗਿਆ, ਸੈਂਕੜੇ ਗੁਰਦੁਆਰਾ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਨੂੰ ਅਗਨ ਭੇਟ ਕਰ ਦਿੱਤਾ ਗਿਆ ਜੋ ਸਿੱਖ ਧਰਮ 'ਤੇ ਸਿੱਧਾ ਹਮਲਾ ਸੀ। ਇਸ ਦੌਰਾਨ ਕਿਤੇ ਵੀ ਦੋ ਫਿਰਕਿਆਂ ਵਿਚਾਲੇ ਦੰਗੇ ਨਹੀਂ ਭੜਕੇ, ਸਗੋਂ ਗਿਣੀ ਮਿਥੀ ਯੋਜਨਾ ਤਹਿਤ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਘਟਨਾ ਨੂੰ ਕਿਸੇ ਨੇ ਸਿੱਖ ਵਿਰੋਧੀ ਦੰਗੇ ਅਤੇ ਕਿਸੇ ਨੇ ਸਿੱਖ ਕਤਲੇਆਮ ਆਖਿਆ, ਪਰ ਜਿਸ ਢੰਗ ਤਰੀਕੇ ਨਾਲ ਸੋਚੀ ਸਮਝੀ ਸਾਜ਼ਿਸ਼ ਤਹਿਤ ਮੁਹਿੰਮ ਚਲਾ ਕੇ ਦੇਸ਼ ਭਰ ਦੇ 18 ਰਾਜਾਂ ਤੇ 110 ਸ਼ਹਿਰਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਬੇਕਸੂਰ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ, ਉਹ ਮਨੁੱਖੀ ਅਧਿਕਾਰਾਂ

(ਬਾਕੀ ਸਫਾ 6 'ਤੇ)



*1984 ਦੇ ਸਿੱਖ ਕਤਲੇਆਮ ਦੀ ਸ਼ਿਕਾਰ ਇਕ ਸਿੱਖ ਔਰਤ*

## ਸਾਕਾ ਨੀਲਾ ਤਾਰਾ ਹਰਜਾਨਾ ਕੇਸ ਦੀ ਪੈਰਵੀ ਕਰਨ ਦਾ ਫੈਸਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਚੁਫੇਰਿਓਂ ਦਬਾਅ ਪੈਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਸਾਕਾ ਨੀਲਾ ਤਾਰਾ' ਮੌਕੇ ਹੋਏ ਜਾਨੀ ਮਾਲੀ ਨੁਕਸਾਨ ਦੇ ਮੁਆਵਜ਼ੇ ਲਈ ਕੇਂਦਰ ਸਰਕਾਰ ਖ਼ਿਲਾਫ਼ ਅਦਾਲਤ ਵਿਚ ਦਾਇਰ ਇਕ ਹਜ਼ਾਰ ਕਰੋੜ ਰੁਪਏ ਦੇ ਹਰਜਾਨੇ ਦੇ ਕੇਸ ਦੀ ਮੁੜ ਪੈਰਵਾਈ ਕਰਨ ਦਾ ਫੈਸਲਾ ਕੀਤਾ ਹੈ। ਇਸ ਕੇਸ ਦੀ ਪੈਰਵਾਈ ਲਈ ਤਿੰਨ ਮਾਹਿਰ ਵਕੀਲਾਂ ਦੀ ਕਮੇਟੀ ਬਣਾਈ ਗਈ ਹੈ। ਇਨ੍ਹਾਂ ਵਿਚ ਸੁਪਰੀਮ ਕੋਰਟ ਦੇ ਐਡਵੋਕੇਟ ਐਚ.ਐਸ. ਫੂਲਕਾ, ਹਾਈ ਕੋਰਟ ਦੇ ਸੀਨੀਅਰ ਵਕੀਲ ਏ.ਪੀ.ਐਸ. ਆਹਲੂਵਾਲੀਆ ਅਤੇ ਭਾਰਤ ਸਰਕਾਰ ਦੇ ਸਾਬਕਾ ਕਾਨੂੰਨ ਸਕੱਤਰ ਰਘਬੀਰ ਸਿੰਘ ਸ਼ਾਮਲ ਹਨ।

ਯਾਦ ਰਹੇ ਕਿ ਦਿੱਲੀ ਹਾਈ ਕੋਰਟ ਨੇ 17 ਜਨਵਰੀ ਨੂੰ ਸ਼੍ਰੋਮਣੀ ਕਮੇਟੀ ਨੂੰ ਅੱਠ ਹਫਤੇ ਦਾ

(ਬਾਕੀ ਸਫਾ 6 'ਤੇ)

### ਜੰਗ ਦੇ ਬੱਦਲ

## ਉਤਰੀ ਕੋਰੀਆ ਅਤੇ ਅਮਰੀਕਾ ਆਹਮੋ-ਸਾਹਮਣੇ

**ਸਿਓਲ/ਵਾਸ਼ਿੰਗਟਨ:** ਕਈ ਸਾਲਾਂ ਦੀ ਕਸ਼ਮਕਸ਼ ਤੋਂ ਬਾਅਦ ਉੱਤਰੀ ਕੋਰੀਆ ਅਤੇ ਅਮਰੀਕਾ ਆਹਮੋ-ਸਾਹਮਣੇ ਆਣ ਖੜ੍ਹੇ ਹਨ ਤੇ ਦੋਵਾਂ ਮੁਲਕਾਂ ਨੇ ਸ਼ਰੇਆਮ ਇਕ-ਦੂਜੇ ਨੂੰ ਵੰਗਾਰਿਆ ਹੈ। ਉੱਤਰੀ ਕੋਰੀਆ ਨੇ ਕਿਹਾ ਹੈ ਕਿ ਉਹ ਦੱਖਣੀ ਕੋਰੀਆ ਨਾਲ 'ਜੰਗ ਵਾਲੀ ਹਾਲਤ' ਵਿਚ ਪੁੱਜ ਗਿਆ ਹੈ ਤੇ ਨਾਲ ਹੀ ਖ਼ਬਰਦਾਰ ਕੀਤਾ ਹੈ ਕਿ ਕਿਸੇ ਵੀ ਭੜਕਾਹਟ ਦਾ ਸਿੱਟਾ ਪਰਮਾਣੂ ਟਕਰਾਅ ਵਿਚ ਨਿਕਲ ਸਕਦਾ ਹੈ।

ਉੱਤਰੀ ਕੋਰੀਆ ਨੇ ਮਾਰਚ ਦੇ ਸ਼ੁਰੂ ਵਿਚ ਐਲਾਨ ਕੀਤਾ ਸੀ ਕਿ ਉਹ ਅਮਰੀਕਾ ਤੇ ਦੱਖਣੀ ਕੋਰੀਆ ਵੱਲੋਂ ਕੀਤੀਆਂ ਜਾ ਰਹੀਆਂ ਸਾਂਝੀਆਂ ਜੰਗੀ ਮਸ਼ਕਾਂ ਖ਼ਿਲਾਫ਼ ਦੱਖਣੀ ਕੋਰੀਆ ਨਾਲ ਜੰਗਬੰਦੀ ਤੇ ਸਾਰੇ ਅਮਨ ਇਕਰਾਰਨਾਮੇ ਰੱਦ ਕਰ ਰਿਹਾ ਹੈ। ਦੂਜੇ ਪਾਸੇ ਦੱਖਣੀ ਕੋਰੀਆ ਨੇ ਇਸ ਧਮਕੀ ਨੂੰ ਮਹਿਜ਼ ਭੜਕਾਊ ਕਾਰਵਾਈ ਕਰਾਰ ਦਿੱਤਾ ਹੈ ਪਰ ਅਮਰੀਕਾ ਉੱਤਰੀ ਕੋਰੀਆ ਵੱਲੋਂ ਦੱਖਣੀ ਕੋਰੀਆ ਨਾਲ ਜੰਗ ਦੀ ਧਮਕੀ ਨੂੰ ਸੰਜੀਦਗੀ ਨਾਲ ਲੈ ਰਿਹਾ ਹੈ। ਉੱਤਰੀ ਅਤੇ ਦੱਖਣੀ ਕੋਰੀਆ ਦੇ ਸਬੰਧ 1950-53 ਦੀ ਜੰਗ ਦੇ ਸਮੇਂ ਤੋਂ ਹੀ ਤਣਾਅ ਵਾਲੇ ਚਲੇ ਆ ਰਹੇ ਹਨ। ਇਹ ਦੋਵੇਂ ਮੁਲਕ ਹਰ ਵੇਲੇ ਇਕ-ਦੂਜੇ ਨਾਲ ਭਿੜਨ ਲਈ ਤਿਆਰ ਰਹਿੰਦੇ ਹਨ ਕਿਉਂਕਿ ਇਹ ਜੰਗ ਅਸਥਾਈ ਜੰਗਬੰਦੀ ਦੇ ਆਧਾਰ 'ਤੇ ਰੁਕੀ ਹੋਈ ਹੈ ਤੇ ਇਸ ਪਿੱਛੋਂ ਕੋਈ ਸ਼ਾਂਤੀ-ਸਮਝੌਤਾ ਨਹੀਂ ਹੋਇਆ।

ਹੁਣ ਉੱਤਰੀ ਕੋਰੀਆ ਦੇ ਆਗੂ ਕਿਮ ਜੋਂਗ ਉਨ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਅਮਰੀਕਾ ਦੇ ਪ੍ਰਸ਼ਾਂਤ ਤੇ ਦੱਖਣੀ ਕੋਰੀਆ ਵਿਚਲੇ ਫੌਜੀ ਅੱਡਿਆਂ ਵੱਲ ਆਪਣੀਆਂ ਮਿਜ਼ਾਈਲਾਂ ਤਾਣ ਲਈਆਂ ਹਨ। ਉੱਤਰੀ ਕੋਰੀਆ ਨੇ ਕਿਹਾ ਹੈ ਕਿ ਅਮਰੀਕਾ ਤੇ ਦੱਖਣੀ ਕੋਰੀਆ ਵਿਚਾਲੇ ਜਿਹੜਾ ਜੰਗੀ ਅਭਿਆਸ ਹੋ ਰਿਹਾ ਹੈ, ਉਸ ਦੌਰਾਨ ਜੇ ਉਸ ਦੀ ਧਰਤੀ ਵੱਲ ਮਾੜੀ ਨਜ਼ਰ ਪਾਈ ਗਈ ਤਾਂ ਇਸ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ।

(ਬਾਕੀ ਸਫਾ 6 'ਤੇ)








ੴ ਵਾਹਿਗੁਰ ਜੀ ਕੀ ਫਤਿਹ ॥

ਖਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥

# ਗਲੋਬਲ ਸਿੱਖ ਕੌਂਸਲ ਵੱਲੋਂ

## ਸਿੱਖ ਸੰਘਰਸ਼ਸ਼ੀਲਤਾ ਨੂੰ ਸਮਰਪਿਤ

# ਵਿਸ਼ਾਲ ਪੰਥਕ ਕਾਨਫਰੰਸ



**6 ਅਪ੍ਰੈਲ, ਸ਼ਨਿਚਰਵਾਰ ਨੂੰ ਨਿਊਯਾਰਕ ਵਿੱਚ ਸੈਮੀਨਾਰ (ਸਮਾਂ ਸਵੇਰੇ 11 ਤੋਂ 4 ਵਜੇ ਸ਼ਾਮ)**

ਸਥਾਨ : ਰਾਇਲ ਪੈਲੇਸ ਰਿੱਚਮੰਡ ਹਿੱਲ ਨਿਊਯਾਰਕ

**7 ਅਪ੍ਰੈਲ, ਐਤਵਾਰ ਨੂੰ ਨਿਊਜਰਸੀ ਵਿੱਚ ਵਿਸ਼ਾਲ ਪੰਥਕ ਕਾਨਫਰੰਸ (ਦੁਪਿਹਰ 12 ਤੋਂ ਸ਼ਾਮ 2.30 ਤੱਕ)**

ਸਥਾਨ : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਗਲੈਨਰਾਕ ਨਿਊਜਰਸੀ

ਗੁਰੂ ਪਿਆਰੇ ਖਾਲਸਾ ਜੀ ,

ਵਾਹਿਗੁਰੂ ਜੀ ਕਾ ਖਾਲਸਾ ॥ਵਾਹਿਗੁਰੂ ਜੀ ਕੀ ਫਤਿਹ ॥

ਮੇਰਾ ਖਾਲਸਾ ਬਾਗੀ ਜਾ ਬਾਦਸ਼ਾਹ ਹੋਵੇਗਾ, ਕਿਸੇ ਦੀ ਈਨ ਨਹੀ ਮੰਨੇਗਾ ਅਤੇ ਪੰਥ ਦਾ ਅਪਮਾਨ ਕਰਨ ਵਾਲੇ ਦੁਸ਼ਮਣਾਂ ਨੂੰ ਕਦੀ ਮੁਆਫ ਨਹੀਂ ਕਰੇਗਾ । ਇਹ ਤਾਕਤ ਪੰਥ ਦੇ ਵਾਲੀ ਸ਼ਾਹਿ-ਸ਼ਹਿਨਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਨੂੰ ਵਿਸਾਖੀ ਵਾਲੇ ਦਿਨ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਆਪਣੇ ਪਿਆਰੇ ਖਾਲਸਾ ਜੀ ਨੂੰ ਬਖਸ਼ੀ ਸੀ । ਪਾਤਿਸ਼ਾਹ-ਹਜੂਰ ਦੀ ਇਸ ਬਖਸ਼ਿਸ਼ ਦੀ ਟੇਕ ਲੈਦਿਆਂ 18 ਵੀਂ ਸਦੀ ਦੇ ਅੰਦਰ ਸਿੱਖ ਸੂਰਬੀਰ ਯੋਧੇ ਜਰਨੈਲਾਂ ਨੇ ਜੁਲਮੀਂ ਹਕੂਮਤ ਉੱਤੇ ਫਤਿਹਯਾਬੀ ਹਾਸਲ ਕਰਦਿਆਂ ਖਾਲਸਾ ਰਾਜ ਸਥਾਪਿਤ ਕਰਕੇ ਖਾਲਸਾਈ ਜਿੱਤ ਦੇ ਨਿਸ਼ਾਨ ਝੁਲਾ ਦਿੱਤੇ ਸਨ ।ਇਸ ਪ੍ਰੰਪਰਾਗਤ ਇਤਿਹਾਸ ਦੀ ਰੋਸ਼ਨੀ ਅੰਦਰ 20 ਵੀਂ ਸਦੀ ਦੇ ਮਹਾਨ ਜਰਨੈਲ, ਬਾਬਾ-ਏ-ਕੌਂਮ ਸੰਤ ਜਰਨੈਲ ਸਿੰਘ ਖਾਲਸਾ "ਭਿੰਡਰਾਂਵਲਿਆਂ" ਦੀ ਅਗਵਾਈ ਹੇਠ ਕੌਂਮੀ ਜੁਝਾਰੂਆਂ ਨੇ ਜੂਨ 1984 ਵਿੱਚ ਦਿੱਲੀ ਦੀ ਜਾਲਮ ਸਰਕਾਰ ਨਾਲ ਲਹੂ-ਵੀਟਵੀਂ ਜੋ ਅਸਾਂਵੀਂ ਜੰਗ ਲੜੀ ਉਹ ਸਾਡਾ ਅਜੋਕੇ ਸਮੇਂ ਦਾ ਮਾਣਮੱਤਾ ਇਤਿਹਾਸ ਹੈ । ਪਰ ਗੁਰੂ ਪਿਆਰਿਓ ! ਅੱਜ ਅਸੀਂ ਵਰਤਮਾਨ ਸਮੇਂ ਅੰਦਰ ਆਪਣੀਆਂ ਨਿਗੁਣੀਆਂ ਜਿਹੀਆਂ ਰਾਜਨੀਤਕ ਲਾਲਸਾਵਾਂ ਕਰਕੇ ਪੰਥ ਦੇ ਅਸਲ ਸੱਚ ਤੋਂ ਮੂੰਹ ਫੇਰੀ ਬੈਠੇ ਹਾਂ ਜਦੋਂ ਕਿ ਸਾਡੇ ਵਡੇਰਿਆਂ ਨੇ ਤਾਂ ਦੁਸਮਣ ਵਲੋਂ ਦਿੱਤੀਆਂ ਗਈਆਂ ਨਵਾਬੀਆਂ ਨੂੰ ਵੀ ਠੋਕਰਾਂ ਮਾਰੀਆਂ ਸਨ । ਸਾਡੀਆਂ ਕਮਜੋਰੀਆਂ ਕਰਕੇ ਹੀ ਅੱਜ ਦੁਸ਼ਮਣ ਸਾਨੂੰ ਸਾਡੀਆ ਬਰੂਹਾਂ ਤੇ ਲਲਕਾਰ ਰਿਹਾ ਹੈ ? ਵਰਤਮਾਨ ਸਮੇਂ ਵਿੱਚ ਗੁਰੂ-ਗ੍ਰੰਥ ਅਤੇ ਗੁਰੂ-ਪੰਥ ਦੀ ਜੁਗਤਿ ਅੰਦਰ ਦੁਸ਼ਮਣ ਦੀ ਲਲਕਾਰ ਨੂੰ ਕਬੂਲ ਕੇ ਪੰਥ ਦੀ ਪੱਤ ਬਚਾਉਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ ਇਹ ਸਾਡੇ ਲਈ ਅਹਿਮ ਸਵਾਲ ਹੈ ? ਇਸ ਨੂੰ ਵਿਚਾਰਨ ਲਈ ਗਲੋਬਲ ਸਿੱਖ ਕੌਂਸਲ ਵਲੋਂ ਕ੍ਰਮਵਾਰ ਸੈਮੀਨਾਰ ਅਤੇ ਵਿਸ਼ਾਲ ਪੰਥਕ ਕਾਨਫਰੰਸ ਦਾ ਆਯੋਜਨ ਕੀਤਾ ਗਿਆ ਹੈ । ਸੋ ਆਓ ! ਇਨ੍ਹਾਂ ਦੋਨਾਂ ਪ੍ਰੋਗਰਾਮਾਂ ਵਿਚ ਭਰਵੀ ਸ਼ਮੂਲੀਅਤ ਕਰਕੇ ਕੌਂਮੀ ਭਵਿੱਖ ਸਿਰਜਣ ਲਈ ਗਹਿਰ-ਗੰਭੀਰ ਵਿਚਾਰਾਂ ਦੀ ਸਾਝ ਅਦਾਨ-ਪ੍ਰਦਾਨ ਕਰਦਿਆਂ ਆਪਣੇ ਖਾਲਸਾ-ਪੰਥ ਦੇ ਉਜਲੇ ਭਵਿੱਖ ਲਈ ਯਤਨਸ਼ੀਲ ਹੋਈਏ ॥

## ਪਹੁੰਚ ਰਹੇ ਪੰਥਕ ਬੁਲਾਰੇ:-

ਡਾ. ਗੁਰਨਾਮ ਕੌਰ:- ਪੁਰਾਤਨ ਸਿੱਖ ਬੀਬੀਆ ਵਲੋਂ ਪਾਏ ਕੌਮੀ ਯੋਗਦਾਨ ਦੇ ਸੰਦਰਭ ਵਿਚ ਮੌਜੂਦਾ ਸਿੱਖ ਬੀਬੀਆ ਦੇ ਫਰਜ਼ !
ਡਾ. ਅਮਰਜੀਤ ਸਿੰਘ:- ਅਜੋਕੀ ਬੇਈਮਾਨ ਰਾਜਨੀਤੀ ਅੰਦਰ ਖਾਲਸਾਈ ਰਾਜਨੀਤਕ ਚੇਤਨਤਾ ਦਾ ਉਭਾਰ ਕਿਉ ਜਰੂਰੀ ?
ਭਾਈ ਦਵਿੰਦਰ ਸਿੰਘ:- ਸਿੱਖ ਸੰਘਰਸ਼ਸ਼ੀਲਤਾ -ਇੱਕ ਚਿੰਤਨ ?
ਭਾਈ ਹਰਿੰਦਰ ਸਿੰਘ ਟੈਕਸਾਸ :- ਵੈਸਾਖੀ ਪੰਜਾਬੀ ਮੇਲੇ ਤੋਂ ਸਿੱਖ ਮਨੋਰਥ !
ਗੁਰਪਤਵੰਤ ਸਿੰਘ "ਪੰਨੂ":- ਸਿੱਖ ਸਮੱਸਿਆਵਾਂ ਦੇ ਕਾਨੂੰਨੀ ਹੱਲ ?
ਡਾ. ਪਰਮਜੀਤ ਸਿੰਘ ਅਜਰਾਵਤ :- ਕੌਮੀ ਅਜ਼ਾਦੀ ਜ਼ਰੂਰੀ ਕਿਉਂ ?

## ਵਿਸ਼ੇਸ਼ ਨੋਟ :-

ਗੁਰਦੁਆਰਾ ਪ੍ਰਬੰਧਕ ਕਮੇਟੀ ਗਲੈਨਰਾਕ ਵਲੋਂ 13 ਅਪ੍ਰੈਲ ਦਿਨ ਸ਼ਨਿਚਰਵਾਰ ਨੂੰ ਸਵੇਰੇ 10 ਤੋਂ ਸ਼ਾਮੀ 6 ਵਜੇ ਤੱਕ ਕਰਵਾਏ ਜਾ ਰਹੇ ਵਿਸਾਖੀ ਜੋੜ ਮੇਲੇ ਵਿੱਚ **ਦਸਤਾਰ ਅਤੇ ਗਤਕੇ ਦੇ ਜਬਰਦਸਤ ਮੁਕਾਬਲੇ ਹੋਣਗੇ** ਜਿਸ ਨੂੰ **ਗਲੋਬਲ ਸਿੱਖ ਕੌਂਸਲ** ਵਲੋਂ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ ਸੋ ਟਰਾਈ ਸਟੇਟ ਦੀ ਸਿੱਖ ਸੰਗਤ ਨੂੰ ਬੇਨਤੀ ਹੈ ਕਿ ਇਸ ਜੋੜ ਮੇਲੇ ਵਿੱਚ ਬੱਚਿਆਂ ਨੂੰ ਜਰੂਰ ਸ਼ਾਮਲ ਕਰੋ ਜੀ ਤਾਂ ਕਿ ਬੱਚੇ ਆਪਣੇ ਧਰਮ ਅਤੇ ਵਿਰਸੇ ਨਾਲ ਜੁੜ ਸਕਣ ॥




ਬੇਨਤੀ ਕਰਤਾ :- ਹਿੰਮਤ ਸਿੰਘ, ਜਸਵੀਰ ਸਿੰਘ, ਕਰਨੈਲ ਸਿੰਘ, ਸੁਰਜੀਤ ਸਿੰਘ ਕੁਲਾਰ, ਅਵਤਾਰ ਸਿੰਘ ਪੰਨੂ, ਰਜਿੰਦਰ ਸਿੰਘ,
ਵਰਿੰਦਰ ਸਿੰਘ ਵਿੱਕੀ, ਧਰਮ ਸਿੰਘ, ਗੁਰਮੇਲ ਸਿੰਘ, ਜਸਮਿੱਤਰ ਸਿੰਘ, ਹਰਦਿਆਲ ਸਿੰਘ ਜੌਹਲ, ਅਵਤਾਰ ਸਿੰਘ ਭੰਮਰਾ, ਦਲੇਰ ਸਿੰਘ, ਪਰਮਜੀਤ ਸਿੰਘ ਬੇਗੋਵਾਲ, ਜੋਗਾ ਸਿੰਘ, ਅਮਰੀਕ ਸਿੰਘ ਸਕੰਦ
ਹਰਜਿੰਦਰ ਸਿੰਘ ਕਹਿਲ, ਲਖਵਿੰਦਰ ਸਿੰਘ ਪੱਪੀ, ਭੁਪਿੰਦਰ ਸਿੰਘ ਬੋਪਾਰਾਏ, ਕਰਮਜੀਤ ਸਿੰਘ ਭਟਨੂਰਾ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :- (646) 358-7745, (646) 775-0062, (201) 694-6946, (973) 445-9075, (646) 610-0981 , (917) 434-2483, (484) 620-1779

FATEH

# ਸਮਗਲਰਾਂ ਵੱਲੋਂ ਥਾਣੇਦਾਰ ਦੀ ਸ਼ਰੇਆਮ ਹੱਤਿਆ

**ਫਗਵਾੜਾ:** ਜੀਟੀ ਰੋਡ 'ਤੇ ਕੁਝ ਗੁੰਡਾ ਅਨਸਰਾਂ ਨੇ ਪੰਜਾਬ ਪੁਲਿਸ ਦੇ ਥਾਣੇਦਾਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਤੇ ਗੋਲੀਆਂ ਚਲਾਉਂਦੇ ਫ਼ਰਾਰ ਹੋ ਗਏ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਪੰਜਾਬ ਪੁਲਿਸ ਦੇ ਏਐਸਆਈ ਗੁਰਦੇਵ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਕਰ ਰਹੇ ਸਨ। ਪੈਟਰੋਲਿੰਗ ਉਪਰੰਤ ਫਗਵਾੜਾ ਜਲੰਧਰ ਜੀਟੀ ਰੋਡ 'ਤੇ ਹਵੇਲੀ ਨੇੜੇ ਨਾਕਾ ਲਾਇਆ ਹੋਇਆ ਸੀ ਕਿ ਇਕ ਨੌਜਵਾਨ ਜਿਸ ਨੇ ਪਿੱਠ 'ਤੇ ਬੈਗ ਪਾਇਆ ਹੋਇਆ ਸੀ, ਨਾਕੇ ਨੂੰ ਦੇਖ ਕੇ ਦੌੜ ਪਿਆ।

ਏਐਸਆਈ ਗੁਰਦੇਵ ਸਿੰਘ ਨੇ ਉਕਤ ਨੌਜਵਾਨ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਇਕ ਚਿੱਟੇ ਰੰਗ ਦੀ ਵਰਨਾ ਕਾਰ ਨੰਬਰ ਪੀ. ਬੀ. 08/6162 ਵੀ ਉਨ੍ਹਾਂ ਦੇ ਪਿੱਛੇ ਆ ਗਈ ਜਿਸ ਦੇ ਵਿਚ ਤਿੰਨ ਨੌਜਵਾਨ ਸਵਾਰ ਸਨ। ਏਐਸਆਈ ਗੁਰਦੇਵ ਸਿੰਘ ਉਕਤ ਨੌਜਵਾਨ ਦਾ ਪਿੱਛਾ ਕਰਦੇ ਹੋਏ ਇਕ ਟੋਏ ਵਿਚ ਡਿੱਗ ਪਏ ਤੇ ਵਰਨਾ ਕਾਰ ਸਵਾਰ ਨੌਜਵਾਨਾਂ ਵਿਚੋਂ ਇਕ ਨੇ ਏਐਸਆਈ ਦੇ ਛਾਤੀ ਤੇ ਪੇਟ ਵਿਚ ਆਪਣੇ ਰਿਵਾਲਵਰ ਨਾਲ ਗੋਲੀਆਂ ਮਾਰ ਦਿੱਤੀਆਂ ਤੇ ਉਸ ਦਾ ਪਰਸ ਕੱਢ ਲਿਆ।

ਹਮਲਾਵਰਾਂ ਨੇ ਪੁਲਿਸ ਪਾਰਟੀ 'ਤੇ ਵੀ ਗੋਲੀਆਂ ਚਲਾਈਆਂ ਤੇ ਪੁਲਿਸ ਪਾਰਟੀ ਨੇ ਵੀ ਜੁਆਬੀ ਫਾਇਰਿੰਗ ਕੀਤੀ ਪਰ ਉਹ ਦੌੜਨ ਵਿਚ ਸਫਲ ਹੋ ਗਏ।

## ਸੰਤ ਦਾਦੂਵਾਲ ਵਿਆਹ ਬੰਧਨ ਵਿਚ ਬੱਝੇ

**ਮਾਨਸਾ:** ਪੰਥਕ ਸੇਵਾ ਲਹਿਰ ਦੇ ਚੇਅਰਮੈਨ ਤੇ ਉਘੇ ਸਿੱਖ ਪ੍ਰਚਾਰਕ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਤਿੰਨ ਅਪਰੈਲ ਨੂੰ ਗ੍ਰਹਿਸਥੀ ਜੀਵਨ ਅਪਨਾ ਲਿਆ ਹੈ। 1978 ਵਿਚ ਜਨਮੇ ਸੰਤ ਦਾਦੂਵਾਲ ਦਾ ਵਿਆਹ ਪੰਥਕ ਸੇਵਾ ਲਹਿਰ ਦੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਡਾ. ਗੁਰਮੀਤ ਸਿੰਘ ਸਿੱਧੂ ਵਾਸੀ ਮੰਡੀ ਬਰੀਵਾਲਾ ਦੀ ਸਪੁੱਤਰੀ ਬੀਬੀ ਸੁਖਮੀਤ ਕੌਰ ਨਾਲ ਹੋਇਆ ਹੈ।

ਅਨੰਦ ਕਾਰਜਾਂ ਦੀ ਰਸਮ ਗੁਰਦੁਆਰਾ ਸ੍ਰੀ ਅੰਗਦ ਦੇਵ ਜੀ ਪਿੰਡ ਸਰਾਏਨਾਗਾ (ਮੁਕਤਸਰ) ਵਿਖੇ ਹੋਈ। ਉਨ੍ਹਾਂ ਦੇ ਜੱਦੀ ਪਿੰਡ ਭੈਣੀਬਾਂਗੜ, ਨੇੜੇ ਕਾਦੀਆਂ (ਗੁਰਦਾਸਪੁਰ) ਵਿਖੇ ਪਰਿਵਾਰ ਵੱਲੋਂ ਚਾਹ ਪਾਰਟੀ ਰੱਖੀ ਗਈ। ਦੋਵੇਂ ਥਾਵਾਂ 'ਤੇ ਸਿੱਖ ਪੰਥ ਦੀਆਂ ਉਘੀਆਂ ਹਸਤੀਆਂ ਤੋਂ ਇਲਾਵਾ ਵੱਖ-ਵੱਖ ਪੰਥਕ ਧਿਰਾਂ, ਸਮਾਜਿਕ ਜਥੇਬੰਦੀਆਂ ਤੇ ਮੀਡੀਆ ਦੇ ਨੁਮਾਇੰਦੇ ਸ਼ਾਮਲ ਹੋਏ।



ਸ਼੍ਰੋਮਣੀ ਅਕਾਲੀ ਦਲ-ਯੂ ਐਸ ਏ ਦੀ ਇਕ ਮੀਟਿੰਗ ਮੈਰੀਲੈਂਡ ਦੇ ਗੁਰਦੁਆਰਾ ਗੁਰਗਿਆਨ ਸਾਗਰ ਵਿਖੇ ਹੋਈ ਜਿਸ ਵਿਚ ਵਾਸ਼ਿੰਗਟਨ, ਵਰਜੀਨੀਆ ਅਤੇ ਮੈਰੀਲੈਂਡ ਦੇ ਅਕਾਲੀ ਵਰਕਰਾਂ ਤੋਂ ਇਲਾਵਾ ਨਿਊ ਯਾਰਕ ਅਕਾਲੀ ਦਲ ਦੇ ਵੀ ਉਘੇ ਆਗੂ ਸ਼ਾਮਲ ਹੋਏ। ਇਸ ਮੌਕੇ ਦੀ ਇਕ ਤਸਵੀਰ। (ਤਸਵੀਰ: ਬੀ ਜੇ ਸਟੂਡੀਓ)

## ਐਚ-1ਬੀ ਵੀਜ਼ਾ ਅਰਜ਼ੀਆਂ ਲੈਣ ਦਾ ਕੰਮ ਸ਼ੁਰੂ

**ਵਾਸ਼ਿੰਗਟਨ:** ਅਮਰੀਕਾ ਨੇ ਐਚ-1 ਬੀ ਵਰਕ ਵੀਜ਼ਿਆਂ ਲਈ ਅਰਜ਼ੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸਨਅਤੀ ਮਾਹਰਾਂ ਤੇ ਅਧਿਕਾਰੀਆਂ ਵੱਲੋਂ ਖਦਸ਼ਾ ਪ੍ਰਗਟਾਇਆ ਜਾਂਦਾ ਰਿਹਾ ਸੀ ਕਿ ਕਾਂਗਰਸ ਵੱਲੋਂ ਮਿਥੀ 65000 ਦੀ ਸੀਮਾ ਤਕ ਤਾਂ ਪਹਿਲੇ ਹਫਤੇ ਹੀ ਅਰਜ਼ੀਆਂ ਆ ਜਾਣਗੀਆਂ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿਟੀਜ਼ਨਸ਼ਿਪ ਤੇ ਇਮੀਗ੍ਰੇਸ਼ਨ ਸਰਵਿਸਿਜ਼ (ਯੂਐਸਸੀਆਈਐਸ) ਵੱਲੋਂ ਹਰ ਰੋਜ਼ ਪੁੱਜੀਆਂ ਅਰਜ਼ੀਆਂ ਦੇ ਵੇਰਵੇ ਜਾਰੀ ਨਹੀਂ ਕੀਤੇ ਜਾਣਗੇ ਬਲਕਿ ਕਿਉਂਕਿ ਜਿਉਂ ਹੀ ਮਿਥੀ ਸੀਮਾ ਤਕ ਅਰਜ਼ੀਆਂ ਆ ਗਈਆਂ, ਇਸ ਵੱਲੋਂ ਐਲਾਨ ਕਰ ਦਿੱਤਾ ਜਾਵੇਗਾ।

ਕਾਂਗਰਸ ਵੱਲੋਂ ਮਿਲੀ ਮਨਜ਼ੂਰੀ ਅਨੁਸਾਰ ਇਮੀਗਰੇਸ਼ਨ ਸੇਵਾਵਾਂ ਵਾਲੇ ਪਹਿਲੀ ਅਕਤੂਬਰ 2013 ਤੋਂ ਸ਼ੁਰੂ ਹੋ ਰਹੇ ਵਿੱਤੀ ਵਰ੍ਹੇ 2014 ਦੌਰਾਨ ਵੱਧ ਤੋਂ ਵੱਧ 65000 ਐਚ-1 ਬੀ ਵੀਜ਼ੇ ਦੇ ਸਕਦੇ ਹਨ। ਇਸ ਤੋਂ ਇਲਾਵਾ ਇਹ ਅਮਰੀਕਾ ਦੇ ਵਿਦਿਅਕ ਅਦਾਰਿਆਂ ਤੋਂ ਮਾਸਟਰਜ਼ ਜਾਂ ਇਸ ਤੋਂ ਉੱਚੀ ਯੋਗਤਾ ਪ੍ਰਾਪਤ ਕਰਨ ਵਾਲਿਆਂ ਨੂੰ ਵੀ 20,000 ਦੇ ਕਰੀਬ ਵੀਜ਼ੇ ਦੇ ਸਕਦਾ ਹੈ। ਐਚ-1 ਬੀ ਵੀਜ਼ਿਆਂ ਦੀ ਇਹ ਗਿਣਤੀ ਸੀਮਾ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਹੈ। ਯੂਐਸਸੀਆਈਐਸ ਵੱਲੋਂ ਐਚ-1 ਬੀ ਪਟੀਸ਼ਨਾਂ, ਵਰਮੌਂਟ ਸਰਵਿਸ ਸੈਂਟਰ ਤੇ ਕੈਲੀਫੋਰਨੀਆ ਸਰਵਿਸ ਸੈਂਟਰ ਵਿਚ ਲਈਆਂ ਜਾ ਰਹੀਆਂ ਹਨ। ਪਿਛਲੇ ਹਫਤੇ ਇਸ ਵਿਭਾਗ ਨੇ ਕਿਹਾ ਸੀ ਕਿ ਸਮਝਿਆ ਜਾ ਰਿਹਾ ਹੈ ਕਿ ਪਹਿਲੀ ਤੋਂ ਪੰਜ ਅਪਰੈਲ ਤਕ ਮਿਥੀ ਸੀਮਾ ਨਾਲੋਂ ਕਿਤੇ ਵੱਧ ਅਰਜ਼ੀਆਂ ਆ ਸਕਦੀਆਂ ਹਨ।

## ਜ਼ਰਦਾਰੀ ਨੇ ਬਿਲਾਵਲ ਨੂੰ ਮਨਾਇਆ

**ਲਾਹੌਰ:** ਪਾਕਿਸਤਾਨ ਪੀਪਲਜ਼ ਪਾਰਟੀ ਦੇ ਮੁਖੀ ਬਿਲਾਵਲ ਭੁੱਟੋ ਜ਼ਰਦਾਰੀ ਦੁਬਈ ਵਿਚ ਹਫ਼ਤਾ ਬਿਤਾਉਣ ਮਗਰੋਂ ਪਰਤ ਆਏ ਹਨ ਪਰ ਉਹ 11 ਮਈ ਦੀਆਂ ਚੋਣਾਂ ਵਿਚ ਪਾਰਟੀ ਦੀ ਅਗਵਾਈ ਨਹੀਂ ਕਰਨਗੇ। ਜੂਨੀਅਰ ਜ਼ਰਦਾਰੀ ਦੇ ਕਰੀਬੀ ਹਾਸ਼ਮ ਰਿਆਜ਼ ਅਨੁਸਾਰ ਬਿਲਾਵਲ ਭੁੱਟੋ ਜ਼ਰਦਾਰੀ ਚੋਣ ਮੁਹਿੰਮ ਦਾ ਹਿੱਸਾ ਹੋਣਗੇ ਪਰ ਉਹ ਮੁਹਿੰਮ ਦੀ ਵਾਗਡੋਰ ਨਹੀਂ ਸੰਭਾਲਣਗੇ।

24 ਸਾਲਾ ਬਿਲਾਵਲ ਪਾਰਟੀ ਦੇ ਮਾਮਲਿਆਂ ਨੂੰ ਲੈ ਕੇ ਆਪਣੇ ਪਿਤਾ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਤੇ ਭੂਆ ਫਰਿਆਲ ਤਾਲਪੁਰ ਨਾਲ ਮਨ-ਮੁਟਾਵ ਹੋਣ ਕਰਕੇ ਪਿਛਲੇ ਮਹੀਨੇ ਪਾਕਿਸਤਾਨ ਛੱਡ ਕੇ ਦੁਬਈ ਚਲੇ ਗਏ ਸਨ। ਇਸ ਤੋਂ ਬਾਅਦ 30 ਮਾਰਚ ਨੂੰ ਜ਼ਰਦਾਰੀ ਆਪਣੇ ਪੁੱਤਰ ਨੂੰ ਮਨਾਉਣ ਲਈ ਦੁਬਈ ਪੁੱਜ ਗਏ ਸਨ। ਦੋਵੇਂ ਪਿਓ-ਪੁੱਤਰ ਹਵਾਈ ਉਡਾਣ ਰਾਹੀਂ ਕਰਾਚੀ ਪਰਤੇ। ਰਿਆਜ਼ ਨੇ ਦੱਸਿਆ ਕਿ ਬਿਲਾਵਲ ਚਾਰ ਅਪਰੈਲ ਨੂੰ ਆਪਣੇ ਨਾਨੇ ਤੇ ਸਾਬਕਾ ਰਾਸ਼ਟਰਪਤੀ ਜ਼ੁਲਫ਼ਿਕਾਰ ਅਲੀ ਭੁੱਟੋ ਦੀ ਬਰਸੀ ਮੌਕੇ ਸਿੰਧ ਸੂਬੇ ਦੇ ਗੜ੍ਹੀ ਖ਼ੁਦਾ ਬਖ਼ਸ਼ ਸ਼ਹਿਰ 'ਚ ਹੋਣ ਵਾਲੀ ਰੈਲੀ 'ਚ ਸ਼ਿਰਕਤ ਕਰੇਗਾ।

ਪਾਰਟੀ ਨੇ ਇਸ ਰੈਲੀ ਰਾਹੀਂ ਚੋਣ ਮੁਹਿੰਮ ਦਾ ਰਸਮੀ ਆਗਾਜ਼ ਕਰਨ ਦੀ ਤਿਆਰੀ ਕੀਤੀ ਹੋਈ ਹੈ। ਬਿਲਾਵਲ ਚੋਣ ਮੁਹਿੰਮ ਦੌਰਾਨ ਕੁਝ ਰੈਲੀਆਂ ਨੂੰ ਸੰਬੋਧਨ ਵੀ ਕਰਨਗੇ। ਬਿਲਾਵਲ ਦੀ ਵਾਪਸੀ ਨਾਲ ਇਹ ਅਫਵਾਹਾਂ ਵੀ ਦੂਰ ਹੋ ਗਈਆਂ ਹਨ ਕਿ ਉਨ੍ਹਾਂ ਦੇ ਆਪਣੇ ਪਿਤਾ ਜਾਂ ਭੂਆ ਨਾਲ ਮਤਭੇਦ ਪੈਦਾ ਹੋ ਗਏ ਸਨ।

## ਐਨ ਆਰ ਆਈ ਸਭਾ ਦੀ ਬੋਗਸ ਮੈਂਬਰਸ਼ਿਪ ਸਬੰਧੀ ਜਵਾਬ ਤਲਬ

**ਚੰਡੀਗੜ੍ਹ:** ਐਨ ਆਰ ਆਈ ਸਭਾ ਪੰਜਾਬ ਦੀ ਚੋਣ ਤੋਂ ਪਹਿਲਾਂ ਨਿਯਮਾਂ ਤੇ ਸ਼ਰਤਾਂ ਦੀ ਉਲੰਘਣਾ ਕਰਕੇ 700 ਦੇ ਕਰੀਬ ਬੋਗਸ ਮੈਂਬਰ ਬਣਾਉਣ ਦੇ ਲਾਏ ਦੋਸ਼ਾਂ ਬਾਰੇ ਪਟੀਸ਼ਨ ਦੀ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਪੰਜਾਬ ਸਰਕਾਰ ਦੇ ਪ੍ਰਮੁੱਖ ਸਕੱਤਰ ਐਨ ਆਰ ਆਈ ਮਾਮਲੇ, ਸਭਾ ਦੇ ਚੇਅਰਮੈਨ ਤੇ ਸਭਾ ਦੀ ਚੋਣ ਲਈ ਰਿਟਰਨਿੰਗ ਅਫ਼ਸਰ ਥਾਪੇ ਏਡੀਸੀ ਜਲੰਧਰ ਤੇ ਪ੍ਰਧਾਨ ਨੂੰ ਨੋਟਿਸ ਜਾਰੀ ਕੀਤਾ ਹੈ।

ਅਦਾਲਤ ਵਿਚ ਪਟੀਸ਼ਨ ਪਾਉਣ ਵਾਲੇ ਸਭਾ ਦੇ ਸਾਬਕਾ ਪ੍ਰਧਾਨ ਕਮਲਜੀਤ ਸਿੰਘ ਹੇਅਰ ਨੇ ਦੋਸ਼ ਲਾਇਆ ਹੈ ਕਿ ਸਭਾ ਦੀ ਜਨਵਰੀ ਨੂੰ ਹੋਈ ਚੋਣ ਵਿਚ 700 ਦੇ ਕਰੀਬ ਬੋਗਸ ਮੈਂਬਰਸ਼ਿਪ ਭਰਤੀ ਕੀਤੀ ਗਈ ਸੀ ਜਿਸ ਬਾਰੇ ਉਨ੍ਹਾਂ 10 ਜਨਵਰੀ ਨੂੰ ਲਿਖਤੀ ਸ਼ਿਕਾਇਤ ਵੀ ਭੇਜੀ ਸੀ ਪਰ ਸਭਾ ਦੇ ਚੇਅਰਮੈਨ ਤੇ ਐਨ ਆਰ ਆਈ ਮਾਮਲਿਆਂ ਦੇ ਸਕੱਤਰ ਨੇ ਕੋਈ ਕਾਰਵਾਈ ਨਹੀਂ ਕੀਤੀ।

ਉਨ੍ਹਾਂ ਪਟੀਸ਼ਨ ਵਿਚ ਇਹ ਵੀ ਕਿਹਾ ਕਿ ਵੋਟਾਂ ਪੈਣ ਵਾਲੇ ਦਿਨ ਵੀ ਅਧਿਕਾਰੀਆਂ ਨੇ ਪਛਾਣ ਵਜੋਂ ਯੋਗ ਪਾਸਪੋਰਟ ਜਾਂ ਵੀਜ਼ਾ ਆਦਿ ਨਹੀਂ ਵੇਖੇ ਤੇ ਰੱਦ ਹੋਏ ਪਾਸਪੋਰਟ ਵਾਲੇ ਵੀ ਵੋਟ ਪਾ ਗਏ। ਸ. ਹੇਅਰ ਨੇ ਕਿਹਾ ਸੀ ਕਿ ਇਸ ਬਾਰੇ ਵੀ ਉਨ੍ਹਾਂ ਲਿਖਤੀ ਸ਼ਿਕਾਇਤ ਕੀਤੀ ਸੀ। ਸ. ਹੇਅਰ ਨੇ ਆਰ ਟੀ ਆਈ.ਰਾਹੀਂ ਸਭਾ ਦੇ ਦਫ਼ਤਰੋਂ ਹਾਸਲ ਜਾਣਕਾਰੀ ਦੇ ਆਧਾਰ ਉਪਰ ਦੱਸਿਆ ਕਿ ਸਭਾ ਦੀ ਮੈਂਬਰਸ਼ਿਪ ਰਸੀਦ ਨੰਬਰ 62442 ਤੋਂ 62498 ਤੱਕ 56 ਰਸੀਦਾਂ 50-50 ਹਜ਼ਾਰ ਰੁਪਏ ਦੀਆਂ ਮੌਜੂਦਾ ਪ੍ਰਧਾਨ ਜਸਬੀਰ ਸਿੰਘ ਗਿੱਲ ਦੇ ਨਾਂ ਕੱਟੀਆਂ ਗਈਆਂ। ਸ. ਹੇਅਰ ਦਾ ਕਹਿਣਾ ਹੈ ਕਿ ਸ. ਜਸਬੀਰ ਸਿੰਘ ਗਿੱਲ ਦੇ ਨਾਂ ਉਪਰ ਇੰਨੀ ਵੱਡੀ ਰਕਮ ਜਮ੍ਹਾਂ ਹੋਣੀ ਬੋਗਸ ਮੈਂਬਰਸ਼ਿਪ ਭਰਤੀ ਦਾ ਮੂੰਹ ਬੋਲਦਾ ਸਬੂਤ ਹੈ। ਅਦਾਲਤ ਨੇ ਨੋਟਿਸ ਜਾਰੀ ਕਰਕੇ ਸ. ਹੇਅਰ ਵੱਲੋਂ ਕੀਤੀਆਂ ਸ਼ਿਕਾਇਤਾਂ ਉਪਰ ਕੀਤੀ ਕਾਰਵਾਈ ਬਾਰੇ ਵੀ ਜਾਣਕਾਰੀ ਮੰਗੀ ਹੈ।

Quick Stop 40, Oklahoma

Help Wanted

ਟਰੱਕ ਸਟਾਪ ਲਈ ਕੈਸ਼ੀਅਰ ਤੇ ਮੈਨੇਜਰ ਦੀ ਲੋੜ ਹੈ

ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ

ਕਾਲ ਕਰੋ:832-512-7172

## ਪੰਜਾਬੀ ਮਰਚੈਂਟ ਐਸੋਸੀਏਸ਼ਨ ਰਿਚਮੰਡ ਹਿਲ ਦੀ ਪਲੇਠੀ ਮੀਟਿੰਗ

**ਨਿਊ ਯਾਰਕ (ਬਿਊਰੋ):** ਪੰਜਾਬੀ ਕਾਰੋਬਾਰੀਆਂ ਦੇ ਹਿਤਾਂ ਦੀ ਪੈਰਵੀ ਲਈ ਨਵੀਂ ਬਣੀ ਜਥੇਬੰਦੀ ਪੰਜਾਬੀ ਮਰਚੈਂਟ ਐਸੋਸੀਏਸ਼ਨ ਰਿਚਮੰਡ ਹਿਲ ਦੀ ਪਲੇਠੀ ਮੀਟਿੰਗ ਇਥੇ ਰਾਇਲ ਪੈਲੇਸ ਰੈਸਟੋਰੈਂਟ ਵਿਚ ਸ. ਪ੍ਰੀਤਮ ਸਿੰਘ ਗਿਲਜੀਆਂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਜਥੇਬੰਦੀ ਨੂੰ ਹੋਰ ਮਜਬੂਤ ਬਣਾਉਣ ਉਪਰ ਵਿਚਾਰ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਆਪਣਾ ਬਾਜਾਰ ਦੇ ਮਾਲਕ ਜਸਵਿੰਦਰ ਸਿੰਘ ਜੌਹਲ ਨੇ ਐਸੋਸੀਏਸ਼ਨ ਦੇ ਗਠਨ ਦਾ ਸਵਾਗਤ ਕਰਦਿਆਂ ਸੁਚੇਤ ਕੀਤਾ ਕਿ ਜਥੇਬੰਦੀ ਵਿਚ ਲੜਾਈ ਵਾਲਾ ਮਾਹੌਲ ਪੈਦਾ ਨਾ ਹੋਵੇ, ਇਸ ਵਲ ਖਾਸ ਧਿਆਨ ਦੇਣਾ ਪਵੇਗਾ। ਸ. ਰਘਬੀਰ ਸਿੰਘ ਸੁਭਾਨਪੁਰ ਨੇ ਕਿਹਾ ਕਿ ਇਸ ਜਥੇਬੰਦੀ ਦਾ ਗਠਨ ਬਹੁਤ ਪਹਿਲਾਂ ਹੀ ਹੋ ਜਾਣਾ ਚਾਹੀਦਾ ਸੀ। ਨਾਲ ਹੀ ਉਨ੍ਹਾਂ ਜਥੇਬੰਦੀ ਨੂੰ ਉਸਾਰੂ ਰੋਲ ਨਿਭਾਉਣ ਦੀ ਨਸੀਹਤ ਕਰਦਿਆਂ ਕਿਹਾ ਕਿ ਪੰਜਾਬੀ ਭਾਈਚਾਰੇ ਦਾ ਸਥਾਨਕ ਪ੍ਰਸ਼ਾਸਨ ਅਤੇ ਸਿਆਸੀ ਪਿੜ ਵਿਚ ਚੰਗਾ ਰਸੂਖ ਹੈ, ਜਿਸ ਦਾ ਜਥੇਬੰਦੀ ਨੂੰ ਲਾਭ ਲੈਣਾ ਚਾਹੀਦਾ ਹੈ।

ਐਸੋਸੀਏਸ਼ਨ ਦੇ ਮੀਤ ਪ੍ਰਧਾਨ ਹਿੰਮਤ ਸਿੰਘ ਸਰਪੰਚ ਨੇ ਸੁਝਾਅ ਦਿਤਾ ਕਿ ਜਥੇਬੰਦੀ ਨੂੰ ਮਾਲੀ ਪੱਖੋਂ ਮਜਬੂਤ ਬਣਾਉਣ ਲਈ ਮੈਂਬਰਸ਼ਿਪ ਫੀਸ 500 ਡਾਲਰ ਸਾਲਾਨਾ ਰਖੀ ਜਾਵੇ ਪਰ ਕੁਝ ਮੈਂਬਰਾਂ ਨੇ ਸਲਾਹ ਦਿਤੀ ਕਿ ਇਹ ਸਿਰਫ 100 ਡਾਲਰ ਹੀ ਹੋਣੀ ਚਾਹੀਦੀ ਹੈ। ਜਨਰਲ ਸਕੱਤਰ ਕਸ਼ਮੀਰ ਸਿੰਘ ਪਿਹੋਵਾ ਨੇ ਦੱਸਿਆ ਕਿ ਇਸ ਵੇਲੇ ਜਥੇਬੰਦੀ ਦੇ ਮੈਂਬਰਾਂ ਦੀ ਗਿਣਤੀ 40 ਦੇ ਕਰੀਬ ਹੈ।

ਪ੍ਰਧਾਨ ਪ੍ਰੀਤਮ ਸਿੰਘ ਗਿਲਜ਼ੀਆਂ ਨੇ ਕਿਹਾ ਕਿ ਬਹੁਤ ਸਾਰੇ ਲੋਕ ਇਸ ਜਥੇਬੰਦੀ ਦੇ ਮੈਂਬਰ ਬਣਨਾ ਚਾਹੁੰਦੇ ਹਨ ਅਤੇ ਜਲਦ ਹੀ ਇਸ ਦੇ ਮੈਂਬਰਾਂ ਦੀ ਗਿਣਤੀ ਸੌ ਦੇ ਕਰੀਬ ਹੋ ਜਾਵੇਗੀ। ਮੀਟਿੰਗ ਨੂੰ ਹਰਬਖਸ਼ ਸਿੰਘ ਟਾਹਲੀ ਨੇ ਵੀ ਸੰਬੋਧਨ ਕੀਤਾ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਦਿਲਬਾਰਾ ਸਿੰਘ, ਬਿੱਟੂ ਭਟਨੂਰਾ, ਹਰਜੀਤ ਸਿੰਘ, ਸੁਖਜਿੰਦਰ ਸਿੰਘ ਸੁਭਾਨਪੁਰ, ਬਲਵਿੰਦਰ ਸਿੰਘ ਸੁਭਾਨਪੁਰ ਅਤੇ ਰਣਜੀਤ ਸਿੰਘ ਮਹਿਮਦਪੁਰ ਹਾਜਰ ਸਨ।

## ਬੇਗੋਵਾਲ ਸੁਸਾਇਟੀ ਵਲੋਂ ਵਿਸਾਖੀ ਮੇਲਾ 21 ਅਪਰੈਲ ਨੂੰ

**ਨਿਊ ਯਾਰਕ (ਬਿਊਰੋ):** ਬੇਗੋਵਾਲ ਇੰਟਰਨੈਸ਼ਨਲ ਵੈਲਫੇਅਰ ਸੁਸਾਇਟੀ ਵਲੋਂ ਇਸ ਸਾਲ ਆਪਣਾ ਵਿਸਾਖੀ ਮੇਲਾ ਆਉਂਦੀ 21 ਅਪਰੈਲ, ਐਤਵਾਰ ਨੂੰ ਇਥੇ ਸਮੋਕੀ ਪਾਰਕ, ਰਿਚਮੰਡ ਹਿੱਲ ਵਿਖੇ ਕਰਵਾਇਆ ਜਾ ਰਿਹਾ ਹੈ।

ਸੁਸਾਇਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਮੇਲੇ ਦੌਰਾਨ ਵੱਖ ਵੱਖ ਕਲਾਕਾਰ ਗੀਤ-ਸੰਗੀਤ, ਹਾਸ ਰਸ ਦੀਆਂ ਆਈਟਮਾਂ ਤੋਂ ਇਲਾਵਾ ਗਿੱਧਾ ਅਤੇ ਭੰਗੜਾ ਪੇਸ਼ ਕਰਨਗੇ। ਇੰਡੀਆ ਤੋਂ ਗਾਇਕ ਲਖਵਿੰਦਰ ਲੱਕੀ (ਸੋਹਣਾ ਨਹੀਂ ਆਇਆ ਗੀਤ ਦੇ ਗਾਇਕ) ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਫਿਲਮ ਜੱਟ ਐਂਡ ਜੂਲੀਅਟ ਦੇ ਕਾਮੇਡੀਅਨ ਲਖਵਿੰਦਰ ਸੰਧੂ ਵੀ ਪਹੁੰਚਣਗੇ। ਮੇਲੇ ਲਈ ਕੋਈ ਦਾਖਲਾ ਫੀਸ ਨਹੀਂ ਹੈ ਤੇ ਲੰਗਰ ਮੁਫਤ ਹੋਵੇਗਾ। ਹੋਰ ਜਾਣਕਾਰੀ ਲਈ ਭੁਪਿੰਦਰ ਸਿੰਘ ਬੇਗੋਵਾਲੀਆ ਫੋਨ 917-543-2168 ਜਾਂ ਪਰਮਜੀਤ ਸਿੰਘ ਬੇਗੋਵਾਲ ਫੋਨ 917-299-2086 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

BP Gas Station For Sale

*Columbia City, Indiana*

Inside sale: $47,000

Outside sale: 45,000 Gallons

U Haul sub station adds extra income.

Price: $525,000

ਕੋਲੰਬਸ, ਇੰਡੀਆਨਾ ਵਿਚ ਬੀ ਪੀ ਗੈਸ ਸਟੇਸ਼ਨ (4 ਪੰਪ) ਵਿਕਾਊ ਹੈ।

ਇਨਸਾਈਡ ਸੇਲ $47,000, ਗੈਸ: 45,000 ਗੈਲਨ

ਯੂ ਹਾਲ ਤੋਂ ਵਾਧੂ ਆਮਦਨ

ਕੀਮਤ: $525,000

*Contact: Goldy Goraya*

Ph: 631-880-2400



ਐਸੋਸੀਏਸ਼ਨ ਦੇ ਮੈਂਬਰ ਮੀਟਿੰਗ ਤੋਂ ਬਾਅਦ

# ਹੋਲਾ-ਮਹੱਲਾ ਵੀ ਤੋਹਮਤਾਂ ਲਾਉਂਦਿਆਂ ਲੰਘਾਇਆ

**ਆਨੰਦਪੁਰ ਸਾਹਿਬ:** ਇਸ ਵਾਰ ਵੀ ਹੋਲੇ ਮਹੱਲੇ ਮੌਕੇ ਸਿਆਸੀ ਆਗੂਆਂ ਨੇ ਇਕ-ਦੂਜੇ 'ਤੇ ਖੁੱਲ੍ਹ ਕੇ ਚਿੱਕੜ ਉਛਾਲਿਆ। ਬੇਸ਼ੱਕ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਖਾਲਸੇ ਦੀ ਜਨਮ ਭੂਮੀ 'ਤੇ ਸਿੱਖਾਂ ਦੀਆਂ ਅਹਿਮ ਮੰਗਾਂ ਨੂੰ ਉਭਾਰਿਆ ਪਰ ਹਾਕਮ ਧਿਰ ਅਕਾਲੀ ਦਲ (ਬਾਦਲ) ਨੇ ਉਹੀ ਪੁਰਾਣੀ ਮੁਹਾਰਨੀ ਪੜ੍ਹਦਿਆਂ ਪੰਜਾਬ ਦੇ ਮੰਦੇ ਹਾਲ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਕਾਂਗਰਸ ਦੀ ਰੱਜ ਕੇ ਅਲੋਚਨਾ ਕੀਤੀ। ਉਧਰ, ਕਾਂਗਰਸ ਨੇ ਵੀ ਅਕਾਲੀ-ਭਾਜਪਾ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਉਸ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਉਠਾਏ। ਉਂਜ, ਇਸ ਵਾਰ ਮੇਲੇ ਵਿਚ ਸੰਗਤਾਂ ਦੀ ਆਮਦ ਪੱਖੋਂ ਸਾਰੇ ਰਿਕਾਰਡ ਟੁੱਟ ਗਏ। ਸੂਤਰਾਂ ਮੁਤਾਬਕ ਛੇ ਦਿਨਾਂ ਦੌਰਾਨ 30 ਲੱਖ ਤੋਂ ਵੱਧ ਸੰਗਤਾਂ ਆਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਈਆਂ।



ਇਸ ਸਾਲ ਦਾ ਮੇਲਾ ਪਿਛਲੇ ਸਾਲਾਂ ਦੀ ਤੁਲਨਾ ਵਿਚ 30 ਤੋਂ 35 ਫੀਸਦੀ ਜ਼ਿਆਦਾ ਭਰਿਆ। ਹਾਲਾਂਕਿ ਮੌਸਮ ਦਾ ਮਿਜ਼ਾਜ ਕੁਝ ਠੀਕ ਨਹੀਂ ਰਿਹਾ ਪਰ ਇਸ ਦੇ ਬਾਵਜੂਦ ਸੰਗਤਾਂ ਦੇ ਉਤਸ਼ਾਹ ਵਿਚ ਕਮੀ ਨਹੀਂ ਆਈ। ਹੋਲੇ ਮਹੱਲੇ ਦੇ ਆਖਰੀ ਦਿਨ ਵਿਸ਼ੇਸ਼ ਤੌਰ 'ਤੇ ਪਹੁੰਚੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸਿੱਖ ਕੌਮ ਦੇ ਨਾਲ ਸੰਦੇਸ਼ ਜਾਰੀ ਕਰਦੇ ਹੋਏ ਸਿੱਖਾਂ ਨੂੰ ਪਤਿਤਪੁਣਾ, ਨਸ਼ੇ, ਭਰੂਣ ਹੱਤਿਆ ਜਿਹੀਆਂ ਸਮਾਜਕ ਅਲਾਮਤਾਂ ਨੂੰ ਤਿਆਗ ਕੇ ਖੰਡੇ ਬਾਟੇ ਦੀ ਦਾਤ ਅੰਮ੍ਰਿਤ ਛਕਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਵੇਲੇ ਭਾਈਚਾਰੇ ਨੂੰ ਕਈ ਪਾਸਿਓਂ ਮਾਰ ਪੈ ਰਹੀ ਹੈ। ਇਸ ਸੰਕਟ ਨੂੰ ਕੱਟਣ ਲਈ ਹੁਣ ਹਰ ਹੀਲਾ ਕਰਨਾ ਪਵੇਗਾ। ਸੰਗਤ ਇਸ ਬਾਰੇ ਸੁਚੇਤ ਹੋ ਕੇ ਮੁਹਿੰਮ ਚਲਾਵੇ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੇ।

## ਅਕਾਲੀ ਦਲ ਨੇ ਕਾਂਗਰਸ 'ਤੇ ਸਾਧਿਆ ਸਿੱਧਾ ਨਿਸ਼ਾਨਾ



*ਸ. ਪ੍ਰਕਾਸ਼ ਸਿੰਘ ਬਾਦਲ ਸੰਗਤਾਂ ਨੂੰ ਫਤਿਹ ਬੁਲਾਉਂਦੇ ਹੋਏ*

**ਆਨੰਦਪੁਰ ਸਾਹਿਬ:** ਹੋਲੇ ਮਹੱਲੇ ਦੇ ਦੂਸਰੇ ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਮੁੱਖ ਮੈਦਾਨ ਵਿਚ ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਵੱਲੋਂ ਰਾਜਸੀ ਕਾਨਫਰੰਸ ਕੀਤੀ ਗਈ। ਇਸ ਕਾਨਫਰੰਸ ਵਿਚ ਸ਼ਮੂਲੀਅਤ ਲਈ ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਸਮੇਂ ਸਿਰ ਪਹੁੰਚ ਗਈ ਪਰ ਭਾਜਪਾ ਦੇ ਆਗੂ ਕਾਫੀ ਦੇਰ ਨਾਲ ਪਹੁੰਚੇ।

ਆਪਣੇ ਸੰਬੋਧਨ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਲੋਕ-ਵਿਰੋਧੀ ਤੇ ਪੰਜਾਬ ਵਿਰੋਧੀ ਨੀਤੀਆਂ ਕਰਕੇ ਕਾਂਗਰਸ ਦਾ ਰਾਜ ਵਿਚੋਂ ਸਫਾਇਆ ਹੁੰਦਾ ਜਾ ਰਿਹਾ ਹੈ। ਪੰਜਾਬ ਨਾਲ ਧੱਕੇਸ਼ਾਹੀਆਂ ਕਰਨ ਕਰਕੇ ਹੀ ਲੋਕਾਂ ਨੇ ਕਾਂਗਰਸੀ ਨੇਤਾਵਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਕਰਕੇ ਰਾਜ ਦਾ ਉਦਯੋਗ ਤੇ ਖੇਤੀਬਾੜੀ ਤਬਾਹ ਹੋ ਗਏ ਹਨ। ਪੰਜਾਬ ਦੇ ਕਿਸਾਨਾਂ ਨੇ ਦੇਸ਼ ਨੂੰ ਅਨਾਜ ਦੇ ਖੇਤਰ ਵਿਚ ਸਵੈ-ਨਿਰਭਰ ਹੋਣ ਵਿਚ ਵੱਡਾ ਹਿੱਸਾ ਪਾਇਆ। ਕਿਸਾਨੀ ਨੂੰ ਇਸ ਚੱਕਰ ਵਿਚੋਂ ਕੱਢਣ ਵਾਸਤੇ ਪੰਜਾਬ ਵਰਗੇ ਰਾਜ ਨੂੰ ਖੇਤੀ ਵਿਭਿੰਨਤਾ ਲਈ ਸਿਰਫ 500 ਕਰੋੜ ਰੁਪਏ ਦੇਣਾ ਸਮੁੰਦਰ ਵਿਚ ਬੂੰਦ ਦੇ ਬਰਾਬਰ ਹੈ। ਇਹ ਦਰਸਾਉਂਦਾ ਹੈ ਕਿ ਪੰਜਾਬ ਦੇ ਮਸਲਿਆਂ ਪ੍ਰਤੀ ਕੇਂਦਰ ਦੀ ਪਹੁੰਚ ਕਿੰਨੀ ਪੱਖਪਾਤੀ ਹੈ।

ਮੁੱਖ ਮੰਤਰੀ ਨੇ ਹੋਲੇ-ਮਹੱਲੇ ਦੇ ਤਿਉਹਾਰ ਦੀ ਵਧਾਈ ਦਿੰਦਿਆਂ ਕਿਹਾ ਕਿ ਸਰਕਾਰ ਆਨੰਦਪੁਰ ਸਾਹਿਬ ਵਿਖੇ ਬਾਬਾ ਜੀਵਨ ਸਿੰਘ ਦੀ ਯਾਦਗਾਰ ਸਥਾਪਤ ਕਰੇਗੀ। ਹੁਸ਼ਿਆਰਪੁਰ ਵਿੱਚ ਖੁਰਾਲਗੜ੍ਹ ਵਿਖੇ ਸ੍ਰੀ ਗੁਰੂ ਰਵਿਦਾਸ ਦੀ ਯਾਦਗਾਰ ਤੋਂ ਇਲਾਵਾ ਪੰਜਾਬ ਵਿਚ ਮੋਤੀ ਰਾਮ ਮਹਿਰਾ ਤੇ ਭਗਵਾਨ ਵਾਲਮੀਕੀ ਮਹਾਰਾਜ ਜੀ ਦੀਆਂ ਢੁੱਕਵੀਆਂ ਯਾਦਗਾਰਾਂ ਵੀ ਬਣਾਈਆਂ ਜਾਣਗੀਆਂ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਰਾਜ ਵਿਚ ਨਸ਼ਿਆਂ ਦੇ ਖਤਰੇ ਨੂੰ ਰੋਕਣ ਵਾਸਤੇ ਸਰਕਾਰ ਨਸ਼ੇ ਦਾ ਧੰਦਾ ਕਰਨ ਵਾਲਿਆਂ ਵਿਰੁੱਧ ਸਖਤੀ ਨਾਲ ਪੇਸ਼ ਆ ਰਹੀ ਹੈ। ਰਾਜ ਅਤੇ ਇਸ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਸਤੇ ਸ਼੍ਰੋਮਣੀ ਅਕਾਲੀ ਦਲ ਕੁਰਬਾਨੀਆਂ ਭਰੇ ਇਤਿਹਾਸ ਨੂੰ ਯਾਦ ਕਰਦਿਆਂ ਉਪ ਮੁੱਖ ਮੰਤਰੀ ਬਾਦਲ ਨੇ ਕਿਹਾ ਕਿ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਪੰਜਾਬ ਵਿਚ ਬਣੀ ਤਾਂ ਸਮਾਜ ਦੇ ਸਾਰੇ ਵਰਗਾਂ ਦੀ ਬਿਹਤਰੀ ਹੋਈ।

## ਫੋਟੋ ਝਲਕੀਆਂ





## ਕਾਂਗਰਸ ਵੱਲੋਂ ਬਾਦਲਾਂ ਖਿਲਾਫ ਮੋਰਚਾ ਖੋਲ੍ਹਣ ਦਾ ਐਲਾਨ



**ਆਨੰਦਪੁਰ ਸਾਹਿਬ:** ਆਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਮੌਕੇ ਕਾਂਗਰਸ ਵੱਲੋਂ ਪੰਜ ਪਿਆਰਾ ਪਾਰਕ ਸਾਹਮਣੇ ਰਾਜਸੀ ਕਾਨਫਰੰਸ ਕੀਤੀ ਗਈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਵਜੋਂ ਨਿਯੁਕਤੀ ਤੋਂ ਬਾਅਦ ਆਪਣੀ ਪਹਿਲੀ ਰਾਜਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਰਾਜ ਦੇ ਲੋਕ ਅਕਾਲੀ-ਭਾਜਪਾ ਗਠਜੋੜ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਤੰਗ ਹਨ ਜਿਸ ਦਾ ਜਵਾਬ ਉਹ ਲੋਕ ਸਭਾ ਚੋਣਾਂ ਵਿਚ ਦੇਣਗੇ।

ਪੰਜਾਬ ਦੀ ਜਨਤਾ ਉਨ੍ਹਾਂ ਚੋਣਾਂ ਵਿਚ ਅਕਾਲੀਆਂ ਨੂੰ ਦੁਬਾਰਾ ਸੱਤਾ ਵਿਚ ਲਿਆਉਣ ਦੀ ਗਲਤੀ ਦਾ ਪਛਤਾਵਾ ਜ਼ਰੂਰ ਕਰੇਗੀ। ਇਸ ਕਾਨਫਰੰਸ ਵਿਚ ਭਾਵੇਂ ਰੋਪੜ ਤੇ ਨਵਾਂ ਸ਼ਹਿਰ ਇਲਾਕਿਆਂ ਦੇ ਆਗੂ ਹਾਜ਼ਰ ਸਨ ਪਰ ਕੈਪਟਨ ਅਮਰਿੰਦਰ ਸਿੰਘ ਤੇ ਰਾਜਿੰਦਰ ਕੌਰ ਭੱਠਲ ਵਰਗੇ ਆਗੂ ਗ਼ੈਰ-ਹਾਜ਼ਰ ਰਹੇ। ਸ. ਬਾਜਵਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਖ਼ਿਲਾਫ਼ ਮੋਰਚਾ ਖੋਲ੍ਹੇਗੀ ਜਿਸ ਦਾ ਆਗ਼ਾਜ਼ ਹਫਤੇ ਦੇ ਅੰਦਰ-ਅੰਦਰ ਜ਼ਿਲ੍ਹਾ ਰੂਪਨਗਰ ਤੋਂ ਕੀਤਾ ਜਾਵੇਗਾ।

ਪੰਜਾਬ ਵਿਚ ਰੇਤਾ ਤੇ ਬਜਰੀ ਦੀ ਬਲੈਕ ਵੱਡੇ ਪੱਧਰ 'ਤੇ ਹੋ ਰਹੀ ਹੈ ਤੇ ਇਸ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਇਕ ਨਜ਼ਦੀਕੀ ਰਿਸ਼ਤੇਦਾਰ ਦਾ ਹੱਥ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਰਾਜ ਅੰਦਰ ਨਸ਼ੇ ਵੇਚਣ ਦੀ ਪੂਰੀ ਖੁੱਲ੍ਹ ਦਿੱਤੀ ਹੋਈ ਹੈ। ਹਰੇਕ ਪਿੰਡ ਵਿਚ ਸ਼ਰਾਬ ਦੇ ਠੇਕੇ ਖੋਲ੍ਹੇ ਗਏ ਹਨ। ਅਫੀਮ, ਭੁੱਕੀ, ਚਰਸ, ਸਮੈਕ ਤੇ ਹੋਰ ਮਹਿੰਗੇ ਨਸ਼ਿਆਂ ਦੀ ਵੱਡੇ ਪੱਧਰ 'ਤੇ ਤਸਕਰੀ ਹੋ ਰਹੀ ਹੈ। ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਿਚ ਗਰਕ ਕੀਤਾ ਜਾ ਰਿਹਾ ਹੈ।

ਸ. ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੀ ਖੁਸ਼ਹਾਲੀ ਦੀ ਗੱਲ ਕਰਦਿਆਂ ਆਖਿਆ ਕਿ ਮਰਹੂਮ ਪ੍ਰਤਾਪ ਸਿੰਘ ਕੈਰੋਂ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਵੇਲੇ ਪੰਜਾਬ ਪੂਰੇ ਭਾਰਤ ਅੰਦਰ ਪਹਿਲੇ ਨੰਬਰ 'ਤੇ ਹੁੰਦਾ ਸੀ ਹੁਣ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੇ ਰਾਜ ਵਿਚ 12ਵੇਂ ਨੰਬਰ 'ਤੇ ਹੈ। ਰਾਜ ਅੰਦਰ ਬੇਰੁਜ਼ਗਾਰੀ ਵਧੀ ਹੈ ਤੇ ਕਿਸਾਨ ਗਰੀਬ ਹੁੰਦਾ ਜਾ ਰਿਹਾ ਹੈ। ਹੁਣ ਧੀਆਂ-ਭੈਣਾਂ ਦੀ ਸੁਰੱਖਿਆ 'ਤੇ ਵੀ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਸ. ਬਾਜਵਾ ਨੇ ਪੰਜਾਬ ਅੰਦਰ ਗੁੰਡਾ ਰਾਜ ਦੀ ਗੱਲ ਕਰਦਿਆਂ ਆਖਿਆ ਕਿ ਇਥੇ ਇੱਕ ਪਿਤਾ ਵੀ ਆਪਣੀ ਧੀ ਦੀ ਰਾਖੀ ਨਹੀਂ ਕਰ ਸਕਦਾ। ਕੋਈ ਬੰਦਾ ਆਪਣੇ ਘਰ ਵੀ ਸੁਰੱਖਿਅਤ ਨਹੀਂ ਰਿਹਾ। ਗੁੰਡੇ ਘਰਾਂ ਅੰਦਰ ਵੜ ਕੇ ਹਮਲੇ ਕਰ ਰਹੇ ਹਨ, ਪਰ ਸਰਕਾਰ ਕੁਝ ਨਹੀਂ ਕਰ ਰਹੀ।

## ਅਕਾਲੀ ਦਲ (ਅ) ਵੱਲੋਂ ਸੰਘਰਸ਼ ਜਾਰੀ ਰੱਖਣ ਦਾ ਐਲਾਨ

**ਆਨੰਦਪੁਰ ਸਾਹਿਬ:** ਹੋਲਾ ਮਹੱਲਾ ਮੇਲੇ ਮੌਕੇ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਸਰੋਵਰ ਦੇ ਨਜ਼ਦੀਕ ਕੀਤੀ ਗਈ ਕਾਨਫਰੰਸ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਨੂੰ ਕੋਸਿਆ। ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤਾਂ ਨਹੀ ਪੁੱਜੇ ਪਰ ਉਨ੍ਹਾਂ ਦੀ ਗੈਰਹਾਜ਼ਰੀ ਦੇ ਬਾਵਜੂਦ ਪਾਰਟੀ ਆਗੂਆਂ ਤੇ ਉਨ੍ਹਾਂ ਦੇ ਸਮਰਥਕਾਂ ਨੇ ਹੁੰਮ-ਹੁਮਾ ਕੇ ਹਾਜ਼ਰੀ ਲਵਾਈ। ਆਗੂਆਂ ਨੇ ਪੰਡਾਲ ਵਿਚ ਹਾਜ਼ਰ ਲੋਕਾਂ ਤੋਂ ਹੱਥ ਖੜ੍ਹੇ ਕਰਵਾ ਕੇ 22 ਮਤੇ ਸਰਬਸੰਮਤੀ ਨਾਲ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤੇ।



ਇਸ ਮੌਕੇ ਸਮੁੱਚੀ ਜਥੇਬੰਦੀ ਵੱਲੋਂ ਸਿੱਖ ਕੌਮ ਨੂੰ ਅਪੀਲ ਕੀਤੀ ਗਈ ਕਿ ਉਹ ਆਪਸੀ ਛੋਟੇ-ਮੋਟੇ ਵਖਰੇਵਿਆਂ ਨੂੰ ਪਾਸੇ ਰੱਖ ਕੇ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਜਮਹੂਰੀ ਸੰਘਰਸ਼ ਵਿਚ ਯੋਗਦਾਨ ਪਾਉਣ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਧਿਆਨ ਸਿੰਘ ਮੰਡ ਨੇ ਕੌਮ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਕਿ ਹੋਲੇ-ਮਹੱਲੇ ਦਾ ਸਿੱਖ ਕੌਮ ਵਿਚ ਬਹੁਤ ਵੱਡਾ ਮਹੱਤਵ ਹੈ। ਸਿੱਖਾਂ ਨਾਲ ਹੁਣ ਵੀ ਬੇਇਨਸਾਫੀਆਂ ਜਾਰੀ ਹਨ। ਸਿੱਖਾਂ ਨੂੰ ਵਿਸ਼ੇਸ ਅਦਾਲਤਾਂ ਰਾਹੀ ਫਾਂਸੀ ਅਤੇ ਉਮਰ ਕੈਦਾਂ ਦਿੱਤੀਆਂ ਜਾ ਰਹੀਆਂ ਹਨ। ਕਮਲ ਨਾਥ, ਜਗਦੀਸ਼ ਟਾਈਟਲਰ, ਸੱਜਣ ਕੁਮਾਰ ਉੱਚੇ ਅਹੁਦੇ 'ਤੇ ਬੈਠੇ ਕਾਂਗਰਸੀਆਂ ਨੂੰ ਵਜ਼ੀਰੀਆਂ ਤੇ ਹੋਰ ਅਹੁਦੇ ਵੀ ਦਿੱਤੇ ਜਾ ਰਹੇ ਹਨ ਤੇ ਇਨ੍ਹਾਂ ਨੂੰ ਕਾਨੂੰਨੀ ਮਾਰ ਤੋਂ ਬਚਾਉਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ ਜਾ ਰਹੇ ਹਨ। ਇਸੇ ਤਰ੍ਹਾਂ ਪਾਣੀਆਂ, ਬਿਜਲੀ, ਹੈੱਡਵਰਕਸ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪੰਜਾਬ ਨੂੰ ਦੇਣ ਪੱਖੋਂ ਪੰਜਾਬ ਨਾਲ ਘੋਰ ਬੇਇਨਸਾਫੀ ਜਾਰੀ ਹੈ। ਕਾਨਫਰੰਸ ਵਿਚ ਇਹ ਅਪੀਲ ਕੀਤੀ ਗਈ ਕਿ ਕੁਲਜਿੰਦਰ ਸਿੰਘ ਸਿੱਧੂ ਵੱਲੋਂ ਬਣਾਈ ਗਈ ਪੰਜਾਬੀ ਫਿਲਮ 'ਸਾਡਾ ਹੱਕ' ਜੋ ਪੰਜਾਬ ਤੇ ਸਿੱਖ ਕੌਮ ਨਾਲ ਵਾਪਰੇ ਦੁਖਾਂਤ ਦੀ ਸਹੀ ਤਸਵੀਰ ਪੇਸ਼ ਕਰਦੀ ਹੈ, ਨੂੰ ਹਰ ਪੰਜਾਬੀ ਜ਼ਰੂਰ ਦੇਖੇ। ਪਾਰਟੀ ਦੇ ਸਕੱਤਰ ਜਰਨਲ ਜਸਵੰਤ ਸਿੰਘ ਮਾਨ ਨੇ ਪਾਰਟੀ ਦੀ ਜਥੇਬੰਦਕ ਮਜ਼ਬੂਤੀ ਵੱਲ ਤਵੱਜੋ ਦੇਣ ਦੀ ਗੱਲ ਕੀਤੀ।

## ਬੀਬੀ ਸੁਖਜਿੰਦਰ ਕੌਰ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੇ ਗੁਰਦੁਆਰਾ ਪੈਲਾਟਾਈਨ ਨਾਲ ਚਿਰਾਂ ਤੋਂ ਜੁੜੇ ਹੋਏ ਸ. ਗੁਰ ਸਿੰਘ, ਜਿਨ੍ਹਾਂ ਨੂੰ ਬਹੁਤੇ ਲੋਕ ਭਾਈਆ ਜੀ ਕਰਕੇ ਜਾਣਦੇ ਹਨ, ਨੂੰ ਉਦੋਂ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ



*ਬੀਬੀ ਸੁਖਜਿੰਦਰ ਕੌਰ*

ਸੁਖਜਿੰਦਰ ਕੌਰ (ਸੁਪਤਨੀ ਸਵਰਗੀ ਸ. ਕੁਲਦੀਪ ਸਿੰਘ) 92 ਸਾਲ ਦੀ ਉਮਰ ਭੋਗ ਕੇ ਪਿਛਲੇ ਦਿਨੀਂ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਬੀਬੀ ਸੁਖਜਿੰਦਰ ਕੌਰ ਆਪਣੇ ਪਿਛੇ ਦੋ ਧੀਆਂ-ਬੀਬੀ ਅਵਤਾਰਜੀਤ ਕੌਰ ਔਲਖ (ਸੁਪਤਨੀ ਸਵਰਗੀ ਇੰਦਰਜੀਤ ਸਿੰਘ) ਤੇ ਬੀਬੀ ਰਾਜ ਕੌਰ ਸੇਖੋਂ ਅਤੇ ਦੋ ਪੁੱਤਰ-ਗੁਰ ਸਿੰਘ ਤੇ ਹਰਜਿੰਦਰ ਸਿੰਘ ਛੱਡ ਗਏ ਹਨ। ਉਨ੍ਹਾਂ ਦਾ ਸਸਕਾਰ ਮੰਗਲਵਾਰ 2 ਅਪਰੈਲ ਨੂੰ ਕਰ ਦਿੱਤਾ ਗਿਆ। ਉਨ੍ਹਾਂ ਨਮਿਤ ਸਹਿਜ ਪਾਠ ਦਾ ਭੋਗ 6 ਅਪਰੈਲ ਸਨਿਚਰਵਾਰ ਨੂੰ ਬਾਅਦ ਦੁਪਹਿਰ 3 ਵਜੇ ਤੋਂ 5 ਵਜੇ ਤੱਕ ਗੁਰਦੁਆਰਾ ਪੈਲਾਟਾਈਨ ਵਿਖੇ ਪਵੇਗਾ। ਪਰਿਵਾਰ ਨਾਲ ਸੰਪਰਕ ਗੁਰ ਸਿੰਘ ਫੋਨ 815-401-8566 ਅਤੇ ਹਰਜਿੰਦਰ ਸਿੰਘ ਫੋਨ 630-669-3709 ਰਾਹੀਂ ਕੀਤਾ ਜਾ ਸਕਦਾ ਹੈ।

# ਸਟਰਲਾਈਟ ਕੰਪਨੀ ਨੂੰ 100 ਕਰੋੜ ਦਾ ਜੁਰਮਾਨਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਤਾਮਿਲਨਾਡੂ ਵਿਚ ਸਟਰਲਾਈਟ ਕੰਪਨੀ ਦੇ ਤਾਂਬੇ ਦੇ ਪਲਾਂਟ ਕਾਰਨ ਵਾਤਾਵਰਨ ਨੂੰ ਪਲੀਤ ਕਰਨ ਬਦਲੇ ਇਸ ਨੂੰ 100 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਹੈ ਪਰ ਪਲਾਂਟ ਬੰਦ ਕਰਨ ਤੋਂ ਨਾਂਹ ਕਰ ਦਿੱਤੀ ਹੈ। ਸਟਰਲਾਈਟ ਬਰਤਾਨੀਆ ਆਧਾਰਤ ਵੇਦਾਂਤਾ ਗਰੁੱਪ ਦੀ ਸਹਾਇਕ ਕੰਪਨੀ ਹੈ।

ਜਸਟਿਸ ਏ.ਕੇ. ਪਟਨਾਇਕ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਇਸ ਬਹੁ-ਕੌਮੀ ਕੰਪਨੀ ਤੋਂ ਰਸਾਇਣ ਦੇ ਰਿਸਾਓ ਕਾਰਨ ਲੰਮੇ ਸਮੇਂ ਤੋਂ ਵਾਤਾਵਰਨ ਪਲੀਤ ਹੁੰਦਾ ਆ ਰਿਹਾ ਸੀ ਤੇ ਇਸ ਨੂੰ ਮੁਆਵਜ਼ਾ ਅਦਾ ਕਰਨਾ ਪਵੇਗਾ। ਅਦਾਲਤ ਅਨੁਸਾਰ ਮੁਆਵਜ਼ਾ ਡਰਾਵੇ ਦਾ ਕੰਮ ਦੇਵੇਗਾ ਤੇ ਮੁਆਵਜ਼ੇ ਦੀ ਰਕਮ ਕੰਪਨੀ ਦੀ ਵਿੱਤੀ ਮਜ਼ਬੂਤੀ ਦੇ ਆਧਾਰ 'ਤੇ ਨਿਰਧਾਰਤ ਕੀਤੀ ਜਾਣੀ ਚਾਹੀਦੀ ਹੈ। ਉਂਜ, ਅਦਾਲਤ ਨੇ ਪਲਾਂਟ ਨੂੰ ਬੰਦ ਕਰਨ ਤੋਂ ਨਾਂਹ ਕਰ ਦਿੱਤੀ ਤੇ ਇਸ ਸਬੰਧੀ ਮਦਰਾਸ ਹਾਈ ਕੋਰਟ ਵੱਲੋਂ 2010 ਵਿਚ ਸੁਣਾਇਆ ਫੈਸਲਾ ਉਲੱਦ ਦਿੱਤਾ।

ਕੰਪਨੀ 'ਤੇ ਮੁਆਵਜ਼ਾ ਆਇਦ ਕਰਦਿਆਂ ਬੈਂਚ ਨੇ ਕਿਹਾ ਕਿ 100 ਕਰੋੜ ਰੁਪਏ ਤੋਂ ਘੱਟ ਰਕਮ ਦਾ ਇੱਛਤ ਅਸਰ ਨਹੀਂ ਪੈ ਸਕੇਗਾ। ਸੁਪਰੀਮ ਕੋਰਟ ਨੇ ਸਟਰਲਾਈਟ ਨੂੰ ਪੰਜ ਸਾਲਾਂ ਵਿਚ 100 ਕਰੋੜ ਰੁਪਏ ਟੂਟੀਕੋਰੀਨ ਦੇ ਜ਼ਿਲ੍ਹਾ ਕੁਲੈਕਟਰ ਕੋਲ ਜਮ੍ਹਾਂ ਕਰਾਉਣ ਦਾ ਹੁਕਮ ਦਿੱਤਾ ਹੈ। ਉਂਜ, ਕਾਨੂੰਨੀ ਮਾਹਿਰਾਂ ਅਨੁਸਾਰ ਅਦਾਲਤ ਦੇ ਇਸ ਹੁਕਮ ਦਾ ਤਾਮਿਲਨਾਡੂ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਲੰਘੀ 30 ਮਾਰਚ ਨੂੰ ਦਿੱਤੀ ਇਸ ਹਦਾਇਤ ਉਪਰ ਕੋਈ ਪ੍ਰਭਾਵ ਨਹੀਂ ਪਵੇਗਾ ਜਿਸ ਵਿਚ ਗੈਸ ਲੀਕ ਹੋਣ ਤੋਂ ਬਾਅਦ ਇਸ ਕਾਪਰ ਪਲਾਂਟ ਨੂੰ ਬੰਦ ਕਰਨ ਲਈ ਕਿਹਾ ਗਿਆ ਸੀ।

# ਨਸਲੀ ਟਿੱਪਣੀ ਕਾਰਨ ਕਸੂਤੇ ਫਸੇ ਡੌਨ ਯੰਗ

**ਵਾਸ਼ਿੰਗਟਨ:** ਲਾਤੀਨੀ ਅਮਰੀਕੀ ਪਰਵਾਸੀਆਂ (ਹਿਸਪੈਨਿਕ) ਬਾਰੇ ਅਮਰੀਕੀ ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੇ ਰਿਪਬਲਿਕਨ ਮੈਂਬਰ ਡੌਨ ਯੰਗ (79) ਵੱਲੋਂ ਕੀਤੀ ਇਤਰਾਜ਼ਯੋਗ ਟਿੱਪਣੀ ਦਾ ਉਨ੍ਹਾਂ ਦੀ ਆਪਣੀ ਪਾਰਟੀ ਵੱਲੋਂ ਹੀ ਵਿਰੋਧ ਕੀਤਾ ਜਾ ਰਿਹਾ ਹੈ। ਸ੍ਰੀ ਯੰਗ ਨੂੰ ਇਕ ਬਿਆਨ ਦੇ ਕੇ ਕਹਿਣਾ ਪਿਆ ਕਿ ਇਨ੍ਹਾਂ ਪਰਵਾਸੀਆਂ ਨੂੰ 'ਵੈਟਬੈਕ' ਕਹਿਣ ਦਾ ਮਕਸਦ, ਉਨ੍ਹਾਂ ਦੀ ਬੇਇੱਜ਼ਤੀ ਕਰਨਾ ਨਹੀਂ ਸੀ।

ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਮੈਕਸਿਕੋ ਦੇ ਉਨ੍ਹਾਂ ਪਰਵਾਸੀਆਂ ਨੂੰ 'ਵੈਟਬੈਕ' ਆਖ ਕੇ ਦੁਰਕਾਰਿਆ ਜਾਂਦਾ ਹੈ ਜਿਹੜੇ ਗ਼ੈਰ-ਕਾਨੂੰਨੀ ਢੰਗ ਨਾਲ ਆਏ ਹੁੰਦੇ ਹਨ। ਦੂਜੇ ਪਾਸੇ ਰਿਪਬਲਿਕਨ ਪਾਰਟੀ ਪਹਿਲਾਂ ਹੀ ਇਨ੍ਹਾਂ ਪਰਵਾਸੀਆਂ ਪ੍ਰਤੀ ਆਪਣੇ ਸਖ਼ਤ ਰਵੱਈਏ ਵਾਲੀ ਦਿੱਖ ਨੂੰ ਬਦਲਣਾ ਚਾਹੁੰਦੀ ਹੈ ਜਿਸ ਨੂੰ ਸ੍ਰੀ ਯੰਗ ਦਾ ਇਹ ਬਿਆਨ ਹਜ਼ਮ ਨਹੀਂ ਹੋ ਰਿਹਾ। ਰਿਪਬਲਿਕਨ ਪਾਰਟੀ ਦੇ ਇਸ ਸਖ਼ਤ ਰਵੱਈਏ ਕਾਰਨ ਹੀ ਹਿਸਪੈਨਿਕ ਪਰਵਾਸੀਆਂ ਵੱਲੋਂ ਵੱਡੇ ਪੱਧਰ 'ਤੇ ਡੈਮੋਕਰੈਟਿਕ ਪਾਰਟੀ ਦੀ ਹਮਾਇਤ ਕੀਤੀ ਜਾਂਦੀ ਸੀ।ਹਾਲੀਆ ਚੋਣਾਂ ਵਿਚ ਇਨ੍ਹਾਂ ਲੋਕਾਂ ਨੇ ਜ਼ੋਰ-ਸ਼ੋਰ ਨਾਲ ਰਾਸ਼ਟਰਪਤੀ ਬਰਾਕ ਓਬਾਮਾ ਦੀ ਹਮਾਇਤ ਕੀਤੀ ਸੀ।

ਪ੍ਰਤੀਨਿਧ ਸਭਾ ਵਿਚ ਰਿਪਬਲਿਕਨ ਪਾਰਟੀ ਦੇ ਨੇਤਾ ਤੇ ਸਪੀਕਰ ਜੌਹਨ ਬੋਇਹਨਰ ਨੇ ਸ੍ਰੀ ਯੰਗ ਦੀ ਟਿੱਪਣੀ ਦਾ ਵਿਰੋਧ ਕਰਦਿਆਂ ਕਿਹਾ ਕਿ ਸ੍ਰੀ ਯੰਗ ਦਾ ਬਿਆਨ ਗਲਤ ਸੀ। ਉਨ੍ਹਾਂ ਕਿਹਾ ਕਿ ਸ੍ਰੀ ਯੰਗ ਨੂੰ ਇਸ ਲਈ ਤੁਰੰਤ ਮੁਆਫ਼ੀ ਮੰਗਣੀ ਚਾਹੀਦੀ ਹੈ। ਸ੍ਰੀ ਯੰਗ ਨੇ ਇਕ ਰੇਡੀਓ ਇੰਟਰਵਿਊ ਵਿਚ ਕਿਹਾ ਸੀ ਕਿ ਉਸ ਦੇ ਪਿਤਾ ਦੇ ਫਾਰਮ ਵਿਚ 50-60 ਵੈਟਬੈਟ ਕੰਮ ਕਰਦੇ ਹਨ।

# ਅਸਾਂਜੇ ਨੂੰ ਬਰਤਾਨੀਆ 'ਚ ਹੀ ਬਿਤਾਉਣੇ ਪੈਣਗੇ 3 ਸਾਲ

**ਲੰਦਨ:** ਪਿਛਲੇ ਸਾਲ ਜੂਨ ਮਹੀਨੇ ਤੋਂ ਲੰਦਨ ਦੇ ਇਕਵਾਡੋਰ ਸਫ਼ਾਰਤਖਾਨੇ ਵਿਚ ਸ਼ਰਨ ਲਈ ਬੈਠਾ ਵਿਕੀਲੀਕਸ ਦਾ ਬਾਨੀ ਜੂਲੀਅਨ ਅਸਾਂਜੇ 2015 ਤੋਂ ਪਹਿਲਾਂ ਬਰਤਾਨੀਆ ਨਹੀਂ ਛੱਡ ਸਕੇਗਾ। ਇਕ ਰਿਪੋਰਟ ਮੁਤਾਬਕ ਇਕਵਾਡੋਰ ਦੀ ਸਰਕਾਰ ਬਰਤਾਨੀਆ ਦੀ ਕੰਜ਼ਰਵੇਟਿਵ ਸਰਕਾਰ ਤੋਂ ਇਹ ਭਰੋਸਾ ਮੰਗ ਰਹੀ ਹੈ ਕਿ ਉਹ ਅਸਾਂਜੇ ਦੀ ਅਮਰੀਕਾ ਨੂੰ ਹਵਾਲਗੀ ਦਾ ਸਮਰਥਨ ਨਹੀਂ ਕਰੇਗੀ ਜੇ ਉਹ ਜਿਣਸੀ ਸ਼ੋਸ਼ਣ ਦੇ ਕੇਸ ਬਾਰੇ ਸਵੀਡਨ ਜਾਂਦਾ ਹੈ।

ਇਸ ਕੂਟਨੀਤਕ ਰੱਫੜ ਕਾਰਨ ਇਕਵਾਡੋਰ ਦੇ ਕੂਟਨੀਤੀਵਾਨਾਂ ਨੇ ਹੁਣ 2015 ਦੀਆਂ ਬਰਤਾਨਵੀ ਆਮ ਚੋਣਾਂ 'ਤੇ ਨਜ਼ਰਾਂ ਟਿਕਾ ਲਈਆਂ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਚੋਣਾਂ ਵਿਚ ਸਰਕਾਰ ਬਦਲ ਜਾਣ ਨਾਲ ਉਨ੍ਹਾਂ ਦੀ ਗੱਲ ਸੁਣੀ ਜਾਵੇਗੀ। ਸੂਤਰਾਂ ਮੁਤਾਬਕ ਇਕਵਾਡੋਰ ਚਾਹੁੰਦਾ ਹੈ ਕਿ ਤਾਜ਼ਾ ਸਥਿਤੀ ਦਾ ਹੱਲ ਹੋਵੇ ਪਰ ਉਸ ਦਾ ਮੌਜੂਦਾ ਸਰਕਾਰ 'ਤੇ ਕੋਈ ਭਰੋਸਾ ਨਹੀਂ ਰਿਹਾ ਕਿ ਉਹ ਇਹ ਕੰਮ ਕਰੇਗੀ।

ਉਹ ਇਸ ਉਮੀਦ ਨਾਲ ਵਿਰੋਧੀ ਲੇਬਰ ਪਾਰਟੀ ਤੱਕ ਵੀ ਪਹੁੰਚੇ ਹਨ ਕਿ ਅਗਲੀਆਂ ਚੋਣਾਂ ਤੋਂ ਬਾਅਦ ਲੇਬਰ ਪਾਰਟੀ ਉਨ੍ਹਾਂ ਲਈ ਮਦਦਗਾਰ ਸਾਬਤ ਹੋਵੇਗੀ।

# ਹਥਿਆਰਾਂ ਦੇ ਵਪਾਰ ਨੂੰ ਨਿਯਮਬੱਧ ਕਰਨ ਵਾਲੀ ਸੰਧੀ 'ਤੇ ਮੋਹਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਮਹਾਂਸਭਾ ਨੇ ਵਿਸ਼ਵ ਪੱਧਰ 'ਤੇ ਹਥਿਆਰਾਂ ਦੇ ਵਪਾਰ ਨੂੰ ਨਿਯਮਬੱਧ ਕਰਨ ਲਈ ਸੰਧੀ ਨੂੰ ਪ੍ਰਵਾਨ ਕਰ ਲਿਆ। 193 ਮੈਂਬਰੀ ਸੰਯੁਕਤ ਰਾਸ਼ਟਰ ਮਹਾਂ ਸਭਾ ਵਿਚ ਹੋਈ ਵੋਟਿੰਗ ਦੇ ਦੌਰਾਨ 154 ਦੇਸ਼ਾਂ ਨੇ ਮਤੇ ਦੇ ਹੱਕ ਵਿਚ ਤੇ ਚਾਰ ਦੇਸ਼ਾਂ ਨੇ ਵਿਰੋਧ ਵਿਚ ਵੋਟਾਂ ਪਾਈਆਂ ਜਦਕਿ ਭਾਰਤ ਸਮੇਤ 23 ਦੇਸ਼ ਵੋਟਿੰਗ ਦੌਰਾਨ ਗੈਰ ਹਾਜ਼ਰ ਰਹੇ।

ਭਾਰਤ ਨੇ ਉਕਤ ਮਤੇ ਨੂੰ ਕਮਜ਼ੋਰ ਕਰਾਰ ਦਿੰਦਿਆਂ ਕਿਹਾ ਕਿ ਉਕਤ ਮਤਾ ਅਤਿਵਾਦ ਨੂੰ ਰੋਕਣ ਦੇ ਸਮਰੱਥ ਨਹੀਂ ਇਸ ਲਈ ਉਹ ਵੋਟਿੰਗ ਸਮੇਂ ਗੈਰ ਹਾਜ਼ਰ ਰਹੇਗਾ।

ਮਤੇ ਬਾਰੇ ਭਾਰਤ ਦੇ ਪੱਖ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਿਆਂ ਭਾਰਤ ਦੀ ਪ੍ਰਤੀਨਿਧੀ ਸੁਜਾਤਾ ਮਹਿਤਾ ਨੇ ਕਿਹਾ ਕਿ ਸੰਧੀ ਦਾ ਖਰੜਾ ਭਾਰਤ ਦੀਆਂ ਆਸ਼ਾਵਾਂ ਦੇ ਅਨਕੂਲ ਨਹੀਂ। ਉਨ੍ਹਾਂ ਕਿਹਾ ਕਿ ਮਤੇ ਵਿਚ ਗੈਰ ਮੁਲਕੀ ਤੱਤਾਂ ਤੇ ਅਤਿਵਾਦੀ ਸੰਗਠਨਾਂ ਨਾਲ ਹਥਿਆਰਾਂ ਦਾ ਵਪਾਰ ਕਰਨ 'ਤੇ ਸਖਤੀ ਨਾਲ ਰੋਕ ਲਾਉਣ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ।

**Freightliner For sale**

Freightliner automatic 2006 for sale along with vanguard trailer (2008).
Miles on odometer 510,000 miles. Excellent condition
Inquiries welcome from serious buyers who can arrange their financing.
Call Kris: 630-430-7472

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No minimums
Call Paul at 1-800-705-3863
Transportation Funding Group, Inc.
Minneapolis , MN 55426

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਤਲੇਆਮ 84:ਅਮਰੀਕਾ ਵਲੋਂ ਨਸਲਕੁਸ਼ੀ ਮੰਨਣ ਤੋਂ ਨਾਂਹ

*(ਸਫਾ ਇਕ ਦੀ ਬਾਕੀ)*

ਦੀ ਹੁਣ ਤੱਕ ਦੀ ਸਭ ਤੋਂ ਵੱਡੀ ਘੋਰ ਉਲੰਘਣਾ ਹੈ।

ਸਿੱਖਾਂ ਦਾ ਤਰਕ ਹੈ ਕਿ ਥਾਂ-ਥਾਂ 'ਤੇ ਚੁਣ-ਚੁਣ ਕੇ ਸਿੱਖਾਂ ਨੂੰ ਮਾਰਨਾ ਸਿੱਖ ਨਸਲਕੁਸ਼ੀ ਹੀ ਸੀ। ਇਸ ਸੱਚਾਈ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵੀ ਪ੍ਰਮਾਣਿਤ ਕੀਤਾ ਜਾ ਚੁੱਕਾ ਹੈ ਤੇ ਇਸ ਘਟਨਾ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਵੀ ਦਿੱਤੀ ਜਾ ਚੁੱਕੀ ਹੈ। ਇਸ ਲਈ ਇਸ ਨੂੰ ਸਿੱਖ ਨਸਲਕੁਸ਼ੀ ਹੀ ਕਿਹਾ ਜਾਣਾ ਚਾਹੀਦਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਨਵੰਬਰ 1984 ਦੌਰਾਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਇਆ ਸਿੱਖ ਕਤਲੇਆਮ ਭਾਰਤੀ ਲੋਕਤੰਤਰ ਤੇ ਨਿਆਂ ਪ੍ਰਣਾਲੀ ਦੇ ਚਿਹਰੇ 'ਤੇ ਅਜਿਹਾ ਕਾਲਾ ਧੱਬਾ ਹੈ ਜਿਸ ਨੂੰ ਅੱਜ ਤੱਕ ਸਾਫ਼ ਨਹੀਂ ਕੀਤਾ ਜਾ ਸਕਿਆ। ਹੈਰਾਨੀ ਦੀ ਗੱਲ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਲਗਾਤਾਰ ਚਾਰ ਦਿਨ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਇਆ, ਪਰ ਪੁਲਿਸ ਰਿਕਾਰਡ ਵਿਚ ਦਰਜ ਹੋਏ ਕੇਸਾਂ ਦੀ ਗਿਣਤੀ ਸਿਰਫ਼ ਸੈਂਕੜਿਆਂ ਵਿਚ ਹੈ।

ਅਮਰੀਕਾ ਦੇ ਇਸ ਹੁੰਗਾਰੇ 'ਤੇ ਨਿਰਾਸ਼ਾ ਜ਼ਾਹਰ ਕਰਦਿਆਂ ਸਿੱਖ ਪਟੀਸ਼ਨਰਾਂ ਨੇ ਕਿਹਾ ਹੈ ਕਿ ਓਬਾਮਾ ਪ੍ਰਸ਼ਾਸਨ ਸਿੱਖ ਨਸਲਕੁਸ਼ੀ ਬਾਰੇ ਪੁਜ਼ੀਸ਼ਨ ਲੈਣ ਵਿਚ ਝਿਜਕ ਗਏ ਹਨ। ਨਿਊ ਯਾਰਕ ਦੀ ਸਿੱਖ ਜਥੇਬੰਦੀ 'ਸਿੱਖਸ ਫਾਰ ਜਸਟਿਸ' ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਓਬਾਮਾ ਪ੍ਰਸ਼ਾਸਨ ਸਿੱਖ ਨਸਲਕੁਸ਼ੀ 'ਤੇ ਸਟੈਂਡ ਲੈਣ ਵਿਚ ਲੜਖੜਾ ਗਿਆ। ਅਮਰੀਕਾ ਦੇ ਇਸ ਹੁੰਗਾਰੇ ਵਿਚ ਉਨ੍ਹਾਂ ਸਮੂਹਿਕ ਕਬਰਾਂ ਵੱਲ ਧਿਆਨ ਨਹੀਂ ਦਿੱਤਾ ਜੋ ਹਾਲ ਹੀ ਵਿਚ ਮਿਲੀਆਂ ਹਨ ਤੇ ਇਸੇ ਕਰ ਕੇ ਉਹ ਨਸਲਕੁਸ਼ੀ ਮੁੱਦੇ 'ਤੇ ਸਖ਼ਤ ਰੁਖ ਨਹੀਂ ਅਪਨਾ ਸਕਿਆ।

ਅਟਾਰਨੀ ਪੰਨੂ ਨੇ ਕਿਹਾ ਹੈ ਕਿ ਨਸਲਕੁਸ਼ੀ ਬਾਰੇ ਯੂ ਐਨ ਕਨਵੈਨਸ਼ਨ ਦੀ ਧਾਰਾ 1 ਤਹਿਤ ਇਕ ਮੈਂਬਰ ਦੇਸ਼ ਦੇ ਆਪਣੀ ਜ਼ਿੰਮੇਵਾਰੀ ਪੂਰੀ ਕਰਨ ਵਿਚ ਨਾਕਾਮ ਰਹਿਣ ਦੇ ਆਧਾਰ 'ਤੇ ਨਵੰਬਰ 1984 ਦੀ ਸਿੱਖਾਂ ਖਿਲਾਫ ਹਿੰਸਾ ਨੂੰ ਨਸਲਕੁਸ਼ੀ ਵਜੋਂ ਮਾਨਤਾ ਦਿਵਾਉਣ ਲਈ ਹੁਣ ਮਨੁੱਖੀ ਅਧਿਕਾਰਾਂ ਬਾਰੇ ਯੂ ਐਨ ਕਮਿਸ਼ਨ ਤੱਕ ਪਹੁੰਚ ਕੀਤੀ ਜਾਵੇਗੀ। ਯੂ ਐਨ ਪ੍ਰਣਾਲੀ ਅਨੁਸਾਰ ਨਵੰਬਰ 2013 ਵਿਚ 1503 ਪਟੀਸ਼ਨ ਦਾਇਰ ਕੀਤੀ ਜਾਵੇਗੀ। ਇਸ ਪਟੀਸ਼ਨ ਦੀ ਪ੍ਰਣਾਲੀ ਤਹਿਤ ਯੂ ਐਨ ਐਚ ਆਰ ਸੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਹਤਿਆਵਾਂ ਸਬੰਧੀ ਗਵਾਹ ਨੂੰ ਬੁਲਾ ਸਕਦਾ, ਬਿਆਨ ਦਰਜ ਕਰਵਾ ਸਕਦਾ, ਸਬੂਤ ਤੇ ਦਸਤਾਵੇਜ਼ ਮੰਗਵਾ ਸਕਦਾ ਹੈ। ਯੂ ਐਨ ਐਚ ਆਰ ਸੀ ਕਮਿਸ਼ਨ ਇਸ ਵਿਚ ਸ਼ਾਮਿਲ ਦੇਸ਼ ਤੋਂ ਜਵਾਬ ਤਲਬ ਵੀ ਕਰ ਸਕਦਾ ਹੈ। ਸਿੱਖਸ ਫਾਰ ਜਸਟਿਸ ਇਸ ਪਟੀਸ਼ਨ ਦੇ ਸਮਰਥਨ ਵਿਚ ਕੌਮਾਂਤਰੀ ਪੱਧਰ 'ਤੇ ਦਸਤਖਤੀ ਮੁਹਿੰਮ ਚਲਾਏਗੀ।

# ਸਾਕਾ ਨੀਲਾ ਤਾਰਾ ਹਰਜਾਨਾ ਕੇਸ ਦੀ ਪੈਰਵੀ ਕਰਨ ਦਾ ਫੈਸਲਾ

ਸਮਾਂ ਦਿੱਤਾ ਸੀ ਕਿ ਉਹ ਹਰਜਾਨੇ ਬਾਰੇ ਕੇਸ ਦੀ ਅਗਾਊਂ ਰਕਮ 15 ਮਾਰਚ ਤਕ ਅਦਾਲਤ ਵਿਚ ਜਮ੍ਹਾਂ ਕਰਾਉਣ, ਪਰ ਸ਼੍ਰੋਮਣੀ ਕਮੇਟੀ ਨੇ ਇਸ ਬਾਰੇ ਫੈਸਲਾ ਲੈਣ ਵਿਚ ਦਿਖਾਈ ਢਿੱਲ ਮੱਠ ਕਾਰਨ ਇਹ ਸਮਾਂ ਲੰਘ ਗਿਆ ਹੈ। ਹੁਣ ਮੁੜ ਅਦਾਲਤੀ ਚਾਰਾਜੋਈ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਮਰਹੂਮ ਗੁਰਚਰਨ ਸਿੰਘ ਟੌਹੜਾ ਵੱਲੋਂ ਇਸ ਬਾਰੇ 1985 ਵਿਚ ਕੇਂਦਰ ਸਰਕਾਰ ਖ਼ਿਲਾਫ਼ ਅੰਮ੍ਰਿਤਸਰ ਦੀ ਅਦਾਲਤ ਵਿਚ ਮੁਫਲਿਸੀ ਦਾਅਵਾ ਦਾਇਰ ਕੀਤਾ ਸੀ। ਮਗਰੋਂ ਇਹ ਕੇਸ ਦਿੱਲੀ ਹਾਈ ਕੋਰਟ ਵਿਚ ਤਬਦੀਲ ਹੋ ਗਿਆ। ਇਸ ਕੇਸ ਦੀ ਲੰਮਾ ਸਮਾਂ ਕਾਰਵਾਈ ਚੱਲੀ ਤੇ ਇਸ ਦੌਰਾਨ ਅਦਾਲਤ ਨੇ ਸ਼੍ਰੋਮਣੀ ਕਮੇਟੀ ਨੂੰ 15 ਮਾਰਚ ਤਕ ਸਮਾਂ ਦਿੱਤਾ ਸੀ। ਇਸ ਕੇਸ ਦੀ ਪੈਰਵਾਈ ਲਈ ਜਥੇਦਾਰ ਟੌਹੜਾ, ਸਾਬਕਾ ਪ੍ਰਧਾਨ ਬਲਦੇਵ ਸਿੰਘ ਸਿਬੀਆ ਤੇ ਮਨਜੀਤ ਸਿੰਘ ਕਲਕੱਤਾ ਵੀ ਅਦਾਲਤ ਵਿਚ ਹਾਜ਼ਰੀ ਭਰਦੇ ਰਹੇ ਹਨ। ਸ. ਸਿਬੀਆ ਤੇ ਸ. ਕਲਕੱਤਾ ਨੇ ਸੁਝਾਅ ਦਿੱਤਾ ਸੀ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਕੇਸ ਨੂੰ ਹਰ ਸੂਰਤ ਵਿਚ ਲੜਨਾ ਚਾਹੀਦਾ ਹੈ ਤੇ ਲੋੜ ਪੈਣ 'ਤੇ ਇਸ ਮਾਮਲੇ ਵਿਚ ਸੁਪਰੀਮ ਕੋਰਟ ਤਕ ਚਾਰਾਜੋਈ ਕਰਨੀ ਚਾਹੀਦੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਇਸ ਕੇਸ ਦੀ ਪੈਰਵਾਈ ਲਈ ਤਿੰਨ ਮਾਹਰ ਵਕੀਲਾਂ ਦੀ ਕਮੇਟੀ ਬਣਾਈ ਗਈ ਹੈ ਜਿਸ ਵਿਚ ਸੁਪਰੀਮ ਕੋਰਟ ਦੇ ਉਘੇ ਵਕੀਲ ਐਚ.ਐਸ. ਫੂਲਕਾ, ਹਾਈ ਕੋਰਟ ਦੇ ਸੀਨੀਅਰ ਵਕੀਲ ਏ.ਪੀ.ਐਸ. ਆਹਲੂਵਾਲੀਆ ਤੇ ਭਾਰਤ ਸਰਕਾਰ ਦੇ ਸਾਬਕਾ ਕਾਨੂੰਨ ਸਕੱਤਰ ਐਡਵੋਕੇਟ ਰਘਬੀਰ ਸਿੰਘ ਸ਼ਾਮਲ ਹਨ। ਵਕੀਲਾਂ ਵੱਲੋਂ ਅਦਾਲਤ ਵਿਚ ਦਾਇਰ ਹਲਫੀਆ ਬਿਆਨ ਵਾਪਸ ਲਿਆ ਜਾਵੇਗਾ ਤੇ ਕੇਸ ਦੀ ਪੈਰਵਾਈ ਸ਼ੁਰੂ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਨੇ ਇਹ ਫੈਸਲਾ ਦਿੱਲੀ ਵਿਚ ਕਾਨੂੰਨੀ ਮਾਹਰਾਂ ਤੇ ਸਿੱਖ ਵਿਦਵਾਨਾਂ ਨਾਲ ਸਲਾਹ ਮਸ਼ਵਰਾ ਕਰਨ ਮਗਰੋਂ ਕੀਤਾ ਹੈ।

# ਬਾਬਰੀ ਮਸਜਿਦ ਕੇਸ ਸਬੰਧੀ ਅਪੀਲ 'ਚ ਦੇਰੀ 'ਤੇ ਜੁਆਬਤਲਬੀ

**ਨਵੀਂ ਦਿੱਲੀ:** ਸੀ ਬੀ ਆਈ ਨੇ ਬਾਬਰੀ ਮਸਜਿਦ ਢਾਹੇ ਜਾਣ ਦੇ ਮਾਮਲੇ ਵਿਚ ਭਾਜਪਾ ਆਗੂਆਂ ਐਲ.ਕੇ. ਅਡਵਾਨੀ, ਐਮ.ਐਮ. ਜੋਸ਼ੀ ਤੇ ਹੋਰਾਂ ਵਿਰੁੱਧ ਸਾਜ਼ਿਸ਼ ਰਚਣ ਦੇ ਹਟਾਏ ਗਏ ਦੋਸ਼ਾਂ ਵਿਰੁੱਧ ਅਪੀਲ ਦਾਇਰ ਕਰਨ ਵਿਚ ਹੋਈ 167 ਦਿਨਾਂ ਦੀ ਦੇਰੀ ਲਈ 2-ਜੀ ਸਪੈਕਟਰਮ ਮਾਮਲੇ ਨੂੰ ਕਾਰਨ ਕਰਾਰ ਦਿੱਤਾ ਹੈ।

ਜਸਟਿਸ ਐਚ.ਐਲ. ਦਾਤੂ ਤੇ ਜੇ.ਐਸ. ਖੇਹਰ ਆਧਾਰਤ ਬੈਂਚ ਅੱਗੇ ਪੇਸ਼ ਹੁੰਦਿਆਂ ਸੀ ਬੀ ਆਈ ਦੇ ਸੀਨੀਅਰ ਵਕੀਲ ਪੀ.ਪੀ. ਰਾਓ ਨੇ ਦੱਸਿਆ ਕਿ ਉਸ ਸਮੇਂ ਸਰਕਾਰ ਦੇ ਸੀਨੀਅਰ ਲਾਅ ਅਧਿਕਾਰੀ, ਅਯੁੱਧਿਆ ਮਾਮਲੇ ਵਿਚ ਅਪੀਲ ਨੂੰ ਅੰਤਿਮ ਛੋਹਾਂ ਨਹੀਂ ਦੇ ਸਕੇ ਸਨ ਕਿਉਂਕਿ ਉਹ 2-ਜੀ ਸਪੈਕਟਰਮ ਮਾਮਲੇ ਵਿਚ ਉਲਝੇ ਹੋਏ ਸਨ ਜਿਸ ਦੀ ਸੁਪਰੀਮ ਕੋਰਟ ਦੇ ਹੋਰ ਬੈਂਚ ਅੱਗੇ ਸੁਣਵਾਈ ਚੱਲ ਰਹੀ ਸੀ।

ਸੀ ਬੀ ਆਈ ਨੇ ਇਹ ਸਪਸ਼ਟੀਕਰਨ ਅਡਵਾਨੀ ਤੇ ਹੋਰ ਮੁਲਜ਼ਮਾਂ ਵੱਲੋਂ ਏਜੰਸੀ ਦੀ ਅਪੀਲ ਖਾਰਜ ਕੀਤੇ ਜਾਣ ਦੀ ਮੰਗ ਕਰਨ 'ਤੇ ਦਿੱਤਾ। ਅਡਵਾਨੀ ਤੇ ਹੋਰਾਂ ਦਾ ਕਹਿਣਾ ਸੀ ਕਿ ਏਜੰਸੀ 21 ਮਈ, 2010 ਦੇ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਵਿਰੁੱਧ 90 ਦਿਨਾਂ ਦੇ ਮਿਥੇ ਸਮੇਂ ਦੇ ਵਿਚ-ਵਿਚ ਅਪੀਲ ਕਰਨ ਵਿਚ ਅਸਫਲ ਰਹੀ ਸੀ।

ਰਾਓ ਨੇ ਇਹ ਵੀ ਦੱਸਿਆ ਕਿ ਇਹ ਦੇਰੀ ਇਸ ਕਰਕੇ ਵੀ ਹੋਈ ਕਿਉਂਕਿ ਉਸ ਵੇਲੇ ਦੇ ਸਾਲਿਸਟਰ ਜਨਰਲ ਗੋਪਾਲ ਸੁਬਰਾਮਣੀਅਮ ਕੁਝ ਦਿਨਾਂ ਲਈ ਬਿਮਾਰ ਪੈ ਗਏ ਸਨ। ਸੀ ਬੀ ਆਈ ਦੀ ਇਸ ਦਲੀਲ 'ਤੇ ਬੈਂਚ ਦੀ ਤਸੱਲੀ ਨਹੀਂ ਹੋਈ ਤੇ ਇਸ ਨੇ ਕਿਹਾ ਕਿ ਦੇਰੀ ਲਈ ਦੱਸੇ ਜਾ ਰਹੇ ਕਾਰਨਾਂ ਦਾ ਖੁਲਾਸਾ ਏਜੰਸੀ ਦੀ ਬਜਾਏ ਸਾਲਿਸਟਰ ਜਨਰਲ ਤੇ ਸਰਕਾਰ ਦੇ ਹੋਰ ਕਾਨੂੰਨ ਅਧਿਕਾਰੀਆਂ ਵੱਲੋਂ ਕੀਤਾ ਜਾਣਾ ਚਾਹੀਦਾ ਹੈ। ਅਦਾਲਤ ਨੇ ਇਸ ਮੰਤਵ ਲਈ ਇਕ ਹਫਤੇ ਦਾ ਸਮਾਂ ਦਿੰਦਿਆਂ ਮਾਮਲੇ ਦੀ ਸੁਣਵਾਈ 16 ਅਪਰੈਲ 'ਤੇ ਪਾ ਦਿੱਤੀ।

# ਉਤਰੀ ਕੋਰੀਆ ਅਤੇ ਅਮਰੀਕਾ ਆਹਮੋ-ਸਾਹਮਣੇ

ਉਧਰ, ਅਮਰੀਕਾ ਨੇ ਕਿਹਾ ਹੈ ਕਿ ਉਸ ਨੇ ਦੱਖਣੀ ਕੋਰੀਆ ਨਾਲ ਪੂਰਾ ਤਾਲਮੇਲ ਬਿਠਾਇਆ ਹੋਇਆ ਹੈ ਤੇ ਉੱਤਰੀ ਕੋਰੀਆ ਤੋਂ ਪੈਦਾ ਹੋਣ ਵਾਲੇ ਹਰ ਤਰ੍ਹਾਂ ਦੇ ਖਤਰੇ ਦਾ ਮੁਕਾਬਲਾ ਕਰਨ ਲਈ ਤਿਆਰ ਹੈ। ਅਮਰੀਕਾ ਦੀ ਕੌਮੀ ਸੁਰੱਖਿਆ ਕੌਂਸਲ ਦੀ ਤਰਜਮਾਨ ਕੈਟਲਿਨ ਹੇਡਨ ਨੇ ਕਿਹਾ ਕਿ ਅਮਰੀਕਾ ਆਪਣੀ ਤੇ ਆਪਣੇ ਸਹਿਯੋਗੀ ਮੁਲਕਾਂ ਦੀ ਰੱਖਿਆ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਅਮਰੀਕਾ ਨੇ ਉੱਤਰੀ ਕੋਰੀਆ ਪਾਸੋਂ ਧਮਕੀਆਂ ਮਿਲਣ ਮਗਰੋਂ ਕਈ ਕਦਮ ਚੁੱਕੇ ਹਨ। ਅਮਰੀਕਾ ਤੇ ਦੱਖਣੀ ਕੋਰੀਆ ਵਿਚਾਲੇ ਹਰ ਸਾਲ ਜੰਗੀ ਅਭਿਆਸ ਹੁੰਦਾ ਹੈ ਤੇ ਉੱਤਰੀ ਕੋਰੀਆ ਇਸ ਨੂੰ ਆਪਣੇ ਖ਼ਿਲਾਫ਼ ਜੰਗ ਦੀ ਤਿਆਰੀ ਕਰਾਰ ਦਿੰਦਾ ਹੈ। ਇਸ ਵਾਰ ਇਹ ਮਾਮਲਾ ਕਾਫੀ ਭੜਕ ਗਿਆ ਹੈ।

ਉੱਤਰੀ ਕੋਰੀਆ ਦਾ ਕਹਿਣਾ ਹੈ ਕਿ ਜੇ ਅਮਰੀਕਾ ਨੇ ਆਪਣੇ ਪਰਮਾਣੂ ਹਥਿਆਰਾਂ ਦੀ ਸਮਰੱਥਾ ਰੱਖਣ ਵਾਲੇ ਬੀ-2 ਲੜਾਕੂ ਹਵਾਈ ਜਹਾਜ਼ਾਂ ਰਾਹੀਂ ਭੜਕਾਊ ਕਾਰਵਾਈ ਕੀਤੀ ਤਾਂ ਇਸ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਅਮਰੀਕਾ ਦੀ ਧਰਤੀ ਹੀ ਨਹੀਂ ਸਗੋਂ ਉਸ ਦੇ ਪ੍ਰਸ਼ਾਂਤ ਸਾਗਰ ਵਿਚ ਹਵਾਈ, ਗੁਆਮ ਤੇ ਦੱਖਣੀ ਕੋਰੀਆ ਤੇ ਹੋਰ ਫੌਜੀ ਟਿਕਾਣਿਆਂ 'ਤੇ ਮਿਜ਼ਾਈਲਾਂ ਦੀ ਬਰਸਾਤ ਕਰ ਦਿੱਤੀ ਜਾਵੇਗੀ। ਇਹ ਤਣਾਅ ਉਦੋਂ ਵਧਿਆ ਜਦੋਂ ਬੀ-2 ਕੋਰੀਆ ਦੀਪ ਉਪਰ ਉਡਾਣ ਕਰ ਰਹੇ ਸਨ। ਇਹ ਭਾਵੇਂ ਜੰਗੀ ਅਭਿਆਸ ਦਾ ਇਕ ਹਿੱਸਾ ਸੀ ਪਰ ਉੱਤਰੀ ਕੋਰੀਆ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਹੈ। ਅਮਰੀਕੀ ਫੌਜ ਦਾ ਬੀ-2 ਲੜਾਕੂ ਜਹਾਜ਼ ਅਹਿਮ ਹਿੱਸਾ ਹਨ। ਇਹ ਕਿਸੇ ਰਡਾਰ 'ਤੇ ਨਹੀਂ ਆਉਂਦੇ ਤੇ ਇਨ੍ਹਾਂ ਨੇ ਸਰਬੀਆ, ਅਫਗਾਨਿਸਤਾਨ, ਇਰਾਕ ਤੇ ਲਿਬੀਆ ਵਿਚ ਵਿਆਪਕ ਤਬਾਹੀ ਮਚਾਈ ਹੈ। ਉੱਤਰੀ ਕੋਰੀਆ ਹੁਣ ਖੁੱਲ੍ਹ ਕੇ ਬੋਲ ਰਿਹਾ ਹੈ ਕਿਉਂਕਿ ਬੀਤੇ ਸਾਲ ਦਸੰਬਰ ਵਿਚ ਲੰਬੀ ਦੂਰੀ ਦੀ ਮਿਜ਼ਾਈਲ ਤੇ ਇਸ ਸਾਲ ਪਰਮਾਣੂ ਬੰਬ ਦੀ ਪਰਖ ਕਾਰਨ ਉਸ 'ਤੇ ਅਮਰੀਕਾ ਤੇ ਸੰਯੁਕਤ ਰਾਸ਼ਟਰ ਨੇ ਪਾਬੰਦੀਆਂ ਲਾਈਆਂ ਹੋਈਆਂ ਹਨ। ਉਧਰ, ਦੱਖਣੀ ਕੋਰੀਆ ਤੇ ਅਮਰੀਕਾ ਵੱਲੋਂ ਉੱਤਰੀ ਕੋਰੀਆ ਨੇੜੇ ਫੌਜੀ ਸਰਗਰਮੀਆਂ ਵਧਾਉਣ ਉਪਰ ਰੂਸ ਨੇ ਫਿਕਰ ਜ਼ਾਹਿਰ ਕੀਤਾ ਹੈ। ਇਹ ਚਿਤਾਵਨੀ ਵੀ ਦਿੱਤੀ ਹੈ ਕਿ ਜੇ ਇਹ ਸਰਗਰਮੀਆਂ ਘਟਾਈਆਂ ਨਾ ਗਈਆਂ ਤਾਂ ਹਾਲਾਤ ਬੇਕਾਬੂ ਹੋ ਸਕਦੇ ਹਨ। ਰੂਸ ਨੇ ਉੱਤਰੀ ਕੋਰੀਆ ਨੇੜੇ ਲੜਾਕੂ ਜਹਾਜ਼ਾਂ ਦੀਆਂ ਉਡਾਣਾਂ ਰੋਕਣ ਲਈ ਕਿਹਾ ਹੈ।

# ਮਨੋਜ ਕੁਮਾਰ ਵੱਲੋਂ ਸ਼ਾਹਰੁਖ ਖਾਨ ਖਿਲਾਫ ਮਾਨਹਾਨੀ ਦਾ ਕੇਸ

**ਮੁੰਬਈ:** ਫਿਲਮ ਓਮ ਸ਼ਾਂਤੀ ਓਮ ਵਿਚ ਆਪਣੇ ਅਪਮਾਨ ਤੋਂ ਦੁਖੀ ਮਸ਼ਹੂਰ ਬਾਲੀਵੁੱਡ ਅਦਾਕਾਰ ਮਨੋਜ ਕੁਮਾਰ ਨੇ ਸ਼ਾਹਰੁਖ ਖਾਨ ਤੇ ਇਸ ਫਿਲਮ ਦੇ ਨਿਰਮਾਤਾ ਖਿਲਾਫ ਮੁੰਬਈ ਦੀ ਅਦਾਲਤ ਵਿਚ 100 ਕਰੋੜ ਰੁਪਏ ਦੀ ਮਾਨਹਾਨੀ ਦਾ ਦਾਅਵਾ ਠੋਕਿਆ ਹੈ। ਮਨੋਜ ਕੁਮਾਰ ਦਾ ਕਹਿਣਾ ਹੈ ਕਿ ਫਿਲਮ ਨਿਰਮਾਤਾਵਾਂ ਨੇ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਇਤਰਾਜ਼ਯੋਗ ਸੀਨ ਫਿਲਮ ਵਿਚੋਂ ਨਾ ਹਟਾ ਕੇ ਅਦਾਲਤ ਦੀ ਮਾਨਹਾਨੀ ਕੀਤੀ ਹੈ। ਮਨੋਜ ਕੁਮਾਰ ਨੇ ਆਪਣੇ ਵਕੀਲ ਰਾਹੀਂ ਸ਼ਾਹਰੁਖ ਖਾਨ, ਫਰਹਾ ਖਾਨ ਤੇ ਏਰੋਸ ਕੰਪਨੀ ਖਿਲਾਫ ਅਦਾਲਤ ਵਿਚ ਧਾਰਾ 499 ਦੇ ਤਹਿਤ ਮਾਨਹਾਨੀ ਤੇ ਧਾਰਾ 420 ਤਿਹ ਧੋਖਾਧੜੀ ਦਾ ਮਾਮਲਾ ਦਰਜ ਕਰਵਾਇਆ ਹੈ।

ਮਨੋਜ ਕੁਮਾਰ ਨੇ ਦੋਸ਼ ਲਾਇਆ ਹੈ ਕਿ 'ਓਮ ਸ਼ਾਂਤੀ ਓਮ' ਫਿਲਮ ਦੇ ਨਿਰਮਾਤਾਵਾਂ ਨੇ ਉਨ੍ਹਾਂ ਦਾ ਭਰੋਸਾ ਤੋੜਿਆ ਹੈ ਤੇ ਸਾਲ 2008 ਵਿਚ ਫਿਲਮ ਦੀ ਮਾਸਟਰ ਕਾਪੀ ਦੇਣ ਦਾ ਵਾਅਦਾ ਕਰਨ ਦੇ ਬਾਵਜੂਦ ਕਾਪੀ ਨਹੀਂ ਦਿੱਤੀ। ਜ਼ਿਕਰਯੋਗ ਹੈ ਕਿ ਸਾਲ 2008 ਵਿਚ ਰਿਲੀਜ਼ ਹੋਈ ਫਰਹਾ ਖਾਨ ਦੀ ਫਿਲਮ 'ਓਮ ਸ਼ਾਂਤੀ ਓਮ' ਦੇ ਇਕ ਸੀਨ ਵਿਚ ਸ਼ਾਹਰੁਖ ਖਾਨ ਤੇ ਸ਼੍ਰੇਅ ਤਲਪੜੇ ਨੇ ਮਨੋਜ ਕੁਮਾਰ ਵਾਂਗ ਆਪਣੇ ਚਿਹਰੇ 'ਤੇ ਹੱਥ ਰੱਖ ਕੇ ਉਸ ਦਾ ਮਜ਼ਾਕ ਉਡਾਇਆ ਸੀ। ਉਸ ਸਮੇਂ ਮਨੋਜ ਕੁਮਾਰ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ ਤੇ ਅਦਾਲਤ ਦੇ ਆਦੇਸ਼ 'ਤੇ ਫਿਲਮ ਵਿਚੋਂ ਇਹ ਸੀਨ ਹਟਾ ਦਿੱਤੇ ਗਏ ਸਨ। ਇਹ ਵਿਵਾਦ ਉਸ ਸਮੇਂ ਮੁੜ ਤੂਲ ਫੜ ਗਿਆ ਜਦੋਂ ਬੀਤੇ ਦਿਨੀਂ 'ਓਮ ਸ਼ਾਂਤੀ ਓਮ' ਨੂੰ ਜਾਪਾਨ ਵਿਚ ਰਿਲੀਜ਼ ਕੀਤਾ ਗਿਆ ਤੇ ਫਿਲਮ ਵਿਚੋਂ ਮਨੋਜ ਕੁਮਾਰ ਦੇ ਸੀਨ ਨੂੰ ਕੱਟਿਆ ਨਹੀਂ ਗਿਆ।

## ਅਮਰਿੰਦਰ ਬਜਾਜ ਬਣੇ ਪਟਿਆਲਾ ਦੇ ਨਵੇਂ ਮੇਅਰ

**ਪਟਿਆਲਾ:** ਨਗਰ ਨਿਗਮ ਪਟਿਆਲਾ ਦੇ ਨਵੇਂ ਮੇਅਰ ਅਮਰਿੰਦਰ ਸਿੰਘ ਬਜਾਜ ਚੁਣੇ ਗਏ ਹਨ। ਮੇਅਰ ਦੀ ਚੋਣ ਲਈ ਅਕਾਲੀ ਕੌਂਸਲਰਾਂ ਵੱਲੋਂ ਸਾਰੇ ਅਧਿਕਾਰ ਪਾਰਟੀ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸੌਂਪੇ ਗਏ ਸਨ। ਇਸ ਕਾਰਨ ਪਾਰਟੀ ਪ੍ਰਧਾਨ ਵੱਲੋਂ ਮੇਅਰ ਦੇ ਨਾਂ ਵਾਲਾ ਲਿਫਾਫਾ ਸਿੱਖਿਆ ਮੰਤਰੀ ਤੇ ਪਟਿਆਲਾ ਜ਼ਿਲ੍ਹੇ ਦੇ ਅਕਾਲੀ ਦਲ ਦੇ ਇੰਚਾਰਜ ਸਿਕੰਦਰ ਸਿੰਘ ਮਲੂਕਾ ਲੈ ਕੇ ਪੁੱਜੇ। ਪਟਿਆਲਾ ਦੇ ਸਾਬਕਾ ਮੇਅਰ ਜਸਪਾਲ ਸਿੰਘ ਪ੍ਰਧਾਨ ਵੱਲੋਂ ਨੂੰਹ ਨੂੰ ਮਾਰਨ ਦੇ ਮੁਕੱਦਮੇ ਵਿਚ ਘਿਰਨ ਬਾਅਦ ਅਸਤੀਫਾ ਦੇ ਦਿੱਤਾ ਗਿਆ ਸੀ। ਸ. ਬਜਾਜ ਦੇ ਪਿਤਾ ਇੰਦਰਮੋਹਨ ਸਿੰਘ ਬਜਾਜ ਸ਼ਹਿਰੀ ਅਕਾਲੀ ਜਥੇ ਦੇ ਪ੍ਰਧਾਨ ਤੇ ਇੰਪਰੂਵਮੈਂਟ ਟਰੱਸਟ ਪਟਿਆਲਾ ਦੇ ਸਾਬਕਾ ਚੇਅਰਮੈਨ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਆਰਥਿਕ ਪੱਖੋਂ ਹੋਰ ਪਛੜ ਜਾਵੇਗਾ ਪੰਜਾਬ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਸਰਕਾਰ ਦੀ ਮਾੜੀਆਂ ਨੀਤੀਆਂ ਕਾਰਨ ਭਵਿੱਖ ਵਿਚ ਪੰਜਾਬ ਆਰਥਿਕ ਪੱਖੋਂ ਹੋਰ ਪਛੜ ਜਾਵੇਗਾ। ਪਿਛਲੇ ਛੇ ਸਾਲਾਂ ਤੋਂ ਸੱਤਾ 'ਤੇ ਕਾਬਜ਼ ਸਰਕਾਰ ਨੇ ਅਜੇ ਤੱਕ ਕੋਈ ਅਜਿਹੀ ਨੀਤੀ ਨਹੀਂ ਉਲੀਕੀ ਜਿਸ ਨਾਲ ਪੰਜਾਬ ਨੂੰ ਆਰਥਿਕ ਨਿਘਾਰ ਤੋਂ ਉਭਾਰਿਆ ਜਾ ਸਕੇ। ਹਾਲਾਂਕਿ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਅਕਾਲੀ-ਭਾਜਪਾ ਸਰਕਾਰ ਰਾਜ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਵੱਡੀਆਂ ਪਹਿਲਕਦਮੀਆਂ ਦਾ ਐਲਾਨ ਕਰੇਗੀ ਪਰ ਇਸ ਵੱਲੋਂ ਪਿਛਲੇ ਦਿਨੀਂ ਵਿਧਾਨ ਸਭਾ ਵਿਚ ਪੇਸ਼ ਕੀਤਾ ਗਿਆ ਬਜਟ ਕਾਫੀ ਨਿਰਾਸ਼ ਕਰਨ ਵਾਲਾ ਹੈ।

ਇਸ ਦੇ ਪਿੱਛੇ ਸਪਸ਼ਟ ਰਾਜਨੀਤੀ ਨਜ਼ਰ ਆ ਰਹੀ ਹੈ। ਬਜਟ ਵਿਚ ਐਲਾਨੇ ਗਏ ਕੁਝ ਕਦਮਾਂ ਤੋਂ ਸਾਫ ਸੰਕੇਤ ਮਿਲਿਆ ਹੈ ਕਿ ਗੱਠਜੋੜ ਦੀ ਅੱਖ ਅਗਲੀਆਂ ਲੋਕ ਸਭਾ ਚੋਣਾਂ 'ਤੇ ਹੀ ਹੈ। ਮਿਸਾਲ ਵਜੋਂ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਮਦਦ ਲਈ 44 ਕਰੋੜ ਰੁਪਏ ਰੱਖੇ ਗਏ ਹਨ। ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮੁਫ਼ਤ ਟੈਬਲੈਟ ਦੇਣ ਲਈ 30 ਕਰੋੜ ਰੁਪਏ ਰੱਖੇ ਗਏ ਹਨ ਤੇ ਦਸਵੀਂ ਦੀ ਪ੍ਰੀਖਿਆ ਵਿਚ 80% ਜਾਂ ਇਸ ਤੋਂ ਵੱਧ ਅੰਕ ਲੈਣ ਵਾਲੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਦੋ ਸਾਲਾਂ ਲਈ ਸਾਲਾਨਾ 30000 ਰੁਪਏ ਵਜ਼ੀਫ਼ਾ ਦੇਣ ਦੀ ਯੋਜਨਾ ਸ਼ੁਰੂ ਕੀਤੀ ਗਈ ਹੈ।

ਕੁਝ ਸਾਲ ਪਹਿਲਾਂ ਪੰਜਾਬ ਦਾ ਨਾਂ ਦੇਸ਼ ਦੇ ਸਭ ਤੋਂ ਖੁਸ਼ਹਾਲ ਸੂਬਿਆਂ ਵਿਚ ਸ਼ੁਮਾਰ ਹੁੰਦਾ ਰਿਹਾ। ਗਿਆਰਵੀਂ ਪੰਜ ਸਾਲਾ ਯੋਜਨਾ ਦੇ ਅਰਸੇ ਦੌਰਾਨ ਪੰਜਾਬ ਦੀ ਵਿਕਾਸ ਦਰ 6.73 ਫੀਸਦ ਦਰਜ ਕੀਤੀ ਗਈ ਹੈ ਜੋ ਦੇਸ਼ ਭਰ ਵਿਚ ਸਭ ਤੋਂ ਘੱਟ ਹੈ। ਆਰਥਿਕ ਵਿਕਾਸ ਦੇ ਸੂਚਕਾਂ ਪੱਖੋਂ ਪੰਜਾਬ, ਬਿਹਾਰ, ਗੁਜਰਾਤ, ਆਂਧਰਾ ਪ੍ਰਦੇਸ਼, ਹਰਿਆਣਾ, ਕੇਰਲਾ, ਮੱਧ ਪ੍ਰਦੇਸ਼ ਤੇ ਕੁਝ ਹੋਰ ਰਾਜਾਂ ਤੋਂ ਬਹੁਤ ਪਿੱਛੇ ਚੱਲ ਰਿਹਾ ਹੈ। ਸਿਆਸੀ ਗਿਣਤੀਆਂ-ਮਿਣਤੀਆਂ ਨੂੰ ਲਾਂਭੇ ਰੱਖ ਕੇ ਠੋਸ ਕਦਮ ਚੁੱਕੇ ਬਗੈਰ ਪੰਜਾਬ ਦੀ ਹੋਣੀ ਬਦਲਣੀ ਮੁਸ਼ਕਲ ਹੈ।

ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵੱਲੋਂ ਭਾਵੇਂ ਲਗਾਤਾਰ ਵਧ ਰਹੇ ਕਰਜ਼ੇ ਨੂੰ ਹਾਂਪੱਖੀ ਗਰਦਾਨਿਆ ਗਿਆ ਹੈ ਪਰ ਇਹ ਕਰਜ਼ਾ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਅਗਲੇ ਮਾਲੀ ਸਾਲ ਦੌਰਾਨ ਇਹ ਕਰਜ਼ਾ ਇਕ ਲੱਖ ਕਰੋੜ ਰੁਪਏ ਦੀ ਸੀਮਾ ਪਾਰ ਕਰ ਜਾਵੇਗਾ। ਵਿਧਾਨ ਸਭਾ ਵਿਚ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਦੱਸਿਆ ਕਿ ਸਾਲ 2013-14 ਲਈ 9261 ਕਰੋੜ ਰੁਪਏ ਦਾ ਕਰਜ਼ਾ ਹੋਰ ਲੈਣਾ ਪਵੇਗਾ ਤੇ ਇਸ ਮਾਲੀ ਸਾਲ ਦੌਰਾਨ ਕੁੱਲ ਕਰਜ਼ਾ 1,02,282 ਕਰੋੜ ਰੁਪਏ ਹੋ ਜਾਵੇਗਾ।

ਹੈਰਾਨੀ ਦੀ ਗੱਲ ਇਹ ਹੈ ਕਿ ਸਰਕਾਰ ਨੇ ਖੇਤੀਬਾੜੀ ਬਾਰੇ ਕੋਈ ਕਾਰਗਰ ਕਦਮ ਨਹੀਂ ਉਠਾਇਆ। ਪੇਸ਼ਗੀ ਅਨੁਮਾਨਾਂ ਤੋਂ ਸੰਕੇਤ ਮਿਲੇ ਹਨ ਕਿ ਖੇਤੀਬਾੜੀ ਖੇਤਰ ਵਿਚ ਮਨਫ਼ੀ ਵਿਕਾਸ (-0.34 ਫੀਸਦੀ) ਰਹੇਗਾ। ਗਿਆਰਵੀਂ ਪੰਜ ਸਾਲਾ ਯੋਜਨਾ ਦੌਰਾਨ ਖੇਤੀਬਾੜੀ ਖੇਤਰ ਵਿਚ ਵਿਕਾਸ ਦਰ ਦੋ ਫੀਸਦ ਤੋਂ ਘੱਟ ਰਹੀ ਹੈ। ਇਸ ਬਜਟ ਵਿਚ ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਕੋਈ ਕਦਮ ਨਹੀਂ ਐਲਾਨਿਆ ਗਿਆ। ਦਰਅਸਲ ਪਿਛਲੇ ਚਾਰ ਸਾਲਾਂ ਤੋਂ ਰਾਜ ਦੇ ਖੇਤੀਬਾੜੀ ਖੇਤਰ ਵਿਚ ਮਨਫ਼ੀ ਵਿਕਾਸ ਦਾ ਰੁਝਾਨ ਚੱਲ ਰਿਹਾ ਹੈ।

ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਫਸਲੀ ਵਿਭਿੰਨਤਾ ਲਈ 200 ਕਰੋੜ ਰੁਪਏ ਰੱਖੇ ਹਨ। ਕੇਂਦਰ ਸਰਕਾਰ ਨੇ ਆਪਣੇ ਬਜਟ ਵਿਚ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਫਸਲੀ ਵਿਭਿੰਨਤਾ ਲਈ 500 ਕਰੋੜ ਰੁਪਏ ਰੱਖੇ ਹਨ। ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਝੋਨੇ ਦੀ ਕਾਸ਼ਤ ਕਾਰਨ ਰਾਜ ਦੇ ਜਲ ਸਰੋਤਾਂ 'ਤੇ ਪੈ ਰਹੇ ਅਸਰ ਬਾਰੇ ਵਾਰ-ਵਾਰ ਖ਼ਬਰਦਾਰ ਕੀਤਾ ਜਾ ਰਿਹਾ ਹੈ। ਸਨਅਤੀ ਖੇਤਰ ਦੇ ਵਿਕਾਸ ਲਈ ਵੀ ਕੋਈ ਵੱਡਾ ਹੰਭਲਾ ਨਹੀਂ ਮਾਰਿਆ ਗਿਆ। ਸਿਰਫ਼ ਮੁਹਾਲੀ ਤੇ ਅੰਮ੍ਰਿਤਸਰ ਵਿਚ ਸੂਚਨਾ ਤਕਨਾਲੋਜੀ ਅਤੇ ਗਿਆਨ ਦੇ ਧੁਰੇ ਵਿਕਸਤ ਕਰਨ ਦੀ ਯੋਜਨਾ ਹੈ। ਚਾਲੂ ਮਾਲੀ ਸਾਲ ਦੌਰਾਨ ਉਸਾਰੀ ਖੇਤਰ 'ਚ ਵਿਕਾਸ ਦਰ ਮਨਫ਼ੀ 3.54% ਬਣੀ ਹੋਈ ਹੈ।

## ਗੀਤ ਬਾਰੇ ਪ੍ਰਸ਼ੰਸਕਾਂ ਦੇ ਇਤਰਾਜ ਸਿਰ ਮੱਥੇ-ਦੀਪ ਮੰਗਲੀ

**ਨਿਊ ਯਾਰਕ (ਬਿਊਰੋ):** ਗੀਤਕਾਰ ਦੀਪ ਮੰਗਲੀ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਫਿਲਮ 'ਪੂਜਾ ਕਿਵੇਂ ਆ' ਲਈ ਲਿਖੇ ਗੀਤ ਬਾਰੇ ਪ੍ਰਸ਼ੰਸਕਾਂ ਦੇ ਇਤਰਾਜ਼ ਨੂੰ ਉਹ ਖਿੜ੍ਹੇ ਮੱਥੇ ਲੈਂਦੇ ਹਨ ਅਤੇ ਅੱਗੋਂ ਤੋਂ ਕੋਸ਼ਿਸ਼ ਕਰਨਗੇ ਕਿ ਉਹ ਆਪਣੇ ਪ੍ਰਸ਼ੰਸਕਾਂ ਦੀਆਂ ਆਸਾਂ ਉਤੇ ਪੂਰਾ ਉਤਰਨ। ਦੀਪ ਮੰਗਲੀ ਨੇ ਇਹ ਵੀ ਕਿਹਾ ਕਿ ਇਸ ਗੀਤ ਬਾਰੇ ਉਹ ਕੋਈ ਸਫਾਈ ਨਹੀਂ ਦੇਣਾ ਚਾਹੁੰਦਾ।

ਦੀਪ ਮੰਗਲੀ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਸਭਾ ਨਿਊ ਯਾਰਕ ਵਲੋਂ ਇਸ ਗੀਤ ਉਤੇ ਇਤਰਾਜ਼ ਕਿਸੇ ਚੰਗੀ ਭਾਵਨਾ ਵਿਚ ਹੀ ਕੀਤਾ ਗਿਆ ਹੋਵੇਗਾ। ਅਗਰ ਕਿਸੇ ਵੀ ਮੇਰੇ ਗੀਤ ਦੇ ਕਿਸੇ ਬੋਲ ਨਾਲ ਕੋਈ ਦਿਲ ਦੁਖਿਆ ਹੋਵੇ ਤਾਂ ਜਰੂਰ ਮੇਰੀ ਸੋਚ ਕਿਤੇ ਨਾ ਕਿਤੇ ਭਟਕੀ ਹੋਵੇਗੀ ਜਿਸ ਲਈ ਮੈਂ ਆਪਣੇ ਚਾਹੁਣ ਵਾਲਿਆਂ ਤੋਂ ਮੁਆਫੀ ਚਾਹੁੰਦਾ ਹਾਂ। ਸ਼ਹੀਦ ਊਧਮ ਸਿੰਘ ਸਭਾ ਆਫ ਨਿਊ ਯਾਰਕ ਅਤੇ ਜਸਵੰਤ ਸਿੰਘ ਜੱਸਾ ਨੇ ਮੈਨੂੰ ਅਤੇ ਮੇਰੀ ਸ਼ਾਇਰੀ ਨੂੰ ਹਮੇਸ਼ਾ ਬਹੁਤ ਸਤਿਕਾਰ ਦਿੱਤਾ ਹੈ ਅਤੇ ਮੈਂ ਇਹ ਵੀ ਨਹੀਂ ਭੁੱਲ ਸਕਦਾ ਕਿ ਸਭਾ ਵਲੋਂ ਮੈਨੂੰ ਉਦੋਂ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ ਸੀ ਜਦੋਂ ਮੈਂ ਮਹਾਨ ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਗੀਤ ਲਿਖਿਆ ਸੀ। ਜੋ ਲੋਕ ਪਿਆਰ-ਸਤਿਕਾਰ ਦਿੰਦੇ ਹਨ, ਉਨ੍ਹਾਂ ਕੋਲ ਵਿਰੋਧ ਦਾ ਵੀ ਹੱਕ ਹੁੰਦਾ ਹੈ।

**Punjab Times**
*Ph: 847-359-0746*
*Visit us on the web:*
***punjabtimesusa.com***

# Matrimonials

### ਵਰ ਦੀ ਲੋੜ ਹੈ

ਇੰਡੀਆ ਰਹਿੰਦੀ ਜੱਟ ਸਿੱਖ, 25 ਸਾਲ, ਕੱਦ 5'-4", ਬੀ ਐਸ ਸੀ ਨਰਸਿੰਗ ਲੜਕੀ ਲਈ ਢੁਕਵੇਂ ਅਮਰੀਕੀ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੀ ਮਾਸੀ ਅਮਰੀਕਾ ਵਿਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ ਕਰੋ, ਫੋਨ 530-227-4566

---

ਜੱਟ ਸਿੱਖ ਅਮਰੀਕਨ ਸਿਟੀਜ਼ਨ, 32/ 5'-6" ਪਤਲੀ ਖੂਬਸੂਰਤ ਐਮ ਏ ਲੜਕੀ ਲਈ ਯੋਗ ਵਰ ਦੀ ਲੋੜ ਹੈ। ਸਿਰਫ ਅਮਰੀਕਾ ਰਹਿੰਦੇ ਕੱਚੇ ਜਾਂ ਪੱਕੇ ਲੜਕੇ ਹੀ ਸੰਪਰਕ ਕਰਨ। ਫੋਟੋ ਸਮੇਤ ਆਪਣਾ ਵੇਰਵਾ ਈ-ਮੇਲ ਕਰੋ: kaur.rulez13@yahoo.com

### ਕੰਨਿਆ ਦੀ ਲੋੜ ਹੈ

ਜੱਟ ਸਿੱਖ 26 ਸਾਲ, ਕੱਦ 6 ਫੁੱਟ, ਐਮ ਫਾਰਮਾ, ਇੰਡੀਆ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਨਰਸਿੰਗ ਕਰਦੀ ਲੜਕੀ ਦੀ ਲੋੜ ਹੈ। ਮੁੰਡੇ ਦੇ ਮਾਪੇ ਅਮਰੀਕਾ ਸੈਟਲਡ ਹਨ। ਸੰਪਰਕ ਕਰੋ: 414-218-0532

---

ਜੱਟ ਸਿੱਖ ਉਮਰ 23 ਸਾਲ, ਕੱਦ 6'-1", ਵਰਕ ਪਰਮਿਟ 'ਤੇ ਕੈਨੇਡਾ ਰਹਿੰਦੇ ਲੜਕੇ ਲਈ ਕੈਨੇਡਾ/ਅਮਰੀਕਾ ਦੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ: 513-787-4237

---

Wanted US Citizen/Green card holder girl for Saini Sikh boy 28, 5'11" MS Software Engineer working on H-1 visa with a MNC in Silicon Valley CA. Cast no bar. Call: 510-585-5412 & email biodata @harry2007gsp@gmail.com

---

ਰਵਿਦਾਸੀਆ ਸਿੱਖ ਲੜਕੇ, 36, 5'-7" ਵੈਸ਼ਨੋ ਕਲੀਨਸ਼ੇਵ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਅਮਰੀਕਨ ਇਮੀਗਰਾਂਟ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-730-8029

## ਅਕਾਲ ਤਖਤ ਦੀ ਵੈਬਸਾਈਟ ਸ਼ੁਰੂ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼-ਵਿਦੇਸ਼ ਵਿਚ ਬੈਠੀ ਸਿੱਖ ਸੰਗਤ ਨੂੰ ਸ੍ਰੀ ਅਕਾਲ ਤਖਤ ਦੇ ਇਤਿਹਾਸ ਤੇ ਇਥੋਂ ਜਾਰੀ ਹੁੰਦੇ ਆਦੇਸ਼ਾਂ ਤੇ ਹੁਕਮਨਾਮਿਆਂ ਤੋਂ ਜਾਣੂੰ ਕਰਾਉਣ ਲਈ ਵੱਖਰੀ ਵੈਬਸਾਈਟ ਸ਼ੁਰੂ ਕੀਤੀ ਗਈ ਹੈ। ਇਸ ਦਾ ਉਦਘਾਟਨ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੀਤਾ।

# ਪੰਜਾਬ ਵਿਚ ਵੱਜਿਆ ਪੰਚਾਇਤੀ ਚੋਣਾਂ ਦਾ ਬਿਗਲ

**ਚੰਡੀਗੜ੍ਹ:** ਸੂਬੇ ਵਿਚ ਇਕ ਵਾਰ ਫੇਰ ਚੋਣ ਸਰਗਰਮੀ ਵਧਣ ਵਾਲੀ ਹੈ। ਤਕਰੀਬਨ 13100 ਪਿੰਡ ਪੰਚਾਇਤਾਂ, 145 ਪੰਚਾਇਤ ਸਮਿਤੀਆਂ ਤੇ 22 ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਅਗਲੇ ਮਹੀਨੇ ਹੋ ਰਹੀਆਂ ਹਨ। ਜ਼ਿਲ੍ਹਾ ਪੰਚਾਇਤਾਂ ਤੇ ਪੰਚਾਇਤ ਸਮਿਤੀਆਂ 'ਤੇ ਕਬਜ਼ੇ ਲਈ ਸਿਆਸੀ ਪਾਰਟੀਆਂ ਵਿਚ ਚੰਗੀ ਜੰਗ ਛਿੜੇਗੀ। ਅਕਾਲੀ-ਭਾਜਪਾ ਇਨ੍ਹਾਂ ਚੋਣਾਂ ਬਾਰੇ ਰਣਨੀਤੀ 'ਤੇ ਅਗਲੇ ਹਫਤੇ ਆਪਣੇ ਗੋਆ ਵਿਚ ਹੋ ਰਹੇ ਚਿੰਤਨ ਸ਼ਿਵਰ ਵਿਚ ਵਿਚਾਰ ਕਰੇਗੀ।

ਸੂਤਰਾਂ ਨੇ ਦੱਸਿਆ ਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਪਹਿਲੀ ਤੋਂ 15 ਮਈ ਤਕ ਜ਼ਿਲ੍ਹਾ ਤੇ ਪੰਚਾਇਤ ਸਮਿਤੀ ਚੋਣਾਂ ਕਰਵਾਉਣ ਤੇ ਪੇਂਡੂ ਪੰਚਾਇਤੀ ਚੋਣਾਂ 16 ਤੋਂ 31 ਮਈ ਤਕ ਕਰਵਾਉਣ ਦੇ ਸੁਝਾਅ ਦਿੱਤੇ ਹਨ। 16 ਜੂਨ ਨੂੰ ਚੋਣ ਅਮਲ ਮੁਕੰਮਲ ਹੋ ਜਾਵੇਗਾ। ਉਂਜ ਇਨ੍ਹਾਂ ਚੋਣਾਂ ਲਈ ਅੰਤਮ ਤਾਰੀਖਾਂ ਰਾਜ ਚੋਣ ਕਮਿਸ਼ਨ ਵੱਲੋਂ ਤੈਅ ਕੀਤੀਆਂ ਜਾਣਗੀਆਂ। ਇਨ੍ਹਾਂ ਚੋਣਾਂ ਲਈ ਨੋਟੀਫਿਕੇਸ਼ਨ ਅਗਲੇ ਹਫਤੇ ਜਾਰੀ ਹੋ ਸਕਦਾ ਹੈ। ਇਨ੍ਹਾਂ ਚੋਣਾਂ ਵਿਚ 1.4 ਕਰੋੜ ਵੋਟਰ ਸੂਚੀਬੱਧ ਹਨ। ਐਤਕੀਂ ਸਰਪੰਚਾਂ ਦੀ ਚੋਣ ਸਿੱਧੀ ਹੋਵੇਗੀ। ਪਿਛਲੀ ਵਾਰ ਇਹ ਚੋਣ ਅਸਿੱਧੀ ਸੀ।

ਪਹਿਲੀ ਵਾਰ ਪਿੰਡਾਂ ਨੂੰ ਵਾਰਡਾਂ ਵਿਚ ਵੰਡਿਆ ਗਿਆ ਹੈ। ਹਰੇਕ ਵਾਰਡ ਤੋਂ ਇਕ ਪੰਚ ਚੁਣਿਆ ਜਾਵੇਗਾ। ਕਾਂਗਰਸ ਨੇ ਪਿੰਡਾਂ ਦੀ ਅਜਿਹੀ ਵੰਡ ਦਾ ਵਿਰੋਧ ਕੀਤਾ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਹਾਲ ਹੀ ਵਿਚ ਕਿਹਾ ਸੀ ਕਿ ਉਹ ਪਿੰਡਾਂ ਦੀ ਵਾਰਡਵਾਰ ਵੰਡ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦੇਣਗੇ ਕਿਉਂਕਿ ਇਹ ਕਾਨੂੰਨ ਦੇ ਉਲਟ ਹੈ। ਇਹ ਚੋਣਾਂ ਬਾਜਵਾ ਦਾ ਪਹਿਲਾ ਸਿਆਸੀ ਇਮਤਿਹਾਨ ਹੋਣਗੀਆਂ। ਇਨ੍ਹਾਂ ਚੋਣਾਂ ਦਾ ਲਹਿਜ਼ਾ ਹੀ ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਦਾ ਸਰੂਪ ਤੈਅ ਕਰੇਗਾ।

## ਨਸਲੀ ਜੁਰਮਾਂ ਦੀ ਜ਼ਮਾਨਤ ਰਾਸ਼ੀ ਵਧਾਉਣ 'ਤੇ ਜ਼ੋਰ

**ਵਾਸ਼ਿੰਗਟਨ:** ਕੈਲੀਫੋਰਨੀਆ ਵਿਚ ਡੇਵਿਸ ਵਿਖੇ ਇਕ 32 ਸਾਲਾ ਸਿੱਖ ਦੀ ਨਫ਼ਰਤ ਕਾਰਨ ਕੁੱਟਮਾਰ ਕਰਨ ਵਾਲੇ ਵਿਅਕਤੀ ਤੋਂ ਅਮਰੀਕਾ ਵਿਚਲੇ ਸਿੱਖ ਭਾਈਚਾਰੇ ਨੇ ਵੱਧ ਜ਼ਮਾਨਤੀ ਰਕਮ ਭਰਵਾਏ ਜਾਣ ਦੀ ਮੰਗ ਕੀਤੀ ਹੈ। ਮੁਲਜ਼ਮ ਕਲੇਅਟਨ ਡੇਨੀਅਲ ਗਾਰਜ਼ਨ (20) ਉਤੇ ਬੀਤੀ 10 ਮਾਰਚ ਨੂੰ ਮਿਕੀ ਪਰਤੀਕਾ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਨ ਦਾ ਦੋਸ਼ ਹੈ। ਉਸ 'ਤੇ ਨਫ਼ਰਤੀ ਜੁਰਮਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਸ ਦੀ ਕੁੱਟਮਾਰ ਕਾਰਨ ਪੀੜਤ ਦੇ ਸਿਰ ਤੇ ਦਿਮਾਗ ਵਿਚ ਭਿਆਨਕ ਸੱਟਾਂ ਲੱਗੀਆਂ ਹਨ।

ਇਸ ਬਾਰੇ ਸੈਕਰਾਮੈਂਟੋ ਗੁਰਦੁਆਰੇ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਬਲਬੀਰ ਸਿੰਘ ਢਿੱਲੋਂ ਨੇ ਯੋਲੋ ਕਾਊਂਟੀ ਦੇ ਜੱਜ ਨੂੰ ਚਿੱਠੀ ਲਿਖ ਕੇ ਜ਼ਿਲ੍ਹਾ ਅਟਾਰਨੀ ਦੀ ਉਸ ਮੰਗ ਦੀ ਹਮਾਇਤ ਕੀਤੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਨਫ਼ਰਤੀ ਜੁਰਮਾਂ ਬਾਰੇ ਜ਼ਮਾਨਤ ਦੀ ਰਕਮ ਵਧਾ ਕੇ ਪੰਜ ਲੱਖ ਡਾਲਰ ਕੀਤੀ ਜਾਵੇ। ਅਟਾਰਨੀ ਅਮਰ ਸ਼ੇਰਗਿੱਲ ਨੇ ਕਿਹਾ ਕਿ ਮੁਲਜ਼ਮ ਪਹਿਲਾਂ ਵੀ ਛੁਰੇਬਾਜ਼ੀ ਦੀ ਇਕ ਘਟਨਾ ਬਾਰੇ ਜ਼ਮਾਨਤ 'ਤੇ ਸੀ ਤੇ ਉਸ ਨੇ ਇਹ ਇਕ ਹੋਰ ਜੁਰਮ ਕਰ ਦਿੱਤਾ।


# Liquor Store For Sale

**Well established liquor store in upscale neighborhood on the lake, very affluent city of Indianapolis.**

***High margin *20 years in business.**
***Loyal customer base.**
***Enough room for expansion.**
***Square footage: 3200 plus storage**

**Annual sales $675K to $720K**
**there's room to increase sales.**
**Asking price $300,000 plus inventory.**
**Owner Financing Available.**
***Contact: Harman***
**Ph. 317-454-9430, 317-414-2720**

# OKKJI Transfer LLC.

**15238 Radiance Dr., Noblesville, IN, 46060**

## ਓਨਰ ਅਪਰੇਟਰ ਚਾਹੀਦੇ ਹਨ

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ



**ਸੰਪਰਕ ਕਰੋ:**

**Toll Free: 1-855-966-5554**

**Manny Sandhu: 317-603-1000, Sam Bhullar: 732-486-9045, Fax: 317-774-9665**

# HK Transport Company

## Wanted Owner Operator & Drivers

**Indianapolis based trucking company needs experienced CDL class A company drivers and owner operators to haul dry freights all over 48 states.**

**For company drivers-We provide Good and clean trucks, Pay every 15 days, direct deposit and weekend home.**
**For Owner operators with nice and good condition trucks who want to make more money with flexible dispatch options, we are the right choice.**

*Medical Benefits and sign-in Bonus offered*

**Contact Phone: 317-837-8577**

**Fax: 317-837-1004 email: ginny@hktransportinc.com**

# ਸਾਕਾ ਨੀਲਾ ਤਾਰਾ ਅਗਿਆਨੀ ਲੋਕਾਂ ਦਾ ਕਾਰਾ: ਅੰਨਾ ਹਜ਼ਾਰੇ

## ਜਲ੍ਹਿਆਂਵਾਲਾ ਬਾਗ ਤੋਂ ਆਜ਼ਾਦੀ ਦੀ ਦੂਜੀ ਲੜਾਈ ਦਾ ਐਲਾਨ



**ਅੰਮ੍ਰਿਤਸਰ:** ਜਨਤੰਤਰ ਮੋਰਚਾ ਦੇ ਆਗੂ ਤੇ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਦੇਸ਼ ਵਾਸੀਆਂ ਨੂੰ ਜਾਗਰੂਕ ਕਰਨ ਲਈ ਜਲ੍ਹਿਆਂਵਾਲਾ ਬਾਗ ਤੋਂ 'ਜਨਤੰਤਰ ਯਾਤਰਾ' ਸ਼ੁਰੂ ਕੀਤੀ। ਇਸ ਨੂੰ ਆਜ਼ਾਦੀ ਦੀ ਦੂਜੀ ਲੜਾਈ ਕਰਾਰ ਦਿੰਦਿਆਂ ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਭ੍ਰਿਸ਼ਟਾਚਾਰ ਮੁਕਤ ਤੇ ਸ਼ਹੀਦਾਂ ਦੇ ਸੁਫਨਿਆਂ ਦਾ ਦੇਸ਼ ਸਿਰਜਣ ਲਈ ਮੋਰਚੇ ਨਾਲ ਜੁੜਨ। ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ 'ਅਗਿਆਨੀ ਲੋਕਾਂ' ਦੀ ਕਾਰਵਾਈ ਸੀ। ਉਨ੍ਹਾਂ ਕਿਹਾ ਕਿ ਸਰਬ ਸਾਂਝੀਵਾਲਤਾ ਦਾ ਸੱਦਾ ਦੇਣ ਵਾਲੇ ਇਸ ਪਵਿੱਤਰ ਸਥਾਨ 'ਤੇ ਫ਼ੌਜੀ ਕਾਰਵਾਈ ਨੂੰ ਕਿਸੇ ਵੀ ਹਾਲਤ ਵਿਚ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਸ੍ਰੀ ਅੰਨਾ ਹਜ਼ਾਰੇ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਮਗਰੋਂ ਸੂਚਨਾ ਕੇਂਦਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਕਾ ਨੀਲਾ ਤਾਰਾ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਆਖਿਆ ਕਿ ਇਹ 'ਅਗਿਆਨੀ ਲੋਕਾਂ' ਦੀ ਕਾਰਵਾਈ ਸੀ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਧਰਮਾਂ ਦੇ ਲੋਕਾਂ ਦਾ ਸ਼ਰਧਾ ਸਥਾਨ ਹੈ। ਅਜਿਹੇ ਰੂਹਾਨੀ ਅਸਥਾਨ 'ਤੇ ਅਗਿਆਨੀ ਲੋਕ ਹੀ ਹਮਲਾ ਕਰ ਸਕਦੇ ਹਨ। ਸਿੱਖ ਕਤਲੇਆਮ ਦੇ ਮਾਮਲੇ ਵਿਚ ਹੁਣ ਤਕ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਬਾਰੇ ਉਨ੍ਹਾਂ ਕਿਹਾ ਕਿ ਰੱਬ ਦੇ ਘਰ ਵਿਚ ਦੇਰ ਹੈ, ਅੰਧੇਰ ਨਹੀਂ। ਇਕ ਦਿਨ ਦੋਸ਼ੀਆਂ ਨੂੰ ਜ਼ਰੂਰ ਸਜ਼ਾਵਾਂ ਮਿਲਣਗੀਆਂ। ਗਾਂਧੀਵਾਦੀ ਆਗੂ ਨੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕ ਕੇ ਉਨ੍ਹਾਂ ਨੂੰ ਆਪਣੀ ਜੰਗ ਜਾਰੀ ਰੱਖਣ ਲਈ ਨਵੀਂ ਤਾਕਤ ਮਿਲੀ ਹੈ।

ਤਕਰੀਬਨ ਡੇਢ ਸਾਲ ਦੇਸ਼ ਭਰ ਵਿਚ ਘੁੰਮਣ ਵਾਲੀ ਜਨਤੰਤਰ ਯਾਤਰਾ ਦੀ ਸ਼ੁਰੂਆਤ ਕਰਦਿਆਂ ਅੰਨਾ ਹਜ਼ਾਰੇ ਤੇ ਉਨ੍ਹਾਂ ਦੇ ਸਾਥੀਆਂ ਨੇ ਇਥੇ ਸ਼ਹੀਦੀ ਸਮਾਰਕ 'ਤੇ ਪ੍ਰਣ ਕੀਤਾ ਕਿ ਜਦੋਂ ਤਕ ਉਨ੍ਹਾਂ ਦਾ ਜੀਵਨ ਹੈ, ਉਹ ਦੇਸ਼, ਦੇਸ਼ ਵਾਸੀਆਂ ਤੇ ਸਮਾਜ ਦੀ ਭਲਾਈ ਲਈ ਜੰਗ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਅਜਾਈਂ ਨਹੀਂ ਜਾਣਗੀਆਂ। ਗਾਂਧੀਵਾਦੀ ਆਗੂ ਨੇ ਆਖਿਆ ਕਿ ਉਨ੍ਹਾਂ ਇਹ ਯਾਤਰਾ ਜਲ੍ਹਿਆਂਵਾਲਾ ਬਾਗ ਤੋਂ ਇਸ ਲਈ ਸ਼ੁਰੂ ਕੀਤੀ ਹੈ ਕਿਉਂਕਿ ਇਹ ਸ਼ਹੀਦਾਂ ਦੀਆਂ ਕੁਰਬਾਨੀਆਂ ਵਾਲੀ ਧਰਤੀ ਹੈ।

ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਹੀ ਦੇਸ਼ ਨੂੰ ਆਜ਼ਾਦੀ ਮਿਲੀ ਪਰ ਇਸ ਵੇਲੇ ਦੇਸ਼ ਵਿਚ ਭ੍ਰਿਸ਼ਟਾਚਾਰ, ਲੁੱਟ ਖਸੁੱਟ ਤੇ ਗੁੰਡਾਗਰਦੀ ਦਾ ਬੋਲਬਾਲਾ ਹੈ ਜਿਸ ਤੋਂ ਹਰ ਕੋਈ ਦੁਖੀ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਬੁਰਾਈਆਂ ਦੇ ਖ਼ਾਤਮੇ ਲਈ ਅੱਜ ਦੂਜੀ ਲੜਾਈ ਦੀ ਸ਼ੁਰੂਆਤ ਕੀਤੀ ਹੈ ਜੋ ਅਹਿੰਸਾ ਦੇ ਮਾਰਗ 'ਤੇ ਚਲਦਿਆਂ ਲੜੀ ਜਾਵੇਗੀ। ਅੰਨਾ ਹਜ਼ਾਰੇ ਨੇ ਕਿਹਾ ਕਿ ਉਹ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਵੱਖ ਵੱਖ ਸੂਬਿਆਂ ਅਤੇ ਸ਼ਹਿਰਾਂ ਵਿਚ ਜਾਣਗੇ ਤੇ ਕੁੰਭਕਰਨੀ ਨੀਂਦ ਸੁੱਤੇ ਲੋਕਾਂ ਨੂੰ ਜਗਾਉਣਗੇ।

ਲੋਕਾਂ ਨੂੰ ਮੋਰਚੇ ਦੇ 25 ਸੂਤਰੀ ਪ੍ਰੋਗਰਾਮ ਬਾਰੇ ਵੀ ਦੱਸਿਆ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਮੋਰਚਾ ਲੋਕਾਂ ਕੋਲੋਂ ਕੋਈ ਮਾਇਕ ਮਦਦ ਨਹੀਂ ਲਵੇਗਾ ਤੇ ਮੋਰਚੇ ਵਿਚ ਅਹੁਦੇ ਨਹੀਂ ਹੋਣਗੇ। ਜਨਤੰਤਰ ਮੋਰਚਾ ਕੋਈ ਚੋਣ ਨਹੀਂ ਲੜੇਗਾ ਤੇ ਨਾ ਕਿਸੇ ਸਿਆਸੀ ਪਾਰਟੀ ਨੂੰ ਸਮਰਥਨ ਦੇਵੇਗਾ। ਉਨ੍ਹਾਂ ਕਿਹਾ ਕਿ ਜਨਤੰਤਰ ਮੋਰਚਾ ਇਸ ਯਾਤਰਾ ਦੌਰਾਨ ਦੇਸ਼ ਭਰ ਵਿਚ ਛੇ ਕਰੋੜ ਲੋਕਾਂ ਨੂੰ ਆਪਣੇ ਨਾਲ ਜੋੜੇਗਾ। ਇਹ ਲੋਕ ਸ਼ਕਤੀ ਸਰਕਾਰ ਨੂੰ ਸੁਧਾਰ ਲਿਆਉਣ ਲਈ ਮਜਬੂਰ ਕਰੇਗੀ।

# ਪ੍ਰਤਾਪ ਸਿੰਘ ਬਾਜਵਾ ਨੂੰ ਤੁਰਨਾ ਪਵੇਗਾ ਕੰਡਿਆਲੇ ਰਾਹ ਉਤੇ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਨਵੇਂ ਬਣੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਚਾਹੇ ਕਾਂਗਰਸੀ ਆਗੂਆਂ ਵਿਚ ਉਤਸ਼ਾਹ ਪੈਦਾ ਕਰਨ ਲਈ ਪੂਰੇ ਪੰਜਾਬ ਦਾ ਦੌਰਾ ਸ਼ੁਰੂ ਕੀਤਾ ਹੈ ਪਰ ਸ. ਬਾਜਵਾ ਸਾਹਮਣੇ ਕੰਡਿਆਲਾ ਰਾਹ ਹੈ ਜਿਸ ਨੂੰ ਪਾਰ ਕਰਨਾ ਸੌਖਾਲਾ ਨਹੀਂ। ਭਾਵੇਂ ਸ. ਬਾਜਵਾ ਵੱਲੋਂ ਅਕਾਲੀਆਂ ਵਿਰੁੱਧ ਸਿਆਸੀ ਤੀਰ ਚਲਾਏ ਜਾ ਰਹੇ ਹਨ ਪਰ ਕੇਂਦਰ ਵੱਲੋਂ ਦਿੱਤਾ ਪਹਿਲਾ ਝਟਕਾ ਸ. ਬਾਜਵਾ ਨੂੰ ਮਹਿੰਗਾ ਪੈ ਰਿਹਾ ਹੈ। ਹੁਣ ਅਕਾਲੀ ਦਲ ਦੀ ਲੀਡਰਸ਼ਿਪ ਨੇ ਸ. ਬਾਜਵਾ ਨੂੰ ਮਿਹਣੇ ਮਾਰਨੇ ਸ਼ੁਰੂ ਕਰ ਦਿੱਤੇ ਹਨ ਕਿ ਕਾਂਗਰਸ ਦਾ ਜਿਹੜਾ ਪ੍ਰਧਾਨ ਆਪਣੇ ਦਫਤਰ ਦਾ ਇੰਚਾਰਜ ਨਿਯੁਕਤ ਕਰਨ ਦੇ ਸਮਰੱਥ ਨਹੀਂ ਹੈ, ਉਸ ਕੋਲੋਂ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਤੋਂ ਸੂਬੇ ਦੇ ਹਿੱਤਾਂ ਲਈ ਕੋਈ ਫੈਸਲਾ ਕਰਵਾਉਣ ਦੀ ਕੀ ਆਸ ਕੀਤੀ ਜਾ ਸਕਦੀ ਹੈ।



ਜ਼ਿਕਰਯੋਗ ਹੈ ਕਿ ਸ. ਬਾਜਵਾ ਨੇ ਆਪਣੇ ਛੋਟੇ ਭਰਾ ਜੋ ਪਹਿਲਾਂ ਹੀ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਸਨ, ਨੂੰ ਪੰਜਾਬ ਕਾਂਗਰਸ ਦੇ ਦਫਤਰ ਦਾ ਮਹਿਜ਼ ਇੰਚਾਰਜ ਨਿਯੁਕਤ ਕਰਨ ਸਮੇਤ ਚਾਰ ਹੋਰ ਨਿਯੁਕਤੀਆਂ ਕੀਤੀਆਂ ਸਨ ਪਰ ਅਗਲੇ ਹੀ ਦਿਨ ਹਾਈਕਮਾਂਡ ਨੇ ਸ. ਬਾਜਵਾ ਨੂੰ ਇਨ੍ਹਾਂ ਨਿਯੁਕਤੀਆਂ ਉਪਰ ਰੋਕ ਲਾਉਣ ਦਾ ਫ਼ੁਰਮਾਨ ਜਾਰੀ ਕਰ ਦਿੱਤਾ ਸੀ। ਹਾਈ ਕਮਾਂਡ ਵੱਲੋਂ ਸ. ਬਾਜਵਾ ਦੀ ਸਿਫਾਰਸ਼ ਤੋਂ ਬਿਨਾਂ ਹੀ ਮਾਝਾ, ਦੁਆਬਾ ਤੇ ਮਾਲਵਾ ਲਈ ਕ੍ਰਮਵਾਰ ਅੰਮ੍ਰਿਤਸਰ ਤੋਂ ਵਿਧਾਇਕ ਓਪੀ ਸੋਨੀ, ਬੰਗਾ ਦੇ ਵਿਧਾਇਕ ਤਰਲੋਚਨ ਸਿੰਘ ਤੇ ਚਮਕੌਰ ਸਾਹਿਬ ਦੇ ਵਿਧਾਇਕ ਚਰਨਜੀਤ ਸਿੰਘ ਚੰਨੀ ਤੇ ਗੁਰਪ੍ਰੀਤ ਸਿੰਘ ਕਾਂਗੜ ਨੂੰ ਮੀਤ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ।

ਅਜਿਹਾ ਕਰਕੇ ਜਿਥੇ ਹਾਈ ਕਮਾਂਡ ਨੇ ਇਕ ਨਵੀਂ ਪਿਰਤ ਪਾਈ ਹੈ, ਉਥੇ ਪੰਜਾਬ ਦੇ ਕਈ ਸੀਨੀਅਰ ਵਿਧਾਇਕਾਂ ਤੇ ਹੋਰ ਲੀਡਰਸ਼ਿਪ ਨੂੰ ਅੱਖੋਂ-ਪਰੋਖੇ ਕਰਕੇ ਚਾਰ ਜੂਨੀਅਰ ਆਗੂਆਂ ਨੂੰ ਮੀਤ ਪ੍ਰਧਾਨ ਲਾਉਣ ਕਾਰਨ ਕਾਂਗਰਸ ਵਿਚ ਇਹ ਚਰਚਾ ਵੀ ਚੱਲ ਪਈ ਹੈ ਕਿ ਹੁਣ ਪੰਜਾਬ ਕਾਂਗਰਸ ਦੇ ਪ੍ਰਧਾਨ ਦਾ ਹੁਣ ਕੈਪਟਨ ਅਮਰਿੰਦਰ ਸਿੰਘ ਦੇ ਵੇਲੇ ਵਾਂਗ ਰੁਤਬਾ ਨਹੀਂ ਰਿਹਾ।

# ਵਲਟੋਹਾ ਨੂੰ ਅਕਾਲ ਤਖ਼ਤ 'ਤੇ ਤਲਬ ਕਰਨ ਦੀ ਮੰਗ

**ਅੰਮ੍ਰਿਤਸਰ:** ਭਾਈ ਅਮਰੀਕ ਸਿੰਘ ਦਮਦਮੀ ਟਕਸਾਲ ਅਜਨਾਲਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਦੇ ਮੈਂਬਰਾਂ ਦੀ ਮੀਟਿੰਗ ਭਿੱਖੀਵਿੰਡ ਵਿਚ ਹੋਈ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੰਸਦੀ ਸਕੱਤਰ ਵਿਰਸਾ ਸਿੰਘ ਵਲਟੋਹਾ ਵੱਲੋਂ ਨੂਰ ਮਹਿਲੀਆਂ ਦੇ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਜੋਤੀ ਜਗਾਉਣ ਤੇ ਮਾਣ ਸਨਮਾਨ ਲੈਣ ਦੀ ਨਿਖੇਧੀ ਕੀਤੀ ਗਈ।

ਇਸ ਮੌਕੇ ਭਾਈ ਅਮਰੀਕ ਸਿੰਘ ਅਜਨਾਲਾ ਨੇ ਅਫਸੋਸ ਜਤਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਵੱਲੋਂ ਹੀ ਸਭ ਤੋਂ ਜ਼ਿਆਦਾ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮਿਆਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇੰਨੇ ਦਿਨ ਬੀਤ ਜਾਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦੇ ਸੰਸਦੀ ਸਕੱਤਰ ਵਿਰਸਾ ਸਿੰਘ ਵਲਟੋਹਾ ਵਿਰੁੱਧ ਕੋਈ ਐਕਸ਼ਨ ਨਹੀਂ ਲਿਆ ਜੋ ਅਫਸੋਸ ਦੀ ਗੱਲ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਵਲਟੋਹਾ ਨੂੰ ਅਕਾਲ ਤਖਤ ਸਾਹਿਬ ਵਿਖੇ ਤਲਬ ਕੀਤਾ ਜਾਵੇ।

# ਸ਼੍ਰੋਮਣੀ ਕਮੇਟੀ ਦੇ ਕਾਲਜਾਂ ਵਿਚ ਵੱਡਾ ਘਾਲਾਮਾਲਾ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਲਜਾਂ ਵਿਚ ਵੱਡੇ ਪੱਧਰ 'ਤੇ ਵਿੱਤੀ ਬੇਨਿਯਮੀਆਂ ਦੇ ਦੋਸ਼ ਲਾਏ ਹਨ। ਯੂਨੀਵਰਸਿਟੀ ਦੀਆਂ ਨਿਰੀਖਣ ਟੀਮਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਾਲੇ ਕਾਲਜਾਂ ਉਤੇ ਘੱਟ ਤਨਖਾਹ ਦੇ ਕੇ ਵੱਧ ਬਿੱਲਾਂ 'ਤੇ ਦਸਤਖ਼ਤ ਕਰਾਉਣ ਦੇ ਦੋਸ਼ ਲਾਏ ਹਨ। ਉਧਰ, ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਪੰਜਾਬ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਅਰੁਣ ਗਰੋਵਰ ਨੂੰ ਦੋਸ਼ ਵਾਪਸ ਲੈਣ ਦੀ ਚੇਤਾਵਨੀ ਦਿੱਤੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀਆਂ ਵੱਖ ਵੱਖ ਟੀਮਾਂ ਨੇ ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਕਾਲਜਾਂ ਦਾ ਨਿਰੀਖਣ ਕੀਤਾ। ਨਿਰੀਖਣ ਟੀਮਾਂ ਨੇ ਕਾਲਜਾਂ ਵਿਚ ਵਿੱਤੀ ਬੇਨਿਯਮੀਆਂ ਦਾ ਖੁਲਾਸਾ ਕੀਤਾ। ਮਾਤਾ ਸਾਹਿਬ ਕੌਰ ਮੈਮੋਰੀਅਲ ਕਾਲਜ, ਤਲਵੰਡੀ ਭਾਈ ਦੇ ਨਿਰੀਖਣ ਲਈ ਗਈ ਟੀਮ ਨੇ ਕਮੇਟੀ 'ਤੇ ਅਧਿਆਪਕਾਂ ਨੂੰ ਘੱਟ ਤਨਖਾਹ ਦੇ ਕੇ ਵੱਧ ਰਕਮ 'ਤੇ ਦਸਤਖ਼ਤ ਕਰਾਉਣ ਦੇ ਦੋਸ਼ ਲਾਏ।

ਉਧਰ, ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਕਾਲਜ ਹਰ ਤਰ੍ਹਾਂ ਨਾਲ ਯੂਜੀਸੀ ਦੀਆਂ ਸ਼ਰਤਾਂ 'ਤੇ ਪੂਰੇ ਉਤਰਦੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸਖ਼ਤ ਨਾਰਾਜ਼ਗੀ ਦਾ ਪ੍ਰਗਟਾਵਾ ਕਰਦਿਆਂ ਟੀਮ ਦੇ ਮੁਖੀ ਤੇ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਦੇ ਅਧਿਆਪਕ ਪ੍ਰੋ. ਵੀਕੇ ਚੋਪੜਾ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਯੂਨੀਵਰਸਿਟੀ ਦੇ ਡੀਨ ਕਾਲਜ ਵਿਕਾਸ ਕੌਂਸਲ ਪ੍ਰੋ. ਨਵਲ ਕਿਸ਼ੋਰ ਨੇ ਸ਼੍ਰੋਮਣੀ ਕਮੇਟੀ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਲਈ ਸਾਰੇ ਕਾਲਜ ਬਰਾਬਰ ਹਨ ਤੇ ਕਿਸੇ ਨਾਲ ਪੱਖਪਾਤ ਨਹੀਂ ਕੀਤਾ ਗਿਆ। ਉਨ੍ਹਾਂ ਦਾ ਕਹਿਣਾ ਹੈ ਕਿ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਕਾਲਜਾਂ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ।

# ਪੰਜਾਬ ਵਿਚ ਸ਼ਰਾਬ ਹੋਰ ਮਹਿੰਗੀ ਹੋਈ

**ਚੰਡੀਗੜ੍ਹ:** ਪੰਜਾਬ ਵਿਚ ਇਸ ਸਾਲ ਸ਼ਰਾਬ ਦੀ ਬੋਤਲ 30 ਤੋਂ 50 ਰੁਪਏ ਮਹਿੰਗੀ ਮਿਲੇਗੀ। ਆਬਕਾਰੀ ਤੇ ਕਰ ਵਿਭਾਗ ਦੇ ਇਸ ਵਿੱਤੀ ਵਰ੍ਹੇ 2013-14 ਦੌਰਾਨ ਸੂਬੇ ਵਿਚ ਸ਼ਰਾਬ ਦੇ ਠੇਕੇ ਅਲਾਟ ਕਰਨ 'ਤੇ 5000 ਕਰੋੜ ਤੋਂ ਜ਼ਿਆਦਾ ਦਾ ਮਾਲੀਆ ਆਉਣ ਦੀ ਉਮੀਦ ਹੈ। ਵਿਭਾਗ ਨੇ ਸ਼ਰਾਬ 'ਤੇ ਲੱਗਣ ਵਾਲੀ ਡਿਊਟੀ ਕਈ ਗੁਣਾ ਵਧਾ ਦਿੱਤੀ ਹੈ। ਪਹਿਲਾਂ ਹਰ ਸ਼ਰਾਬ ਦੀ ਪੇਟੀ 'ਤੇ ਇਕੋ ਡਿਊਟੀ ਵਸੂਲ ਕੀਤੀ ਜਾਂਦੀ ਸੀ ਪਰ ਇਸ ਵਾਰ ਹਰ ਮਾਰਕੇ 'ਤੇ ਅਲੱਗ ਡਿਊਟੀ ਵਸੂਲ ਕੀਤੀ ਜਾਏਗੀ। ਬੀਅਰ ਇਸ ਵਾਰ 130 ਤੋਂ 150 ਰੁਪਏ ਤੱਕ ਵਿਕਣ ਦੀ ਸੰਭਾਵਨਾ ਹੈ।

ਦੇਸੀ ਸ਼ਰਾਬ ਦੇ ਥੋਕ ਲਾਇਸੰਸ ਐਲ-13 ਇਸ ਵਾਰ ਵੀ ਪਹਿਲਾਂ ਦੀ ਤਰ੍ਹਾਂ ਸਿਆਸੀ ਆਗੂਆਂ ਦੇ ਚਹੇਤਿਆਂ ਨੂੰ ਅਲਾਟ ਕਰਨ ਦੀ ਤਿਆਰੀ ਕਰ ਲਈ ਗਈ ਹੈ। ਪਹਿਲਾਂ ਇਸ ਬਾਰੇ ਨੀਤੀ ਤਿਆਰ ਕੀਤੀ ਗਈ ਸੀ ਕਿ ਐਲ-13 ਦੇ ਲਾਇਸੰਸ ਜਾਰੀ ਨਹੀਂ ਕੀਤੇ ਜਾਣਗੇ ਸਗੋਂ ਠੇਕੇਦਾਰਾਂ ਨੂੰ ਸਿੱਧੀ ਸ਼ਰਾਬ ਫ਼ੈਕਟਰੀ ਤੋਂ ਦੇਸੀ ਸ਼ਰਾਬ ਚੁੱਕਣੀ ਪਏਗੀ ਪਰ ਇਸ ਮਾਮਲੇ ਵਿਚ ਸਿਆਸੀ ਆਗੂਆਂ ਨੇ ਦਬਾਅ ਪਾਇਆ ਸੀ ਕਿ ਉਨ੍ਹਾਂ ਦਾ ਮਿਲਦਾ ਕੋਟਾ ਛੱਡ ਦਿੱਤਾ ਜਾਵੇ। ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਆਗੂਆਂ ਨੂੰ ਕੋਟੇ ਮੁਤਾਬਕ ਐਲ-13 ਦੇ ਲਾਇਸੰਸ ਮਿਲਦੇ ਰਹਿੰਦੇ ਹਨ। ਭਾਜਪਾ ਨੇ ਤਾਂ ਪਿਛਲੇ ਸਾਲਾਂ ਵਿਚ ਆਪਣੇ ਕੋਟੇ ਦੇ ਲਾਇਸੰਸ ਕਾਰੋਬਾਰੀਆਂ ਨੂੰ ਵੇਚ ਦਿੱਤੇ ਦੱਸੇ ਜਾਂਦੇ ਸਨ।

# ਖਾਲਿਸਤਾਨ ਦੀ ਲੜਾਈ ਜਾਰੀ ਰਹੇਗੀ: ਚੌੜਾ

**ਹੁਸ਼ਿਆਰਪੁਰ:** ਬੱਬਰ ਖਾਲਸਾ ਜਥੇਬੰਦੀ ਦੇ ਖਾੜਕੂ ਨਰੈਣ ਸਿੰਘ ਚੌੜਾ ਨੇ ਆਖਿਆ ਹੈ ਕਿ ਖਾਲਿਸਤਾਨ ਦੀ ਲੜਾਈ ਜਾਰੀ ਰਹੇਗੀ। ਸ. ਚੌੜਾ ਨੇ ਕਿਹਾ ਕਿ ਇੱਕਾ ਦੁੱਕਾ ਵਿਅਕਤੀਆਂ ਦੇ ਫੜੇ ਜਾਣ ਨਾਲ ਖਾਲਿਸਤਾਨ ਦੀ ਮੁਹਿੰਮ ਪ੍ਰਭਾਵਿਤ ਨਹੀਂ ਹੋਵੇਗੀ। ਤਰਨਤਾਰਨ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਸੰਤ ਪ੍ਰਧਾਨ ਸਿੰਘ ਬੱਡੋਂ ਦੇ ਕਤਲ ਕੇਸ ਸਬੰਧੀ ਹੁਸ਼ਿਆਰਪੁਰ ਲਿਆਂਦੇ ਗਏ ਚੌੜਾ ਨੇ ਅਦਾਲਤ ਵਿਚ ਪੇਸ਼ ਕੀਤੇ ਜਾਣ ਤੋਂ ਬਾਅਦ ਕਿਹਾ ਕਿ ਭਾਰਤ ਅਤਿਵਾਦੀ ਦੇਸ਼ ਹੈ ਜਿੱਥੇ ਹਮੇਸ਼ਾ ਸਿੱਖਾਂ ਨਾਲ ਵਧੀਕੀਆਂ ਹੋਈਆਂ। ਉਨ੍ਹਾਂ ਐਲਾਨ ਕੀਤਾ ਕਿ ਭਾਰਤ ਦੀ ਹਕੂਮਤ ਖਿਲਾਫ਼ ਜੰਗ ਜਾਰੀ ਰਹੇਗੀ। ਸ. ਚੌੜਾ ਨੇ ਕਿਹਾ ਕਿ ਖਾਲਿਸਤਾਨ ਦੇ ਉਦੇਸ਼ ਦੀ ਪੂਰਤੀ ਲਈ ਸਿਆਸੀ ਮੁਹਿੰਮ ਵਿੱਢਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਸ 'ਤੇ ਪਾਏ ਗਏ ਸਾਰੇ ਕੇਸ ਝੂਠੇ ਹਨ ਕਿਉਂਕਿ ਪੁਲਿਸ ਉਸ ਨੂੰ ਜੇਲ੍ਹ ਵਿਚ ਰੱਖਣਾ ਚਾਹੁੰਦੀ ਹੈ। ਨਾ ਤਾਂ ਬੱਡੋਂ ਵਾਲੇ ਕੇਸ ਨਾਲ ਉਸ ਦਾ ਕੋਈ ਸਬੰਧ ਹੈ ਤੇ ਨਾ ਹੀ ਬੁੜੈਲ ਜੇਲ ਤੋੜਣ ਵਾਲੇ ਕੇਸ ਵਿਚ ਹੀ ਉਸ ਦੀ ਸ਼ਮੂਲੀਅਤ ਸੀ।

# ਸੁਰੱਖਿਆ ਗਾਰਦ ਲਈ ਦਿੱਲੀ ਦਰਬਾਰ ਤੀਕ ਪਹੁੰਚ

**ਚੰਡੀਗੜ੍ਹ:** ਵੀਆਈਪੀਜ਼ ਵੱਲੋਂ ਕੇਂਦਰੀ ਸੁਰੱਖਿਆ ਲੈਣ ਲਈ ਜਿੱਥੇ ਗ੍ਰਹਿ ਮੰਤਰਾਲੇ ਕੋਲ ਅਰਜ਼ੀਆਂ ਦੇ ਢੇਰ ਲੱਗੇ ਹੋਏ ਹਨ, ਉਥੇ ਪੰਜਾਬ ਤੇ ਉੱਤਰ ਪ੍ਰਦੇਸ਼ ਵਿਚ ਵੀਆਈਪੀਜ਼ ਦੀ ਸੁਰੱਖਿਆ ਵਾਪਸ ਲੈਣ ਕਾਰਨ ਉਥੋਂ ਅਜਿਹੀਆਂ ਅਰਜ਼ੀਆਂ ਦੀ ਮੰਤਰਾਲੇ ਕੋਲ ਝੜੀ ਲੱਗੀ ਹੋਈ ਹੈ। ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਕਿਹਾ ਹੈ ਕਿ ਰਾਜ ਸਰਕਾਰਾਂ ਵੱਲੋਂ ਵੀਆਈਪੀਜ਼ ਦੀ ਸੁਰੱਖਿਆ ਛਤਰੀ ਵਾਪਸ ਲੈਣ ਮਗਰੋਂ ਉਨ੍ਹਾਂ ਨੇ ਆਪਣੀ ਜਾਨ ਨੂੰ ਖ਼ਤਰਾ ਦੱਸਦਿਆਂ ਕੇਂਦਰੀ ਸੁਰੱਖਿਆ ਲੈਣ ਲਈ ਗ੍ਰਹਿ ਮੰਤਰਾਲੇ ਵੱਲ ਵਹੀਰਾਂ ਘੱਤ ਲਈਆਂ ਹਨ।

ਸ੍ਰੀ ਸ਼ਿੰਦੇ ਨੇ ਕਿਹਾ ਕਿ ਉੱਤਰ ਪ੍ਰਦੇਸ਼ ਤੇ ਪੰਜਾਬ ਸਰਕਾਰਾਂ ਨੇ ਵੀਆਈਪੀਜ਼ ਦੀ ਸੁਰੱਖਿਆ ਛਤਰੀ 'ਤੇ ਨਜ਼ਰਸਾਨੀ ਕੀਤੀ ਹੈ। ਇਹ ਉਹ ਲੋਕ ਹਨ ਜਿਹੜੇ ਹਰ ਖੇਤਰ ਨਾਲ ਸਬੰਧਤ ਹਨ ਪਰ ਬਹੁਗਿਣਤੀ ਸਿਆਸਤ ਨਾਲ ਸਬੰਧ ਰੱਖਣ ਵਾਲਿਆਂ ਦੀ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਕੇਂਦਰੀ ਸੁਰੱਖਿਆ ਮੁਹੱਈਆ ਕਰਾਉਣ ਜਾਂ ਪਹਿਲਾਂ ਦਿੱਤੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਬਾਰੇ ਆਈਆਂ ਅਰਜ਼ੀਆਂ ਦੀ ਘੋਖ ਕੀਤੀ ਜਾਵੇਗੀ ਤੇ ਸਬੰਧਤ ਵਿਅਕਤੀ ਨੂੰ ਮਿਲੀ ਧਮਕੀ ਦਾ ਵਿਸ਼ਲੇਸ਼ਣ ਕਰਨ ਮਗਰੋਂ ਹੀ ਸੁਰੱਖਿਆ ਦੇਣ ਜਾਂ ਨਾ ਦੇਣ ਦਾ ਫੈਸਲਾ ਕੀਤਾ ਜਾਵੇਗਾ।



ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਜ਼ੈਡ ਪਲੱਸ ਸੁਰੱਖਿਆ ਘੇਰੇ ਵਿਚ ਹਨ ਜਦਕਿ ਛੱਤੀਸਗੜ੍ਹ ਦੇ ਮੁੱਖ ਮੰਤਰੀ ਰਮਨ ਸਿੰਘ ਨੂੰ ਵੀ ਛੇਤੀ ਹੀ ਅਜਿਹੀ ਸੁਰੱਖਿਆ ਮਿਲਣ ਵਾਲੀ ਹੈ। ਪੰਜਾਬ ਤੋਂ ਬਾਅਦ ਦਿੱਲੀ ਵਿਚ ਸਭ ਤੋਂ ਵੱਧ ਪੁਲਿਸ ਮੁਲਾਜ਼ਮ ਵੀਆਈਪੀਜ਼ ਦੀ ਸੁਰੱਖਿਆ ਲਈ ਤਾਇਨਾਤ ਹਨ। ਕੌਮੀ ਰਾਜਧਾਨੀ ਵਿਚ 427 ਵੀਆਈਪੀਜ਼ ਵਿਚੋਂ ਹਰੇਕ ਨੂੰ ਕਰੀਬ ਇਕ ਦਰਜਨ ਪੁਲਿਸ ਮੁਲਾਜ਼ਮ ਮਿਲੇ ਹੋਏ ਹਨ। ਭਾਰਤੀ ਪੁਲਿਸ ਸੰਗਠਨ-2012 ਦੇ ਅੰਕੜਿਆਂ ਅਨੁਸਾਰ ਰਾਜਧਾਨੀ ਵਿਚ 253 ਆਮ ਨਾਗਰਿਕਾਂ ਦੀ ਰੱਖਿਆ ਲਈ ਸਿਰਫ਼ ਇਕ ਪੁਲਿਸ ਮੁਲਾਜ਼ਮ ਹੈ ਜਦਕਿ 427 ਵੀਆਈਪੀਜ਼. ਲਈ 5,183 ਪੁਲਿਸ ਵਾਲੇ ਹਨ। ਇਹ ਮੁਲਾਜ਼ਮ ਮੰਤਰੀਆਂ, ਸੰਸਦ ਮੈਂਬਰਾਂ ਤੇ ਵਿਧਾਇਕਾਂ, ਜੱਜਾਂ ਤੇ ਅਫਸਰਾਂ ਲਈ ਤਾਇਨਾਤ ਹਨ। ਰਿਪੋਰਟ ਅਨੁਸਾਰ ਦੇਸ਼ ਦੇ 14842 ਵੀਆਈਪੀਜ਼ ਲਈ 47,557 ਪੁਲਿਸ ਮੁਲਾਜ਼ਮ ਤਾਇਨਾਤ ਹਨ। ਸੁਪਰੀਮ ਕੋਰਟ ਵਿਚ ਸਰਕਾਰ ਵੱਲੋਂ ਜੋ ਹਲਫ਼ਨਾਮਾ ਦਾਖਲ ਕੀਤਾ ਗਿਆ ਹੈ, ਉਸ ਮੁਤਾਬਕ ਚਾਲੂ ਵਿੱਤੀ ਸਾਲ ਵਿਚ ਵੀਆਈਪੀਜ਼ ਦੀ ਸੁਰੱਖਿਆ ਲਈ 341 ਕਰੋੜ ਰੁਪਏ ਰੱਖੇ ਗਏ ਹਨ।

# ਅਕਾਲੀ ਜਥੇਦਾਰ ਹੁਣ ਗੋਆ ਵਿਚ ਕਰਨਗੇ ਵਿਚਾਰ

## ਚਿੰਤਨ ਬੈਠਕ ਅੱਠ ਤੇ ਨੌਂ ਅਪਰੈਲ ਨੂੰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੇ ਸੰਸਦ ਮੈਂਬਰਾਂ, ਵਿਧਾਇਕਾਂ ਤੇ ਚੋਣ ਲੜੇ ਉਮੀਦਵਾਰਾਂ ਦੀ ਦੋ ਰੋਜ਼ਾ ਚਿੰਤਨ ਬੈਠਕ ਇਸ ਵਾਰ ਅੱਠ ਤੇ ਨੌਂ ਅਪਰੈਲ ਨੂੰ ਗੋਆ ਵਿਚ ਕੀਤੀ ਜਾ ਰਹੀ ਹੈ। ਇਸ ਬਾਰੇ ਅਕਾਲੀ ਆਗੂਆਂ ਵਿਚ ਉਤਸ਼ਾਹ ਹੈ ਜਦੋਂਕਿ ਟਕਸਾਲੀ ਆਗੂਆਂ ਦਾ ਕਹਿਣਾ ਹੈ ਕਿ ਪਹਿਲਾਂ ਅਕਾਲੀ ਗੁਰਦੁਆਰਿਆਂ ਵਿਚ ਮੀਟਿੰਗਾਂ ਕਰਦੇ ਸਨ ਪਰ ਹੁਣ ਮੀਟਿੰਗਾਂ ਲਈ ਸੈਰ ਸਪਾਟੇ ਵਾਲੀਆਂ ਥਾਵਾਂ ਚੁਣੀਆਂ ਜਾ ਰਹੀਆਂ ਹਨ।

ਟਕਸਾਲੀ ਅਕਾਲੀ ਆਗੂ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਟਕਸਾਲੀ ਅਕਾਲੀ ਆਗੂਆਂ ਵੱਲੋਂ ਗੁਰਦੁਆਰਿਆਂ ਵਿਚ ਮੀਟਿੰਗਾਂ ਕੀਤੀਆਂ ਜਾਂਦੀਆਂ ਸਨ ਪਰ ਹੁਣ ਮੌਜੂਦਾ ਅਕਾਲੀ ਆਗੂ ਕਦੇ ਸ਼ਿਮਲਾ ਅਤੇ ਕਦੇ ਗੋਆ ਵਿਚ ਮੀਟਿੰਗਾਂ ਰੱਖਦੇ ਹਨ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਤੋਂ ਬਾਅਦ ਅਗਲੀ ਮੀਟਿੰਗ ਅਮਰੀਕਾ ਦੇ ਲਾਸ ਵੇਗਾਸ ਵਿਚ ਰੱਖੀ ਜਾਵੇਗੀ। ਉਨ੍ਹਾਂ ਆਖਿਆ ਕਿ ਅਕਾਲੀ ਦਲ ਦਾ ਕਦੇ ਵੀ ਅਜਿਹਾ ਸਭਿਆਚਾਰ ਨਹੀਂ ਰਿਹਾ ਜੋ ਸੈਰ ਸਪਾਟੇ ਵਾਲੀਆਂ ਥਾਵਾਂ 'ਤੇ ਜਾ ਕੇ ਮੀਟਿੰਗਾਂ ਕਰੇ।

ਉਧਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਇਕ ਪਾਸੇ ਪੰਜਾਬ ਵਿਚ ਅਮਨ ਕਾਨੂੰਨ ਤੇ ਆਰਥਿਕਤਾ ਦੀ ਹਾਲਤ ਬਦਤਰ ਹੋਈ ਪਈ ਹੈ ਪਰ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਗੋਆ ਵਿਚ



ਚਿੰਤਨ ਬੈਠਕ ਕਰਨ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਬੇਹੱਦ ਖ਼ਰਾਬ ਹੈ।

ਅਕਾਲੀ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਦਲ ਦੇ 100 ਤੋਂ ਵੱਧ ਆਗੂ ਸੱਤ ਤੋਂ 10 ਅਪਰੈਲ ਤਕ ਗੋਆ ਜਾ ਰਹੇ ਹਨ ਜਿਥੇ ਅੱਠ ਤੇ ਨੌਂ ਅਪਰੈਲ ਨੂੰ ਚਿੰਤਨ ਬੈਠਕ ਹੋਵੇਗੀ ਜਿਸ ਵਿਚ ਸਰਕਾਰ ਦੀਆਂ ਇਕ ਸਾਲ ਦੀਆਂ ਪ੍ਰਾਪਤੀਆਂ, ਆਉਂਦੀਆਂ ਲੋਕ ਸਭਾ ਤੇ ਪੰਚਾਇਤ ਚੋਣਾਂ ਤੋਂ ਇਲਾਵਾ ਭਵਿੱਖ ਦੀਆਂ ਨੀਤੀਆਂ ਤੇ ਮੌਜੂਦਾ ਔਕੜਾਂ ਬਾਰੇ ਚਰਚਾ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਇਸ ਬੈਠਕ ਵਿਚ ਸੰਸਦ ਮੈਂਬਰ ਵਿਧਾਇਕ ਤੇ ਚੋਣ ਲੜੇ ਉਮੀਦਵਾਰ ਸ਼ਾਮਲ ਹੋਣਗੇ।

ਇਨ੍ਹਾਂ ਦੀ ਗਿਣਤੀ ਤਕਰੀਬਨ 120 ਹੋਵੇਗੀ ਜੋ ਸੱਤ ਅਪਰੈਲ ਨੂੰ ਗੋਆ ਲਈ ਰਵਾਨਾ ਹੋਣਗੇ ਤੇ 10 ਅਪਰੈਲ ਨੂੰ ਵਾਪਸੀ ਕਰਨਗੇ। ਇਸ ਬੈਠਕ ਮਗਰੋਂ 21 ਤੇ 22 ਅਪਰੈਲ ਨੂੰ ਆਨੰਦਪੁਰ ਸਾਹਿਬ ਵਿਚ ਕੈਂਪ ਵੀ ਲਾਇਆ ਜਾ ਰਿਹਾ ਹੈ ਜਿਸ ਵਿਚ ਦਲ ਦੇ ਸਮੂਹ ਆਗੂ ਸ਼ਾਮਲ ਹੋਣਗੇ। ਟਕਸਾਲੀ ਵਿਧਾਇਕ ਪ੍ਰੋ. ਵਿਰਸਾ ਸਿੰਘ ਵਲਟੋਹਾ ਨੇ ਆਖਿਆ ਕਿ ਇਸ ਮੀਟਿੰਗ ਲਈ ਅਕਾਲੀ ਦਲ ਤੋਂ ਇਲਾਵਾ ਭਾਜਪਾ ਆਗੂਆਂ ਨੂੰ ਵੀ ਸੱਦਾ ਦਿੱਤਾ ਗਿਆ ਹੈ।

ਸਮੂਹ ਆਗੂ ਇਸ ਮੀਟਿੰਗ ਵਿਚ ਆਪਣੇ ਖਰਚੇ 'ਤੇ ਸ਼ਾਮਲ ਹੋਣਗੇ। ਕੁਝ ਆਗੂ ਚੰਡੀਗੜ੍ਹ ਤੋਂ ਤੇ ਕੁਝ ਦਿੱਲੀ ਤੋਂ ਹਵਾਈ ਜਹਾਜ਼ ਰਾਹੀਂ ਗੋਆ ਪੁੱਜਣਗੇ। ਉਨ੍ਹਾਂ ਆਖਿਆ ਕਿ ਪਾਰਟੀ ਨੇ ਇਸ ਵਾਰ ਫੈਸਲਾ ਕੀਤਾ ਹੈ ਕਿ ਇਹ ਮੀਟਿੰਗ ਦੂਰ ਅਜਿਹੀ ਥਾਂ 'ਤੇ ਰੱਖੀ ਜਾਵੇ ਜਿਥੇ ਤਸੱਲੀ ਨਾਲ ਬੈਠ ਕੇ ਵਿਚਾਰ ਕੀਤਾ ਜਾ ਸਕੇ। ਮੀਟਿੰਗ ਲਈ ਹਲਕਾ ਇੰਚਾਰਜਾਂ ਨੂੰ ਵੀ ਸੱਦਿਆ ਗਿਆ ਹੈ। ਇਸ ਲਈ ਗੋਆ ਵਿਚ ਹੋਟਲ ਬੁੱਕ ਕੀਤਾ ਗਿਆ ਹੈ। ਵੇਰਵਿਆਂ ਅਨੁਸਾਰ ਅਕਾਲੀ ਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਵਿਚਾਰ ਸੀ ਕਿ ਇਹ ਮੀਟਿੰਗ ਇੰਨੀ ਦੂਰ ਰੱਖਣ ਦੀ ਥਾਂ ਕਿਸੇ ਨੇੜਲੀ ਥਾਂ 'ਤੇ ਰੱਖੀ ਜਾਵੇ ਪਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਹੋਰ ਆਗੂਆਂ ਨੇ ਉਨ੍ਹਾਂ ਨੂੰ ਇਸ ਮੀਟਿੰਗ ਲਈ ਸਹਿਮਤ ਕਰ ਲਿਆ। ਮੀਟਿੰਗ ਤੋਂ ਬਾਅਦ ਪਾਰਟੀ ਦੇ ਸਮੂਹ ਆਗੂਆਂ ਲਈ ਇਕ ਕੈਂਪ ਆਨੰਦਪੁਰ ਸਾਹਿਬ ਵਿਖੇ ਲਾਉਣ ਦੀ ਯੋਜਨਾ ਹੈ।

# ਕੈਨੇਡਾ ਵਿਚ ਪੰਜਾਬੀ ਵੱਲੋਂ ਪਤਨੀ ਕਤਲ

**ਕੈਲਗਰੀ:** ਘਰੇਲੂ ਕਲੇਸ਼ ਦੇ ਚੱਲਦੇ ਪੰਜਾਬੀ ਮੂਲ ਦੇ ਵਿਅਕਤੀ ਨੇ ਆਪਣੀ ਪਤਨੀ ਦੀ ਹੱਤਿਆ ਕਰ ਦਿੱਤੀ। ਇਹ ਵਿਅਕਤੀ ਪਤਨੀ ਨੂੰ ਮਾਰਨ ਉਪਰੰਤ ਪੀਟਰ ਹਸਤਪਾਲ ਗਿਆ ਜਿਥੇ ਉਸ ਨੇ ਡਾਕਟਰਾਂ ਨੂੰ ਦੱਸਿਆ ਕਿ ਉਸ ਨੂੰ ਘਬਰਾਹਟ ਮਹਿਸੂਸ ਹੋ ਰਹੀ ਹੈ। ਇਸ ਦੇ ਨਾਲ ਹੀ ਉਸ ਨੇ ਆਪਣੀ ਪਤਨੀ ਦੀ ਹੱਤਿਆ ਕਰਨ ਦਾ ਜੁਰਮ ਵੀ ਕਬੂਲ ਲਿਆ। ਇਸ ਤੋਂ ਬਾਅਦ ਪੁਲਿਸ ਟੈਂਪਲਗਰੀਨ ਡਰਾਈਵ ਉੱਤਰ-ਪੂਰਬ ਕੈਲਗਰੀ ਵਿਚ ਪੁੱਜੀ।

ਪੁਲਿਸ ਨੂੰ ਔਰਤ ਗੰਭੀਰ ਹਾਲਤ ਵਿਚ ਮਿਲੀ ਜਿਸ ਨੂੰ ਪੁਲਿਸ ਨੇ ਹਸਪਤਾਲ ਪਹੁੰਚਾਇਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਿਸ ਨੇ ਮੁਲਜ਼ਮ ਨੂੰ ਹਿਰਾਸਤ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਮੁਤਾਬਕ ਇਹ ਮਾਮਲਾ ਘਰੇਲੂ ਝਗੜੇ ਦਾ ਹੋ ਸਕਦਾ ਹੈ। ਮ੍ਰਿਤਕ ਔਰਤ ਦਾ ਨਾਂ ਮਨੀਸ਼ਾ ਸਿੱਧੂ (26) ਹੈ ਜਦ ਕਿ ਮੁਲਜ਼ਮ ਦੀ ਪਛਾਣ 30 ਸਾਲਾ ਗਗਨਦੀਪ ਸਿੱਧੂ ਵਜੋਂ ਹੋਈ ਹੈ। ਪਤੀ-ਪਤਨੀ ਕਾਰ ਵਿਚ ਕਿਤੇ ਜਾ ਰਹੇ ਸਨ ਜਿਸ ਦੌਰਾਨ ਦੋਵਾਂ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ। ਝਗੜਾ ਏਨਾ ਵਧ ਗਿਆ ਕਿ ਪਤਨੀ ਨੇ ਕਾਰ ਰੁਕਣ 'ਤੇ ਦੌੜ ਕੇ ਆਪਣੀ ਜਾਨ ਬਚਾਉਣ ਦਾ ਯਤਨ ਕੀਤਾ ਪਰ ਪਤੀ ਆਪਣੇ ਗੁੱਸੇ 'ਤੇ ਕਾਬੂ ਨਾ ਕਰ ਸਕਿਆ ਤੇ ਉਸ ਨੇ ਆਪਣੀ ਪਤਨੀ ਦੀ ਹੱਤਿਆ ਕਰ ਦਿੱਤੀ।

# ਪੰਜ ਹੋਰ ਸਿੱਖ ਬੱਚੇ ਕੈਂਬਰਿਜ ਯੂਨੀਵਰਸਿਟੀ ਜਾਣਗੇ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਕਮੇਟੀ ਨੇ ਪੰਜ ਹੋਰ ਸਿੱਖ ਬੱਚਿਆਂ ਨੂੰ ਹਰ ਸਾਲ ਯੂਨੀਵਰਸਿਟੀ ਆਫ਼ ਕੈਂਬਰਿਜ ਵਿਚ ਅੰਡਰ ਗ੍ਰੈਜੂਏਟ ਦੀ ਪੜ੍ਹਾਈ ਲਈ ਭੇਜਣ ਦਾ ਫੈਸਲਾ ਕੀਤਾ ਗਿਆ। ਬਾਰ੍ਹਾਂ ਸਾਲ ਦੀ ਸਕੂਲੀ ਪੜ੍ਹਾਈ ਮਗਰੋਂ 90 ਫੀਸਦੀ ਤੇ ਇਸ ਤੋਂ ਉੱਤੇ ਨੰਬਰ ਲੈਣ ਵਾਲੇ ਸਿੱਖ ਵਿਦਿਆਰਥੀ ਇਹ ਸਕਾਲਰਸ਼ਿਪ ਲੈਣ ਦੇ ਯੋਗ ਹੋਣਗੇ।



*ਕੈਂਬਰਿਜ ਯੂਨੀਵਰਸਿਟੀ ਦਾ ਦ੍ਰਿਸ਼।*

ਇਨ੍ਹਾਂ ਪੰਜ ਵਿਦਿਆਰਥੀਆਂ ਦੀ ਚੋਣ ਲਈ ਯੂਨੀਵਰਸਿਟੀ ਆਫ਼ ਕੈਂਬਰਿਜ (ਯੂਕੇ) ਵੱਲੋਂ ਪਹਿਲਾਂ ਲਿਖਤੀ ਪ੍ਰੀਖਿਆ ਲਈ ਜਾਵੇਗੀ ਤੇ ਇੰਟਰਵਿਊ ਮਗਰੋਂ ਹੋਣਹਾਰ ਵਿਦਿਆਰਥੀਆਂ ਦੀ ਵੱਖ-ਵੱਖ ਕੋਰਸਾਂ ਲਈ ਚੋਣ ਕੀਤੀ ਜਾਵੇਗੀ। ਇਸ ਬਾਰੇ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਡਾ. ਗੁਰਮੋਹਨ ਸਿੰਘ ਵਾਲੀਆ ਨੇ ਦੱਸਿਆ ਕਿ ਯੂਨੀਵਰਸਿਟੀ ਆਫ਼ ਕੈਂਬਰਿਜ ਦੇ ਵਫ਼ਦ ਨੇ ਸ਼੍ਰੋਮਣੀ ਕਮੇਟੀ ਦੇ ਵਫ਼ਦ ਨਾਲ ਮੁਲਾਕਾਤ ਕੀਤੀ।

ਇਸ ਵਫ਼ਦ ਦੀ ਅਗਵਾਈ ਡਾ. ਸ਼ੈਅਲਾਜਾ ਫੈਨਲ ਨੇ ਕੀਤੀ ਤੇ ਉਨ੍ਹਾਂ ਦੇ ਨਾਲ ਕੈਂਬਰਿਜ ਦੇ ਸੀਨੀਅਰ ਇਕਨਾਮਿਕਸ ਦੇ ਪ੍ਰੋਫੈਸਰ ਡਾ. ਅਜੀਤ ਸਿੰਘ ਤੇ ਮਿਸ ਐਨ ਸ਼ਾਮਲ ਹੋਏ। ਇਸ ਤੋਂ ਇਲਾਵਾ ਯੂਨੀਵਰਸਿਟੀ ਆਫ਼ ਕੈਂਬਰਿਜ ਵਿਚ ਸਿੱਖ ਸਟੱਡੀਜ਼ ਦਾ ਕੋਰਸ ਸ਼ੁਰੂ ਕਰਨ ਲਈ ਮੁਢਲੀ ਗੱਲਬਾਤ ਵੀ ਕੀਤੀ ਗਈ।

# ਅਮਰੀਕੀ ਵਰਕ ਵੀਜ਼ੇ ਲਾਟਰੀ ਰਾਹੀਂ ਦੇਣ ਦੀ ਚਰਚਾ

**ਵਾਸ਼ਿੰਗਟਨ:** ਅਮਰੀਕਾ ਵਿਚ ਕੰਮ ਲਈ ਵੀਜ਼ੇ ਇਸ ਸਾਲ ਲਾਟਰੀ ਸਿਸਟਮ ਰਾਹੀਂ ਦਿੱਤੇ ਜਾ ਸਕਦੇ ਹਨ। ਸਨਅਤਾਂ ਬਾਰੇ ਮਾਹਰ ਤੇ ਅਧਿਕਾਰੀ ਲਾਟਰੀ ਸਿਸਟਮ ਰਾਹੀਂ ਵੀਜ਼ੇ ਦੇਣ ਦੇ ਪੱਖ ਵਿਚ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਕੰਮ ਲਈ ਪਹਿਲਾਂ ਕੰਪਨੀਆਂ ਤੋਂ ਪ੍ਰਤੀਕਰਮ ਲਿਆ ਜਾਵੇ। ਸਾਲ 2008 ਮਗਰੋਂ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਕੰਮ ਲਈ ਵੀਜ਼ੇ ਬਾਰੇ ਕੰਪਿਊਟਰ ਰਾਹੀਂ ਡਰਾਅ ਕੱਢਿਆ ਜਾਵੇਗਾ।

ਅਮਰੀਕੀ ਨਾਗਰਿਕਤਾ ਤੇ ਪਰਵਾਸ ਸੇਵਾਵਾਂ ਵਿਭਾਗ ਨੂੰ ਆਸ ਹੈ ਕਿ ਕੰਮ ਲਈ ਵੀਜ਼ੇ ਵਾਸਤੇ ਅਰਜ਼ੀਆਂ ਦੀ ਹੱਦ ਪਹਿਲੇ ਪੰਜ ਦਿਨਾਂ ਵਿਚ ਹੀ ਮੁੱਕ ਜਾਵੇਗੀ। ਅਮਰੀਕੀ ਕਾਂਗਰਸ ਵੱਲੋਂ ਮਨਜ਼ੂਰ ਮਾਪਦੰਡ ਮੁਤਾਬਕ ਵਿਭਾਗ 1 ਅਕਤੂਬਰ, 2013 ਤੋਂ ਸ਼ੁਰੂ ਹੋ ਰਹੇ ਵਿੱਤੀ ਵਰ੍ਹੇ 2014 ਲਈ ਵੱਧ ਤੋਂ ਵੱਧ 65000 ਵਰਕ ਵੀਜ਼ੇ ਜਾਰੀ ਕਰ ਸਕਦਾ ਹੈ।

ਇਸ ਤੋਂ ਇਲਾਵਾ ਵਿਭਾਗ ਅਮਰੀਕਾ ਦੀਆਂ ਸਿੱਖਿਆ ਸੰਸਥਾਵਾਂ ਤੋਂ ਮਾਸਟਰ ਡਿਗਰੀ ਜਾਂ ਹੋਰ ਉੱਚ ਡਿਗਰੀਆਂ ਕਾਰਨ ਵਾਲਿਆਂ ਨੂੰ ਵੱਖਰੇ 20 ਹਜ਼ਾਰ ਵੀਜ਼ੇ ਦੇ ਸਕਦਾ ਹੈ। ਇਹ ਹੱਦ ਹੁਣ ਤੋਂ ਅਗਲੇ ਦੋ ਦਹਾਕਿਆਂ ਤਕ ਜਾਰੀ ਰਹੇਗੀ। ਸਾਲ 2001 ਤੋਂ 2003 ਤਕ ਕਾਂਗਰਸ ਨੇ ਇਹ ਹੱਦ 1.95 ਲੱਖ ਕਰ ਦਿੱਤੀ ਸੀ।

# ਕੈਨੇਡਾ ਲਈ ਆਵਾਸ ਅਰਜ਼ੀਆਂ ਦਾ ਢੇਰ ਘਟਾਉਣ ਦਾ ਦਾਅਵਾ

**ਟੋਰਾਂਟੋ:** ਕੈਨੇਡਾ ਨੇ ਦਾਅਵਾ ਕੀਤਾ ਹੈ ਕਿ ਸਰਕਾਰ ਵੱਲੋਂ ਵੇਲੇ ਸਿਰ ਚੁੱਕੇ ਕਦਮਾਂ ਕਾਰਨ ਕੈਨੇਡਾ ਜਾਣ ਦੇ ਚਾਹਵਾਨਾਂ ਦੀਆਂ ਅਰਜ਼ੀਆਂ ਦਾ ਅੰਬਾਰ ਹੁਣ ਘਟਣਾ ਸ਼ੁਰੂ ਹੋ ਗਿਆ ਹੈ ਜਿਸ ਨਾਲ ਆਗਾਮੀ ਸਾਲਾਂ ਵਿਚ ਮੁਲਕ ਦਾ ਆਵਾਸ ਢਾਂਚਾ ਸੁਚਾਰੂ ਤੇ ਪਹਿਲਾਂ ਨਾਲੋਂ ਵੱਧ ਹਰਕਤ ਕਰਨ ਲੱਗ ਪਵੇਗਾ। ਆਵਾਸ ਮੰਤਰੀ ਜੇਸਨ ਕੈਨੀ ਨੇ ਕਿਹਾ ਕਿ ਅਰਜ਼ੀਆਂ ਦਾ ਜੁੜਿਆ ਢੇਰ ਦੁਨੀਆ ਭਰ ਤੋਂ ਆਉਣ ਵਾਲੇ ਪ੍ਰਤਿਭਾਸ਼ਾਲੀ ਲੋਕਾਂ ਦੇ ਰਾਹ ਵਿਚ ਰੋੜਾ ਬਣਦਾ ਆ ਰਿਹਾ ਸੀ। ਉਨ੍ਹਾਂ ਮੰਨਿਆ ਕਿ ਲੋੜ ਤੋਂ ਵੱਧ ਲੋਕਾਂ ਤੋਂ ਅਰਜ਼ੀਆਂ ਫੜੀਆਂ ਗਈਆਂ ਜਿਸ ਨਾਲ ਇਹ ਬੈਕਲਾਗ ਵਧ ਗਿਆ ਤੇ ਇਨ੍ਹਾਂ ਦੇ ਨਿਬੇੜੇ ਨੂੰ ਅੱਠ ਤੋਂ ਦਸ ਸਾਲ ਤੱਕ ਦਾ ਸਮਾਂ ਲੱਗਣ ਦੀ ਆਸ ਸੀ। ਪਿਛਲੇ ਸਾਲ ਤੋਂ ਇਹ ਹਾਲਾਤ ਸੁਧਰਨੇ ਸ਼ੁਰੂ ਹੋ ਗਏ ਸਨ। ਜੇਕਰ ਵੇਲੇ ਸਿਰ ਕਦਮ ਨਾ ਚੁੱਕੇ ਜਾਂਦੇ ਤਾਂ 2015 ਤੱਕ ਇਹ ਢੇਰ 22 ਲੱਖ ਅਰਜ਼ੀਆਂ ਦਾ ਹੋ ਜਾਣਾ ਸੀ। ਆਵਾਸ ਦਫ਼ਤਰ ਨੇ ਦੱਸਿਆ ਕਿ 2012 ਦੇ ਅੰਤ ਤੱਕ ਇਹ ਬੈਕਲਾਗ, 1,65,000 ਅਰਜ਼ੀਆਂ ਦਾ ਸੀ ਜੋ ਹੁਣ 1,25,000 ਰਹਿ ਗਿਆ ਹੈ। ਸਰਕਾਰ ਨੇ



ਨਵੀਆਂ ਅਰਜ਼ੀਆਂ ਰੋਕ ਕੇ ਪਹਿਲੀ ਦਸੰਬਰ 2011 ਤੋਂ ਸੁਪਰ ਵੀਜ਼ਾ ਲਿਆਂਦਾ ਸੀ ਜਿਸ ਦਾ ਕੋਈ 15 ਹਜ਼ਾਰ ਲੋਕ ਲਾਹਾ ਲੈ ਚੁੱਕੇ ਹਨ। ਇਹ ਵੀ ਸਪੱਸ਼ਟ ਕੀਤਾ ਕਿ ਫੈਮਲੀ ਕਲਾਸ ਵਿਚ ਮਾਪਿਆਂ ਤੇ ਬਜ਼ੁਰਗਾਂ ਦੀਆਂ ਪੱਕੇ ਆਵਾਸ ਵਾਸਤੇ ਅਰਜ਼ੀਆਂ 2014 ਦੀ ਜਨਵਰੀ ਤੋਂ ਦੁਬਾਰਾ ਲੈਣੀਆਂ ਚਾਲੂ ਕੀਤੀਆਂ ਜਾਣਗੀਆਂ ਪਰ ਇਨ੍ਹਾਂ ਦੀ ਗਿਣਤੀ ਸੀਮਤ ਰੱਖੀ ਜਾਵੇਗੀ। ਇਸ ਦੇ ਨਾਲ ਹੀ ਪੁਰਾਣੇ ਨਿਪੁੰਨ ਕਾਮਾ ਪ੍ਰੋਗਰਾਮ ਤੇ ਨਿਵੇਸ਼ੀ ਸ਼੍ਰੇਣੀ ਦੀਆਂ ਅਰਜ਼ੀਆਂ ਨੂੰ ਵੀ ਰੋਕਿਆ ਗਿਆ ਹੈ। ਮੰਤਰੀ ਨੇ ਕਿਹਾ ਹੈ ਕਿ ਉਸ ਦਾ ਮਹਿਕਮਾ ਆਵਾਸ ਢਾਂਚੇ ਨੂੰ ਬਿਹਤਰ ਤੇ ਕਾਰਗਰ ਬਣਾਉਣ ਲਈ ਜੁਟਿਆ ਹੋਇਆ ਹੈ।

# ਏਅਰ ਇੰਡੀਆ ਉਡਾਣਾਂ ਦਾ ਸਮਾਂ ਬਦਲਿਆ

**ਚੰਡੀਗੜ੍ਹ:** ਗਰਮੀ ਦੇ ਮੌਸਮ ਨੂੰ ਧਿਆਨ ਵਿਚ ਰੱਖਦੇ ਹੋਏ ਏਅਰ ਇੰਡੀਆ ਨੇ ਆਪਣੀਆਂ ਉਡਾਣਾਂ ਦੇ ਸਮੇਂ ਵਿਚ ਤਬਦੀਲੀਆਂ ਕੀਤੀਆਂ ਹਨ ਜਿਨ੍ਹਾਂ ਤਹਿਤ ਰੋਜ਼ਾਨਾ ਦਿੱਲੀ-ਅੰਮ੍ਰਿਤਸਰ-ਦਿੱਲੀ-ਲੰਦਨ ਉਡਾਣ ਨੰਬਰ ਏ ਆਈ 016/115 ਦੇ ਪਹੁੰਚਣ ਦਾ ਸਮਾਂ 23.15 ਹੈ ਜਦਕਿ ਜਾਣ ਦਾ ਸਮਾਂ 02.30 ਹੈ। ਇਸੇ ਤਰ੍ਹਾਂ ਰੋਜ਼ਾਨਾ ਦਿੱਲੀ-ਅੰਮ੍ਰਿਤਸਰ-ਦਿੱਲੀ-ਲੰਦਨ ਉਡਾਣ ਨੰਬਰ ਏ ਆਈ 461/111 ਦੇ ਪਹੁੰਚਣ ਦਾ ਸਮਾਂ 09.45 ਤੇ ਜਾਣ ਦਾ ਸਮਾਂ 10.30 ਵਜੇ ਹੋਵੇਗਾ।

ਰੋਜ਼ਾਨਾ ਲੰਦਨ-ਦਿੱਲੀ/ਅੰਮ੍ਰਿਤਸਰ/ਦਿੱਲੀ ਉਡਾਣ ਨੰਬਰ ਏ ਆਈ 112/462 ਦੇ ਪਹੁੰਚਣ ਦਾ ਸਮਾਂ 13.05 ਵਜੇ ਤੇ ਜਾਣ ਦਾ ਸਮਾਂ 14.00 ਵਜੇ ਹੋਵੇਗਾ। ਦੁਬਈ/ਅੰਮ੍ਰਿਤਸਰ ਉਡਾਣ ਨੰਬਰ ਆਈ ਐਕਸ 192 ਦੇ ਪਹੁੰਚਣ ਦਾ ਸਮਾਂ 21.40 ਵਜੇ ਹੋਵੇਗਾ। ਇਹ ਤਬਦੀਲੀਆਂ 31 ਮਾਰਚ ਤੋਂ 26 ਅਕਤੂਬਰ ਤੱਕ ਜਾਰੀ ਰਹਿਣਗੀਆਂ। ਰੋਜ਼ਾਨਾ ਅੰਮ੍ਰਿਤਸਰ/ਦੁੱਬਈ ਉਡਾਣ ਨੰਬਰ ਆਈ ਐਕਸ 191 ਦੇ ਜਾਣ ਦਾ ਸਮਾਂ 01.35 ਵਜੇ ਹੋਵੇਗਾ। ਇਹ ਤਬਦੀਲੀ ਪਹਿਲੀ ਅਪਰੈਲ ਤੋਂ 26 ਅਕਤੂਬਰ ਤੱਕ ਜਾਰੀ ਰਹੇਗੀ।

# ਜਸਪਾਲ ਸਿੰਘ ਦੇ ਮਾਪਿਆਂ ਨੂੰ ਨਹੀਂ ਮਿਲਿਆ ਇਨਸਾਫ

**ਗੁਰਦਾਸਪੁਰ:** ਪਿਛਲੇ ਸਾਲ ਗੁਰਦਾਸਪੁਰ ਸ਼ਹਿਰ ਅੰਦਰ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋਏ ਭਾਈ ਜਸਪਾਲ ਸਿੰਘ ਚੌੜ ਸਿੱਧਵਾਂ ਦੀ ਪਹਿਲੀ ਬਰਸੀ ਉਨ੍ਹਾਂ ਦੇ ਗ੍ਰਹਿ ਪਿੰਡ ਚੌੜ ਸਿੱਧਵਾਂ ਵਿਚ ਮਨਾਈ ਗਈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਖ਼ਿਲਾਫ਼ ਕੀਤੇ ਰੋਸ ਪ੍ਰਦਰਸ਼ਨ ਦੌਰਾਨ ਪੁਲਿਸ ਨੇ ਗੋਲੀਆਂ ਮਾਰ ਕੇ ਜਸਪਾਲ ਸਿੰਘ ਨੂੰ ਸ਼ਹੀਦ ਕਰ ਦਿੱਤਾ ਸੀ ਪਰ ਅਜੇ ਤੱਕ ਦੋਸ਼ੀਆਂ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ। ਭਾਈ ਜਸਪਾਲ ਸਿੰਘ ਦੇ ਪਿਤਾ ਗੁਰਚਰਨਜੀਤ ਸਿੰਘ ਨੇ ਕਿਹਾ ਕਿ ਮੌਜੂਦਾ ਸਰਕਾਰ ਤੋਂ ਉਨ੍ਹਾਂ ਨੂੰ ਇਨਸਾਫ਼ ਦੀ ਕੋਈ ਆਸ ਨਹੀਂ ਰਹੀ।

ਬਰਸੀ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਉਪਰੰਤ ਢਾਡੀ ਜਥਾ ਤਰਸੇਮ ਸਿੰਘ ਮੋਰਾਂਵਾਲੀ, ਬੀਬੀ ਪੁਸ਼ਪਿੰਦਰ ਕੌਰ, ਬਲਦੇਵ ਸਿੰਘ ਅਖੰਡ ਕੀਰਤਨੀ ਜਥਾ ਤੇ ਢੱਡਰੀਆਂ ਵਾਲਿਆਂ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਕੀਰਤਨ ਤੇ ਵਾਰਾਂ ਰਾਹੀਂ ਨਿਹਾਲ ਕੀਤਾ।

ਇਸ ਬਰਸੀ ਦੇ ਸਮਾਗਮ ਵਿਚ ਵੱਡੀ ਗਿਣਤੀ ਵਿਚ ਸਮੁੱਚੇ ਪੰਜਾਬ ਤੋਂ ਤੇ ਵਿਦੇਸ਼ਾਂ ਤੋਂ



ਵੀ ਸੰਗਤਾਂ ਪਹੁੰਚੀਆਂ। ਪੁਲਿਸ ਵੱਲੋਂ ਕਿਸੇ ਅਣਸੁਖਾਵੀਂ ਘਟਨਾ ਦੇ ਮੱਦੇਨਜ਼ਰ ਸੁਰੱਖਿਆ ਦੇ ਇੰਤਜ਼ਾਮ ਕੀਤੇ ਗਏ ਸਨ ਪਰ ਪੁਲਿਸ ਦਾ ਕੋਈ ਵੀ ਵਰਦੀਧਾਰੀ ਮੁਲਾਜ਼ਮ ਜਾਂ ਅਧਿਕਾਰੀ ਪਿੰਡ ਚੌੜ ਸਿੱਧਵਾਂ ਤੱਕ ਨਹੀਂ ਪੁੱਜਾ। ਸਗੋਂ ਇਥੇ ਸਿਵਲ ਕੱਪੜਿਆਂ ਵਿਚ ਹੀ ਪੁਲਿਸ ਮੁਲਾਜ਼ਮ ਹਾਲਾਤ 'ਤੇ ਨਜ਼ਰ ਰੱਖੇ ਰਹੇ ਸਨ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਬੇਟੇ ਇਮਾਨ ਸਿੰਘ ਮਾਨ ਨੇ ਕਿਹਾ ਕਿ ਸ. ਮਾਨ ਦੀ ਸਿਹਤ ਠੀਕ ਨਾ ਹੋਣ ਕਾਰਨ ਉਹ ਉਨ੍ਹਾਂ ਦੇ ਹੁਕਮ ਅਨੁਸਾਰ ਇਥੇ ਸ਼ਹੀਦ ਜਸਪਾਲ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਏ ਹਨ। ਇਸ ਮੌਕੇ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਵੀ ਸੰਬੋਧਨ ਕੀਤਾ। ਇਸੇ ਦੌਰਾਨ ਗਿਆਨੀ ਸੁਖਜਿੰਦਰ ਸਿੰਘ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸ. ਗੁਰਬਚਨ ਸਿੰਘ ਪਵਾਰ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ (ਅ) ਗੁਰਦਾਸਪੁਰ, ਮਹਿੰਦਰਪਾਲ ਸਿੰਘ ਕੌਮੀ ਜਨਰਲ ਸਕੱਤਰ, ਧਿਆਨ ਸਿੰਘ ਮੰਡ, ਸਰਬਜੀਤ ਸਿੰਘ ਘੁਮਾਣ ਦਲ ਖਾਲਸਾ, ਬਾਬਾ ਸੁਰਿੰਦਰ ਸਿੰਘ ਗੁਰਦੁਆਰਾ ਬੁੰਗਾ ਜਲੰਧਰ, ਭਾਈ ਰਾਜੋਆਣਾ ਦੇ ਭਤੀਜੇ ਤੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਵੀ ਸੰਬੋਧਨ ਕਰਦਿਆਂ ਸ਼ਹੀਦ ਭਾਈ ਜਸਪਾਲ ਸਿੰਘ ਨੂੰ ਕੌਮ ਦਾ ਸ਼ਹੀਦ ਕਰਾਰ ਦਿੱਤਾ।

# ਬੱਚਿਆਂ ਲਈ ਵਿਦਿਅਕ ਪ੍ਰਣਾਲੀ ਦੀ ਚੋਣ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਵਿਦਿਆ ਦਾ ਨਵਾਂ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਵਿਦਿਆ ਪ੍ਰਣਾਲੀ ਦੀ ਗਣਤਾ ਅਤੇ ਗੁਣਤਾ ਵਲ ਧਿਆਨ ਜਾਣਾ ਕੁਦਰਤੀ ਹੈ, ਮੇਰੀ ਉਮਰ ਦੇ ਪ੍ਰਾਣੀਆਂ ਦਾ ਖਾਸ ਕਰਕੇ, ਜਿਹੜੇ ਵਿਦਿਆ ਪ੍ਰਾਪਤੀ ਵਿਚ ਅੰਤਾਂ ਦੇ ਸੁਭਾਗੇ ਰਹੇ ਹਨ। ਸੱਤ-ਅੱਠ ਦਹਾਕੇ ਪਹਿਲਾਂ ਪੜ੍ਹਾਉਣ ਵਾਲਿਆਂ ਦਾ ਪੜ੍ਹਨ ਵਾਲਿਆਂ ਨਾਲ ਰਿਸ਼ਤਾ ਮਾਪਿਆਂ ਦੇ ਬੱਚਿਆਂ ਨਾਲ ਰਿਸ਼ਤੇ ਤੋਂ ਵੀ ਗੂੜ੍ਹਾ ਹੁੰਦਾ ਸੀ। ਭਾਵਕਤਾ ਤੋਂ ਸੱਖਣਾ ਤੇ ਤਰਕ ਸੰਗਤ। ਅਧਿਆਪਕ ਆਪਣੇ ਵਿਦਿਆਰਥੀਆਂ ਦੇ ਭਵਿੱਖ ਬਾਰੇ ਸੋਚਦੇ ਸਨ। ਉਨ੍ਹਾਂ ਨੂੰ ਜੀਵਨ ਵਿਚ ਸਫਲ ਦੇਖਣਾ ਲੋਚਦੇ ਸਨ।

ਮੇਰੀ ਮੁਢਲੀ ਵਿਦਿਆ ਆਰੀਆ ਹਾਈ ਸਕੂਲ ਖੰਨਾ ਮੰਡੀ ਦੀ ਸੀ। ਹਾਈ ਸਕੂਲ ਵਿਚ ਪ੍ਰਵੇਸ਼ ਕਰਨ ਸਮੇਂ ਖਾਲਸਾ ਹਾਈ ਸਕੂਲ ਮਾਹਿਲਪੁਰ ਹੀ ਮੇਰੀ ਪਹੁੰਚ ਵਿਚ ਆਉਂਦਾ ਸੀ। ਮੈਂ ਆਪਣੇ ਮਾਪਿਆਂ ਤੇ ਰਿਸ਼ਤੇਦਾਰਾਂ ਦੀ ਪ੍ਰੇਰਨਾ ਅਧੀਨ ਸਾਇੰਸ ਦਾ ਵਿਸ਼ਾ ਚੁਣਨ ਨੂੰ ਪਹਿਲ ਦਿੱਤੀ। ਜਦੋਂ ਸਾਇੰਸ ਪੜ੍ਹਦਿਆਂ ਤਿੰਨ ਮਹੀਨੇ ਹੋਣ ਲੱਗੇ ਤਾਂ ਇਕ ਦਿਨ ਮੇਰੇ ਅਧਿਆਪਕ ਨੇ ਮੈਨੂੰ ਇਕੱਲਿਆਂ ਕਰ ਕੇ ਪਿਆਰ ਨਾਲ ਸਮਝਾਇਆ ਕਿ ਮੈਂ ਇਸ ਵਿਸ਼ੇ ਵਿਚ ਸਫਲ ਹੋਣ ਵਾਲਾ ਨਹੀਂ ਜਾਪਦਾ। ਇਸ ਤੋਂ ਨਿਜਾਤ ਪਾਉਣ ਲਈ ਮੈਨੂੰ ਹਿੰਦੀ ਜਾਂ ਪੰਜਾਬੀ ਪੜ੍ਹਨੀ ਪੈਣੀ ਸੀ। ਮੈਨੂੰ ਕੋਈ ਵੀ ਨਹੀਂ ਸੀ ਆਉਂਦੀ। ਅੱਠਵੀਂ ਸ਼੍ਰੇਣੀ ਤੱਕ ਮੈਂ ਉਰਦੂ ਹੀ ਪੜ੍ਹੀ ਸੀ। ਦੇਸ਼ ਵੰਡ ਤੋਂ ਪਿੱਛੋਂ ਇਸ ਭਾਸ਼ਾ ਨੂੰ ਕੋਈ ਨਹੀਂ ਸੀ ਗੌਲਦਾ। ਮੇਰਾ ਸਕੂਲ ਵੀ ਨਵਾਂ ਸੀ। ਉਥੇ ਪੰਜਾਬੀ ਦਾ ਬੋਲਬਾਲਾ ਸੀ। ਇਹ ਮੇਰੀ ਮਾਤ ਭਾਸ਼ਾ ਤਾਂ ਸੀ ਪਰ ਵਿਦਿਆ ਪ੍ਰਾਪਤੀ ਲਈ ਮੇਰੇ ਵਾਸਤੇ ਉਕਾ ਹੀ ਨਵੀਂ ਸੀ। ਕੋਈ ਗੱਲ ਨਹੀਂ ਕਹਿ ਕੇ ਸਾਇੰਸ ਅਧਿਆਪਕ ਮੈਨੂੰ ਪੰਜਾਬੀ ਅਧਿਆਪਕ ਕੋਲ ਲਿਜਾ ਕੇ ਉਸ ਦੇ ਹਵਾਲੇ ਕਰ ਆਇਆ। ਥੋੜ੍ਹੀਆਂ ਅੜਚਣਾਂ ਪਾਰ ਕਰਨ ਉਪਰੰਤ ਮੈਂ ਪੰਜਾਬੀ ਪੜ੍ਹਨ ਵਿਚ ਸਹਿਜੇ ਹੀ ਰਵਾਂ ਹੋ ਗਿਆ। ਬੀ.ਏ. ਕਰਨ ਤੱਕ ਮੈਂ ਪੰਜਾਬੀ ਦੇ ਉਚਤਮ ਵਿਦਿਆਰਥੀਆਂ ਵਿਚ ਗਿਣਿਆ ਜਾਣ ਲੱਗਿਆ। ਕਾਲਜ ਮੈਗਜ਼ੀਨ 'ਚਿੱਟਾ ਬਾਜ਼' ਦੇ ਪੰਜਾਬੀ ਵਿਭਾਗ ਦਾ ਸੰਪਾਦਕ ਥਾਪਿਆ ਗਿਆ।

ਦਿੱਲੀ ਜਾ ਕੇ ਸਪਤਾਹਿਕ 'ਫਤਿਹ' ਅਤੇ ਮਾਸਕ 'ਪ੍ਰੀਤਮ' ਦੇ ਸੰਪਾਦਨ ਦੀ ਨੌਕਰੀ ਪੰਜਾਬੀ ਪੜ੍ਹਨ ਸਦਕਾ ਮਿਲੀ। ਮੈਂ ਭਾਰਤ ਸਰਕਾਰ ਦੀ ਨੌਕਰੀ ਸਮੇਂ ਵੀ ਕਈ ਸੰਪਾਦਕੀਆਂ ਟੱਪ ਕੇ ਡਾਇਰੈਕਟਰ ਦੀ ਪਦਵੀ ਤੱਕ ਪਹੁੰਚਿਆ ਤੇ ਉਸ ਤੋਂ ਪਿੱਛੋਂ ਦੋ ਰੋਜ਼ਾਨਾ ਸਮਾਚਾਰ ਪੱਤਰਾਂ 'ਪੰਜਾਬੀ ਟ੍ਰਿਬਿਊਨ' ਤੇ 'ਦੇਸ਼ ਸੇਵਕ' ਦਾ ਸੰਪਾਦਕ ਤੇ ਪੰਜਾਬੀ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਦਾ ਮੁਖੀ ਵੀ ਰਿਹਾ। ਡਾਕਟਰ ਤਾਂ ਨਹੀਂ ਬਣਿਆ ਪਰ ਡਾਕਟਰਨੀ ਨਾਲ ਵਿਆਹਿਆ ਗਿਆ। ਇਸ ਸਭ ਕਾਸੇ ਲਈ ਮੈਂ ਉਸ ਅਧਿਆਪਕ ਦਾ ਰਿਣੀ ਹਾਂ ਜਿਸ ਨੇ ਮੈਨੂੰ ਉਸ ਮਾਰਗ ਤੋਰਿਆ ਜਿਸ ਤੋਂ ਮੇਰੇ ਮਾਪੇ ਅਣਜਾਣ ਸਨ। ਮੈਨੂੰ ਬਹੁਤ ਚੰਗੇ ਅਧਿਆਪਕ ਮਿਲੇ। ਪ੍ਰਮਾਣ ਦੇਣ ਲਈ ਇਕ ਹੀ ਚੁਣਿਆ ਹੈ ਜਿਸ ਨੇ ਮੈਨੂੰ ਪੜ੍ਹਾਇਆ ਨਹੀਂ ਪਰ ਸੇਧ ਦਿੱਤੀ। ਉਹ ਸੀ ਬਖਤਾਵਰ ਸਿੰਘ। ਸਾਇੰਸ ਅਧਿਆਪਕ, ਖਾਲਸਾ ਹਾਈ ਸਕੂਲ ਮਾਹਿਲਪੁਰ। ਮੈਂ ਉਸ ਦਾ ਪੁੱਤਰ ਨਹੀਂ ਸ਼ਿਸ਼ੂ ਸਾਂ।

ਅੱਜ ਦੇਸ਼ ਵਿਚ 660 ਯੂਨੀਵਰਸਿਟੀਆਂ ਹਨ। ਪੜ੍ਹਨ ਵਾਲੀਆਂ ਫੱਟੀਆਂ ਤੇ ਸਲੇਟਾਂ ਅਲੋਪ ਹੋ ਗਈਆਂ ਹਨ। ਵਿਦਿਆਰਥੀਆਂ ਦੇ ਬਸਤੇ ਉਨ੍ਹਾਂ ਤੋਂ ਚੁੱਕੇ ਨਹੀਂ ਜਾਂਦੇ। ਪਰ ਪਾਠ ਨੂੰ ਸਮਝਣ ਤੇ ਸਮਝਾਉਣ ਦੀ ਰੁਚੀ ਖਤਮ ਹੋ ਰਹੀ ਹੈ। ਘੋਟੇ ਲਾਉਣ ਤੇ ਲਗਵਾਉਣ ਦਾ ਬੋਲ ਬਾਲਾ ਹੈ। ਚੰਗੇ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਦੇਸ਼ ਦੀਆਂ ਸੰਸਥਾਵਾਂ ਤੋਂ ਉਖੜੇ ਵਿਦਿਆਰਥੀ ਮਾੜੇ ਕਰਮਾਂ ਵੱਲ ਵਧ ਰਹੇ ਹਨ। ਇਸ ਰੋਗ ਦੀਆਂ ਜੜ੍ਹਾਂ ਉਸ ਪ੍ਰਣਾਲੀ ਵਿਚ ਹਨ ਜਿਥੇ ਵਿਦਿਅਕ ਸੰਸਥਾਵਾਂ ਦੀ ਗਿਣਤੀ ਵਧ ਰਹੀ ਹੈ ਤੇ ਗੁਣਤਾ ਘਟ ਰਹੀ ਹੈ। ਦੋਸ਼ੀ ਕੌਣ ਹੈ? ਇਸ ਦਾ ਸੱਚ ਨਿਤਾਰਨ ਦੀ ਲੋੜ ਹੈ। ਇਸ ਕੰਮ ਵਿਚ ਸਮਾਂ ਲਗ ਸਕਦਾ ਹੈ। ਬੱਚਿਆਂ ਲਈ ਵਿਸ਼ੇ ਦੀ ਚੋਣ ਸਿਰਾਂ ਉਤੇ ਹੈ। ਮਾਪੇ ਚਾਹੁਣਗੇ ਕਿ ਉਨ੍ਹਾਂ ਦੇ ਬੱਚੇ ਡਾਕਟਰ, ਇੰਜੀਨੀਅਰ ਤੇ ਵਕੀਲ ਬਣਨ ਵਾਲੇ ਵਿਸ਼ੇ ਚੁਣਨ। ਪਰ ਇਹ ਵਿਚਾਰ ਉਨ੍ਹਾਂ ਲਈ ਘਾਤਕ ਹੋ ਸਕਦਾ ਹੈ। ਸਾਨੂੰ ਬੱਚਿਆਂ ਦੀ ਸੋਚ ਦਾ ਆਦਰ ਕਰਨਾ ਚਾਹੀਦਾ ਹੈ। ਆਪਣੀ ਸਲਾਹ ਉਨੀ-ਇੱਕੀ ਦਾ ਫਰਕ ਪਾਉਣ ਤੱਕ ਹੀ ਸੀਮਤ ਰੱਖਣੀ ਚਾਹੀਦੀ ਹੈ। ਅਧਿਆਪਕ ਸਭ ਕੁਝ ਜਾਣਦੇ ਹੋਏ ਵੀ ਜ਼ਿੰਮੇਵਾਰੀ ਲੈਣ ਤੋਂ ਕਤਰਾਉਂਦੇ ਹਨ। ਜੇ ਮਾਪੇ ਚਾਹੁਣ ਤਾਂ ਉਨ੍ਹਾਂ ਦੀ ਸਹਾਇਤਾ ਲੈ ਸਕਦੇ ਹਨ। ਬੱਚਿਆਂ ਨੂੰ ਸੂਝਵਾਨ ਅਧਿਆਪਕਾਂ ਨੇ ਬਨਾਉਣਾ ਹੈ।

### *ਕਿੱਕਰ ਰਿਜ਼ਾਰਟ ਬਨਾਮ ਮੇਲੇ ਦੀ ਸ਼ੌਂਕਣ*

ਕਦੀ ਨੂਰਪੁਰ ਬੇਦੀ ਦੇ ਕਸਬੇ ਨੂੰ ਨੰਦ ਲਾਲ ਨੂਰਪੁਰੀ ਨੇ ਰੁਸ਼ਨਾਇਆ ਸੀ। ਮੇਲੇ ਨੂੰ ਜਾਣ ਵਾਲੀ ਸ਼ੌਂਕਣ ਦੇ ਲੱਕ ਨੂੰ ਬੱਧੇ ਵੀਹ ਗਜ਼ ਦੇ ਘਗਰੇ ਅਤੇ ਧੂਲੇ ਹੋਏ ਪੈਰਾਂ ਨੂੰ ਪਾਈਆਂ ਝਾਂਜਰਾਂ ਚੇਤੇ ਕਰਵਾ ਕੇ। ਅੱਜ ਖੁਸ਼ਵੰਤ ਸਿੰਘ ਦੇ ਭਰਾ ਬ੍ਰਿਗੇਡੀਅਰ ਗੁਰਬਖਸ਼ ਸਿੰਘ ਦਾ ਦੋਹਤਰਾ ਅਮਰਿੰਦਰ ਸਿੰਘ ਇਸ ਕਸਬੇ ਦੇ ਨੇੜਲੇ ਪਿੰਡ ਕਾਂਗੜ ਵਿਚ 1800 ਏਕੜ ਜੰਗਲ ਨੂੰ ਮੰਗਲ ਬਣਾਈ ਬੈਠਾ ਹੈ। ਉਸ ਦੇ ਪਿਤਾ ਗੁਬਿੰਦਰ ਸਿੰਘ ਚੋਪੜਾ ਨੇ ਇਹ ਥਾਂ 24 ਸਾਲ ਪਹਿਲਾਂ ਕਿਸੇ ਰਾਇ ਸਾਹਿਬ ਤੋਂ ਖਰੀਦਿਆ ਸੀ। ਹੁਣ ਇਸ ਨੂੰ ਉਸ ਦੇ ਬੇਟੇ ਅਮਰਿੰਦਰ ਨੇ ਸਵਿਟਜ਼ਰਲੈਂਡ ਤੋਂ ਹੋਟਲ ਮੈਨੇਜਮੈਂਟ ਦੀ ਡਿਗਰੀ ਲੈਣ ਤੋਂ ਪਿੱਛੋਂ ਵਧੀਆ ਰਿਜ਼ਾਰਟ ਵਿਚ ਬਦਲ ਲਿਆ ਹੈ। ਪਰਬਤੀ ਢਲਾਣਾਂ 'ਤੇ ਬਣੇ 30 ਇਕਾਈਆਂ ਤੇ 2 ਡਾਮੇਟਰੀਜ਼ ਵਾਲੇ ਇਸ ਟਿਕਾਣੇ ਦਾ ਨਾਂ 'ਕਿੱਕਰ ਰਿਜ਼ਾਰਟ' ਹੈ। ਇਹ ਰੋਪੜ ਤੇ ਗੜ੍ਹਸ਼ੰਕਰ ਤੋਂ 25 ਕਿਲੋਮੀਟਰ ਪੈਂਦਾ ਹੈ। ਅਨੰਦਪੁਰ ਸਾਹਿਬ ਦੇ ਬਹੁਤ ਨੇੜੇ।

ਪੰਜਾਬ ਵਿਚੋਂ ਹਿਮਾਚਲ ਦਾ ਇਲਾਕਾ ਨਿਕਲ ਜਾਣ ਕਾਰਨ ਇਸ ਨੂੰ ਅਜੋਕੇ ਪੰਜਾਬ ਦਾ ਇੱਕੋ ਇਕ ਪਰਬਤੀ ਖੇਤਰ ਕਹਿ ਸਕਦੇ ਹਾਂ। ਇਥੇ ਹੋਰਨਾਂ ਪਸ਼ੂ-ਪੰਛੀਆਂ ਦੀ ਸੰਗਤ ਵਿਚ ਮੋਰ ਪੈਲਾਂ ਪਾਉਂਦੇ ਅਤੇ ਹਿਰਨ ਚੁੰਗੀਆਂ ਭਰਦੇ ਦੇਖੇ ਜਾ ਸਕਦੇ ਹਨ। ਠੰਢੀ ਹਵਾ ਦੇ ਬੁਲ੍ਹੇ ਤੇ ਮੀਂਹ ਹਨੇਰੀ ਦਾ ਝੱਖੜ ਤਾਂ ਆਉਂਦਾ ਹੈ ਐਪਰ ਪ੍ਰਦੂਸ਼ਣ ਤੋਂ ਰਹਿਤ। ਮੈਂ ਇਥੇ ਰਹਿ ਕੇ ਤਾਂ ਨਹੀਂ ਵੇਖਿਆ ਪਰ ਆਲਾ ਦੁਆਲਾ ਤੇ ਬਨਸਪਤੀ ਦੇਖਣ ਦੇ ਆਧਾਰ 'ਤੇ ਕਹਿ ਸਕਦਾ ਹਾਂ ਕਿ ਸਿਹਤ ਅਫਜ਼ਾ ਮੁਕਾਮ ਹੈ। ਮੈਂ ਉਥੇ ਗਿਆ ਤਾਂ ਕੋਈ ਵੀ ਕਮਰਾ ਖਾਲੀ ਨਹੀਂ ਸੀ ਪਰ ਠੰਢੀ ਹਵਾ ਦੇ ਬੁਲ੍ਹੇ ਮਾਨਣ ਵਾਲੇ ਸਨ। ਘਗਰੇ ਦੇ ਭਾਰ ਥੱਲੇ ਮੇਲ੍ਹਦੀ ਆਉਂਦੀ ਗੋਰੀ ਦਾ ਝਾਉਲਾ ਪਾਉਣ ਵਾਲੇ।

**ਅੰਤਿਕਾ:** ਪਰਮਜੀਤ ਵਿਰਕ
('ਤਾਰੇ ਭਰਨ ਹੁੰਗਾਰੇ' ਚੋਂ)
ਸਾਉਣ ਮਹੀਨੇ ਦੇ ਵਿਚ ਪੈਣੋ ਮੀਂਹ ਹਟ'ਗੇ,
ਬੰਦੇ ਦੇ ਨਾਲ ਰੁੱਸ ਕੇ ਬਹਿ ਗਈਆਂ ਰੁੱਤਾਂ ਨੇ।
ਪੜ੍ਹੋ! ਕੀ ਅਖਬਾਰ ਬਈ ਅੱਜ ਦੀ ਕਹਿੰਦੀ ਹੈ,
ਨਹਿਰ 'ਚ ਰੋੜ੍ਹ'ਤੀ ਮਾਂ ਉਸ ਦਿਆਂ ਪੁੱਤਾਂ ਨੇ।

# ਪੰਜਾਬ ਦੀ ਰਾਜਧਾਨੀ ਵਿਚੋਂ ਮਾਂ ਬੋਲੀ ਨੂੰ 'ਦੇਸ਼ ਨਿਕਾਲਾ'

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਨੇ ਇਕ ਪਾਸੇ ਤਾਂ ਬਜਟ ਸੈਸ਼ਨ ਦੌਰਾਨ ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰਨ ਦੀ ਮੰਗ ਕੀਤੀ ਹੈ ਪਰ ਦੂਜੇ ਪਾਸੇ ਪੰਜਾਬ ਵਿਧਾਨ ਸਭਾ ਵਿਚ ਯੂਟੀ ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਰੁਤਬਾ ਦੇਣ ਦੇ ਪਾਸ ਕੀਤੇ ਮਤੇ ਨੂੰ ਬਤੌਰ ਪ੍ਰਸ਼ਾਸਕ ਉਨ੍ਹਾਂ ਵੱਲੋਂ ਹੀ ਪਿਛਲੇ ਤਿੰਨ ਸਾਲਾਂ ਤੋਂ ਨੁਕਰੇ ਲਾਇਆ ਹੋਇਆ ਹੈ।

ਸੂਚਨਾ ਦੇ ਅਧਿਕਾਰ (ਆਰਟੀਆਈ) ਤਹਿਤ ਹਾਸਲ ਕੀਤੀ ਜਾਣਕਾਰੀ ਅਨੁਸਾਰ ਭਾਵੇਂ ਇਹ ਮੰਨਿਆ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ 15 ਮਾਰਚ 2010 ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਥਮ ਭਾਸ਼ਾ ਦਾ ਦਰਜਾ ਦੇਣ ਦਾ ਸਰਕਾਰੀ ਮਤਾ ਪਾਸ ਕੀਤਾ ਗਿਆ ਹੈ ਪਰ ਇਸ ਉਪਰ ਹੋਈ ਕਾਰਵਾਈ ਤੋਂ ਪੰਜਾਬ ਰਾਜ ਭਵਨ ਪੂਰੀ ਤਰ੍ਹਾਂ ਖਾਮੋਸ਼ ਹੈ। ਸ੍ਰੀ ਪਾਟਿਲ ਨੇ ਪੰਜਾਬ ਰਾਜ ਵਿਧਾਨ ਸਭਾ ਵਿਚ ਆਪਣੇ ਭਾਸ਼ਨ ਦੌਰਾਨ ਬੜੇ ਜ਼ੋਰ-ਸ਼ੋਰ ਨਾਲ ਕਿਹਾ ਸੀ ਕਿ ਲੰਮੀ ਜੱਦੋਜਹਿਦ ਤੇ ਬੇਅੰਤ ਕੁਰਬਾਨੀਆਂ ਪਿਛੋਂ ਪੰਜਾਬ ਦੀ ਸਿਰਜਣਾ ਕੀਤੀ ਗਈ ਸੀ ਪਰ ਹੁਣ ਰਾਜਧਾਨੀ ਚੰਡੀਗੜ੍ਹ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਉਨ੍ਹਾਂ ਇਹ ਵੀ ਕਿਹਾ ਸੀ ਕਿ ਭਾਵੇਂ ਜੁਲਾਈ-ਅਗਸਤ 1985 ਵਿਚ ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿਚ ਭਾਰਤ ਸਰਕਾਰ ਵੱਲੋਂ ਚੰਡੀਗੜ੍ਹ ਨੂੰ ਤਬਦੀਲ ਕਰਨ ਬਾਰੇ ਵਚਨਬੱਧਤਾ ਦਿੱਤੀ ਗਈ ਸੀ ਪਰ 47 ਸਾਲਾਂ ਬਾਅਦ ਵੀ ਚੰਡੀਗੜ੍ਹ ਪੰਜਾਬ ਨੂੰ ਨਾ ਦੇ ਕੇ ਧੱਕਾ ਕੀਤਾ ਗਿਆ ਹੈ। ਇਸ ਦਾ ਰੌਚਕ ਪਹਿਲੂ ਇਹ ਹੈ ਕਿ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਪਾਟਿਲ ਖੁਦ ਹੀ ਪੰਜਾਬ ਵਿਧਾਨ ਸਭਾ ਵਿਚ ਸਮੂਹ ਪਾਰਟੀਆਂ ਦੇ ਵਿਧਾਇਕਾਂ ਵੱਲੋਂ ਚੰਡੀਗੜ੍ਹ ਯੂਟੀ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਥਮ ਭਾਸ਼ਾ ਦਾ ਦਰਜਾ ਦੇਣ ਦੇ ਪਾਸ ਕੀਤੇ ਗਏ ਮਤੇ ਨੂੰ ਲਾਗੂ ਨਹੀਂ ਕਰ ਰਹੇ।




ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਲੋਕ ਸੂਚਨਾ ਅਧਿਕਾਰੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 15 ਮਾਰਚ, 2010 ਨੂੰ ਪੰਜਾਬ ਵਿਧਾਨ ਸਭਾ ਵਿਚ ਬਕਾਇਦਾ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਸੀ ਕਿ ਚੰਡੀਗੜ੍ਹ ਨੂੰ ਪੰਜਾਬ ਦੇ ਉਸ ਸਮੇਂ ਦੇ 28 ਪਿੰਡਾਂ ਦੀ 30 ਹਜ਼ਾਰ ਏਕੜ ਜ਼ਮੀਨ ਉਪਰ ਪੰਜਾਬ ਦੀ ਰਾਜਧਾਨੀ ਵਜੋਂ ਸਥਾਪਤ ਕੀਤਾ ਗਿਆ ਸੀ ਪਰ ਪੰਜਾਬੀਆਂ ਦੀ ਮਾਂ ਬੋਲੀ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿਚ ਉਸ ਦਾ ਬਣਦਾ ਮਾਣ, ਅਹਿਮੀਅਤ ਤੇ ਸਤਿਕਾਰ ਨਹੀਂ ਦਿੱਤਾ ਗਿਆ ਤੇ ਬਾਕਾਇਦਾ ਬੇਰੁਖੀ ਵਰਤੀ ਜਾ ਰਹੀ ਹੈ, ਇਸ ਲਈ ਇਹ ਤਜਵੀਜ਼ ਕੀਤਾ ਜਾਂਦਾ ਹੈ ਕਿ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਥਮ ਭਾਸ਼ਾ ਦਾ ਬਣਦਾ ਦਰਜਾ ਦਿੱਤਾ ਜਾਵੇ।

ਪੰਜਾਬ ਵਿਧਾਨ ਸਭਾ ਸਕੱਤਰੇਤ ਵੱਲੋਂ ਇਹ ਵੀ ਜਾਣਕਾਰੀ ਦਿੱਤੀ ਗਈ ਹੈ ਕਿ ਇਸ ਸਰਕਾਰੀ ਮਤੇ ਨੂੰ ਅਗਲੇਰੀ ਕਾਰਵਾਈ ਲਈ ਸਕੱਤਰ ਸਿੱਖਿਆ ਵਿਭਾਗ ਪੰਜਾਬ ਨੂੰ ਭੇਜ ਦਿੱਤਾ ਗਿਆ ਸੀ ਤੇ ਇਸ ਉਪਰ ਅਗਲੇਰੀ ਕਾਰਵਾਈ ਸਰਕਾਰ ਦੇ ਪੱਧਰ 'ਤੇ ਹੀ ਕੀਤੀ ਜਾਣੀ ਹੈ।

ਚੇਤਾ ਕਰਵਾਇਆ ਜਾਂਦਾ ਹੈ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਸ ਵੇਲੇ ਦੇ ਭਾਸ਼ਾ ਤੇ ਵਿੱਤ ਮੰਤਰੀ ਡਾਕਟਰ ਉਪਿੰਦਰਜੀਤ ਕੌਰ ਮੁੱਖ ਲੇਖਕਾਂ, ਸਾਹਿਤਕਾਰਾਂ ਆਦਿ ਦੇ ਵੱਡੇ ਕਾਫਲੇ ਸਮੇਤ ਪੰਜਾਬ ਰਾਜ ਭਵਨ ਵਿਖੇ ਇਹ ਮਤਾ ਰਾਜਪਾਲ ਸ੍ਰੀ ਪਾਟਿਲ ਨੂੰ ਸੌਂਪਣ ਗਏ ਸਨ ਪਰ ਰਾਜ ਭਵਨ ਵਿਚੋਂ ਅੱਜ ਤੱਕ ਇਸ ਮਤੇ ਦੀ ਕੋਈ ਉਘ-ਸੁੱਘ ਨਹੀਂ ਨਿਕਲੀ। ਇਸ ਦੇ ਉਲਟ ਚੰਡੀਗੜ੍ਹ ਪ੍ਰਸ਼ਾਸਨ ਨੇ ਜਨਤਕ ਥਾਵਾਂ 'ਤੇ ਲੱਗੇ ਸਾਈਨ ਬੋਰਡਾਂ ਵਿਚੋਂ ਵੀ ਪੰਜਾਬੀ ਭਾਸ਼ਾ ਦਾ ਸਫਾਇਆ ਕਰਨਾ ਸ਼ੁਰੂ ਕਰ ਦਿੱਤਾ ਹੈ।

ਭਰੋਸੇਯੋਗ ਸੂਤਰਾਂ ਅਨੁਸਾਰ ਯੂਟੀ ਪ੍ਰਸ਼ਾਸਨ ਦੇ ਅਧਿਕਾਰੀਆਂ ਵੱਲੋਂ ਪੰਜਾਬੀ ਭਾਸ਼ਾ ਦੇ ਮੁੱਦੇ ਨੂੰ ਦੋ ਰਾਜਾਂ ਦੇ ਵਿਵਾਦ ਨਾਲ ਜੋੜ ਕੇ ਰਾਜਪਾਲ ਅੱਗੇ ਪੇਸ਼ ਕਰਕੇ ਪੰਜਾਬ ਦੀ ਸਰਵਉਚ ਸੰਸਥਾ ਵਿਧਾਨ ਸਭਾ ਦੇ ਮਤੇ ਨੂੰ ਨੁਕਰੇ ਲਾਇਆ ਜਾ ਰਿਹਾ ਹੈ। ਦੂਜੇ ਪਾਸੇ ਪਿਛਲੇ ਤਿੰਨ ਸਾਲਾਂ ਦੌਰਾਨ ਪੰਜਾਬ ਸਰਕਾਰ ਵੀ ਹੈਰਾਨੀ ਭਰੇ ਢੰਗ ਨਾਲ ਵਿਧਾਨ ਸਭਾ ਵੱਲੋਂ ਪਾਸ ਕੀਤੇ ਮਤੇ ਨੂੰ ਆਪਣੇ ਹੀ ਰਾਜ ਦੇ ਰਾਜਪਾਲ ਕੋਲੋਂ ਲਾਗੂ ਕਰਵਾਉਣ ਤੋਂ ਅਸਮਰੱਥ ਹੈ।

## *ਪੰਜਾਬੀ ਲਾਗੂ ਕਰਾਉਣ ਲਈ ਸਿੱਖ ਸੰਗਤ ਡਟੀ*

**ਚੰਡੀਗੜ੍ਹ:** ਚੰਡੀਗੜ੍ਹ ਵਿਚ ਪੰਜਾਬੀ ਲਾਗੂ ਕਰਾਉਣ ਲਈ ਸਿੱਖ ਸੰਗਤਾਂ ਸੜਕਾਂ 'ਤੇ ਉਤਰਨਗੀਆਂ। ਇਥੋਂ ਦੇ ਗੁਰਦੁਆਰਿਆਂ ਦੀਆਂ ਕਈ ਪ੍ਰਬੰਧਕੀ ਕਮੇਟੀਆਂ ਨੇ ਰਾਜਧਾਨੀ ਵਿਚ ਪੰਜਾਬੀ ਲਾਗੂ ਕਰਾਉਣ ਦੀ ਮੰਗ ਨੂੰ ਲੈ ਕੇ ਲੜੀਵਾਰ ਸ਼ਾਂਤਮਈ ਕੈਂਡਲ ਮਾਰਚ ਕੱਢਣ ਦਾ ਐਲਾਨ ਕੀਤਾ। ਚੰਡੀਗੜ੍ਹ ਸਮੂਹ ਗੁਰਦੁਆਰਾ ਪ੍ਰਬੰਧਕ ਸੰਗਠਨ ਦੇ ਸਿੱਖ ਆਗੂਆਂ ਨੇ ਇਸ ਪ੍ਰਤੀ ਢਿੱਲ ਵਰਤਣ ਲਈ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਪ੍ਰਸ਼ਾਸਕ ਸ਼ਿਵਰਾਜ ਪਾਟਿਲ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਚੰਡੀਗੜ੍ਹ ਦੇ ਐਮ.ਪੀ. ਤੇ ਕੇਂਦਰੀ ਰੇਲ ਮੰਤਰੀ ਪਵਨ ਬਾਂਸਲ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਚੰਡੀਗੜ੍ਹ ਵਿਚ ਪੰਜਾਬੀ ਲਾਗੂ ਕਰਾਉਣ ਲਈ ਹੁਣ ਤੱਕ ਕੋਈ ਠੋਸ ਉਪਰਾਲਾ ਨਹੀਂ ਕੀਤਾ। ਸਿੱਖ ਆਗੂਆਂ ਨੇ ਕਿਹਾ ਕਿ ਸ੍ਰੀ ਬਾਂਸਲ ਨੇ ਲੋਕ ਸਭਾ ਚੋਣਾਂ ਦੌਰਾਨ ਚੰਡੀਗੜ੍ਹ ਦੀਆਂ ਸੰਗਤਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਪਹਿਲ ਦੇ ਆਧਾਰ 'ਤੇ ਬਣਦਾ ਮਾਣ ਸਤਿਕਾਰ ਦਿੰਦੇ ਹੋਏ ਲਾਗੂ ਕਰਵਾਇਆ ਜਾਵੇਗਾ ਪਰ ਇਸ ਬਾਰੇ ਹਾਲੇ ਤੱਕ ਉਨ੍ਹਾਂ ਵੱਲੋਂ ਇਸ ਕਾਰਜ ਲਈ ਕੀਤਾ ਕੋਈ ਠੋਸ ਉਪਰਾਲਾ ਨਜ਼ਰ ਨਹੀਂ ਆਉਂਦਾ। ਸਿੱਖ ਆਗੂਆਂ ਨੇ ਕਿਹਾ ਕਿ ਗੁਆਂਢੀ ਸੂਬੇ ਹਰਿਆਣਾ ਤੇ ਦਿੱਲੀ ਵਿਚ ਪੰਜਾਬੀ ਭਾਸ਼ਾ ਨੂੰ ਬਣਦਾ ਸਤਿਕਾਰ ਦਿੱਤਾ ਜਾ ਚੁੱਕਾ ਹੈ।

## ਪੰਜਾਬੀ ਨਾਲ ਵਿਤਕਰੇ ਤੋਂ ਸਾਹਿਤਕਾਰ ਖ਼ਫਾ

**ਚੰਡੀਗੜ੍ਹ:** ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਨੇ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਵਿਰੋਧੀ ਕਾਰਵਾਈਆਂ ਦਾ ਗੰਭੀਰ ਨੋਟਿਸ ਲਿਆ ਹੈ ਤੇ ਪੰਜਾਬ ਦੇ ਰਾਜਪਾਲ ਵੱਲੋਂ ਚੰਡੀਗੜ੍ਹ ਵਿਚ ਬਤੌਰ ਪ੍ਰਸ਼ਾਸਕ ਪੰਜਾਬੀ ਭਾਸ਼ਾ ਨਾਲ ਕੀਤੇ ਜਾ ਰਹੇ ਖਿਲਵਾੜ ਨੂੰ ਅਤਿ ਮੰਦਭਾਗਾ ਕਰਾਰ ਦਿੱਤਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਡਾ. ਤੇਜਵੰਤ ਮਾਨ ਨੇ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੰਜਾਬੀ ਭਾਸ਼ਾ ਦਾ ਸਫ਼ਾਇਆ ਕਰਨ ਲਈ ਆਪਣੇ ਮਨਸੂਬੇ ਸਾਫ਼ ਕਰ ਦਿੱਤੇ ਹਨ। ਪ੍ਰਬੰਧਕਾਂ ਨੇ ਚੰਡੀਗੜ੍ਹ ਵਿੱਚੋਂ ਸਾਰੇ ਸੂਚਕ ਬੋਰਡਾਂ ਤੇ ਹੋਰ ਜਨਤਕ ਥਾਵਾਂ ਤੋਂ ਪੰਜਾਬੀ ਭਾਸ਼ਾ ਹਟਾ ਕੇ ਸਿਰਫ਼ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਕਰ ਦਿੱਤੀ ਹੈ। ਡਾ. ਮਾਨ ਨੇ ਕਿਹਾ ਕਿ ਇਕ ਪਾਸੇ ਤਾਂ ਪੰਜਾਬ ਦੇ ਰਾਜਪਾਲ ਪੰਜਾਬ ਵਿਧਾਨ ਸਭਾ ਵਿਚ ਚੰਡੀਗੜ੍ਹ ਪੰਜਾਬ ਨੂੰ ਦੇਣ ਤੇ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਲਾਗੂ ਕਰਨ ਦੀ ਆਪਣੇ ਭਾਸ਼ਣ ਵਿਚ ਮੰਗ ਕਰ ਰਹੇ ਹਨ ਪਰ ਦੂਜੇ ਪਾਸੇ ਆਪ ਹੀ ਚੰਡੀਗੜ੍ਹ ਦੇ ਪ੍ਰਸ਼ਾਸਕ ਵਜੋਂ ਚੰਡੀਗੜ੍ਹ ਨੂੰ ਕੇਂਦਰੀ ਪ੍ਰਸ਼ਾਸਕ ਇਲਾਕਾ ਰੱਖਣ ਲਈ ਪੰਜਾਬੀ ਭਾਸ਼ਾ ਨਾਲ ਧੱਕਾ ਕਰ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਚੰਡੀਗੜ੍ਹ ਵਿੱਚੋਂ ਪੰਜਾਬੀ ਨੂੰ ਖਤਮ ਕਰਕੇ ਹਿੰਦੀ ਭਾਸ਼ੀ ਇਲਾਕਾ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਨੂੰ ਭਾਸ਼ਾ ਦੇ ਆਧਾਰ ਉਤੇ ਪੰਜਾਬ ਨਾਲੋਂ ਵੱਖ ਨਹੀਂ ਸੀ ਕੀਤਾ ਸਗੋਂ ਇਹ ਇੰਦਰਾ ਗਾਂਧੀ ਦਾ ਆਪਣਾ ਰਾਜਸੀ ਫੈਸਲਾ ਸੀ ਜੋ ਸਰਾਸਰ ਪੰਜਾਬ ਨਾਲ ਧੱਕਾ ਕੀਤਾ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਚੰਡੀਗੜ੍ਹ ਤੇ ਪੰਜਾਬੀ ਭਾਸ਼ਾ ਲਈ ਮਤਾ ਪਾਸ ਕਰ ਲੈਣ ਤੋਂ ਬਾਅਦ ਚੁੱਪ ਧਾਰ ਲੈਂਦੀ ਹੈ।

## ਪੰਜਾਬ ਦੇ ਸ਼ਹਿਰਾਂ ਨੂੰ ਲੱਗਾ .ਗੈਰਕਾਨੂੰਨੀ ਕਲੋਨੀਆਂ ਦਾ ਗ੍ਰਹਿਣ

**ਚੰਡੀਗੜ੍ਹ:** ਭਾਵੇਂ ਸੂਬਾਈ ਵਿਧਾਨ ਸਭਾ ਨੇ ਪੰਜਾਬ ਲਾਅਜ਼ (ਸਪੈਸ਼ਲ ਪ੍ਰੋਵੀਜ਼ਨਜ਼) ਬਿੱਲ 2013 ਪਾਸ ਕਰ ਦਿੱਤਾ ਹੈ ਤਾਂ ਕਿ ਰਾਜ ਭਰ ਵਿਚ 1500 ਦੇ ਕਰੀਬ ਗ਼ੈਰਕਾਨੂੰਨੀ ਕਲੋਨੀਆਂ ਨੂੰ ਨਿਯਮਿਤ ਕੀਤਾ ਜਾ ਸਕੇ ਪਰ ਇਹ ਵਰਤਾਰਾ ਸ਼ਹਿਰੀ ਖੇਤਰਾਂ ਦੇ ਯੋਜਨਾਬੱਧ ਵਾਧੇ ਨੂੰ ਵੱਡੀ ਢਾਹ ਲਾਏਗਾ। ਇਨ੍ਹਾਂ ਗ਼ੈਰਕਾਨੂੰਨੀ ਕਲੋਨੀਆਂ ਨੇ ਪੰਜਾਬ ਦੇ ਸ਼ਹਿਰਾਂ ਦੀ ਨੁਹਾਰ ਹੀ ਵਿਗਾੜ ਦਿੱਤੀ ਹੈ।

ਵਿਧਾਨ ਸਭਾ ਵਿਚ ਪਾਸ ਕੀਤਾ ਇਹ ਬਿੱਲ ਰਾਜਪਾਲ ਦੀ ਹਾਮੀ 'ਤੇ ਐਕਟ ਵਜੋਂ ਨੋਟੀਫਾਈ ਕੀਤੇ ਜਾਣ ਮਗਰੋਂ ਇਕ ਸਾਲ ਲਾਗੂ ਰਹੇਗਾ। ਤੱਥ ਇਹ ਹੈ ਕਿ ਰਾਜ ਸਰਕਾਰ ਨੇ ਇਹ ਮੰਨਿਆ ਹੈ ਕਿ ਕਲੋਨੀਆਂ ਵਿਕਸਤ ਕਰਨ ਵਾਲਿਆਂ ਨੇ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਦੇ ਮਾਸਟਰ ਪਲਾਨ ਦੀ ਪ੍ਰਵਾਹ ਕੀਤੇ ਬਿਨਾਂ ਗ਼ੈਰਕਾਨੂੰਨੀ ਕਲੋਨੀਆਂ ਖੜ੍ਹੀਆਂ ਕਰ ਦਿੱਤੀਆਂ ਤੇ ਰਾਤੋ-ਰਾਤ ਅਮੀਰ ਹੋ ਗਏ। ਪਾਣੀ, ਬਿਜਲੀ ਤੇ ਸੀਵਰੇਜ ਪ੍ਰਣਾਲੀ ਜਿਹੇ ਬਣਦੇ ਬੁਨਿਆਦੀ ਢਾਂਚੇ ਤੋਂ ਸੱਖਣੀਆਂ ਇਹ ਗ਼ੈਰਕਾਨੂੰਨੀ ਕਲੋਨੀਆਂ ਸ਼ਹਿਰੀ ਖੇਤਰਾਂ 'ਚ ਪ੍ਰਸ਼ਾਸਨ ਲਈ ਵੱਡੀ ਸਿਰਦਰਦੀ ਹਨ।

ਰਾਜ ਵਿਚ ਸ਼ਹਿਰੀ ਵਿਕਾਸ ਨਾਲ ਜੁੜੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਸਰਕਾਰ ਅਜਿਹੇ ਸਾਰੇ ਕਲੋਨਾਈਜ਼ਰਾਂ ਨੂੰ ਇਕੱਠੇ ਕਰਕੇ ਉਨ੍ਹਾਂ ਨੂੰ ਪਲਾਟਾਂ ਜਾਂ ਅਪਾਰਟਮੈਂਟ ਦੇ ਖਰੀਦਦਾਰਾਂ ਤੋਂ ਲਏ ਪੈਸੇ ਵਿਆਜ ਸਣੇ ਮੋੜਨ ਲਈ ਮਜਬੂਰ ਕਰਦੀ। ਕਾਰਵਾਈ ਕਰਨ ਦੀ ਬਜਾਏ ਸਰਕਾਰ ਨੇ ਬਿੱਲ ਵਿਚ ਇਹ ਵਿਵਸਥਾ ਕੀਤੀ ਹੈ ਕਿ ਵੱਖ-ਵੱਖ ਕਾਨੂੰਨ ਜਿਵੇਂ ਪੰਜਾਬ ਰਿਜਨਲ ਤੇ ਟਾਊਨ ਪਲਾਨਿੰਗ ਤੇ ਡਿਵੈਲਪਮੈਂਟ ਐਕਟ 1995 ਜਾਂ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਐਕਟ 1976 ਜਾਂ ਪੰਜਾਬ ਮਿਉਂਸਿਪਲ ਐਕਟ 1911 ਜਾਂ ਪੰਜਾਬ ਟਾਊਨ ਪਲਾਨਿੰਗ ਇੰਪਰੂਵਮੈਂਟ ਐਕਟ 1922 ਜਾਂ ਹੋਰ ਕਾਨੂੰਨਾਂ ਨੂੰ ਲਾਗੂ ਕਰਨ ਸਮੇਂ ਇਨ੍ਹਾਂ ਗ਼ੈਰਕਾਨੂੰਨੀ ਕਲੋਨੀਆਂ ਦਾ ਧਿਆਨ ਰਹੇ।

ਬਿੱਲ ਮੁਤਾਬਕ ਇਕ ਸਾਲ ਤਕ ਇਨ੍ਹਾਂ ਗ਼ੈਰਕਾਨੂੰਨੀ ਕਲੋਨੀਆਂ ਜਾਂ ਅਣਅਧਿਕਾਰਤ ਵਿਕਾਸ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਏਗੀ। ਸਰਕਾਰ ਨੂੰ ਇਨ੍ਹਾਂ ਕਲੋਨੀਆਂ ਨੂੰ ਨਿਯਮਿਤ ਕਰਨ ਤੋਂ 400 ਕਰੋੜ ਰੁਪਏ ਆਉਣ ਦੀ ਸੰਭਾਵਨਾ ਹੈ ਜੋ ਮਕਾਨਾਂ ਦੇ ਖਰੀਦਦਾਰਾਂ ਨੇ ਵਿਕਾਸ ਫੀਸ ਵਜੋਂ ਦੇਣੇ ਹਨ।

# ਦਲ ਬਦਲੀ ਦੀ ਰਾਜਨੀਤੀ ਰੋਕਣ ਦੀ ਲੋੜ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਜ਼ਿੰਦਗੀ ਸਿਰਫ ਜਮਾਤਾਂ ਆਸਰੇ ਅਕਲ ਦੀਆਂ ਪੌੜੀਆਂ ਨਹੀਂ ਚੜ੍ਹਦੀ, ਇਸ ਵਿਚ ਵਰ੍ਹਿਆਂ ਦਾ ਵੀ ਯੋਗਦਾਨ ਹੁੰਦਾ ਹੈ। ਬੁੱਢਾ ਸੰਦੂਕ ਵਿਚ ਪਾ ਕੇ ਬਰਾਤ ਨਾਲ ਲੈ ਜਾਣ ਦੀ ਕਹਾਣੀ ਪੰਜਾਬ ਵਿਚ ਐਵੇਂ ਨਹੀਂ ਬਣੀ। ਇਸ ਦੇ ਪਿੱਛੇ ਇਹ ਦਲੀਲ ਹੈ ਕਿ ਸਾਲਾਂ-ਬੱਧੀ ਠੇਡੇ ਖਾ ਕੇ ਜਿਸ ਨੂੰ ਧੌਲੇ ਆਏ ਹੋਣ, ਉਸ ਨੂੰ ਕਿਤਾਬੀ ਗਿਆਨ ਨਾਲੋਂ ਅਭਿਆਸੀ ਗਿਆਨ ਵੱਧ ਹੁੰਦਾ ਹੈ। ਸੰਤ ਸਿੰਘ ਮਸਕੀਨ ਕਹਿੰਦੇ ਸਨ ਕਿ ਕਿਤਾਬੀ ਗਿਆਨ ਤੇ ਅਭਿਆਸੀ ਗਿਆਨ ਦਾ ਆਪਣੇ ਢਿੱਡੋਂ ਜੰਮੇ ਪੁੱਤਰ ਤੇ ਮੁਤਬੰਨੇ ਜਿੰਨਾ ਫਰਕ ਹੁੰਦਾ ਹੈ। ਕਿਤਾਬੀ ਗਿਆਨ ਛੋਟੇ ਬਾਦਲ ਦੇ ਕੋਲ ਹੀ ਵੱਧ ਹੋਊਗਾ, ਪਰ ਜਿਹੜਾ ਅਭਿਆਸੀ ਗਿਆਨ ਬਾਪੂ ਬਾਦਲ ਦੇ ਕੋਲ ਹੈ, ਅਕਾਲੀ ਲੀਡਰਸ਼ਿਪ ਨੂੰ ਉਸ ਦੀ ਵਰਤਣ ਦੀ ਲੋੜ ਕਿਸੇ ਵੀ ਹੋਰ ਸਮੇਂ ਤੋਂ ਵੱਧ ਇਸ ਵੇਲੇ ਹੈ।***

ਕਿਸੇ ਬੰਦੇ ਨੇ ਕਿਸ ਪਾਰਟੀ ਵਿਚ ਜਾਣਾ ਤੇ ਕਿੰਨਾ ਚਿਰ ਉਸ ਨਾਲ ਵਫਾ ਨਿਭਾਉਣੀ ਹੈ, ਲੋਕਤੰਤਰ ਵਿਚ ਇਸ ਦੀ ਹਰ ਕਿਸੇ ਨੂੰ ਪੂਰੀ ਖੁੱਲ੍ਹ ਹੁੰਦੀ ਹੈ। ਇਸ ਦੇ ਬਾਵਜੂਦ ਪਾਰਟੀ ਵਫਾਦਾਰੀਆਂ ਬਦਲਣ ਨੂੰ ਵੀ ਆਮ ਕਰ ਕੇ ਚੰਗਾ ਨਹੀਂ ਸਮਝਿਆ ਜਾਂਦਾ ਤੇ ਪਾਰਟੀਆਂ ਬਦਲਾਉਣ ਵਾਲੇ ਬਾਰੇ ਵੀ ਲੋਕ ਕੁਝ ਚੰਗਾ ਨਹੀਂ ਸੋਚਦੇ। ਅੰਗਰੇਜ਼ੀ ਦਾ ਇੱਕ ਸ਼ਬਦ 'ਟਰਨ-ਕੋਟ' ਹੈ, ਜਿਸ ਦਾ ਭਾਵ ਇਹ ਹੈ ਕਿ ਇਹ ਬੰਦਾ ਦੋ-ਰੰਗਾ ਕੋਟ ਰੱਖੀ ਫਿਰਦਾ ਹੈ, ਜਿਸ ਤਰ੍ਹਾਂ ਦੀ ਪਾਰਟੀ ਨਾਲ ਸਾਂਝ ਪੈ ਜਾਵੇ, ਉਸੇ ਰੰਗ ਦਾ ਕੋਟ ਪਾ ਸਕਦਾ ਹੈ। ਇਹ ਸ਼ਬਦ ਉਦੋਂ ਬਣਿਆ ਸੀ, ਜਦੋਂ ਇੱਕ ਦੇਸ਼ ਦੀ ਫੌਜ ਨੂੰ ਭਾਰੂ ਹੁੰਦੀ ਵੇਖ ਕੇ ਇੱਕ ਛੋਟੇ ਜਿਹੇ ਯੂਰਪੀ ਰਾਜ ਦਾ ਰਾਜਾ ਉਸ ਨਾਲ ਜੁੜ ਗਿਆ ਤੇ ਉਸ ਦੇਸ਼ ਦੀ ਫੌਜ ਦੇ ਰੰਗ ਦਾ ਕੋਟ ਪਾ ਲਿਆ ਸੀ। ਕੁਝ ਚਿਰ ਪਿੱਛੋਂ ਦੂਸਰੇ ਦੇਸ਼ ਦੀ ਫੌਜ ਭਾਰੂ ਹੋਈ ਤਾਂ ਉਸ ਨੇ ਉਸ ਦੇਸ਼ ਦੀ ਫੌਜ ਦੇ ਰੰਗ ਦਾ ਕੋਟ ਬਣਵਾ ਲਿਆ। ਇਸ ਤਰ੍ਹਾਂ ਦੋ-ਤਿੰਨ ਵਾਰੀ ਹੋਈ ਤਾਂ ਉਸ ਦੇ ਮਨ ਵਿਚ ਖਿਆਲ ਆਇਆ ਕਿ ਵਾਰ-ਵਾਰ ਨਵੇਂ ਕੋਟ ਬਣਵਾਉਣ ਦਾ ਸਿਆਪਾ ਮੁਕਾ ਦੇਣਾ ਚਾਹੀਦਾ ਹੈ, ਇਸ ਲਈ ਉਸ ਨੇ ਆਪਣੇ ਦਰਜ਼ੀ ਨੂੰ ਕਿਹਾ ਕਿ ਅੰਦਰ ਤੇ ਬਾਹਰ ਦੋ ਰੰਗ ਇਸ ਤਰ੍ਹਾਂ ਹੋਣੇ ਚਾਹੀਦੇ ਹਨ ਕਿ ਉਲਟਾ ਕਰ ਕੇ ਪਾਇਆ ਵੀ ਸਿੱਧਾ ਹੀ ਜਾਪੇ। ਫਿਰ ਉਸ ਰਾਜੇ ਨੇ ਉਹ ਦੋ-ਰੰਗਾ ਕੋਟ ਬਣਵਾ ਕੇ ਰੱਖ ਲਿਆ ਤੇ ਜਦੋਂ ਪਾਸਾ ਬਦਲਣਾ ਪੈਂਦਾ, ਆਪਣੇ ਕੋਟ ਦਾ ਪਾਸਾ ਵੀ ਪਲਟ ਲੈਂਦਾ ਸੀ, ਜਿਸ ਕਰ ਕੇ ਉਸ ਦਾ ਨਾਂ 'ਟਰਨ-ਕੋਟ' ਪਾ ਦਿੱਤਾ ਗਿਆ ਸੀ।

ਸਾਡੇ ਪੰਜਾਬ ਵਿਚ ਵੀ ਇੱਕ ਏਦਾਂ ਦਾ ਬੰਦਾ ਹੁੰਦਾ ਸੀ। ਉਸ ਦਾ ਅਸਲੀ ਨਾਂ ਭਾਵੇਂ ਬਹਿਰਾਮ ਜੰਗ ਸੀ, ਪਰ ਸ਼ੁੱਕਰਵਾਰ (ਜਿਸ ਨੂੰ ਅਰਬੀ ਵਿਚ 'ਅਦੀਨਾ' ਕਹਿੰਦੇ ਹਨ) ਵਾਲੇ ਦਿਨ ਪੈਦਾ ਹੋਣ ਕਰ ਕੇ ਇਸ ਦਾ ਨਾਂ ਅਦੀਨਾ ਬੇਗ ਪੈ ਗਿਆ ਸੀ। ਅੱਜ ਕੱਲ੍ਹ ਕਿਸੇ ਨੂੰ ਪਾਰਟੀ ਬਦਲਣ ਵਾਲਾ ਕਹਿਣਾ ਹੋਵੇ ਤਾਂ ਦਲ-ਬਦਲੂ ਕਿਹਾ ਜਾਂਦਾ ਹੈ, ਪਰ ਚਿਰਾਂ ਤੱਕ ਇਸ ਦੀ ਬਜਾਏ 'ਅਦੀਨਾ ਬੇਗ' ਸ਼ਬਦ ਪੰਥਕ ਸਿਆਸਤ ਵਿਚ ਚੱਲਦਾ ਰਿਹਾ ਸੀ। ਕਾਰਨ ਇਸ ਦਾ ਇਹ ਸੀ ਕਿ ਅਦੀਨਾ ਬੇਗ ਨੇ ਆਪਣੇ ਸਮੇਂ ਦੋ ਵਾਰੀ ਸਿੱਖਾਂ ਨਾਲ ਰਲ ਕੇ ਮੁਗਲਾਂ ਦੇ ਖਿਲਾਫ ਲੜਾਈ ਲੜੀ ਤੇ ਤਿੰਨ ਵਾਰੀ ਮੁਗਲਾਂ ਨਾਲ ਰਲ ਕੇ ਸਿੱਖਾਂ ਦੇ ਖਿਲਾਫ ਲੜ ਚੁੱਕਾ ਸੀ। ਚੱਲਦੀ ਜੰਗ ਦੌਰਾਨ ਵੀ ਉਸ ਦਾ ਰਤਾ ਜਿੰਨਾ ਭਰੋਸਾ ਨਹੀਂ ਸੀ ਹੁੰਦਾ ਕਿ ਉਹ ਅੰਤ ਤੱਕ ਨਾਲ ਨਿਭੇਗਾ ਜਾਂ ਫੈਸਲੇ ਦੀ ਘੜੀ ਦੂਸਰੀ ਧਿਰ ਨਾਲ ਰਲ ਕੇ ਜਿਨ੍ਹਾਂ ਦੇ ਨਾਲ ਤੁਰਿਆ ਸੀ, ਉਨ੍ਹਾਂ ਦੇ ਖਿਲਾਫ ਤਲਵਾਰ ਘੁੰਮਾ ਦੇਵੇਗਾ। ਸਾਡੇ ਪੰਜਾਬ ਦੀ ਅੱਜ ਦੀ ਰਾਜਨੀਤੀ ਜਿੰਨੇ ਰੰਗ ਵਿਖਾਈ ਜਾਂਦੀ ਹੈ, ਇਸ ਵਿਚ ਵੀ ਨਾਲ ਤੁਰੇ ਜਾਂਦੇ ਬੰਦਿਆਂ ਵਿਚੋਂ 'ਅਦੀਨਾ ਬੇਗ' ਤੇ 'ਟਰਨ-ਕੋਟ' ਲੱਭਣ ਦੀ ਲੋੜ ਹਰ ਕਿਸੇ ਨੂੰ ਪੈਂਦੀ ਹੈ, ਕਿਉਂਕਿ ਬਹੁਤ ਸਾਰੇ ਲੋਕਾਂ ਨੇ ਨੀਲੀ ਤੇ ਚਿੱਟੀ ਦੋਵੇਂ ਪੱਗਾਂ ਆਪਣੇ ਬੈਗ ਵਿਚ ਰੱਖੀਆਂ ਹੁੰਦੀਆਂ ਹਨ।

ਜਦੋਂ ਕੈਪਟਨ ਅਮਰਿੰਦਰ ਸਿੰਘ ਦਾ ਰਾਜ ਸੀ, ਉਸ ਨੇ ਕਮਿਊਨਿਸਟ ਪਾਰਟੀ ਨਾਲ ਜ਼ਰਾ ਜਿੰਨੀ ਨਾਰਾਜ਼ਗੀ ਕਾਰਨ ਉਸ ਦੇ ਦੋਵੇਂ ਵਿਧਾਇਕ ਗੁਰਜੰਟ ਸਿੰਘ ਕੁੱਤੀਵਾਲ ਅਤੇ ਨੱਥੂ ਰਾਮ ਆਪਣੇ ਨਾਲ ਜੋੜ ਲਏ ਸਨ। ਗੁਰਜੰਟ ਸਿੰਘ ਤਾਂ ਪਹਿਲਾਂ ਵੀ ਕਾਂਗਰਸੀ ਸੀ ਤੇ ਜਦੋਂ ਸਮਝੌਤੇ ਵਿਚ ਕਾਂਗਰਸ ਪਾਰਟੀ ਨੇ ਕਮਿਊਨਿਸਟ ਪਾਰਟੀ ਲਈ ਉਹੋ ਸੀਟ ਛੱਡ ਦਿੱਤੀ, ਜਿੱਥੋਂ ਉਹ ਲੜਨਾ ਚਾਹੁੰਦਾ ਸੀ ਤਾਂ ਰਾਤੋ-ਰਾਤ ਡੈਪੂਟੇਸ਼ਨ ਉਤੇ ਜਾਂਦੇ ਸਰਕਾਰੀ ਅਫਸਰਾਂ ਵਾਂਗ ਸੀ ਪੀ ਆਈ ਵਿਚ ਆ ਗਿਆ ਸੀ ਤੇ ਜਦੋਂ ਪਿੱਛੋਂ ਸੱਦਾ ਆ ਗਿਆ, ਕਾਂਗਰਸ ਵਿਚ ਪਰਤ ਗਿਆ ਸੀ। ਨੱਥੂ ਰਾਮ ਦੇ ਜਾਣ ਦਾ ਕਮਿਊਨਿਸਟਾਂ ਨੂੰ ਦੁੱਖ ਸੀ। ਉਸ ਦਾ ਬਾਪ ਕਿਰਤੀਆਂ ਨਾਲ ਕਿਰਤੀ ਹੁੰਦਾ ਸੀ। ਆਪਣੇ ਨੇਕ ਬਾਪ ਦਾ ਨਾਂ ਵੀ ਨੱਥੂ ਰਾਮ ਦੀ ਦਲ-ਬਦਲੀ ਨੇ ਰੋਲ ਦਿੱਤਾ, ਪਰ ਉਸ ਤੋਂ ਵੱਧ ਇਹ ਬੇਭਰੋਸਗੀ ਪੈਦਾ ਹੋਈ ਕਿ ਅੱਗੇ ਤੋਂ ਜਦੋਂ ਵੀ ਕਮਿਊਨਿਸਟਾਂ ਤੇ ਕਾਂਗਰਸ ਦਾ ਸਮਝੌਤਾ ਹੋਣ ਲੱਗਾ, ਹਰ ਵਾਰੀ ਗੁਰਜੰਟ ਸਿੰਘ ਤੇ ਨੱਥੂ ਰਾਮ ਦੀ ਗੱਲ ਸਮਝੌਤੇ ਦੀ ਦਾਲ ਦਾ ਕੋਕੜੂ ਬਣ ਜਾਂਦੀ ਰਹੀ। ਇਹ ਕੈਪਟਨ ਅਮਰਿੰਦਰ ਸਿੰਘ ਦੀ ਬੱਜਰ ਭੁੱਲ ਸੀ, ਜਿਹੜੀ ਉਸ ਦੇ ਨਾਲਾਇਕ ਸਲਾਹਕਾਰਾਂ ਨੇ ਉਸ ਕੋਲੋਂ ਕਰਵਾਈ ਸੀ ਤੇ ਹੁਣ ਤੱਕ ਉਸ ਭੁੱਲ ਉਤੇ ਪੋਚਾ ਨਹੀਂ ਵੱਜ ਸਕਿਆ।

ਅੱਜ ਕੱਲ੍ਹ ਇਹੋ ਜਿਹੀਆਂ ਗੱਲਾਂ ਅਕਾਲੀ ਆਗੂਆਂ ਵੱਲੋਂ ਕੀਤੀਆਂ ਜਾ ਰਹੀਆਂ ਹਨ। ਦੂਸਰੀਆਂ ਪਾਰਟੀਆਂ ਦੇ ਬੰਦੇ ਤੋੜ ਕੇ ਅਕਾਲੀ ਦਲ ਵਿਚ ਲਿਆਉਣ ਦਾ ਜਿਹੜਾ ਸਿਲਸਿਲਾ ਲਗਾਤਾਰ ਚੱਲਦਾ ਦਿੱਸਦਾ ਹੈ, ਇਹ ਖੇਡ ਕੋਈ ਹੁਣ ਨਹੀਂ ਸ਼ੁਰੂ ਹੋਈ। ਇਸ ਦਾ ਮੁੱਢ ਦਸ ਸਾਲ ਪਹਿਲਾਂ ਉਦੋਂ ਹੀ ਬੱਝ ਗਿਆ ਸੀ, ਜਦੋਂ ਕੈਪਟਨ



*ਸੁਖਬੀਰ ਸਿੰਘ ਬਾਦਲ ਅਤੇ ਜੋਗਿੰਦਰਪਾਲ ਜੈਨ*

ਅਮਰਿੰਦਰ ਸਿੰਘ ਦੀ ਸਰਕਾਰ ਦੀ ਸਫ ਵਲ੍ਹੇਟ ਕੇ ਅਕਾਲੀ-ਭਾਜਪਾ ਗੱਠਜੋੜ ਦੀ ਦੂਸਰੀ ਸਰਕਾਰ ਅੱਗੇ ਆਈ ਸੀ। ਅਕਾਲੀ ਆਗੂਆਂ ਦੀ ਇਸ ਨੀਤੀ ਦਾ ਪਹਿਲਾ ਵਾਰ ਕਾਂਗਰਸੀਆਂ ਜਾਂ ਕਿਸੇ ਹੋਰ ਉਤੇ ਨਹੀਂ, ਪੰਜਾਬ ਵਿਚ ਅਕਾਲੀਆਂ ਦੀ ਇਕਲੌਤੀ ਭਾਈਵਾਲ ਭਾਰਤੀ ਜਨਤਾ ਪਾਰਟੀ ਉਤੇ ਹੋਇਆ ਸੀ। ਮਾਮਲਾ ਨਗਰ ਨਿਗਮਾਂ ਦੀਆਂ ਚੋਣਾਂ ਵਿਚ ਜਿੱਤ ਗਏ ਬਾਗੀ ਕੌਂਸਲਰਾਂ ਦਾ ਸੀ। ਜਿਹੜੇ ਬੰਦੇ ਭਾਜਪਾ ਤੋਂ ਬਾਗੀ ਹੋ ਕੇ ਜਿੱਤੇ, ਉਹ ਭਾਜਪਾ ਵਿਚ ਮੁੜਨਾ ਚਾਹੁੰਦੇ ਤਾਂ ਗੱਲ ਹੋਰ ਸੀ, ਪਰ ਉਨ੍ਹਾਂ ਨੂੰ ਜੋੜ ਕੇ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ (ਉਦੋਂ ਅਜੇ ਉਹ ਇਸ ਪਾਰਟੀ ਦਾ ਪ੍ਰਧਾਨ ਨਹੀਂ ਸੀ ਬਣਿਆ) ਨੇ ਜਲੰਧਰ ਵਿਚ ਇੱਕ ਪ੍ਰੈਸ ਕਾਨਫਰੰਸ ਲਾ ਕੇ ਐਲਾਨ ਕਰ ਦਿੱਤਾ ਕਿ ਮੇਅਰ ਅਕਾਲੀ ਦਲ ਦਾ ਬਣਨਾ ਚਾਹੀਦਾ ਹੈ। ਇਸ ਨਿਗਮ ਵਿਚ ਸੀਟਾਂ ਦੀ ਵੰਡ ਵਿਚ ਭਾਜਪਾ ਅੱਗੇ ਸੀ, ਜਿੱਤੀਆਂ ਸੀਟਾਂ ਵੀ ਭਾਜਪਾ ਦੀਆਂ ਦੋ ਵੱਧ ਸਨ, ਪਰ ਜਦੋਂ ਭਾਜਪਾ ਦੇ ਬਾਗੀ ਹੋ ਕੇ ਜਿੱਤੇ ਹੋਏ ਚਾਰ ਕੌਂਸਲਰ ਅਕਾਲੀ ਦਲ ਵਿਚ ਆ ਗਏ ਤਾਂ ਉਨ੍ਹਾਂ ਦੇ ਭਾਜਪਾ ਤੋਂ ਦੋ ਮੈਂਬਰ ਵਧ ਗਏ ਸਨ। ਸਿੱਧੇ ਜਿੱਤ ਕੇ ਅਕਾਲੀ ਦਲ ਦੇ ਵੱਧ ਮੈਂਬਰ ਆ ਗਏ ਹੁੰਦੇ ਤਾਂ ਹੋਰ ਗੱਲ ਸੀ ਪਰ ਭਾਜਪਾ ਦੇ ਬਾਗੀ ਮਿਲਾ ਕੇ ਘੱਟ-ਗਿਣਤੀ ਨੂੰ ਬਹੁ-ਗਿਣਤੀ ਬਣਾਉਣ ਤੋਂ ਭਾਜਪਾ ਵਾਲੇ ਤੜਫ ਉਠੇ ਸਨ। ਉਨ੍ਹਾਂ ਨੇ ਜਾ ਕੇ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨਾਲ ਗੱਲ ਕੀਤੀ ਤੇ ਵੱਡੇ ਬਾਦਲ ਸਾਹਿਬ ਨੇ ਜਲੰਧਰ ਆਣ ਕੇ ਐਲਾਨ ਕੀਤਾ ਸੀ ਕਿ ਇਹ ਬਾਗੀ ਕੌਂਸਲਰ ਅਕਾਲੀ ਦਲ ਵਿਚ ਸ਼ਾਮਲ ਨਹੀਂ ਕੀਤੇ ਜਾਣਗੇ। ਇੰਜ ਉਹ ਅਕਾਲੀ ਦਲ ਦੇ ਮੈਂਬਰ ਬਣਨ ਪਿੱਛੋਂ ਵੀ ਬਾਹਰ ਕਰਨੇ ਪੈ ਗਏ ਸਨ ਤੇ ਭਾਜਪਾ ਨਾਲ ਸਮਝੌਤਾ ਕਾਇਮ ਰਹਿ ਗਿਆ ਸੀ।

ਹੁਣ ਹਾਲਤ ਵੱਖਰੀ ਤਰ੍ਹਾਂ ਦੀ ਹੈ। ਅਕਾਲੀ ਦਲ ਦੂਸਰੀਆਂ ਪਾਰਟੀਆਂ ਦੇ ਬੰਦੇ ਆਪਣੇ ਵਿਚ ਰਲਾਉਣ ਲਈ ਇੱਕ ਬਾਕਾਇਦਾ ਮੁਹਿੰਮ ਚਲਾ ਰਿਹਾ ਜਾਪਦਾ ਹੈ। ਆਏ ਦਿਨ ਇੱਕ ਜਾਂ ਦੂਸਰਾ ਸਾਬਕਾ ਵਿਧਾਇਕ ਜਾਂ ਫਿਰ ਸਾਬਕਾ ਮੰਤਰੀ ਕਾਂਗਰਸ ਪਾਰਟੀ ਨੂੰ ਛੱਡ ਕੇ ਅਕਾਲੀ ਦਲ ਵਿਚ ਜਾ ਰਿਹਾ ਹੈ। ਇਹ ਸਾਰੇ ਜਾਂ ਤਾਂ ਟਰਨ-ਕੋਟ ਹਨ ਜਾਂ ਫਿਰ ਅਦੀਨਾ ਬੇਗ ਕਹੇ ਜਾ ਸਕਦੇ ਹਨ। ਮੋਗੇ ਵਾਲੇ ਜੋਗਿੰਦਰ ਪਾਲ ਜੈਨ ਨੇ ਅਕਾਲੀ ਬਣ ਕੇ ਕਾਂਗਰਸ ਵਾਲੀ ਜਿੱਤੀ ਸੀਟ ਛੱਡ ਕੇ ਜਦੋਂ ਦੋਬਾਰਾ ਚੋਣ ਲੜੀ ਤਾਂ ਉਸ ਨੇ ਕਈ ਜਲਸਿਆਂ ਵਿਚ ਸਾਫ ਕਿਹਾ ਸੀ ਕਿ ਉਸ ਨੂੰ ਅਕਾਲੀ ਇਸ ਲਈ ਬਣਨਾ ਪਿਆ ਕਿ ਕਾਂਗਰਸੀ ਹੋਣ ਕਰ ਕੇ ਉਸ ਦੇ ਹਲਕੇ ਦਾ ਵਿਕਾਸ ਨਹੀਂ ਸੀ ਹੋ ਰਿਹਾ। ਇਹ ਸਿੱਧਾ ਦੋਸ਼ ਸੀ ਕਿ ਸਰਕਾਰ ਪੱਖ-ਪਾਤ ਕਰਦੀ ਹੈ ਤੇ ਦੋਸ਼ ਉਹ ਬੰਦਾ ਲਾ ਰਿਹਾ ਸੀ, ਜਿਸ ਨੂੰ ਅਕਾਲੀ ਬਣੇ ਨੂੰ ਹਾਲੇ ਚਾਰ ਹਫਤੇ ਨਹੀਂ ਸੀ ਹੋਏ। ਜਿਹੜੀ ਗੱਲ ਉਸ ਨੇ ਲੋਕਾਂ ਦੇ ਸਾਹਮਣੇ ਨਹੀਂ ਰੱਖੀ, ਉਹ ਇਹ ਹੈ ਕਿ ਉਸ ਨੇ ਅਦਾਲਤ ਵਿਚ ਲਿਖ ਕੇ ਦਿੱਤਾ ਹੋਇਆ ਹੈ ਕਿ ਉਸ ਦੇ ਖਿਲਾਫ, ਉਸ ਦੀ ਪਤਨੀ, ਦੋ ਪੁੱਤਰਾਂ ਤੇ ਧੀ ਦੇ ਖਿਲਾਫ ਜਿਹੜੇ ਕੇਸ ਚੱਲ ਰਹੇ ਹਨ, ਉਹ ਅਕਾਲੀ ਆਗੂਆਂ ਨੇ ਰਾਜਸੀ ਕਿੜ ਕੱਢਣ ਲਈ ਬਣਾਏ ਹਨ। ਜੇ ਉਹ ਕਾਂਗਰਸ ਵਿਚ ਰਹਿੰਦਾ ਤਾਂ ਸਿਰਫ ਮੋਗੇ ਦੇ ਵਿਕਾਸ ਪੱਖੋਂ ਪਛੜ ਜਾਣ ਦੀ ਗੱਲ ਨਹੀਂ, ਉਸ ਦੇ ਨੇੜਲੇ ਜਾਣਕਾਰਾਂ ਦੇ ਦੱਸਣ ਮੁਤਾਬਕ ਇਹ ਕੇਸਾਂ ਦੀ ਕੁੜਿੱਕੀ ਵੀ ਦਿਨੋਂ-ਦਿਨ ਹੋਰ ਸਖਤ ਹੋਈ ਜਾਂਦੀ ਸੀ ਤੇ ਅਕਾਲੀ ਆਗੂਆਂ ਨੇ ਉਸ ਨੂੰ ਅਕਾਲੀ ਬਣਨ ਦੀ ਸੂਰਤ ਵਿਚ ਰਾਹਤ ਦਿਵਾਉਣ ਦਾ ਭਰੋਸਾ ਦਿੱਤਾ ਸੀ। ਕੇਸਾਂ ਤੋਂ ਸਾਹ ਅਜੇ ਵੀ ਸੌਖਾ ਨਹੀਂ ਹੋਇਆ, ਘਰ ਵਾਲੀ, ਪੁੱਤਰਾਂ ਤੇ ਧੀ ਦੇ ਵਾਰੰਟ ਉਵੇਂ ਹੀ ਬਣੇ ਫਿਰਦੇ ਹਨ, ਪਰ ਬੰਦੇ ਉਤੇ ਅਦੀਨਾ-ਬੇਗੀ ਕਰ ਜਾਣ ਦਾ ਠੱਪਾ ਲੱਗ ਗਿਆ ਹੈ।

ਅੱਜ ਕੱਲ੍ਹ ਹੋਰ ਵੀ ਕਈ ਆਗੂ ਵੱਖ-ਵੱਖ ਪਾਰਟੀਆਂ ਦਾ ਪੱਲਾ ਛੱਡ ਕੇ ਅਕਾਲੀ ਦਲ ਵਿਚ ਆਈ ਜਾਂਦੇ ਹਨ ਤੇ ਇੱਕ ਉਹ ਬੰਦਾ ਵੀ ਅਕਾਲੀ ਦਲ ਵਿਚ ਆ ਗਿਆ ਹੈ, ਜਿਸ ਨੇ ਪਿਛਲੇ ਸਾਲ ਸੁਖਬੀਰ ਸਿੰਘ ਬਾਦਲ ਦੇ ਖਿਲਾਫ ਚੋਣ ਲੜੀ ਸੀ। ਇਹ ਕੋਈ ਖਾਸ ਗੱਲ ਨਹੀਂ। ਜਦੋਂ ਬੇਅੰਤ ਸਿੰਘ ਮੁੱਖ ਮੰਤਰੀ ਬਣਿਆ ਸੀ, ਉਸ ਚੋਣ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਕਾਲੀ ਆਗੂ ਹੋਣ ਦੇ ਬਾਵਜੂਦ ਕਾਂਗਰਸ ਹਾਈ ਕਮਾਂਡ ਦੇ ਅੰਦਰ ਏਨੀ ਘੁਸਪੈਠ ਹੁੰਦੀ ਸੀ ਕਿ ਇੱਕ ਉਮੀਦਵਾਰ ਉਸ ਨੇ ਆਪਣੇ ਮੁਕਾਬਲੇ ਆਪਣੀ ਮਰਜ਼ੀ ਵਾਲਾ ਖੜਾ ਕਰਵਾ ਲਿਆ ਸੀ। ਸੁਖਬੀਰ ਸਿੰਘ ਦੇ ਹੱਥ ਕੈਪਟਨ ਅਮਰਿੰਦਰ ਸਿੰਘ ਤੋਂ ਘੱਟ ਲੰਮੇ ਨਹੀਂ, ਉਹ ਦੂਸਰੀਆਂ ਪਾਰਟੀਆਂ ਦੇ ਅੰਦਰ ਤੱਕ ਦੀ ਰਾਜਨੀਤੀ ਵਿਚ ਇਹੋ ਜਿਹੀਆਂ ਕੁੰਡੀਆਂ ਪਾ ਸਕਦਾ ਹੈ ਕਿ ਆਪਣੇ ਖਿਲਾਫ ਉਮੀਦਵਾਰ ਕਿਸ ਨੂੰ ਖੜਾ ਕਰਨਾ ਹੈ, ਇਹ ਫੈਸਲਾ ਵੀ ਆਪਣੀ ਮਰਜ਼ੀ ਮੁਤਾਬਕ ਕਰਵਾ ਸਕੇ। ਪੀਪਲਜ਼ ਪਾਰਟੀ ਦਾ ਜਿਹੜਾ ਅਹੁਦੇਦਾਰ ਚੋਣਾਂ ਵੇਲੇ ਪਾਰਟੀ ਦੇ ਦਫਤਰ ਨੂੰ ਸੰਭਾਲਦਾ ਹੁੰਦਾ ਸੀ ਤੇ ਹਰ ਮਾਮਲੇ ਵਿਚ ਫੈਸਲਾ ਕਰਨ ਵਾਲੀ ਟੀਮ ਵਿਚ ਸ਼ਾਮਲ ਸੀ, ਉਹ ਪਿਛਲੇ ਹਫਤੇ ਪਾਰਟੀ ਨੂੰ ਛੱਡ ਕੇ ਅਕਾਲੀ ਦਲ ਵਿਚ ਚਲਾ ਗਿਆ ਹੈ। ਇਹ ਰਾਤੋ-ਰਾਤ ਦੀ ਗੱਲ ਨਹੀਂ, ਪਿਛਲੇ ਸਾਲ ਚੋਣਾਂ ਦੇ ਦਿਨਾਂ ਵਿਚ ਮਿਲੀਆਂ ਤੰਦਾਂ ਦਾ ਕ੍ਰਿਸ਼ਮਾ ਹੋ ਸਕਦਾ ਹੈ। ਅਗਲੇ ਦਿਨਾਂ ਵਿਚ ਇਹੋ ਜਿਹੇ ਕੁਝ ਹੋਰ ਬੰਦੇ ਓਧਰ ਨੂੰ ਜਾ ਸਕਦੇ ਹਨ, ਪਰ ਉਹ ਅਕਾਲੀ ਲੀਡਰਾਂ ਦੇ ਵੀ ਪੱਕੇ ਵਫਾਦਾਰ ਨਹੀਂ ਹੋਣੇ। 'ਜਿਨ ਲਾਈ ਗੱਲੀਂ, ਓਸੇ ਨਾਲ ਤੁਰ ਚੱਲੀ' ਦੀ ਗੱਲ ਹੀ ਨਹੀਂ, ਉਨ੍ਹਾਂ ਬਾਰੇ ਦੂਸਰੀ ਗੱਲ 'ਜਿੱਥੇ ਦੇਖੋ ਤਵਾ-ਪਰਾਤ, ਉਥੇ ਗੁਜ਼ਾਰ ਦਿਓ ਸਾਰੀ ਰਾਤ' ਸਗੋਂ ਵੱਧ ਫਿੱਟ ਬੈਠਦੀ ਹੈ। ਕਾਂਗਰਸ ਦੇ ਤਵੇ ਉਤੇ ਇਸ ਵੇਲੇ ਰੋਟੀ ਹੈ ਨਹੀਂ ਤੇ ਪੀਪਲਜ਼ ਪਾਰਟੀ ਦਾ ਤਵਾ ਕੁਝ ਲੋਕਾਂ ਨੂੰ ਮੂਧਾ ਵੱਜ ਗਿਆ ਜਾਪਣ ਲੱਗ ਪਿਆ ਹੈ, ਇਸ ਕਰ ਕੇ ਉਹ ਉਸ ਪਾਸੇ ਨੂੰ ਦੌੜ ਰਹੇ ਹਨ, ਜਿੱਥੋਂ ਰੋਟੀ ਹੀ ਨਹੀਂ, ਪਰੌਂਠੇ ਤਲਣ ਵਰਗੀ ਖੁਸ਼ਬੂ ਆ ਰਹੀ ਹੈ। ਪਿੰਡਾਂ ਵਿਚ ਅਮਲੀ ਵੀ ਇਹੋ ਜਿਹੇ ਬੰਦਿਆਂ ਬਾਰੇ ਆਖ ਦਿੰਦੇ ਹਨ ਕਿ ਨੇਫੇ ਵਿਚ ਟੰਗੀ ਦਾਰੂ ਦੀ ਸ਼ੀਸ਼ੀ ਵਿਖਾ ਦਿਓ, ਫਿਰ ਭਾਵੇਂ ਇਨ੍ਹਾਂ ਨੂੰ ਨਾਲ ਦੇ ਪਿੰਡ ਦੇ ਸਿਵਿਆਂ ਤੋਂ ਅੱਗੇ ਤੱਕ ਤੋਰ ਕੇ ਲੈ ਜਾਓ। ਇਹੋ ਜਿਹੇ ਲੋਕਾਂ ਦੀ ਅੱਜ ਕੱਲ੍ਹ ਅਕਾਲੀਆਂ ਦੇ ਬੂਹੇ ਅੱਗੇ ਗੁੜ ਵੱਲ ਜਾਂਦੀਆਂ ਕੀੜੀਆਂ ਵਾਂਗ ਲਾਈਨ ਲੱਗੀ ਪਈ ਹੈ।

ਜ਼ਿੰਦਗੀ ਸਿਰਫ ਜਮਾਤਾਂ ਆਸਰੇ ਅਕਲ ਦੀਆਂ ਪੌੜੀਆਂ ਨਹੀਂ ਚੜ੍ਹਦੀ, ਇਸ ਵਿਚ ਵਰ੍ਹਿਆਂ ਦਾ ਵੀ ਯੋਗਦਾਨ ਹੁੰਦਾ ਹੈ। ਬੁੱਢਾ ਸੰਦੂਕ ਵਿਚ ਪਾ ਕੇ ਬਰਾਤ ਨਾਲ ਲੈ ਜਾਣ ਦੀ ਕਹਾਣੀ ਪੰਜਾਬ ਵਿਚ ਐਵੇਂ ਨਹੀਂ ਬਣੀ। ਇਸ ਦੇ ਪਿੱਛੇ ਇਹ ਦਲੀਲ ਹੈ ਕਿ ਸਾਲਾਂ-ਬੱਧੀ ਠੇਡੇ ਖਾ ਕੇ ਜਿਸ ਨੂੰ ਧੌਲੇ ਆਏ ਹੋਣ, ਉਸ ਨੂੰ ਕਿਤਾਬੀ ਗਿਆਨ ਨਾਲੋਂ ਅਭਿਆਸੀ ਗਿਆਨ ਵੱਧ ਹੁੰਦਾ ਹੈ। ਸੰਤ ਸਿੰਘ ਮਸਕੀਨ ਕਹਿੰਦੇ ਸਨ ਕਿ ਕਿਤਾਬੀ ਗਿਆਨ ਤੇ ਅਭਿਆਸੀ ਗਿਆਨ ਦਾ ਆਪਣੇ ਢਿੱਡੋਂ ਜੰਮੇ ਪੁੱਤਰ ਤੇ ਮੁਤਬੰਨੇ ਜਿੰਨਾ ਫਰਕ ਹੁੰਦਾ ਹੈ। ਕਿਤਾਬੀ ਗਿਆਨ ਛੋਟੇ ਬਾਦਲ ਦੇ ਕੋਲ ਹੀ ਵੱਧ ਹੋਊਗਾ, ਪਰ ਜਿਹੜਾ ਅਭਿਆਸੀ ਗਿਆਨ ਬਾਪੂ ਬਾਦਲ ਦੇ ਕੋਲ ਹੈ, ਅਕਾਲੀ ਲੀਡਰਸ਼ਿਪ ਨੂੰ ਉਸ ਦੀ ਵਰਤਣ ਦੀ ਲੋੜ ਕਿਸੇ ਵੀ ਹੋਰ ਸਮੇਂ ਤੋਂ ਵੱਧ ਇਸ ਵੇਲੇ ਹੈ। ਉਨ੍ਹਾਂ ਦੀ ਜਾਣਕਾਰੀ ਲਈ ਦੀਵਾਨ ਜਰਮਨੀ ਦਾਸ ਦੀ ਕਿਤਾਬ 'ਮਹਾਰਾਜਾ' ਵਿਚ ਇੱਕ ਕ੍ਰਿਕਟ ਮੈਚ ਦਾ ਜ਼ਿਕਰ ਹੈ, ਜਿਸ ਵਿਚ ਪਟਿਆਲੇ ਘਰਾਣੇ ਦਾ ਯੁਵਰਾਜ ਯਾਦਵਿੰਦਰ ਚੌਕੇ ਲਾਈ ਜਾਂਦਾ ਸੀ ਤੇ ਗੋਰੇ ਖਿਡਾਰੀ ਦੌੜਨ ਦਾ ਸਾਂਗ ਜਿਹਾ ਕਰ ਕੇ ਗੇਂਦ ਲੰਘਾਈ ਜਾਂਦੇ ਸਨ। ਜਦੋਂ ਲੋਕ ਹੂਟਿੰਗ ਕਰਨ ਲੱਗੇ ਤਾਂ ਯੁਵਰਾਜ ਯਾਦਵਿੰਦਰ, ਜਿਸ ਨੂੰ 'ਯੂ ਵੀ' ਕਿਹਾ ਜਾਂਦਾ ਸੀ, ਦੇ ਪਿਤਾ ਮਹਾਰਾਜਾ ਸਾਹਿਬ ਨੇ ਮੰਚ ਤੋਂ ਕੂਕ ਕੇ ਕਿਹਾ ਸੀ, 'ਯੂ ਵੀ, ਹੋਰ ਚੌਕਾ ਨਾ ਲਾਵੀਂ।' ਇਹ ਸਮਾਂ ਅਕਾਲੀ ਦਲ ਵਿਚ ਵੀ ਆ ਚੁੱਕਾ ਜਾਪਦਾ ਹੈ। ਬਾਪੂ ਬਾਦਲ ਨੂੰ ਹੁਣ ਆਪਣੇ ਯੁਵਰਾਜ ਨੂੰ ਕਹਿ ਦੇਣਾ ਚਾਹੀਦਾ ਹੈ; 'ਅਦੀਨਾ-ਬੇਗਾਂ ਦੀ ਢਾਣੀ ਬਥੇਰੀ ਜੋੜ ਲਈ ਹੈ, ਹੁਣ ਕਿਸੇ ਹੋਰ ਵੱਲ ਕੁੰਡੀ ਪਾਉਣ ਤੋਂ ਗੁਰੇਜ਼ ਕਰੋ।' ਜੇ ਕਿਤੇ ਉਹ ਏਨੀ ਗੱਲ ਕਹਿ ਦੇਣ ਤਾਂ ਆਪਣੇ ਪੁੱਤਰ ਦਾ ਭਲਾ ਵੀ ਕਰਨਗੇ ਅਤੇ ਪੰਜਾਬ ਦੀ ਰਾਜਨੀਤੀ ਨੂੰ ਅਸਲੋਂ ਖੱਡੇ ਵਿਚ ਡਿੱਗਣ ਤੋਂ ਬਚਾਉਣ ਦਾ ਇੱਕ ਨੇਕ ਕੰਮ ਵੀ ਕਰ ਦੇਣਗੇ।

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ

ਫੋਨ: 510-900-3600

*Radio CK, PO Box 296, Fremont, CA 94537*

ਪੰਜਾਬ ਟਾਈਮਜ਼

ਸਨਿਚਰਵਾਰ, 6 ਅਪਰੈਲ 2013

## ਲੱਗੀ ਨਜ਼ਰ ਪੰਜਾਬ ਨੂੰ...

ਪੰਜਾਬ ਵਿਚ ਉਪਰੋਥਲੀ ਹੋ ਰਹੀਆਂ ਘਟਨਾਵਾਂ ਨੇ ਇਕੱਲੇ ਪੰਜਾਬੀਆਂ ਨੂੰ ਹੀ ਨਹੀਂ, ਹਰ ਸੰਜੀਦਾ ਬੰਦੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਨਸ਼ਿਆਂ ਵਿਚ ਗਰਕ ਹੋ ਰਹੇ ਨੌਜਵਾਨ, ਧੀਆਂ-ਧਿਆਣੀਆਂ ਦੀ ਹੋ ਰਹੀ ਬੇਪਤੀ ਅਤੇ ਮਾਪਿਆਂ ਦੀ ਬੇਵਸੀ ਨੇ ਅੱਜ ਸਭ ਨੂੰ ਬੇਹਿੱਸ/ਬੇਜਾਨ ਜਿਹਾ ਕਰ ਕੇ ਰੱਖ ਦਿੱਤਾ ਹੈ। ਨਿੱਤ ਦਿਨ ਅਜਿਹੀਆਂ ਵਾਰਦਾਤਾਂ ਹੋ ਰਹੀਆਂ ਹਨ, ਪਰ ਚਾਰ ਕੁ ਦਿਨਾਂ ਦੇ ਸੋਗ ਅਤੇ ਰੌਲੇ-ਰੱਪੇ ਤੋਂ ਬਾਅਦ ਇਹ ਸਿਲਸਿਲਾ ਫਿਰ ਉਸੇ ਚਾਲੇ ਚੱਲਣ ਲੱਗਦਾ ਹੈ। ਕਿਤੇ ਕੋਈ ਮੋੜਾ ਪੈਣ ਦੀ ਸੂਹ ਨਹੀਂ ਮਿਲ ਰਹੀ, ਸਗੋਂ ਹਰ ਘਟਨਾ ਪਹਿਲੀ ਨਾਲੋਂ ਵੀ ਭਿਅੰਕਰ ਰੂਪ ਅਖਤਿਆਰ ਕਰ ਕੇ ਅੱਖਾਂ ਵਿਚੋਂ ਨੀਂਦ ਉਡਾ ਰਹੀ ਹੈ। ਲਗਦਾ ਹੈ ਕਿ ਸਾਡੇ ਵਤਨ ਪੰਜਾਬ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੈ। ਸ਼ਾਇਰ ਸੁਰਜੀਤ ਪਾਤਰ ਨੇ 'ਲੱਗੀ ਨਜ਼ਰ ਪੰਜਾਬ ਨੂੰ, ਇਹਦੀ ਨਜ਼ਰ ਉਤਾਰੋ/ਲੈ ਕੇ ਮਿਰਚਾਂ ਕੌੜੀਆਂ, ਇਹਦੇ ਸਿਰ ਤੋਂ ਵਾਰੋ' ਉਸ ਵੇਲੇ ਲਿਖਿਆ ਸੀ ਜਦੋਂ ਪੰਜਾਬ ਲਹੂ-ਲੁਹਾਣ ਹੋਇਆ ਪਿਆ ਸੀ। ਉਸ ਦੌਰ ਵਿਚ ਪੰਜਾਬ ਸਿਰ ਛਾਏ ਕਾਲੇ ਬੱਦਲਾਂ ਦੇ ਬਹੁਤ ਸਾਰੇ ਕਾਰਨ ਸਨ ਜਿਨ੍ਹਾਂ ਬਾਰੇ ਚਰਚਾ ਪੰਜਾਬੀ ਪਿਆਰੇ ਗਾਹੇ-ਬਗਾਹੇ ਕਰਦੇ ਰਹਿੰਦੇ ਹਨ। ਕੁਝ ਤੱਥਾਂ ਨਾਲ ਸਹਿਮਤੀ-ਅਸਹਿਮਤੀ ਦੇ ਬਾਵਜੂਦ ਸਾਰੇ ਇਹ ਮੰਨਦੇ ਹਨ ਕਿ ਉਸ ਦੌਰ 'ਚ ਸੱਭੇ ਧਿਰਾਂ ਕੁਝ ਵਧੇਰੇ ਹੀ ਤੱਤੀਆਂ ਵਗੀਆਂ। ਕਿਸੇ ਇਕ ਧਿਰ ਦੀ ਸੰਜੀਦਾ ਸਿਆਸਤ ਉਨ੍ਹਾਂ ਕਾਲੇ ਬੱਦਲਾਂ ਨੂੰ ਉਡਾ ਸਕਦੀ ਸੀ, ਪਰ ਉਸ ਦੌਰ ਵਿਚ ਤਾਂ ਇਕ-ਦੂਜੇ ਦੀ ਗੱਲ ਸੁਣਨ ਦਾ ਰਿਵਾਜ ਖਤਮ ਹੀ ਹੋ ਗਿਆ ਸੀ। ਉਦੋਂ ਸੱਭੇ ਧਿਰਾਂ ਦੇ ਕੱਟੇ ਕੂਹਣੀ ਮੋੜਾਂ ਨੇ ਸਮੁੱਚੇ ਪੰਜਾਬ ਨੂੰ ਛਿੱਲ ਕੇ ਰੱਖ ਦਿੱਤਾ ਸੀ ਜਿਸ ਦੇ ਜ਼ਖਮ ਅੱਜ ਤੱਕ ਵੀ ਨਹੀਂ ਭਰੇ, ਸਗੋਂ ਰਿਸ ਰਹੇ ਹਨ। ਹੁਣ ਪਿਛਲੇ ਇਕ-ਡੇਢ ਦਹਾਕੇ ਤੋਂ ਪੰਜਾਬ ਦੀ ਸਿਆਸਤ ਅਤੇ ਇਸ ਦੇ ਰੰਗ-ਢੰਗ ਵਿਚ ਜੋ ਤਿੱਖੇ ਮੋੜ ਆ ਰਹੇ ਸਨ, ਉਸ ਤੋਂ ਇਹ ਕਨਸੋਅ ਤਾਂ ਮਿਲਦੀ ਸੀ ਕਿ ਇਕ ਵਾਰ ਫਿਰ ਕੁਝ ਮਾੜਾ ਹੋਣ ਵਾਲਾ ਹੈ, ਪਰ ਪੰਜਾਬ ਦੇ ਸਿਰ 'ਤੇ ਜੋ ਝੱਖੜ ਅੱਜ ਝੁੱਲ ਰਿਹਾ ਹੈ, ਇਸ ਦਾ ਕਿਆਸ ਸ਼ਾਇਦ ਕਿਸੇ ਨੇ ਵੀ ਨਹੀਂ ਸੀ ਕੀਤਾ। ਇਸ ਝੱਖੜ ਦਾ ਇਕ ਸਿਰਾ ਬਹੁਤ ਬੀਬੇ ਬਣ-ਬਣ ਬਹਿੰਦੇ ਸਾਡੇ ਸਿਆਸਤਦਾਨਾਂ ਤੇ ਦੂਜਾ ਸਿਰਾ ਨਸ਼ਿਆਂ ਦੇ ਸਮਗਲਰਾਂ ਅਤੇ ਤੀਜਾ ਸਿਰਾ ਨੌਕਰਸ਼ਾਹਾਂ ਨਾਲ ਜੁੜਿਆ ਹੋਇਆ ਹੈ। ਸਿਆਸਤਦਾਨਾਂ, ਸਮਗਲਰਾਂ ਅਤੇ ਨੌਕਰਸ਼ਾਹਾਂ ਦੀ ਇਸ ਤਿੱਕੜੀ ਨੇ ਜੋ ਤਬਾਹੀ ਪੰਜਾਬ ਵਿਚ ਮਚਾਈ ਹੈ ਤੇ ਜੋ ਨੁਕਸਾਨ ਅੱਜ ਹੋ ਰਿਹਾ ਹੈ, ਉਸ ਦੀ ਭਰਪਾਈ ਸ਼ਾਇਦ ਦਹਾਕਿਆਂ ਤੱਕ ਵੀ ਨਾ ਕੀਤੀ ਜਾ ਸਕੇ। ਸਿਤਮਜ਼ਰੀਫੀ ਇਹ ਹੈ ਕਿ ਇਸ ਤਬਾਹੀ ਦਾ ਸਾਰਾ ਦੋਸ਼ ਨੌਜਵਾਨਾਂ ਉਤੇ ਸੁੱਟ ਕੇ ਇਹ ਤਿੱਕੜੀ ਆਪ ਦੁੱਧ-ਧੋਤੀ ਹੋ ਨਿਕਲੀ ਹੈ। ਇਨ੍ਹਾਂ ਨੇ ਪਹਿਲਾਂ ਪੰਜਾਬ ਦੇ ਨੌਜਵਾਨਾਂ ਨੂੰ ਵਿਹਲੇ ਅਤੇ ਨਕਾਰਾ ਸਾਬਤ ਕੀਤਾ; ਹੁਣ ਨਸ਼ਈ, ਗੁੰਡੇ ਅਤੇ ਬਦਮਾਸ਼ਾਂ ਦਾ ਠੱਪਾ ਲਾਉਣ ਲੱਗੀ ਹੋਈ ਹੈ। ਇਸੇ ਕਾਰਨ ਅੱਜ ਇਸ ਸੰਕਟ ਦੀ ਸਹੀ ਨਿਸ਼ਾਨਦੇਹੀ ਕਰਨ ਵਿਚ ਔਖ ਆ ਰਹੀ ਹੈ।

ਨਸ਼ੀਲੇ ਪਦਾਰਥ ਪਹਿਲਾਂ ਵੀ ਪੰਜਾਬ ਵਿਚ ਆਉਂਦੇ ਰਹੇ ਹਨ। ਇਨ੍ਹਾਂ ਪਦਾਰਥਾਂ ਦੇ ਗੜ੍ਹ ਅਫਗਾਨਿਸਤਾਨ ਅਤੇ ਪਾਕਿਸਤਾਨ ਤੋਂ ਹੋਰ ਥਾਂਈਂ ਇਹ ਨਸ਼ੀਲੇ ਪਦਾਰਥ ਅਪੜਾਉਣ ਦਾ ਲਾਂਘਾ ਪੰਜਾਬ ਵਿਚੋਂ ਹੋ ਕੇ ਹੀ ਲੰਘਦਾ ਹੈ; ਪਰ ਜਦੋਂ ਤੋਂ ਨਸ਼ਿਆਂ ਦੇ ਸਮਗਲਰਾਂ ਨੂੰ ਸਿਆਸੀ ਸਰਪ੍ਰਸਤੀ ਹਾਸਲ ਹੋਈ ਹੈ ਅਤੇ ਕੱਚੇ ਨਸ਼ੀਲੇ ਪਦਾਰਥ ਕਸ਼ੀਦਣ ਦਾ ਕੰਮ ਪੰਜਾਬ ਵਿਚ ਹੋਣ ਲੱਗਿਆ ਹੈ, ਇਨ੍ਹਾਂ ਦੀ ਖਪਤ ਪੰਜਾਬ ਵਿਚ ਵੀ ਤੇਜ਼ੀ ਨਾਲ ਵਧਣ ਲੱਗ ਪਈ ਹੈ। ਸਿਆਸਤ ਦੇ ਅਪਰਾਧੀਕਰਨ ਨੇ ਇਸ ਅਮਲ ਨੂੰ ਹੋਰ ਵੀ ਤੇਜ਼ ਕਰ ਦਿੱਤਾ ਹੈ। ਅੱਜ ਇਹੀ ਅਮਲ ਝੱਖੜ ਬਣ ਕੇ ਪੰਜਾਬ ਦੇ ਪਿੰਡੇ ਉਤੇ ਕਹਿਰ ਵਰਸਾ ਰਿਹਾ ਹੈ। ਕਿਸੇ ਵੀ ਸਰਕਾਰ ਜਾਂ ਸੰਸਥਾ ਨੇ ਨਸ਼ਿਆਂ ਦੇ ਇਸ ਸਿੰਡੀਕੇਟ ਨੂੰ ਭੰਨਣ ਦੀ ਇੱਛਾ ਨਹੀਂ ਦਿਖਾਈ। ਹਾਂ, ਆਪਣੀ ਨਾਲਾਇਕੀ ਢਕਣ ਲਈ ਸਾਰਾ ਦੋਸ਼ ਨੌਜਵਾਨਾਂ ਸਿਰ ਜ਼ਰੂਰ ਮੜ੍ਹ ਦਿੱਤਾ ਹੈ। ਪੰਜਾਬ ਮੁੱਖ ਰੂਪ ਵਿਚ ਖੇਤੀ ਪ੍ਰਧਾਨ ਸੂਬਾ ਸੀ। ਇਸ ਦੇ ਨੌਜਵਾਨਾਂ ਨੇ ਆਪਣੀ ਮਿਹਨਤ ਸਦਕਾ ਸਾਰੇ ਦੇਸ਼ ਦਾ ਢਿੱਡ ਭਰਿਆ, ਪਰ ਇਵਜ਼ ਵਿਚ ਇਨ੍ਹਾਂ ਨੂੰ ਜਦੋਂ ਦੋ ਕਦਮ ਹੋਰ ਅੱਗੇ ਲੈ ਕੇ ਜਾਣਾ ਸੀ ਤਾਂ ਇਨ੍ਹਾਂ ਦੇ ਪੈਰੀਂ ਪਹਾੜ ਬੰਨ੍ਹ ਦਿੱਤੇ ਗਏ। 1947 ਵਿਚ ਅੰਗਰੇਜ਼ਾਂ ਦੇ ਦੇਸ਼ ਛੱਡਣ ਤੋਂ ਬਾਅਦ ਜੇ ਇਕ-ਇਕ ਦਹਾਕੇ ਦੇ ਹਿਸਾਬ ਨਾਲ ਨੌਜਵਾਨਾਂ ਦੀ ਹਿੰਮਤ ਅਤੇ ਸਿਆਸਤਦਾਨਾਂ ਦੀ ਸਰਗਰਮੀ ਦੀ ਪੁਣ-ਛਾਣ ਕੀਤੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਨੌਜਵਾਨਾਂ ਨੂੰ ਕਸੂਰਵਾਰ ਦਰਸਾ ਰਹੇ ਸਿਆਸਤਦਾਨ ਇਨ੍ਹਾਂ ਮੰਦੜੇ ਹਾਲਾਂ ਲਈ ਖੁਦ ਜ਼ਿੰਮੇਵਾਰ ਹਨ। ਸੱਤਰਵਿਆਂ ਦੌਰਾਨ ਜਦੋਂ ਭ੍ਰਿਸ਼ਟਾਚਾਰ ਨੇ ਆਪਣੇ ਪੈਰ ਪਸਾਰਨੇ ਅਰੰਭ ਕੀਤੇ ਸਨ ਤਾਂ ਇਸ ਨੂੰ ਠੱਲ੍ਹ ਪਾਉਣ ਦੀ ਥਾਂ ਇਸ ਅਮਲ ਨੂੰ ਜ਼ਰਬ ਦੇਣ ਦਾ ਕੰਮ ਕੀਤਾ ਗਿਆ। ਇਹ ਅਮਲ ਅੱਜ ਤੱਕ ਨਿਰਵਿਘਨ ਚੱਲ ਰਿਹਾ ਹੈ। ਇਸ ਅਮਲ ਵਿਚ ਘਾਣ ਆਮ ਬੰਦੇ ਦਾ ਹੀ ਹੋਇਆ ਹੈ। ਹੁਣ ਦੀਆਂ ਘਟਨਾਵਾਂ ਵੀ ਇਹੀ ਦੱਸਦੀਆਂ ਹਨ। ਪੰਜਾਬ ਜਲ ਰਿਹਾ ਹੈ ਅਤੇ ਪੰਜਾਬ ਦੇ ਹਾਕਮ ਪੰਜਾਬ ਅਤੇ ਆਪਣੀ ਪਾਰਟੀ ਬਾਰੇ ਵਿਚਾਰਾਂ ਕਰਨ ਲਈ ਗੋਆ ਵਰਗੇ ਸੈਲਾਨੀ ਸਟੇਸ਼ਨ ਉਤੇ ਜਾਣ ਦੀ ਤਿਆਰੀ ਕੱਸੀ ਬੈਠੇ ਹਨ; ਰੋਮ ਜਲ ਰਿਹਾ ਹੈ ਅਤੇ ਨੀਰੋ ਬੰਸਰੀ ਵਜਾ ਰਿਹਾ ਹੈ। ਜਿਸ ਵਿਰੋਧੀ ਧਿਰ ਨੇ ਇਨ੍ਹਾਂ ਨੂੰ ਅਜਿਹੀਆਂ ਕਾਰਵਾਈਆਂ ਲਈ ਸਵਾਲ ਕਰਨੇ ਸਨ, ਉਹ ਆਪ ਆਪਣੀ ਹੋਂਦ ਬਚਾਈ ਰੱਖਣ ਲਈ ਹੀ ਫਿਕਰਮੰਦ ਨਜ਼ਰ ਆ ਰਹੀ ਹੈ। ਹਰ ਪਾਸੇ ਸਿਆਸਤ ਦੀਆਂ ਗੋਟੀਆਂ ਵਿਛੀਆਂ ਹੋਈਆਂ ਹਨ। ਅਸਲ ਵਿਚ ਇਨ੍ਹਾਂ ਦੀ ਚਾਲ ਦਾ ਸਮੁੱਚਾ ਤਾਣਾ-ਬਾਣਾ ਚੋਣਾਂ ਅਤੇ ਵੋਟਾਂ ਨਾਲ ਜੁੜਿਆ ਹੋਇਆ ਹੈ। ਇਸ ਤੋਂ ਅਗਲੇ ਸਭ ਰਾਹ ਇਕ ਤਰ੍ਹਾਂ ਨਾਲ ਬੰਦ ਹੀ ਕਰ ਦਿੱਤੇ ਗਏ ਹਨ। ਅਜਿਹੇ ਹਾਲਾਤ ਵਿਚ ਕਿਸੇ ਵੱਢ-ਪਾਊ ਸਿਆਸਤ ਦੀ ਸਰਗਰਮੀ ਦੀ ਘਾਟ ਲਗਾਤਾਰ ਰੜਕ ਰਹੀ ਹੈ। ਲੜਾਕੂ ਧਿਰਾਂ ਦੀ ਖਾਮੋਸ਼ੀ ਬਾਰੇ ਸਵਾਲ-ਦਰ-ਸਵਾਲ ਉਠ ਰਹੇ ਹਨ। ਪੰਜਾਬ ਦੀ ਲੋਕਾਈ ਨੇ ਸਦਾ ਹੀ ਵਧੀਕੀਆਂ ਖਿਲਾਫ ਆਵਾਜ਼ ਬੁਲੰਦ ਕੀਤੀ ਹੈ। ਅੱਜ ਦੀ ਤਬਾਹੀ ਖਿਲਾਫ ਇੰਨੀ ਹੀ ਤਿੱਖੀ ਕੋਈ ਮੁਹਿੰਮ ਚੱਲੇਗੀ, ਇਹ ਆਸ ਕਰਨੀ ਚਾਹੀਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮੋਹ ਤੇ ਮਾਣ ਭਰੀ ਮੁਬਾਰਕ !

ਤੁਰੇ ਹੋਏ ਆਂ ਭੀੜ ਦੇ ਵਿਚ ਭਾਵੇਂ, ਐਪਰ ਵੱਖਰੀ ਦਿੱਖ-ਰਫਤਾਰ ਸਾਡੀ।
ਭੈਅ-ਰੋਅਬ ਨਾ ਝੱਲੀਏ ਕਿਸੇ ਦਾ ਵੀ, ਪਾਠਕ ਵਰਗ ਹੀ ਅਸਲ ਸਰਕਾਰ ਸਾਡੀ।
ਕਲਮੀ ਕਾਫਲਾ ਅਤੇ ਇਸ਼ਤਿਹਾਰਦਾਤੇ, ਸਦਕੇ ਇਨ੍ਹਾਂ ਦੇ ਖਿੜੀ ਗੁਲਜ਼ਾਰ ਸਾਡੀ।
ਟੁੱਟਣ ਗਫਲਤਾਂ ਅੰਧ-ਵਿਸ਼ਵਾਸ ਮੁੱਕੇ, ਸਾੜੇ ਨਫਰਤਾਂ ਨਾਲ ਤਕਰਾਰ ਸਾਡੀ।
ਝੰਡੇ ਝੂਲਦੇ ਰਹਿਣ ਪੰਜਾਬੀਆਂ ਦੇ, ਇਹੋ ਕਾਮਨਾ ਦਸਤ-ਬਰਦਾਰ ਸਾਡੀ।
ਮੋਹ ਤੇ ਮਾਣ ਦੇ ਨਾਲ ਮੁਬਾਰਕਾਂ ਜੀ, ਤੇਰਾਂ ਸਾਲ ਦੀ ਹੋਈ ਅਖਬਾਰ ਸਾਡੀ !

# ਤਾਰ 'ਤੇ ਤੁਰਦੀ ਮਨਮੋਹਨ ਸਿੰਘ ਸਰਕਾਰ

## ਚੋਣਾਂ ਦੀ ਪੈੜਚਾਲ ਨੇ ਮੁਸੀਬਤਾਂ ਵਧਾਈਆਂ

*ਭਾਰਤ ਦੀਆਂ ਲੋਕ ਸਭਾ ਚੋਣਾਂ ਜਿਉਂ-ਜਿਉਂ ਨੇੜੇ ਆ ਰਹੀਆਂ ਹਨ, ਸਿਆਸੀ ਸਰਗਰਮੀਆਂ ਦਾ ਪਿੜ ਭਖ ਰਿਹਾ ਹੈ। ਇਸ ਸਿਆਸੀ ਨਾਟਕ ਦੇ ਸਭ ਪਾਤਰ ਆਪੋ-ਆਪਣੇ ਪੱਤੇ ਖੇਡ ਰਹੇ ਹਨ। ਸਭ ਨੂੰ ਇਹ ਸਪਸ਼ਟ ਹੈ ਕਿ ਅਗਲੀ ਸਰਕਾਰ ਕਿਸੇ ਨਾ ਕਿਸੇ ਗਠਜੋੜ ਦੀ ਹੀ ਬਣਨੀ ਹੈ; ਫਿਰ ਵੀ ਸਭ ਦੀ ਇਹੀ ਦੌੜ ਲੱਗੀ ਹੋਈ ਹੈ ਕਿ ਆਪਣੇ ਲਈ ਵੱਧ ਤੋਂ ਵੱਧ ਸਿਆਸੀ ਜਗ੍ਹਾ ਬਣਾਈ ਜਾਵੇ। ਡੀ.ਐਮ.ਕੇ., ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਇਸ ਪ੍ਰਸੰਗ ਵਿਚ ਰਤਾ ਕੁ ਵਧੇਰੇ ਹੀ ਸਰਗਰਮ ਹਨ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਪਾਰਟੀ ਜਨਤਾ ਦਲ (ਯੂ.) ਵੀ ਵਾਹਵਾ ਹੱਥ-ਪੈਰ ਮਾਰ ਰਹੀ ਹੈ। ਇਸ ਸਰਗਰਮੀ ਬਾਰੇ ਤਬਸਰਾ ਸ੍ਰੀ ਪ੍ਰਫੁੱਲ ਬਿਦਵਈ ਨੇ ਕੀਤਾ ਹੈ।*



ਪ੍ਰਫੁੱਲ ਬਿਦਵਈ

ਜਦੋਂ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੇ ਪਿਛਲੇ ਸਾਲ ਸਤੰਬਰ ਵਿਚ ਸਾਂਝੇ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਦਾ ਸਾਥ ਛੱਡਿਆ ਸੀ ਤਾਂ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਮਨਮੋਹਨ ਸਿੰਘ ਸਰਕਾਰ ਇੰਨੀ ਛੇਤੀ ਦੇਣੀ ਅਸਥਿਰ ਹੋ ਜਾਵੇਗੀ। ਇਸ ਨਾਲ ਲੋਕ ਸਭਾ ਵਿਚ ਸਾਂਝੇ ਪ੍ਰਗਤੀਸ਼ੀਲ ਗਠਜੋੜ ਦੇ ਮੈਂਬਰਾਂ ਦੀ ਗਿਣਤੀ ਘਟ ਕੇ ਭਾਵੇਂ 254 ਰਹਿ ਗਈ ਸੀ ਜੋ ਕੁੱਲ ਮੈਂਬਰਾਂ ਦੇ ਅੱਧ ਭਾਵ 271 ਤੋਂ ਕਿਤੇ ਘੱਟ ਸੀ, ਪਰ ਇਸ ਨੂੰ 28 ਮੈਂਬਰਾਂ ਦੀ ਬਾਹਰੋਂ ਹਮਾਇਤ ਹਾਸਲ ਸੀ ਜਿਨ੍ਹਾਂ ਵਿਚ ਮਾਇਆਵਤੀ ਦੀ ਬਹੁਜਨ ਸਮਾਜ ਪਾਰਟੀ ਦੇ 21, ਰਾਸ਼ਟਰੀ ਜਨਤਾ ਦਲ ਦੇ 4 ਅਤੇ ਜਨਤਾ ਦਲ (ਐਸ) ਦੇ 3 ਮੈਂਬਰ ਸ਼ਾਮਿਲ ਸਨ। ਮੁਲਾਇਮ ਸਿੰਘ ਯਾਦਵ ਦੀ 22 ਲੋਕ ਸਭਾ ਮੈਂਬਰਾਂ ਵਾਲੀ ਸਮਾਜਵਾਦੀ ਪਾਰਟੀ ਦੀ ਵੀ ਸਰਕਾਰ ਨੂੰ ਬਾਹਰੋਂ ਹਮਾਇਤ ਹਾਸਲ ਸੀ ਹਾਲਾਂ ਕਿ ਇਹ ਹਮਾਇਤ ਸ਼ੁਰੂ ਤੋਂ ਅਨਿਸਚਿਤ ਰਹੀ ਹੈ; ਫਿਰ ਵੀ ਸਾਂਝੇ ਪ੍ਰਗਤੀਸ਼ੀਲ ਗਠਜੋੜ ਪੱਖੀ ਮੈਂਬਰਾਂ ਦੀ ਗਿਣਤੀ ਸਪੱਸ਼ਟ ਬਹੁਮਤ ਤੋਂ ਟੱਪ ਕੇ 282 ਹੋ ਗਈ ਸੀ।

ਤਸਵੀਰ ਉਦੋਂ ਨਾਟਕੀ ਢੰਗ ਨਾਲ ਬਦਲੀ ਜਦੋਂ 18 ਮੈਂਬਰਾਂ ਵਾਲੀ ਡੀ.ਐਮ.ਕੇ. ਨੇ ਸ੍ਰੀਲੰਕਾ ਵਿਚ ਤਾਮਿਲਾਂ ਦੀ ਨਸਲਕੁਸ਼ੀ ਦੇ ਮੁੱਦੇ ਦੇ ਆਧਾਰ 'ਤੇ ਸਾਂਝੇ ਪ੍ਰਗਤੀਸ਼ੀਲ ਗਠਜੋੜ ਸਰਕਾਰ ਤੋਂ ਹਮਾਇਤ ਵਾਪਸ ਲੈ ਲਈ। ਡੀ.ਐਮ.ਕੇ. ਦਾ ਕਹਿਣਾ ਸੀ ਕਿ ਸਰਕਾਰ ਨੇ ਇਸ ਸਬੰਧੀ ਢੁਕਵਾਂ ਰੁਖ਼ ਨਹੀਂ ਅਪਣਾਇਆ। ਡੀ.ਐਮ.ਕੇ. ਦੀ ਮੰਗ ਸੀ ਕਿ ਕੇਂਦਰ ਸਰਕਾਰ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਵਿਚ ਸ੍ਰੀਲੰਕਾ ਖਿਲਾਫ਼ ਸਖ਼ਤ ਤੋਂ ਸਖ਼ਤ ਮਤਾ ਲਿਆਉਣਾ ਯਕੀਨੀ ਬਣਾਏ। ਉਂਜ ਪਿਛਲੇ ਕਈ ਸਾਲਾਂ ਤੋਂ ਡੀ.ਐਮ.ਕੇ. ਨੇ ਸ੍ਰੀਲੰਕਾਈ ਤਾਮਿਲਾਂ ਲਈ ਕੁਝ ਨਹੀਂ ਸੀ ਕੀਤਾ। ਅਸਲ ਵਿਚ ਡੀ.ਐਮ.ਕੇ. ਨੂੰ ਨਾਰਾਜ਼ਗੀ ਇਸ ਗੱਲ ਦੀ ਸੀ ਕਿ ਪਾਰਟੀ ਪ੍ਰਧਾਨ ਕਰੁਣਾਨਿਧੀ ਦੀ ਧੀ ਕੇ. ਕਨੀਮੋੜੀ ਸਮੇਤ ਪਾਰਟੀ ਦੇ ਕੁਝ ਸੰਸਦ ਮੈਂਬਰਾਂ ਨੂੰ ਲੰਮੇ ਸਮੇਂ ਤੱਕ ਟੈਲੀਕਾਮ ਘਪਲੇ ਸਬੰਧੀ ਜੇਲ੍ਹ 'ਚ ਰੱਖਿਆ ਗਿਆ ਸੀ। ਹੁਣ ਕਨੀਮੋੜੀ ਖਿਲਾਫ਼ ਨਵੀਂ ਚਾਰਜਸ਼ੀਟ ਦਾਖਲ ਹੋਣ ਦੀ ਵੀ ਸੰਭਾਵਨਾ ਸੀ ਜਿਸ ਤਹਿਤ ਉਸ ਨੂੰ ਦੁਬਾਰਾ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ ਅਤੇ ਉਸ ਦੀ ਜਾਇਦਾਦ ਵੀ ਜ਼ਬਤ ਹੋ ਸਕਦੀ ਸੀ। ਡੀ.ਐਮ.ਕੇ. ਵੱਲੋਂ ਹਮਾਇਤ ਵਾਪਸ ਲੈਣ ਨਾਲ ਸਾਂਝੇ ਪ੍ਰਗਤੀਸ਼ੀਲ ਗਠਜੋੜ ਦੀ ਹਾਲਤ ਬੇਹੱਦ ਨਾਜ਼ੁਕ ਹੋ ਗਈ ਹੈ। ਮੁਲਾਇਮ ਸਿੰਘ ਯਾਦਵ ਨੇ ਤੁਰੰਤ ਗਠਜੋੜ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਸਮਾਜਵਾਦੀ ਪਾਰਟੀ ਨੇ ਉਦੋਂ ਤੱਕ ਸੰਸਦ ਦੀ ਕਾਰਵਾਈ ਵਿਚ ਵਿਘਨ ਪਾਈ ਰੱਖਿਆ ਜਦੋਂ ਤੱਕ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਖ਼ੁਦ ਇਸ ਦੇ ਸਾਹਮਣੇ ਗੋਡੇ ਨਹੀਂ ਟੇਕੇ।

ਫਿਰ ਸ੍ਰੀ ਯਾਦਵ ਵੱਲੋਂ ਇਕ ਹੈਰਾਨਕੁਨ ਬਿਆਨ ਆਇਆ ਜਦੋਂ ਉਨ੍ਹਾਂ ਨੇ ਆਪਣੇ ਪੁੱਤਰ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਦੀ ਇਸ ਗੱਲੋਂ ਆਲੋਚਨਾ ਕੀਤੀ ਕਿ ਸੂਬੇ ਵਿਚ ਅਮਨ-ਕਾਨੂੰਨ ਦੀ ਹਾਲਤ ਠੀਕ ਨਹੀਂ। ਨਾਲ ਦੀ ਨਾਲ ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦੇ ਆਗੂ ਐਲ. ਕੇ. ਅਡਵਾਨੀ ਨੂੰ 'ਇਮਾਨਦਾਰ ਸਿਆਸਤਦਾਨ' ਦੱਸਦਿਆਂ ਉਨ੍ਹਾਂ ਦੀ ਸ਼ਲਾਘਾ ਵੀ ਕੀਤੀ। ਉਨ੍ਹਾਂ ਕਿਹਾ ਕਿ ਜੇ ਅਡਵਾਨੀ ਨੇ ਸੂਬੇ ਵਿਚ ਸ਼ਾਸਨ ਦੀ ਮਾੜੀ ਹਾਲਤ ਅਤੇ ਭ੍ਰਿਸ਼ਟਾਚਾਰ ਦੀ ਮੌਜੂਦਗੀ ਸਬੰਧੀ ਕਿਹਾ ਹੈ ਤਾਂ ਇਹ ਸਹੀ ਹੀ ਹੋਵੇਗਾ; ਕਿਉਂਕਿ ਅਡਵਾਨੀ ਵਰਗਾ ਸਿਆਸਤਦਾਨ ਗ਼ਲਤ ਨਹੀਂ ਕਹਿ ਸਕਦਾ। ਸ੍ਰੀ ਯਾਦਵ ਅਸਲ ਵਿਚ ਖ਼ੁਦ ਨੂੰ ਇਕ ਅਜਿਹੇ ਦਾਨਿਸ਼ਮੰਦ ਰਾਜਸੀ ਨੇਤਾ ਵਜੋਂ ਜ਼ਾਹਿਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜੋ ਕੌਮੀ ਪੱਧਰ 'ਤੇ ਵਡੇਰੀ ਭੂਮਿਕਾ ਦੀ ਜਾਇਜ਼ ਇੱਛਾ ਰੱਖਦਾ ਹੈ। ਅਡਵਾਨੀ ਬਾਰੇ ਉਨ੍ਹਾਂ ਦੀ ਸ਼ਲਾਘਾ ਹੈਰਾਨ ਕਰਨ ਵਾਲੀ ਹੈ ਕਿਉਂਕਿ ਅਤੀਤ ਵਿਚ ਉਨ੍ਹਾਂ ਦੇ ਰਿਸ਼ਤੇ ਬੇਹੱਦ ਟਕਰਾਅ ਵਾਲੇ ਰਹੇ ਹਨ ਅਤੇ ਭਾਜਪਾ ਉਨ੍ਹਾਂ ਨੂੰ 'ਮੌਲਾਨਾ ਮੁਲਾਇਮ' ਕਹਿ ਕੇ ਉਨ੍ਹਾਂ ਖਿਲਾਫ਼ ਮੁਹਿੰਮ ਚਲਾਉਂਦੀ ਰਹੀ ਹੈ, ਪਰ ਮੁਲਾਇਮ ਸਿੰਘ ਅਕਸਰ ਸਿਆਸਤ ਵਿਚ ਹੈਰਾਨਕੁਨ ਅਤੇ ਬੇਯਕੀਨੀ ਭਰੇ ਮੋੜ ਕੱਟਣ ਲਈ ਜਾਣੇ ਜਾਂਦੇ ਹਨ। ਉਨ੍ਹਾਂ ਬਾਰੇ ਕੋਈ ਪੱਕਾ ਕਿਆਸ ਨਹੀਂ ਲਗਾਇਆ ਜਾ ਸਕਦਾ। ਉਨ੍ਹਾਂ ਵੱਲੋਂ ਸ੍ਰੀ ਅਡਵਾਨੀ ਦੀ ਕੀਤੀ ਗਈ ਸ਼ਲਾਘਾ ਦੀ ਵਿਆਖਿਆ ਤਿੰਨ ਨੁਕਤਿਆਂ ਤੋਂ ਕੀਤੀ ਜਾ ਸਕਦੀ ਹੈ। ਇਕ ਤਾਂ ਇਹ ਕਿ ਹੋ ਸਕਦਾ ਹੈ ਕਿ ਭਾਜਪਾ ਨਾਲ ਆਪਣੇ ਰਿਸ਼ਤਿਆਂ ਵਿਚ ਨਰਮਾਈ ਲਿਆਉਣ ਦਾ ਇਹ ਉਨ੍ਹਾਂ ਦਾ ਪੈਂਤੜਾ ਹੋਵੇ (ਸਾਂਝੇ ਪ੍ਰਗਤੀਸ਼ੀਲ ਗਠਜੋੜ ਨਾਲ ਟਕਰਾਅ ਪੈਦਾ ਹੋਣ ਦੀ ਹਾਲਤ ਨੂੰ ਸਾਂਭਣ ਲਈ); ਜਾਂ ਫਿਰ ਉਨ੍ਹਾਂ ਦਾ ਮਕਸਦ ਭਾਜਪਾ ਵਿਚ ਭੰਬਲਭੂਸਾ ਪੈਦਾ ਕਰਨਾ ਹੋ ਸਕਦਾ ਹੈ; ਜਾਂ ਫਿਰ ਇਹ ਕਿ ਨਰਿੰਦਰ ਮੋਦੀ ਤੋਂ ਧਿਆਨ ਲਾਂਭੇ ਕੀਤਾ ਜਾਵੇ ਜੋ ਇਸ ਸਮੇਂ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ ਵਿਚ ਸਭ ਤੋਂ ਅੱਗੇ ਨਜ਼ਰ ਆ ਰਹੇ ਹਨ। ਯਾਦਵ ਜਾਣਦੇ ਹਨ ਕਿ ਮੋਦੀ ਆਜ਼ਾਦ ਭਾਰਤ ਵਿਚ ਮੁਸਲਮਾਨਾਂ ਦੇ ਹੋਏ ਸਭ ਤੋਂ ਘਿਣਾਉਣੇ ਕਤਲੇਆਮ ਲਈ ਜ਼ਿੰਮੇਵਾਰ ਹਨ। ਉਹ ਅਗਲੀਆਂ ਚੋਣਾਂ ਵਿਚ ਲੋਕ ਮਤ ਦਾ ਵੱਡੀ ਪੱਧਰ 'ਤੇ ਧਰੁਵੀਕਰਨ ਕਰਨਗੇ। ਅਜਿਹੀ ਹਾਲਤ ਵਿਚ ਮੁਸਲਿਮ ਵੋਟ ਵੱਡੀ ਗਿਣਤੀ ਵਿਚ ਕਾਂਗਰਸ ਦੇ ਹੱਕ ਵਿਚ ਭੁਗਤ ਸਕਦੇ ਹਨ। ਇਸ ਨਾਲ ਸਮਾਜਵਾਦੀ ਪਾਰਟੀ ਨੂੰ ਨੁਕਸਾਨ ਹੀ ਹੋਵੇਗਾ। ਇਸੇ ਕਰ ਕੇ ਉਹ ਅਡਵਾਨੀ ਨੂੰ ਤਸਵੀਰ ਵਿਚ ਲਿਆਉਣ ਦਾ ਯਤਨ ਕਰ ਰਹੇ ਹੋ ਸਕਦੇ ਹਨ। ਯਾਦਵ ਇਹ ਵੀ ਸੁਝਾਉਣਾ ਚਾਹੁੰਦੇ ਹਨ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ ਰਾਹੁਲ ਗਾਂਧੀ ਅਤੇ ਨਰਿੰਦਰ ਮੋਦੀ ਤੱਕ ਹੀ ਸੀਮਤ ਨਹੀਂ, ਜਿਵੇਂ ਮੀਡੀਆ ਵੱਲੋਂ ਇਸ ਨੂੰ ਚਿਤਰਿਆ ਜਾ ਰਿਹਾ ਹੈ; ਸਗੋਂ ਇਸ ਸਬੰਧੀ ਬਦਲ ਕਿਤੇ ਖੁੱਲ੍ਹੇ ਅਤੇ ਵਿਆਪਕ ਹਨ। ਯਾਦਵ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨਾਲ ਵੀ ਨੇੜਤਾ ਬਣਾਉਣ ਲਈ ਯਤਨਸ਼ੀਲ ਹਨ।



ਮੁਲਾਇਮ ਸਿੰਘ



ਮਨਮੋਹਨ ਸਿੰਘ

ਸਮਾਜਵਾਦੀ ਪਾਰਟੀ ਵੱਲੋਂ ਹਮਾਇਤ ਵਾਪਸ ਲਏ ਜਾਣ ਦੀ ਹਾਲਤ ਵਿਚ ਸਾਂਝੇ ਪ੍ਰਗਤੀਸ਼ੀਲ ਗਠਜੋੜ ਸਰਕਾਰ ਦੀ ਹੋਂਦ ਖ਼ਤਰੇ ਵਿਚ ਪੈ ਜਾਵੇਗੀ। ਸਮਾਜਵਾਦੀ ਪਾਰਟੀ ਵੀ ਛੇਤੀ ਤੋਂ ਛੇਤੀ ਲੋਕ ਸਭਾ ਚੋਣਾਂ ਚਾਹੁੰਦੀ ਹੋਵੇਗੀ ਕਿਉਂਕਿ ਇਸ ਦੀ ਸੂਬਾਈ ਸਰਕਾਰ ਦਾ ਅਕਸ ਸਮਾਂ ਬੀਤਣ ਨਾਲ ਹੋਰ ਹੀ ਵਿਗੜਨਾ ਹੈ। ਖ਼ੈਰ! ਕੁਝ ਵੀ ਹੋਵੇ, ਪੇਤਲੇ ਜਿਹੇ ਬਹੁਮਤ ਵਾਲੀ ਸਾਂਝੇ ਪ੍ਰਗਤੀਸ਼ੀਲ ਗਠਜੋੜ ਦੀ ਸਰਕਾਰ ਲਈ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੋਵਾਂ ਦੀ ਹਮਾਇਤ ਬੇਹੱਦ ਅਹਿਮ ਬਣੀ ਰਹੇਗੀ। ਸਰਕਾਰ ਨੂੰ ਇਕ-ਦੂਜੇ ਦੀਆਂ ਵਿਰੋਧੀ ਇਨ੍ਹਾਂ ਦੋਵਾਂ ਪਾਰਟੀਆਂ ਵਿਚ ਦਿਨ-ਬਦਿਨ ਸੰਤੁਲਨ ਬਣਾ ਕੇ ਰੱਖਣਾ ਪਵੇਗਾ। ਸਰਕਾਰ ਦੀ ਸੋਚ ਇਹ ਵੀ ਹੈ ਕਿ ਜੇ ਉਸ ਦੇ ਇਹ ਯਤਨ ਕਾਮਯਾਬ ਨਾ ਰਹਿਣ ਤਾਂ ਉਸ ਕੋਲ ਕੋਈ ਨਾ ਕੋਈ ਸਹਿਯੋਗੀ ਹੋਰ ਹੋਵੇ। ਇਸੇ ਲਈ ਉਹ ਬਿਹਾਰ ਨੂੰ ਵਿਸ਼ੇਸ਼ ਦਰਜਾ ਦੇ ਕੇ ਵੀ ਨਿਤਿਸ਼ ਕੁਮਾਰ ਨੂੰ ਆਪਣੇ ਪੱਖ ਵਿਚ ਕਰਨ ਲਈ ਯੋਜਨਾਬੰਦੀ ਕਰ ਰਹੀ ਹੈ (ਮੁਲਾਇਮ ਸਿੰਘ ਵੀ ਨਿਤਿਸ਼ ਕੁਮਾਰ ਨਾਲ ਇਸੇ ਕਰ ਕੇ ਨੇੜਤਾ ਵਧਾ ਰਹੇ ਹਨ)। ਸਾਂਝੇ ਪ੍ਰਗਤੀਸ਼ੀਲ ਗਠਜੋੜ ਦੇ ਇਸ ਨਿਘਾਰ ਨੂੰ ਸਿਰਫ ਦੋ ਉਪਰਾਲੇ ਹੀ ਠੱਲ੍ਹ ਪਾ ਸਕਦੇ ਹਨ। ਪਹਿਲਾ ਹੈ, ਦਲੇਰੀ ਭਰੀਆਂ ਲੋਕ-ਪੱਖੀ ਪਹਿਲਕਦਮੀਆਂ ਨੂੰ ਅਪਣਾਉਣਾ, ਜਿਵੇਂ ਭੋਜਨ ਸੁਰੱਖਿਆ, ਵਸੇਬਾ, ਸਿਹਤ ਸਹੂਲਤਾਂ ਅਤੇ ਹੋਰ ਸਮਾਜਕ ਸਹੂਲਤਾਂ ਦੇ ਮੁੱਦਿਆਂ ਸਬੰਧੀ ਅਹਿਮ ਯੋਜਨਾਵਾਂ ਨੂੰ ਲਾਗੂ ਕਰਨਾ, ਜਿਵੇਂ ਇਸ ਕਾਲਮ ਵਿਚ ਪਿਛਲੇ ਹਫ਼ਤੇ ਚਰਚਾ ਕੀਤੀ ਗਈ ਸੀ। ਇਸ ਨਾਲ ਸਮਾਜ ਵਿਚ ਨਵੀਂ ਊਰਜਾ ਦਾ ਸੰਚਾਰ ਹੋਵੇਗਾ ਅਤੇ ਸਾਂਝੇ ਪ੍ਰਗਤੀਸ਼ੀਲ ਗਠਜੋੜ ਨੂੰ ਵੀ ਨਵੀਂ ਲੋਕ-ਹੁਲਾਰਾ ਮਿਲੇਗਾ। ਇਹ ਸਭ ਕੁਝ ਹੋਣ ਨਾਲ ਸਰਕਾਰ ਦੇ ਸਹਿਯੋਗੀ ਦਲ ਵੀ ਆਪਣੇ-ਆਪ ਇਸ ਦੇ ਨੇੜੇ ਆਉਣ ਲਈ ਪ੍ਰੇਰਿਤ ਹੋਣਗੇ। ਦੂਜੀ ਗੱਲ ਇਹ ਹੈ ਕਿ ਕਾਂਗਰਸ ਕਰਨਾਟਕ ਵਿਧਾਨ ਸਭਾ ਦੀਆਂ ਆਉਂਦੀਆਂ ਚੋਣਾਂ ਵਿਚ ਪ੍ਰਭਾਵਸ਼ਾਲੀ ਜਿੱਤ ਹਾਸਲ ਕਰੇ ਜਿਸ ਨਾਲ ਲੋਕ ਸਭਾ ਚੋਣਾਂ ਲਈ ਇਸ ਦਾ ਹੌਸਲਾ ਬੁਲੰਦ ਹੋਵੇ। ਜੇ ਕਾਂਗਰਸ ਆਂਧਰਾ ਪ੍ਰਦੇਸ਼ ਵਿਚ ਜਗਨ ਮੋਹਨ ਰੈਡੀ ਦੀ ਪਾਰਟੀ ਨਾਲ ਗਠਜੋੜ ਜਾਂ ਕਿਸੇ ਤਰ੍ਹਾਂ ਦੀ ਆਪਸੀ ਸਮਝ ਬਣਾ ਲਵੇ ਤਾਂ ਇਸ ਨਾਲ ਪਾਰਟੀ ਨੂੰ ਨਵੀਂ ਊਰਜਾ ਮਿਲ ਸਕਦੀ ਹੈ। ਅਜਿਹਾ ਹੋਣ ਨਾਲ ਤੇਲੰਗਾਨਾ, ਰਾਇਲਸੀਮਾ ਅਤੇ ਤਟਵਰਤੀ ਆਂਧਰਾ ਵਿਚ ਦੋਵੇਂ ਪਾਰਟੀਆਂ ਚੰਗੀ ਕਾਰਗੁਜ਼ਾਰੀ ਦਿਖਾ ਸਕਦੀਆਂ ਹਨ।

ਜਿਥੋਂ ਤੱਕ ਪਹਿਲੀ ਪਹਿਲਕਦਮੀ ਦਾ ਸਵਾਲ ਹੈ, ਸਾਂਝੇ ਪ੍ਰਗਤੀਸ਼ੀਲ ਗਠਜੋੜ ਦਾ ਰਵੱਈਆ ਬੇਹੱਦ ਆਲਸੀ ਹੈ। ਇਸ ਦੇ ਰੂੜ੍ਹੀਵਾਦੀ ਨੀਤੀ-ਘਾੜਿਆਂ ਕਾਰਨ ਅਤੇ ਵਪਾਰਕ ਲਾਬੀਆਂ ਦੇ ਪ੍ਰਭਾਵ ਕਾਰਨ ਲੋਕ-ਪੱਖੀ ਨੀਤੀਆਂ ਅਮਲ ਵਿਚ ਆਉਣੀਆਂ ਔਖੀਆਂ ਜਾਪਦੀਆਂ ਹਨ, ਸਗੋਂ ਸਰਕਾਰ 'ਤੇ ਇਸ ਤੋਂ ਬਿਲਕੁਲ ਉਲਟ ਨੀਤੀ ਅਪਣਾਉਣ ਦਾ ਦਬਾਅ ਪਾਇਆ ਜਾ ਰਿਹਾ ਹੈ ਅਤੇ ਬਹਾਨਾ ਵਿਕਾਸ ਨੂੰ ਵਧਾਉਣ ਦਾ ਲਾਇਆ ਜਾ ਰਿਹਾ ਹੈ। ਜਿਥੋਂ ਤੱਕ ਦੂਜੇ ਘਟਨਾਕ੍ਰਮ ਦਾ ਸਵਾਲ ਹੈ, ਅਜਿਹਾ ਹੋਣਾ ਜ਼ਰੂਰ ਸੰਭਵ ਜਾਪਦਾ ਹੈ। ਘੱਟੋ-ਘੱਟ ਕਰਨਾਟਕ ਵਿਚ ਤਾਂ ਇਸ ਤਰ੍ਹਾਂ ਹੋ ਹੀ ਸਕਦਾ ਹੈ, ਜਿਥੇ ਭਾਜਪਾ ਬੀ. ਐਸ. ਯੇਡੀਯੁਰੱਪਾ ਦੇ ਸਖ਼ਤ ਵਿਰੋਧ ਕਾਰਨ ਪੂਰੀ ਤਰ੍ਹਾਂ ਪਸਤ ਨਜ਼ਰ ਆ ਰਹੀ ਹੈ। ਜਿਥੋਂ ਤੱਕ ਆਂਧਰਾ ਦਾ ਸਵਾਲ ਹੈ, ਇਥੇ ਲੋੜੀਂਦੀਆਂ ਤਬਦੀਲੀਆਂ ਲਿਆਉਣ ਲਈ ਸਾਂਝੇ ਪ੍ਰਗਤੀਸ਼ੀਲ ਗਠਜੋੜ ਨੂੰ ਗੰਭੀਰ ਨੀਤੀਗਤ ਉਪਰਾਲਿਆਂ ਦੀ ਲੋੜ ਹੋਵੇਗੀ।

# ਪੰਜਾਬ 1907: ਏਕੇ ਦਾ ਇਤਿਹਾਸ

## ਕਿਸਾਨਾਂ ਦਾ ਪਹਿਲਾ ਵੱਡਾ ਸੰਘਰਸ਼

**ਦੇਸ-ਪਰਦੇਸ**

***ਅਪ੍ਰੈਲ 1907 ਵਿਚ ਕਿਸਾਨਾਂ ਦਾ ਰੋਸ ਪੰਜਾਬੀ ਫ਼ੌਜੀਆਂ ਤੱਕ ਫੈਲ ਗਿਆ। 10 ਅਪਰੈਲ 1907 ਨੂੰ ਫ਼ਿਰੋਜ਼ਪੁਰ ਦੀ ਪੁਰਾਣੀ ਮੰਡੀ ਵਿਚ ਹੋਈ ਇਕੱਤਰਤਾ ਵਿਚ ਪੰਜਾਬੀ ਫ਼ੌਜੀਆਂ ਨੇ ਵੀ ਹਿੱਸਾ ਲਿਆ। 15 ਅਪਰੈਲ 1907 ਨੂੰ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਡਿਕੋਟ ਵਿਚ ਫ਼ੌਜੀਆਂ ਦਾ ਵੱਡਾ ਇਕੱਠ ਹੋਇਆ। 17 ਅਪ੍ਰੈਲ 1907 ਨੂੰ ਮੁਲਤਾਨ ਦੇ ਕਲਿੰਗਾ ਖ਼ਾਨ ਬਾਗ ਵਿਚ ਲਗਭਗ 15,000 ਕਿਸਾਨਾਂ ਨੇ ਰੋਸ ਮੁਜ਼ਾਹਰੇ ਵਿਚ ਹਿੱਸਾ ਲਿਆ। ਇਸ ਵਿਚ ਬਹੁਤ ਸਾਰੇ ਪੰਜਾਬੀ ਫ਼ੌਜੀ ਵੀ ਸ਼ਾਮਲ ਹੋਏ। ਪੰਜਾਬੀ ਫ਼ੌਜੀਆਂ ਦਾ ਲਹਿਰ ਵਿਚ ਹਿੱਸਾ ਲੈਣਾ ਅੰਗਰੇਜ਼ ਸਰਕਾਰ ਨੂੰ ਵੱਡੀ ਚਿਤਾਵਨੀ ਸੀ। 1907 ਵਿਚ ਭਾਰਤੀ ਫ਼ੌਜ ਵਿਚ ਪੰਜਾਬੀਆਂ ਦੀ ਗਿਣਤੀ ਲਗਭਗ 40 ਫ਼ੀਸਦੀ ਸੀ। ਇਕੱਲੇ ਸਿੱਖ ਭਾਰਤੀ ਫ਼ੌਜ ਦਾ 23 ਫ਼ੀਸਦੀ ਸਨ। ਲਗਭਗ ਇਹ ਸਾਰੇ ਹੀ ਕਿਸਾਨ ਪਰਿਵਾਰਾਂ ਵਿਚੋਂ ਸਨ। ਭਾਰਤੀ ਫ਼ੌਜ ਦੇ ਕਮਾਂਡਰ-ਇਨ-ਚੀਫ਼ ਲਾਰਡ ਕਿਚਨਰ ਨੇ ਇਸ ਦਾ ਖ਼ਾਸ ਨੋਟਿਸ ਲਿਆ।***



**ਸੁਖਵੰਤ ਸਿੰਘ**

ਪੰਜਾਬੀਆਂ ਵੱਲੋਂ ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਸੰਨ 1907 ਵਿਚ ਸੰਘਰਸ਼ ਕੀਤਾ ਗਿਆ ਸੀ। ਅੰਗਰੇਜ਼ ਸਰਕਾਰ ਵੱਲੋਂ ਕਿਸਾਨਾਂ ਦੇ ਜ਼ਮੀਨੀ ਹੱਕ-ਹਕੂਕ ਬਦਲਣ, ਭੂਮੀ ਦੇ ਮਾਮਲੇ (ਲਗਾਨ) ਵਿਚ ਵਾਧਾ ਕਰਨ ਅਤੇ ਨਹਿਰੀ ਮਾਮਲੇ ਦੀਆਂ ਦਰਾਂ ਵਧਾਉਣ ਨਾਲ ਪੰਜਾਬੀਆਂ ਵਿਚ ਭਾਰੀ ਰੋਸ ਪੈਦਾ ਹੋ ਗਿਆ ਸੀ। ਕਿਸਾਨਾਂ ਵੱਲੋਂ ਆਪਣੇ ਆਗੂਆਂ ਦੀ ਰਹਿਨੁਮਾਈ ਹੇਠ ਸ਼ਾਂਤਮਈ ਢੰਗ ਨਾਲ ਆਪਣੀ ਤਾਕਤ ਦਾ ਪ੍ਰਗਟਾਵਾ ਕੀਤਾ ਗਿਆ। ਭਾਰਤ ਦੀ ਅੰਗਰੇਜ਼ ਹਕੂਮਤ ਨੂੰ ਪਹਿਲੀ ਵਾਰ ਅਜਿਹੇ ਯੋਜਨਾਬੰਦ ਸੰਘਰਸ਼ ਦਾ ਸਾਹਮਣਾ ਕਰਨਾ ਪਿਆ। ਸਰਕਾਰ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਹਿੰਦੂ, ਮੁਸਲਮਾਨ ਅਤੇ ਸਿੱਖ ਕਿਸਾਨਾਂ ਨੂੰ ਵੱਖ ਨਾ ਕਰ ਸਕੀ ਅਤੇ ਨਾ ਹੀ ਇਸ ਸੰਘਰਸ਼ ਨੂੰ ਹਿੰਸਾਤਮਕ ਰੂਪ ਦੇਣ ਦੀਆਂ ਕੋਸ਼ਿਸ਼ਾਂ ਸਫ਼ਲ ਹੋਈਆਂ। ਆਖ਼ਰ ਅੰਗਰੇਜ਼ ਸਰਕਾਰ ਨੂੰ ਝੁਕਣਾ ਪਿਆ। ਲੋਅਰ ਝਨਾਬ ਨਹਿਰ ਦਾ ਕੰਮ 1887 ਈਸਵੀ ਵਿਚ ਸ਼ੁਰੂ ਹੋਇਆ ਸੀ। ਇਸ ਨੂੰ 1889 ਵਿਚ ਬਰਸਾਤੀ ਤੋਂ ਪੱਕੀ ਨਹਿਰ ਵਿਚ ਬਦਲ ਦਿੱਤਾ ਗਿਆ ਸੀ। ਇਹ ਪੰਜਾਬ ਦੀ ਸਭ ਤੋਂ ਵੱਡੀ ਨਹਿਰੀ ਨੌਂ-ਆਬਾਦੀ ਸੀ। ਇਸ ਨਹਿਰ ਦੀਆਂ ਤਿੰਨ ਮੁੱਖ ਸ਼ਾਖਾਵਾਂ ਸਨ-ਰੱਖ ਤੇ ਮੀਆਂ ਅਲੀ, ਝੰਗ ਅਤੇ ਗੁਗੇਰਾ। ਇੱਥੇ ਜ਼ਮੀਨ ਦੀ ਅਲਾਟਮੈਂਟ ਦਾ ਕੰਮ ਜੁਲਾਈ 1890 ਵਿਚ ਸ਼ੁਰੂ ਹੋਇਆ ਸੀ ਜੋ 1892 ਤੱਕ ਈ.ਡੀ. ਮੈਕਲੇਗਨ ਦੀ ਕੋਲੋਨਾਈਜੇਸ਼ਨ ਅਫ਼ਸਰ ਦੀ ਨਿਯੁਕਤੀ ਨਾਲ ਪੂਰੇ ਜ਼ੋਰ ਨਾਲ ਚੱਲ ਪਿਆ ਸੀ। ਸੰਨ 1907 ਵਿਚ ਲੋਅਰ ਝਨਾਬ ਨਹਿਰ ਦੁਆਰਾ ਸਿੰਜਾਈ ਕੀਤਾ ਜਾਣ ਵਾਲਾ ਰਕਬਾ 18 ਲੱਖ ਏਕੜ ਤੋਂ ਵੱਧ ਸੀ। ਕੁੱਲ ਅਲਾਟ ਕੀਤੇ ਗਏ ਰਕਬੇ ਦਾ 78 ਫ਼ੀਸਦੀ ਕਿਸਾਨ ਗ੍ਰਾਂਟਾਂ ਸਨ ਜਦਕਿ 12 ਫ਼ੀਸਦੀ ਨੌਕਰਸ਼ਾਹੀ ਗ੍ਰਾਂਟਾਂ ਅਤੇ 10 ਫ਼ੀਸਦੀ ਪੂੰਜੀਪਤੀ ਗ੍ਰਾਂਟਾਂ ਸਨ। ਜ਼ਿਆਦਾਤਰ ਕਿਸਾਨ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਜਿਵੇਂ ਅੰਮ੍ਰਿਤਸਰ, ਗੁਰਦਾਸਪੁਰ, ਸਿਆਲਕੋਟ, ਲਾਹੌਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ ਅਤੇ ਫ਼ਿਰੋਜ਼ਪੁਰ ਤੋਂ ਆ ਕੇ ਇੱਥੇ ਵੱਸ ਗਏ। 1868 ਦੇ ਪੰਜਾਬ ਵੇਸਟ ਲੈਂਡ ਰੂਲਜ਼ ਅਤੇ ਭਾਰਤ ਸਰਕਾਰ ਦੇ 1885 ਦੇ ਨਿਯਮਾਂ ਅਨੁਸਾਰ ਕਿਸਾਨ ਨੂੰ ਕੁਝ ਸ਼ਰਤਾਂ ਅਧੀਨ ਮਾਲਕੀ ਦੇ ਹੱਕ ਖ਼ਰੀਦਣ ਦੀ ਆਗਿਆ ਸੀ। 1889 ਦੇ ਬਦਲੇ ਹੋਏ ਨਿਯਮਾਂ ਅਨੁਸਾਰ ਮਾਲਕਾਨਾ ਹੱਕ ਵਾਸਤੇ ਜ਼ਿਆਦਾ ਰਕਮ ਦੇਣੀ ਪੈਂਦੀ ਸੀ। 1893 ਦੇ ਗੌਰਮਿੰਟ ਟੈਨੇਟਸ (ਪੰਜਾਬ) ਐਕਟ ਅਧੀਨ ਕੁਝ ਨਵੀਆਂ ਸ਼ਰਤਾਂ ਲਗਾ ਦਿੱਤੀਆਂ ਗਈਆਂ। ਕਿਸਾਨੀ, ਨੌਕਰਸ਼ਾਹੀ ਅਤੇ ਪੂੰਜੀਪਤੀ ਗ੍ਰਾਂਟਾਂ ਵਿਚ ਮਾਲਕਾਨਾ ਹੱਕ ਦਿੱਤੇ ਜਾਣ ਕਾਰਨ ਸਰਕਾਰੀ ਮਲਕੀਅਤ ਅਧੀਨ ਰਕਬਾ ਲਗਾਤਾਰ ਘਟਦਾ ਗਿਆ। ਝਨਾਬ ਨਹਿਰ ਸ਼ੁਰੂ ਹੋਣ ਤੋਂ ਪਹਿਲਾਂ ਸਰਕਾਰ ਦੀ ਸਿੱਧੀ ਮਲਕੀਅਤ ਅਧੀਨ ਪੰਜਾਬ ਦਾ 20 ਫ਼ੀਸਦੀ ਰਕਬਾ ਸੀ ਜੋ 1901 ਤੱਕ ਘਟ ਕੇ 15 ਫ਼ੀਸਦੀ ਰਹਿ ਗਿਆ ਸੀ। ਸਰਕਾਰ ਇਸ ਨੂੰ ਹੋਰ ਘਟਣ ਤੋਂ ਰੋਕਣਾ ਚਾਹੁੰਦੀ ਸੀ। ਪੰਜਾਬ ਸਰਕਾਰ ਨੇ ਬਿੱਲ ਤਿਆਰ ਕਰਨ ਦਾ ਫ਼ੈਸਲਾ ਕੀਤਾ ਜਿਸ ਵਿਚ ਕਿਸਾਨਾਂ ਨੂੰ ਮਾਲਕਾਨਾ ਹੱਕਾਂ ਦੀ ਪ੍ਰਾਪਤੀ ਸਖ਼ਤ ਕਰਨ, ਮਾਰੂਸੀ ਹੱਕ ਦੇਣ ਵਿਚ ਨਵੀਆਂ ਸ਼ਰਤਾਂ, ਕਈ ਕਿਸਮ ਦੇ ਜੁਰਮਾਨੇ ਭਰਨ, ਹੋਰ ਕਠੋਰ ਸ਼ਰਤਾਂ ਲਾਗੂ ਕਰਨ ਅਤੇ ਉਨ੍ਹਾਂ ਦੇ ਨਿੱਜੀ ਕੰਮ-ਕਾਜ ਵਿਚ ਵੱਧ ਦਖ਼ਲਅੰਦਾਜ਼ੀ ਦੇਣ ਵਰਗੇ ਨਿਯਮ ਸ਼ਾਮਲ ਕੀਤੇ ਗਏ। ਆਮ ਕਰ ਕੇ ਅਜਿਹੇ ਕਾਨੂੰਨ ਬਣਾਉਣ ਵਿਚ ਲੰਮੀ ਕਾਰਵਾਈ ਕੀਤੀ ਜਾਂਦੀ ਸੀ ਜਿਸ ਵਿਚ ਜ਼ਿਲ੍ਹਾ ਅਫ਼ਸਰਾਂ, ਕਰ-ਵਿਭਾਗ ਦੇ ਮਾਹਰਾਂ, ਕੋਲੋਨਾਈਜੇਸ਼ਨ ਅਫ਼ਸਰਾਂ, ਹੋਰ ਵਿਭਾਗਾਂ ਅਤੇ ਵਿਅਕਤੀਆਂ ਦੀ ਸਲਾਹ ਲਈ ਜਾਂਦੀ ਸੀ, ਪਰ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਅਜਿਹਾ ਨਹੀਂ ਸੀ ਕੀਤਾ। ਵਿੱਤ ਕਮਿਸ਼ਨਰ ਨੂੰ ਬਿੱਲ ਤਿਆਰ ਕਰਨ ਲਈ ਹੁਕਮ ਦੇ ਦਿੱਤਾ ਗਿਆ। ਇਹ ਬਿੱਲ ਡੈਨਜ਼ਿਲ ਇਬਟਸਨ ਅਤੇ ਜੇਮਜ਼ ਵਿਲਸਨ ਦੇ ਦਿਮਾਗ ਦੀ ਕਾਢ ਸੀ। ਇਬਟਸਨ ਆਪਣੇ-ਆਪ ਨੂੰ ਭਾਰਤ ਵਿਚਲੇ ਅੰਗਰੇਜ਼ ਅਧਿਕਾਰੀਆਂ ਵਿਚੋਂ ਸਭ ਤੋਂ ਵੱਧ ਸਿਆਣਾ, ਜਾਣਕਾਰ ਅਤੇ ਅੰਗਰੇਜ਼ੀ ਰਾਜ ਦਾ ਸ਼ੁਭਚਿੰਤਕ ਸਮਝਦਾ ਸੀ।

1892 ਦੇ ਇੰਡੀਅਨ ਕੌਂਸਲਸ ਐਕਟ ਮੁਤਾਬਕ ਇਸ ਬਿੱਲ ਨੂੰ ਪ੍ਰਾਂਤਕ ਲੈਜਿਸਲੇਟਿਵ ਕੌਂਸਲ ਵਿਚ ਪੇਸ਼ ਕਰਨ ਵਾਸਤੇ ਭਾਰਤ ਸਰਕਾਰ ਦੀ ਮਨਜ਼ੂਰੀ ਲੈਣੀ ਜ਼ਰੂਰੀ ਸੀ। ਪੰਜਾਬ ਵਿਚ ਲੈਜਿਸਲੇਟਿਵ ਕੌਂਸਲ 1897 ਵਿਚ ਕਾਇਮ ਹੋਈ ਸੀ। ਪੰਜਾਬ ਸਰਕਾਰ ਨੇ ਕੋਲੋਨਾਈਜੇਸ਼ਨ ਆਫ਼ ਗੌਰਮਿੰਟ ਲੈਂਡ (ਪੰਜਾਬ) ਬਿੱਲ 09 ਜੁਲਾਈ, 1904 ਨੂੰ ਗਵਰਨਰ ਜਨਰਲ ਨੂੰ ਭੇਜ ਦਿੱਤਾ। ਗਵਰਨਰ ਜਨਰਲ ਵੱਲੋਂ ਪੱਤਰ ਨੰਬਰ 2013 ਮਿਤੀ 15 ਦਸੰਬਰ 1904 ਰਾਹੀਂ ਬਿੱਲ ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਪੇਸ਼ ਕਰਨ ਦੀ ਆਗਿਆ ਦੇ ਦਿੱਤੀ। ਸੈਕਰੇਟਰੀ ਆਫ ਸਟੇਟ ਫਾਰ ਇੰਡੀਆ ਨੇ ਇਸ ਉੱਤੇ ਰੋਕ ਲਗਾ ਦਿੱਤੀ ਅਤੇ ਕੁਝ ਸੋਧਾਂ ਕਰਨ ਵਾਸਤੇ ਕਿਹਾ। ਸੋਧੇ ਹੋਏ ਬਿੱਲ ਨੂੰ ਪ੍ਰਾਂਤਕ ਕੌਂਸਲ ਵਿਚ ਪੇਸ਼ ਕਰਨ ਲਈ ਭਾਰਤ ਸਰਕਾਰ ਨੇ 8 ਅਕਤੂਬਰ, 1906 ਨੂੰ ਪ੍ਰਵਾਨਗੀ ਦੇ ਦਿੱਤੀ ਗਈ। ਇਸ ਤਰ੍ਹਾਂ ਇਹ 1906 ਦਾ ਬਿੱਲ ਨੰਬਰ 3 ਜੇ.ਐਮ. ਡੂਈ ਦੁਆਰਾ 23 ਅਕਤੂਬਰ, 1906 ਨੂੰ ਪੇਸ਼ ਕੀਤਾ ਗਿਆ। ਚੋਣ ਕਮੇਟੀ ਦੇ ਮੈਂਬਰਾਂ ਜੇ.ਐਮ. ਡੂਈ, ਠਾਕੁਰ ਮਹਾਂ ਚੰਦ ਅਤੇ ਮਲਿਕ ਉਮਰ ਹਯਾਤ ਟਿਵਾਣਾ ਵੱਲੋਂ 17 ਫਰਵਰੀ, 1907 ਨੂੰ ਇਸ ਬਿੱਲ ਨੂੰ ਮੁਕੰਮਲ ਕੀਤਾ ਗਿਆ। ਇਹ ਬਿੱਲ ਪੰਜਾਬ ਲੈਜਿਸਲੇਟਿਵ ਕੌਂਸਲ ਦੀ ਲਾਹੌਰ ਵਿਚ 28 ਫਰਵਰੀ 1907 ਦੀ ਮੀਟਿੰਗ ਵਿਚ ਪਾਸ ਕਰ ਦਿੱਤਾ ਗਿਆ। ਪੰਜਾਬ ਸਰਕਾਰ ਨੇ ਇਸ ਬਿੱਲ ਨੂੰ 16 ਮਾਰਚ 1907 ਨੂੰ ਭਾਰਤ ਸਰਕਾਰ ਨੂੰ ਮਨਜ਼ੂਰੀ ਵਾਸਤੇ ਭੇਜ ਦਿੱਤਾ।

1905 ਅਤੇ 1906 ਵਿਚ ਨਰਮੇ (ਕਪਾਹ) ਦੀ ਫ਼ਸਲ ਖ਼ਰਾਬ ਹੋਣ ਨਾਲ ਕਿਸਾਨਾਂ ਨੂੰ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪਿਆ। ਲਾਇਲਪੁਰ ਦੀ ਬਾਰ ਵਿਚ ਕਣਕ ਤੋਂ ਬਾਅਦ ਨਰਮਾ ਦੂਜੀ ਮੁੱਖ ਫ਼ਸਲ ਸੀ। ਨਵੰਬਰ 1906 ਵਿਚ ਪੰਜਾਬ ਸਰਕਾਰ ਨੇ (ਅੱਪਰ) ਬਾਰੀ ਦੋਆਬ ਨਹਿਰ ਜੋ ਗੁਰਦਾਸਪੁਰ, ਅੰਮ੍ਰਿਤਸਰ ਅਤੇ ਲਾਹੌਰ ਜ਼ਿਲ੍ਹਿਆਂ ਨੂੰ ਸਿੰਜਦੀ ਸੀ, ਦੇ ਨਹਿਰੀ ਮਾਮਲੇ ਵਿਚ ਵਾਧਾ ਕਰ ਦਿੱਤਾ। ਵਪਾਰਕ ਫ਼ਸਲਾਂ, ਸਬਜ਼ੀਆਂ ਅਤੇ ਬਾਗ਼ਾਂ ਵਾਸਤੇ ਇਹ ਵਾਧਾ 50 ਫ਼ੀਸਦੀ ਅਤੇ ਬਾਕੀ ਫ਼ਸਲਾਂ ਵਾਸਤੇ 25 ਫ਼ੀਸਦੀ ਸੀ। ਇਸ ਨਾਲ ਕਿਸਾਨਾਂ ਵਿਚ ਸਰਕਾਰ ਪ੍ਰਤੀ ਕਾਫ਼ੀ ਰੋਸ ਪੈਦਾ ਹੋ ਗਿਆ। ਡੈਨਜ਼ਿਲ ਇਬਟਸਨ, ਚਾਰਲਸ ਰਿਵਾਜ ਅਤੇ ਜੇਮਜ਼ ਵਿਲਸਨ ਨੇ ਸਰਕਾਰੀ ਹਿੱਤਾਂ ਵਿਚ ਵਾਧਾ ਕਰਨ, ਖ਼ਜ਼ਾਨੇ ਭਰਨ ਅਤੇ ਬਰਤਾਨਵੀ ਸਰਕਾਰ ਦੀ ਨਜ਼ਰ ਵਿਚ ਉੱਚੀ ਪਦਵੀ ਪ੍ਰਾਪਤ ਕਰਨ ਨੂੰ ਪਹਿਲ ਦੇਣ ਸਮੇਂ ਇਸ ਗੱਲ ਨੂੰ ਨਜ਼ਰਅੰਦਾਜ਼ ਕਰ ਦਿੱਤਾ ਕਿ ਮਾਝਾ ਅਤੇ ਲਾਇਲਪੁਰ ਦੇ ਇਲਾਕੇ ਪੰਜਾਬ ਦਾ ਦਿਲ ਸਨ ਅਤੇ ਇਨ੍ਹਾਂ ਨਾਲ ਮੱਥਾ ਲਾਉਣਾ ਅੰਗਰੇਜ਼ ਸਰਕਾਰ ਨੂੰ ਮਹਿੰਗਾ ਪੈ ਸਕਦਾ ਸੀ। ਇਹ ਇਲਾਕਾ ਭਾਰਤੀ ਫ਼ੌਜ ਦੀ ਰੀੜ੍ਹ ਦੀ ਹੱਡੀ ਸੀ ਜਿਸ ਵਿਚ ਕੋਈ ਵੀ ਖ਼ਰਾਬੀ ਹੋਣ ਨਾਲ ਬਰਤਾਨਵੀ ਸਰਕਾਰ ਦਾ ਤਖ਼ਤ ਡਾਵਾਂਡੋਲ ਹੋ ਸਕਦਾ ਸੀ।

ਕੋਲੋਨਾਈਜੇਸ਼ਨ ਆਫ ਗੌਰਮਿੰਟ ਲੈਂਡ (ਪੰਜਾਬ) ਬਿੱਲ ਦੇ ਵਿਰੁੱਧ ਰੋਸ ਪ੍ਰਦਰਸ਼ਨ, ਜਲਸੇ, ਇਕੱਠ, ਪ੍ਰਚਾਰ, ਸਾਹਿਤ ਪ੍ਰਕਾਸ਼ਨ, ਕਾਰਟੂਨ ਛਾਪਣ ਅਤੇ ਕਵਿਤਾਵਾਂ ਪੜ੍ਹਨ ਆਦਿ ਦਾ ਸਿਲਸਿਲਾ ਜਨਵਰੀ 1907 ਵਿਚ ਨਾਲ ਸ਼ੁਰੂ ਹੋ ਗਿਆ। ਲਾਇਲਪੁਰ ਵਿਖੇ 3 ਜਨਵਰੀ 1907 ਨੂੰ ਬਿੱਲ ਵਿਰੁੱਧ ਮੀਟਿੰਗ ਹੋਈ। 13 ਜਨਵਰੀ, 1907 ਨੂੰ ਸਮੁੰਦਰੀ ਵਿਖੇ ਅਬਾਦਕਾਰਾਂ ਨੇ ਬਿੱਲ ਦੇ ਵਿਰੁੱਧ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਵਿੱਤ ਕਮਿਸ਼ਨਰ ਦੇ ਸਾਹਮਣੇ ਵਿਚਾਰ ਰੱਖੇ। ਸਾਂਗਲਾ ਵਿਖੇ 27 ਜਨਵਰੀ, 1907 ਨੂੰ ਲਗਪਗ 3 ਹਜ਼ਾਰ ਕਿਸਾਨਾਂ ਨੇ ਵਿਰੋਧ ਪ੍ਰਦਰਸ਼ਨ ਵਿਚ ਹਿੱਸਾ ਲਿਆ। ਇਸ ਇਕੱਠ ਵਿਚ ਨਵੀਆਂ ਸ਼ਰਤਾਂ, ਜੁਰਮਾਨੇ ਅਤੇ ਨਿਯਮਾਂ ਦੀ ਨੁਕਤਾਚੀਨੀ ਕੀਤੀ ਗਈ। ਇਹ ਸੰਘਰਸ਼ ਬਾਕੀਆਂ ਨਾਲੋਂ ਵੱਖਰਾ ਸੀ। ਇਸ ਵਿਚ ਪੇਂਡੂ ਲੋਕਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਸੀ। ਝਨਾਬ ਕਲੋਨੀ ਦੇ ਜ਼ਿਮੀਂਦਾਰਾਂ ਅਤੇ ਉਨ੍ਹਾਂ ਨਾਲ ਹਮਦਰਦੀ ਰੱਖਣ ਵਾਲੇ ਲੋਕਾਂ ਨੇ ਇਸ ਨੂੰ ਲੋਕ ਲਹਿਰ ਬਣਾ ਦਿੱਤਾ। ਇਹ ਲਹਿਰ ਝਨਾਬ ਕਲੋਨੀ ਤਕ ਸੀਮਤ ਨਾ ਰਹੀ ਅਤੇ ਪੰਜਾਬ ਦੇ ਸਾਰੇ ਕੇਂਦਰੀ ਜ਼ਿਲ੍ਹਿਆਂ ਵਿਚ ਫੈਲ ਗਈ। ਸਾਬਕਾ ਫ਼ੌਜੀਆਂ, ਸਾਬਕਾ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ, ਜ਼ਿਮੀਂਦਾਰਾ ਐਸੋਸੀਏਸ਼ਨ ਦੇ ਮੈਂਬਰਾਂ ਅਤੇ ਵਕੀਲਾਂ ਨੇ ਇਸ ਲਹਿਰ ਨੂੰ ਸੇਧ ਮੁਹੱਈਆ ਕੀਤੀ। ਮੀਟਿੰਗਾਂ ਸਬੰਧੀ ਜਾਣਕਾਰੀ ਸਥਾਨਕ ਪ੍ਰੈਸ ਅਤੇ ਧਾਰਮਿਕ ਸੰਸਥਾਵਾਂ ਰਾਹੀਂ ਆਮ ਲੋਕਾਂ ਤੱਕ ਪਹੁੰਚ ਜਾਂਦੀ ਸੀ। ਇਸ ਤਰ੍ਹਾਂ ਵੱਡੀ ਗਿਣਤੀ ਵਿਚ ਲੋਕ ਇੱਕਠੇ ਹੋ ਜਾਂਦੇ ਸਨ, ਖ਼ਾਸ ਗੱਲ ਇਹ ਸੀ ਕਿ ਇਸ ਵਿਚ ਸਾਰੇ ਧਰਮਾਂ ਦੇ ਲੋਕ ਇਕਜੁੱਟ ਸਨ।



*ਅਜੀਤ ਸਿੰਘ*



*ਲਾਲਾ ਲਾਜਪਤ ਰਾਏ*

ਲਾਇਲਪੁਰ ਵਿਖੇ 3 ਫਰਵਰੀ 1907 ਨੂੰ ਆਰੀਆ ਸਮਾਜ ਮੰਦਰ ਵਿਚ ਤਕਰੀਬਨ 10,000 ਕਿਸਾਨ ਇਕੱਠੇ ਹੋਏ। ਇਕੱਠ ਦੀ ਪ੍ਰਧਾਨਗੀ ਰਿਟਾਇਰਡ ਸੂਬੇਦਾਰ ਰਤਨ ਸਿੰਘ ਨੇ ਕੀਤੀ। ਲੋਕਾਂ ਨੇ ਪਾਸ ਕੀਤੇ ਮਤਿਆਂ ਮੁਤਾਬਕ ਚੱਲਣ ਦੀ ਸਹੁੰ ਚੁੱਕੀ। ਲਾਹੌਰ ਦੇ ਜ਼ਿਮੀਂਦਾਰ ਸ਼ਿਹਾਬ-ਉਦ-ਦੀਨ ਨੇ ਬਿੱਲ ਦੇ ਨਿਯਮਾਂ ਦੀ ਨੁਕਤਾਚੀਨੀ ਕੀਤੀ। ਲਾਇਲਪੁਰ ਬਾਰ ਦੇ ਮੈਂਬਰ ਲਾਲਾ ਰਾਮ ਚੰਦ ਮਨਚੰਦਾ ਨੇ ਕਿਸਾਨਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਦੇਣ ਦੀ ਪੇਸ਼ਕਸ਼ ਕੀਤੀ। 17 ਫਰਵਰੀ, 1907 ਨੂੰ ਗੋਜਰਾ ਅਤੇ ਲਾਹੌਰ ਵਿਚ ਦੋ ਵੱਖ-ਵੱਖ ਇਕੱਤਰਤਾਵਾਂ ਹੋਈਆਂ। ਗੋਜਰਾ ਵਿਖੇ 15,000 ਕਿਸਾਨ ਇੱਕਠੇ ਹੋਏ। ਇਸ ਮੀਟਿੰਗ ਵਿਚ ਕੋਲੋਨਾਈਜੇਸ਼ਨ ਬਿੱਲ ਵਿਰੁੱਧ ਮਤੇ ਪਾਸ ਕੀਤੇ ਗਏ। ਲਾਹੌਰ ਦੇ ਟਾਊਨ ਹਾਲ ਵਿਚ ਹੋਈ ਮੀਟਿੰਗ ਵਿਚ ਮੁੱਖ ਬਲਾਰੇ ਅਜੀਤ ਸਿੰਘ, ਗੁਰਚਰਨ ਸਿੰਘ, ਮਿਹਰ ਸਿੰਘ, ਪੰਡਿਤ ਬੇਲੀ ਰਾਮ ਅਤੇ ਮੀਆਂ ਨਿਜਾਮੂਦੀਨ ਸਨ। ਸ਼ਾਹਪੁਰ ਕਲੋਨੀ ਵਿਚ 2,000 ਕਿਸਾਨਾਂ ਦੀ ਇਕੱਤਰਤਾ ਹੋਈ ਜਿਸ ਦਾ ਆਗੂ ਸ਼ਾਹਜਾਦਾ ਜਹਾਂਗੀਰ ਸੀ। ਉਸ ਨੇ ਭਾਰਤ ਦੇ ਗਵਰਨਰ ਜਨਰਲ ਨੂੰ ਬਿੱਲ ਨੂੰ ਮਨਜ਼ੂਰੀ ਨਾ ਦੇਣ ਦੀ ਬੇਨਤੀ ਕੀਤੀ। ਇਸ ਮੀਟਿੰਗ ਵਿਚ ਇਹ ਵੀ ਮੰਗ ਕੀਤੀ ਗਈ ਕਿ ਬਿੱਲ ਪੰਜਾਬੀ ਵਿਚ ਛਾਪ ਕੇ ਮੁਫ਼ਤ ਵੰਡਿਆ ਜਾਵੇ।

22-23 ਮਾਰਚ, 1907 ਨੂੰ ਲਾਇਲਪੁਰ ਵਿਚ ਲੱਗੇ ਪਸ਼ੂ ਮੇਲੇ ਦੌਰਾਨ ਵੱਡੇ ਇਕੱਠ ਵਿਚ ਬਿੱਲ ਵਿਰੋਧੀ ਇਸ਼ਤਿਹਾਰ ਵੰਡੇ ਗਏ। ਕੋਲੋਨਾਈਜੇਸ਼ਨ ਬਿੱਲ ਨੂੰ ਕਿਸਾਨਾਂ ਨਾਲ ਕੀਤਾ ਗਿਆ ਧੋਖਾ ਕਿਹਾ ਗਿਆ। ਮੁੱਖ ਨੇਤਾਵਾਂ ਜਿਵੇਂ ਲਾਲਾ ਲਾਜਪਤ ਰਾਏ, ਈਸ਼ਰ ਸਿੰਘ ਡਸਕਾ, ਰਾਏ ਸਾਹਿਬ ਸੁਖਦਿਆਲ, ਦੁਨੀ ਚੰਦ, ਬਖਸ਼ੀ ਟੇਕ ਚੰਦ ਅਤੇ ਗੁਲਾਮ ਕਾਦਰ ਨੇ ਲਗਪਗ ਨੌਂ ਹਜ਼ਾਰ ਲੋਕਾਂ ਦੇ ਇਕੱਠ ਨੂੰ ਸਰਕਾਰੀ ਨੀਤੀਆਂ ਤੋਂ ਜਾਣੂ ਕਰਵਾਇਆ। ਇੱਕ ਕਵਿਤਾ ਵਿਚ ਵਿਸਥਾਰ ਨਾਲ ਕਿਸਾਨਾਂ ਦੀਆਂ ਮੁਸ਼ਕਲਾਂ, ਉਨ੍ਹਾਂ ਨਾਲ ਹੋਣ ਵਾਲੇ ਧੱਕੇ, ਅੰਗਰੇਜ਼ਾਂ ਦੇ ਵਤੀਰੇ ਅਤੇ ਆਪਣੇ-ਆਪ ਨੂੰ ਬਚਾਉਣ ਵਾਸਤੇ ਇਸ ਸੰਘਰਸ਼ ਵਿਚ ਹਿੱਸਾ ਲੈਣ ਦੀ ਅਪੀਲ ਕੀਤੀ ਗਈ ਸੀ।

ਇਸ ਸੰਘਰਸ਼ ਦੀ ਲਗਾਤਾਰ ਵਧਦੀ ਸ਼ਕਤੀ ਨੇ ਅੰਗਰੇਜ਼ ਸਰਕਾਰ ਨੂੰ ਹੈਰਾਨ ਕਰ ਦਿੱਤਾ। ਇਬਟਸਨ ਦੇ ਵਿਚਾਰ ਵਿਚ ਇਹ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਵਰਗੇ ਨੇਤਾਵਾਂ ਦੇ ਭੜਕਾਊ ਭਾਸ਼ਣਾਂ ਦਾ ਨਤੀਜਾ ਸੀ। ਇਬਟਸਨ ਅਨੁਸਾਰ ਗਰਮ ਦਲ ਨੇਤਾ ਸਰਕਾਰ ਵਿਰੁੱਧ ਸਾਜ਼ਿਸ਼ ਰਚ ਰਹੇ ਸਨ। ਉਸ ਨੇ ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਨੂੰ ਪ੍ਰਭਾਵਿਤ ਖੇਤਰ ਤੋਂ ਬਾਹਰ ਭੇਜ ਕੇ ਇਸ ਲਹਿਰ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ, ਪਰ ਇਹ ਲੋਕ ਲਹਿਰ ਇਨ੍ਹਾਂ ਨੇਤਾਵਾਂ ਦੀ ਗੈਰਹਾਜ਼ਰੀ ਵਿਚ ਹੋਰ ਤੇਜ਼ੀ ਨਾਲ ਅੱਗੇ ਵਧੀ। ਇਸ ਤਰ੍ਹਾਂ ਇਬਟਸਨ ਨੇ ਇਸ ਲਹਿਰ ਦੀ ਗੰਭੀਰਤਾ ਨੂੰ ਸਮਝਣ ਵਿਚ ਇੱਕ ਹੋਰ ਗਲਤੀ ਕੀਤੀ।

ਅਪ੍ਰੈਲ 1907 ਵਿਚ ਕਿਸਾਨਾਂ ਦਾ ਰੋਸ ਪੰਜਾਬੀ ਫ਼ੌਜੀਆਂ ਤੱਕ ਫੈਲ ਗਿਆ। 10 ਅਪਰੈਲ 1907 ਨੂੰ ਫ਼ਿਰੋਜ਼ਪੁਰ ਦੀ ਪੁਰਾਣੀ ਮੰਡੀ ਵਿਚ ਹੋਈ ਇਕੱਤਰਤਾ ਵਿਚ ਪੰਜਾਬੀ ਫ਼ੌਜੀਆਂ ਨੇ ਵੀ ਹਿੱਸਾ ਲਿਆ। 15 ਅਪਰੈਲ 1907 ਨੂੰ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਡਿਕੋਟ ਵਿਚ ਫ਼ੌਜੀਆਂ ਦਾ ਵੱਡਾ ਇਕੱਠ ਹੋਇਆ। 17 ਅਪ੍ਰੈਲ 1907 ਨੂੰ ਮੁਲਤਾਨ ਦੇ ਕਲਿੰਗਾ ਖ਼ਾਨ ਬਾਗ ਵਿਚ ਲਗਭਗ 15,000 ਕਿਸਾਨਾਂ ਨੇ ਰੋਸ ਮੁਜ਼ਾਹਰੇ ਵਿਚ ਹਿੱਸਾ ਲਿਆ। ਇਸ ਵਿਚ ਬਹੁਤ ਸਾਰੇ ਪੰਜਾਬੀ ਫ਼ੌਜੀ ਵੀ ਸ਼ਾਮਲ ਹੋਏ।

ਪੰਜਾਬੀ ਫ਼ੌਜੀਆਂ ਦਾ ਲਹਿਰ ਵਿਚ ਹਿੱਸਾ ਲੈਣਾ ਅੰਗਰੇਜ਼ ਸਰਕਾਰ ਨੂੰ ਵੱਡੀ ਚਿਤਾਵਨੀ ਸੀ। 1907 ਵਿਚ ਭਾਰਤੀ ਫ਼ੌਜ ਵਿਚ ਪੰਜਾਬੀਆਂ ਦੀ ਗਿਣਤੀ ਲਗਭਗ 40 ਫ਼ੀਸਦੀ ਸੀ। ਇਕੱਲੇ ਸਿੱਖ ਭਾਰਤੀ ਫ਼ੌਜ ਦਾ 23 ਫ਼ੀਸਦੀ ਸਨ। ਲਗਭਗਇਹ ਸਾਰੇ ਹੀ ਕਿਸਾਨ ਪਰਿਵਾਰਾਂ ਵਿਚੋਂ ਸਨ। ਭਾਰਤੀ ਫ਼ੌਜ ਦੇ ਕਮਾਂਡਰ-ਇਨ-ਚੀਫ਼ ਲਾਰਡ ਕਿਚਨਰ ਨੇ ਇਸ ਦਾ ਖ਼ਾਸ ਨੋਟਿਸ ਲਿਆ। ਉਸ ਨੇ ਸੈਕਰੇਟਰੀ ਆਫ਼ ਸਟੇਟ ਅਤੇ ਭਾਰਤ ਦੇ ਗਵਰਨਰ ਜਨਰਲ ਨੂੰ ਕਿਸਾਨਾਂ ਦੀਆ ਭਾਵਨਾਵਾਂ ਨੂੰ ਗੰਭੀਰਤਾ ਨਾਲ ਵਿਚਾਰਨ ਅਤੇ ਕੋਲੋਨਾਈਜੇਸ਼ਨ ਬਿੱਲ ਨੂੰ ਮਨਜ਼ੂਰੀ ਨਾ ਦੇਣ ਦੀ ਸਲਾਹ ਦਿੱਤੀ।

ਸਥਾਨਕ ਅਖ਼ਬਾਰਾਂ ਅਤੇ ਰਸਾਲਿਆਂ ਵੱਲੋਂ ਵੀ ਕੋਲੋਨਾਈਜੇਸ਼ਨ ਬਿਲ ਵਿਰੁੱਧ ਪ੍ਰਚਾਰ ਕੀਤਾ ਗਿਆ। ਅਖ਼ਬਾਰ ਓਬਜ਼ਰਵਰ ਨੇ ਆਪਣੇ 9 ਮਾਰਚ 1907 ਦੇ ਅੰਕ ਵਿਚ ਇਸ ਬਿੱਲ ਨੂੰ ਵੱਡੀ ਗਲਤੀ ਕਰਾਰ ਦਿੱਤਾ। ਇਸ ਮੁਤਾਬਕ ਬਿੱਲ ਨੇ ਲੋਕਾਂ ਦੇ ਗੌਰਮਿੰਟ ਉੱਤੇ ਵਿਸ਼ਵਾਸ ਨੂੰ ਗੰਭੀਰ ਸੱਟ ਮਾਰੀ। ਇਸੇ ਤਰ੍ਹਾਂ ਹੀ 'ਜ਼ਿਮੀਂਦਾਰ' ਨੇ ਆਪਣੇ 8 ਮਾਰਚ 1907 ਦੇ ਅੰਕ ਵਿਚ 28 ਫਰਵਰੀ 1907 ਜਿਸ ਦਿਨ ਕੋਲੋਨਾਈਜੇਸ਼ਨ ਬਿੱਲ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਪਾਸ ਕੀਤਾ ਗਿਆ ਸੀ, ਨੂੰ ਮੰਦਭਾਗਾ ਦਿਨ ਆਖਿਆ। ਕੁਝ ਸੰਸਥਾਵਾਂ ਅਤੇ ਐਸੋਸੀਏਸ਼ਨਾਂ ਵੱਲੋਂ ਬਿੱਲ ਦੇ ਵਿਰੁੱਧ ਮੈਮੋਰੀਅਲ ਅਤੇ ਪਟੀਸ਼ਨਾਂ ਪੇਸ਼ ਕੀਤੀਆਂ ਗਈਆਂ। ਲਾਇਲਪੁਰ ਜ਼ਿਲ੍ਹੇ ਦੇ ਚੱਕ ਨੰਬਰ ਤਿੰਨ ਦੇ ਮਿਲਟਰੀ ਪੈਨਸ਼ਨਰਾਂ ਨੇ 9 ਫਰਵਰੀ 1907 ਨੂੰ ਕਮਾਂਡਰ-ਇਨ-ਚੀਫ਼ ਨੂੰ ਪਟੀਸ਼ਨ ਭੇਜੀ। ਇਸ ਵਿਚ ਅਬਾਦਕਾਰਾਂ ਦੇ ਕਾਨੂੰਨੀ ਹੱਕਾਂ ਨੂੰ ਸੁਰੱਖਿਅਤ ਬਣਾਉਣ ਦੀ ਬੇਨਤੀ ਕੀਤੀ ਗਈ ਸੀ। ਸੈਕਟਰੀ ਬਾਰ ਜ਼ਿਮੀਂਦਾਰ ਐਸੋਸੀਏਸ਼ਨ ਲਾਇਲਪੁਰ ਨੇ ਪੰਜਾਬ ਸਰਕਾਰ ਦੇ ਚੀਫ਼ ਸੈਕਟਰੀ ਨੂੰ 30 ਮਾਰਚ 1907 ਨੂੰ ਯਾਦ ਪੱਤਰ (ਮੈਮੋਰੀਅਲ) ਰਾਹੀਂ ਨਵੇਂ ਨਿਯਮ ਲਾਗੂ ਨਾ ਕਰਨ ਦੀ ਗੱਲ ਕਹੀ। ਇਸੇ ਤਰ੍ਹਾਂ ਸੈਕਟਰੀ ਖ਼ਾਲਸਾ ਦੀਵਾਨ ਬਾਰ ਵੱਲੋਂ ਇੱਕ ਮਤਾ ਮੁੱਖ ਸਕੱਤਰ ਪੰਜਾਬ ਨੂੰ 4 ਅਪ੍ਰੈਲ 1907 ਨੂੰ ਭੇਜਿਆ ਗਿਆ ਜਿਸ ਵਿਚ ਨਵੇਂ ਬਿੱਲ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।

ਮਈ 1907 ਤਕ ਭਾਰਤ ਸਰਕਾਰ ਨੂੰ ਪੰਜਾਬ ਵਿਚ ਚੱਲ ਰਹੇ ਸੰਘਰਸ਼ ਦੇ ਹਾਲਾਤ ਚੰਗੀ ਤਰ੍ਹਾਂ ਸਪਸ਼ਟ ਹੋ ਗਏ। ਭਾਰਤ ਦੇ ਗਵਰਨਰ ਜਨਰਲ ਲਾਰਡ ਮਿੰਟੋ ਨੇ ਆਪਣੇ ਸਹਿਯੋਗੀਆਂ ਤੋਂ ਇਸ ਸਬੰਧੀ ਸੁਝਾਅ ਮੰਗੇ। ਲਾਰਡ ਕਿਚਨਰ ਕਮਾਂਡਰ-ਇਨ-ਚੀਫ਼ ਨੇ 20 ਮਈ, 1907 ਨੂੰ ਗਵਰਨਰ ਜਨਰਲ ਨੂੰ ਬਿੱਲ ਨੂੰ ਪ੍ਰਵਾਨਗੀ ਨਾ ਦੇਣ ਦੀ ਜ਼ੋਰਦਾਰ ਸਿਫ਼ਾਰਸ਼ ਕੀਤੀ। ਉਸ ਦੇ ਵਿਚਾਰ ਵਿਚ ਕੋਲੋਨਾਈਜੇਸ਼ਨ ਬਿੱਲ ਅੰਗਰੇਜ਼ ਸਰਕਾਰ ਵਾਸਤੇ ਘਾਤਕ ਸਿੱਧ ਹੋ ਸਕਦਾ ਸੀ। ਗਵਰਨਰ ਜਨਰਲ ਲਾਰਡ ਮਿੰਟੋ ਨੇ ਬਰੀਕੀ ਨਾਲ ਪੁਣ-ਛਾਣ ਕਰਨ ਤੋਂ ਬਾਅਦ 26 ਮਈ 1907 ਨੂੰ ਕੋਲੋਨਾਈਜੇਸ਼ਨ ਬਿੱਲ ਨੂੰ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ। ਇਹ ਪੰਜਾਬ ਦੇ ਕਿਸਾਨਾਂ ਦੀ ਮਹਾਨ ਕਾਮਯਾਬੀ ਅਤੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੀ ਮੁੱਢਲੀ ਜਿੱਤ ਸੀ।




*ਆਜ਼ਾਦੀ ਤੋਂ ਪਹਿਲਾਂ ਪੰਜਾਬ ਦਾ ਨਕਸ਼ਾ।*

# ਔਰਤਾਂ ਬਾਰੇ ਆਪਣੇ ਨਜ਼ਰੀਏ ਤੋਂ ਉਦਾਸ ਹੈ ਖੁਸ਼ਵੰਤ

**ਨਵੀਂ ਦਿੱਲੀ:** ਮਸ਼ਹੂਰ ਲੇਖਕ ਖੁਸ਼ਵੰਤ ਸਿੰਘ ਆਪਣੀ ਉਮਰ ਦੇ 98 ਸਾਲਾਂ ਦੀ ਉਮਰੇ ਖ਼ੁਦ ਨੂੰ ਖੁਸ਼ਕਿਸਮਤ ਸਮਝਦਾ ਹੈ ਕਿ ਉਹ ਹਾਲੇ ਵੀ ਸ਼ਾਮ ਵੇਲੇ ਦਾਰੂ ਤੇ ਸੁਆਦੀ ਖਾਣਿਆਂ ਦਾ ਆਨੰਦ ਮਾਣਦਾ ਹੈ ਪਰ ਇਸ ਗੱਲੋਂ ਉਹ ਉਦਾਸ ਵੀ ਹੈ ਕਿ ਉਹ ਹਮੇਸ਼ਾ ਹੀ ਥੋੜਾ ਜਿਹਾ ਲੱਚਰ ਰਿਹਾ ਹੈ ਤੇ ਉਸ ਨੇ ਔਰਤਾਂ ਨੂੰ ਹਵਸ ਪੂਰੀ



ਕਰਨ ਦੀ ਵਸਤੂ ਸਮਝਿਆ ਹੈ।

ਆਪਣੀ ਕਿਤਾਬ 'ਖੁਸ਼ਵੰਤਨਾਮਾ: ਦਿ ਲੈਸਨਜ਼ ਆਫ ਮਾਈ ਲਾਈਫ' ਵਿਚ ਖੁਸ਼ਵੰਤ ਸਿੰਘ ਨੇ ਵੱਖ-ਵੱਖ ਵਿਸ਼ਿਆਂ ਨੂੰ ਛੂਹਿਆ ਹੈ ਜਿਨ੍ਹਾਂ ਵਿਚ ਬੁਢਾਪਾ, ਮੌਤ ਦਾ ਡਰ, ਸੇਜ-ਸਾਂਝ ਦਾ ਮਜ਼ਾ, ਕਾਵਿਕਤਾ ਦਾ ਆਨੰਦ, ਹਾਸੇ ਦੀ ਮਹੱਤਤਾ, ਲੰਮੀ, ਪ੍ਰਸੰਨ ਤੇ ਸਿਹਤਮੰਦ ਜ਼ਿੰਦਗੀ ਜਿਊਣ ਦੇ ਤਰੀਕੇ ਸ਼ਾਮਲ ਹਨ। ਉਹ ਲਿਖਦਾ ਹੈ ਕਿ 98 ਸਾਲ ਦੀ ਉਮਰੇ ਮੇਰੇ ਕੋਲ ਉਮੀਦ ਕਰਨ ਲਈ ਬਹੁਤਾ ਕੁਝ ਨਹੀਂ ਬਚਿਆ ਪਰ ਬਹੁਤ ਸਾਰੀਆਂ ਯਾਦਾਂ ਹਨ। ਉਨ੍ਹਾਂ ਨੇ ਅਪਣੀਆਂ ਪ੍ਰਾਪਤੀਆਂ ਤੇ ਨਾਕਾਮੀਆਂ ਦਾ ਲੇਖਾ-ਜੋਖਾ ਕੀਤਾ ਹੈ। ਉਹ ਆਪਣੀਆਂ ਪ੍ਰਾਪਤੀਆਂ ਬਾਰੇ ਦੱਸਦਾ ਹੈ ਕਿ 80 ਤੋਂ ਵੱਧ ਕਿਤਾਬਾਂ ਤੇ ਹੋਰ ਬਹੁਤ ਸਾਰੀਆਂ ਲਿਖਤਾਂ ਲਿਖੀਆਂ ਹਨ। ਖੁਸ਼ਵੰਤ ਸਿੰਘ ਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਉਸ ਨੇ ਬਚਪਨ ਵਿਚ ਚਿੜੀਆਂ, ਬਤਖ਼ਾਂ ਤੇ ਪਹਾੜੀ ਕਬੂਤਰਾਂ ਨੂੰ ਮਾਰਨ ਜਿਹੇ ਕਈ ਪਾਪ ਕੀਤੇ। ਖੁਸ਼ਵੰਤ ਸਿੰਘ ਮੁਤਾਬਕ ਉਹ ਇਸ ਉਦਾਸ ਸਿੱਟੇ 'ਤੇ ਵੀ ਪੁੱਜਿਆ ਹੈ ਕਿ ਉਹ ਹਮੇਸ਼ਾ ਹੀ ਥੋੜਾ ਲੱਚਰ ਰਿਹਾ ਹੈ।

ਚਾਰ ਸਾਲ ਦੀ ਮਲੂਕ ਉਮਰ ਤੋਂ ਲੈ ਕੇ ਹੁਣ ਤੱਕ ਉਸ ਦੇ ਮਨ ਵਿਚ ਸਭ ਤੋਂ ਉਤੇ ਲੱਚਰਤਾ ਹੀ ਰਹੀ ਹੈ। ਉਹ ਔਰਤਾਂ ਨੂੰ ਮਾਵਾਂ, ਭੈਣਾਂ ਜਾਂ ਧੀਆਂ ਸਮਝਣ ਦੇ ਭਾਰਤੀ ਆਦਰਸ਼ 'ਤੇ ਕਦੇ ਵੀ ਖਰਾ ਨਹੀਂ ਉਤਰ ਸਕਿਆ। ਹਰ ਉਮਰ ਦੀਆਂ ਔਰਤਾਂ ਉਸ ਲਈ ਹਵਸ ਪੂਰੀ ਕਰਨ ਦੀਆਂ ਵਸਤੂਆਂ ਸਨ ਤੇ ਹੁਣ ਵੀ ਹਨ। ਉਹ ਲਿਖਦਾ ਹੈ ਕਿ 98 ਸਾਲ ਦੀ ਉਮਰੇ ਉਹ ਖ਼ੁਦ ਨੂੰ ਖੁਸ਼ਕਿਸਮਤ ਸਮਝਦਾ ਹੈ ਕਿ ਉਹ ਹਰ ਸ਼ਾਮ ਨੂੰ ਸੱਤ ਵਜੇ ਦਾਰੂ ਪੀਂਦਾ ਹੈ, ਸੁਆਦੀ ਖਾਣੇ ਖਾਂਦਾ ਹੈ ਤੇ ਤਾਜ਼ਾ ਗੱਪਸ਼ਪ ਤੇ ਸਕੈਂਡਲਾਂ ਬਾਰੇ ਸੁਣਨ ਦੀ ਤਾਂਘ ਰੱਖਦਾ ਹੈ ਪਰ ਉਹ ਇਹ ਵੀ ਕਹਿੰਦਾ ਹੈ ਕਿ ਪਿਛਲੇ ਇਕ-ਦੋ ਸਾਲਾਂ ਵਿਚ ਉਹ ਕਾਫ਼ੀ ਢਿੱਲਾ ਪੈ ਗਿਆ ਹੈ। ਉਹ ਲਿਖਦਾ ਹੈ ਕਿ ਉਹ ਹੁਣ ਛੇਤੀ ਥੱਕ ਜਾਂਦਾ ਹੈ ਤੇ ਸੁਣਨਾ ਵੀ ਕਾਫ਼ੀ ਹੱਦ ਤੱਕ ਬੰਦ ਹੋ ਗਿਆ ਹੈ। ਉਹ ਲਿਖਦਾ ਹੈ ਕਿ ਦੇਸ਼ ਦੇ ਲੋਕਾਂ ਵਿਚ ਅਸਹਿਣਸ਼ੀਲਤਾ ਉਸ ਲਈ ਅੱਜ ਸਭ ਤੋਂ ਵੱਡੀ ਚਿੰਤਾ ਹੈ।

# ਮਹਾਸ਼ਵੇਤਾ ਦੇਵੀ ਤੇ ਵਿਕਰਮ ਸੇਠ ਪਾਕਿਸਤਾਨ ਵਿਚ ਵੀ ਮਕਬੂਲ

**ਪਟਨਾ:** ਭਾਰਤੀ ਲੇਖਕ ਮਹਾਸ਼ਵੇਤਾ ਦੇਵੀ, ਮੰਗਲੇਸ਼ ਡਬਰਾਲ ਉਦੈ ਪ੍ਰਕਾਸ਼ ਤੇ ਵਿਕਰਮ ਸੇਠ ਜਿਹੇ ਭਾਰਤੀ ਹਿੰਦੀ ਤੇ ਅੰਗਰੇਜ਼ੀ ਦੇ ਲੇਖਕ ਪਾਕਿਸਤਾਨ ਵਿਚ ਕਾਫੀ ਮਕਬੂਲ ਹਨ ਤੇ ਕਾਫੀ ਖੜ੍ਹੇ ਜਾਂਦੇ ਹਨ। ਇਹ ਖੁਲਾਸਾ ਗੁਆਂਢੀ ਮੁਲਕ ਤੋਂ ਆਈ ਲੇਖਕਾ ਫਹਿਮੀਦਾ ਰਿਆਜ਼ ਨੇ ਕੀਤਾ ਹੈ। ਰਿਆਜ਼ ਨੇ ਦੱਸਿਆ ਕਿ ਕਰਾਚੀ ਵਿਚ ਵਿਕਰਮ ਸੇਠ ਦਾ ਨਾਮ ਬਹੁਤ ਮਸ਼ਹੂਰ ਹੈ। ਉਸ ਦਾ ਨਾਵਲ 'ਏ ਸੂਟੇਬਲ ਬੁਆਏ' ਕਰਾਚੀ ਯੂਨੀਵਰਸਿਟੀ ਵਿਚ ਪੜ੍ਹਾਇਆ ਜਾਂਦਾ ਹੈ। ਰਿਆਜ਼ ਮੁਤਾਬਕ ਮਹਾਸ਼ਵੇਤਾ ਦੇਵੀ ਦੇ ਨਾਵਲ 'ਹਜ਼ਾਰ ਚੌਰਾਸੀ ਕੀ ਮਾਂ' ਦਾ ਉਰਦੂ ਤਰਜਮਾ ਵੀ ਬੜੇ ਚਾਅ ਨਾਲ ਪੜ੍ਹਿਆ ਜਾਂਦਾ ਹੈ।



ਜਦੋਂ ਜ਼ਿਆ-ਉਲ-ਹੱਕ ਪਾਕਿਸਤਾਨ ਦਾ ਰਾਸ਼ਟਰਪਤੀ ਸੀ ਤਾਂ ਰਿਆਜ਼ ਨੇ 1981 ਤੋਂ 1987 ਤੱਕ ਜਲਾਵਤਨੀ ਦਾ ਸਮਾਂ ਭਾਰਤ ਵਿਚ ਕੱਟਿਆ ਸੀ। ਜ਼ਿਆ ਉਸ ਦੀ ਲਿਖਤ 'ਭਗਤ ਸਿੰਘ ਦੀ ਮੂਰਤ' ਪੜ੍ਹ ਕੇ ਖਫਾ ਹੋ ਗਿਆ ਸੀ। ਉਸ ਨੇ ਦੱਸਿਆ ਕਿ ਦੋਵੇਂ ਮੁਲਕਾਂ ਦੀਆਂ ਸਰਕਾਰਾਂ ਵਿਚਾਲੇ ਤਣਾਅ ਕਾਰਨ ਲੇਖਕਾਂ ਤੇ ਕਲਾਕਾਰਾਂ ਦੇ ਮੇਲ-ਜੋਲ 'ਤੇ ਲਾਈਆਂ ਜਾਂਦੀਆਂ ਪਾਬੰਦੀਆਂ ਬਹੁਤ ਦੁਖਦਾਈ ਹਨ ਤੇ ਉਸ ਦੇ ਮੁਲਕ ਦਾ ਅਵਾਮ ਇਸ ਸਾਰੇ ਕੁਝ ਤੋਂ ਅੱਕਿਆ ਪਿਆ ਹੈ।

# ਮਲਾਲਾ ਨੂੰ ਸਵੈਜੀਵਨੀ ਲਈ ਮਿਲਣਗੇ 30 ਲੱਖ ਡਾਲਰ

**ਲੰਡਨ:** ਕੁੜੀਆਂ ਲਈ ਸਿੱਖਿਆ ਦੀ ਵਕਾਲਤ ਕਰਨ ਬਦਲੇ ਤਾਲਿਬਾਨ ਦੀਆਂ ਗੋਲੀਆਂ ਦਾ ਸ਼ਿਕਾਰ ਹੋਈ ਪਾਕਿਸਤਾਨੀ ਸਕੂਲ ਦੀ ਵਿਦਿਆਰਥਣ ਮਲਾਲਾ ਯੂਸੁਫਜ਼ਈ ਨੇ ਆਪਣੀ ਸਵੈ-ਜੀਵਨੀ ਦੇ ਪ੍ਰਕਾਸ਼ਨ ਲਈ 30 ਲੱਖ ਅਮਰੀਕੀ ਡਾਲਰ ਦਾ ਕਰਾਰ ਕੀਤਾ ਹੈ।



ਬਰਤਾਨੀਆ ਦੇ ਗਾਰਡੀਅਨ ਅਖ਼ਬਾਰ ਦੀ ਖ਼ਬਰ ਮੁਤਾਬਕ 15 ਸਾਲ ਦੀ ਪਾਕਿਸਤਾਨੀ ਵਿਦਿਆਰਥਣ ਦੇ ਜੀਵਨ ਦੀ ਕਹਾਣੀ ਛੇਤੀ ਹੀ ਇਸ ਸਾਲ ਪ੍ਰਕਾਸ਼ਿਤ ਹੋਵੇਗੀ।

ਇਸ ਲਈ 30 ਲੱਖ ਡਾਲਰ ਦਾ ਕਰਾਰ ਕੀਤਾ ਗਿਆ ਹੈ। ਅਖ਼ਬਾਰ ਅਨੁਸਾਰ 'ਆਈ ਐਮ ਮਲਾਲਾ' ਨਾਂ ਦੀ ਕਿਤਾਬ ਦਾ ਪ੍ਰਕਾਸ਼ਨ ਬਰਤਾਨੀਆ ਤੇ ਰਾਸ਼ਟਰ ਮੰਡਲ ਦੇਸ਼ਾਂ ਵਿਚ ਵੇਡੇਨਫੇਲਡ ਅਤੇ ਨਿਕੋਲਸਨ ਵੱਲੋਂ ਤੇ ਬਾਕੀ ਵਿਸ਼ਵ ਵਿਚ ਲਿਟਲ ਬਰਾਊਨ ਦੁਆਰਾ ਕੀਤਾ ਜਾਵੇਗਾ। ਪ੍ਰਕਾਸ਼ਨ ਬੁਲਾਰੇ ਨੇ ਪ੍ਰਕਾਸ਼ਨ ਕਰਾਰ ਰਕਮ ਦੀ ਕੋਈ ਪੁਸ਼ਟੀ ਨਹੀਂ ਕੀਤੀ ਹੈ। ਮਲਾਲਾ ਨੇ ਕਿਹਾ ਕਿ ਉਹ ਆਪਣੀ ਕਹਾਣੀ ਦੱਸਣਾ ਚਾਹੁੰਦੀ ਹੈ ਪਰ ਇਹ 6.1 ਕਰੋੜ ਤੇ ਉਨ੍ਹਾਂ ਬੱਚਿਆਂ ਦੀ ਵੀ ਕਹਾਣੀ ਹੋਵੇਗੀ ਜਿਹੜੇ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ।

ਉਹ ਸਾਰੇ ਲੜਕੇ ਤੇ ਲੜਕੀਆਂ ਦੇ ਸਕੂਲ ਜਾਣ ਦੇ ਅਧਿਕਾਰ ਨੂੰ ਲੈ ਕੇ ਇਸ ਮੁਹਿੰਮ ਦਾ ਹਿੱਸਾ ਬਣਨਾ ਚਾਹੁੰਦੀ ਹੈ। ਇਹ ਉਨ੍ਹਾਂ ਦਾ ਜਨਮ ਸਿੱਧ ਅਧਿਕਾਰ ਹੈ। ਉਸ ਨੇ ਕਿਹਾ ਕਿ ਉਮੀਦ ਹੈ ਕਿ ਇਹ ਕਿਤਾਬ ਵਿਸ਼ਵ ਦੇ ਹਰੇਕ ਪਾਸੇ ਲੋਕਾਂ ਤੱਕ ਪਹੁੰਚੇਗੀ ਤੇ ਉਨ੍ਹਾਂ ਨੂੰ ਇਹ ਅਹਿਸਾਸ ਹੋਵੇਗਾ ਕਿ ਕੁਝ ਬੱਚਿਆਂ ਦੇ ਲਈ ਸਿੱਖਿਆ ਪ੍ਰਾਪਤ ਕਰਨਾ ਕਿੰਨਾ ਔਖਾ ਹੈ।

# ਪੰਜਾਬ ਦੇ ਹਾਕਮ ਲਾ ਰਹੇ ਨੇ ਸਭਿਆਚਾਰ ਨੂੰ ਖੋਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਸਰਕਾਰ ਵੱਲੋਂ ਭਾਵੇਂ ਸੱਭਿਆਚਾਰ ਦੇ ਵਿਕਾਸ ਲਈ ਵੱਡੀਆਂ-ਵੱਡੀਆਂ ਟਾਹਰਾਂ ਮਾਰੀਆਂ ਜਾ ਰਹੀਆਂ ਹਨ ਪਰ ਅਸਲੀਅਤ ਇਹ ਹੈ ਕਿ ਹਾਕਮ ਖ਼ੁਦ ਹੀ ਸਭਿਆਚਾਰ ਨੂੰ ਖੋਰਾ ਲਾ ਰਹੇ ਹਨ। ਪੰਜਾਬ ਅੱਜ ਤੱਕ ਆਪਣੀ 'ਸੱਭਿਆਚਾਰਕ ਨੀਤੀ' ਤੋਂ ਵੀ ਵਿਰਵਾ ਹੈ।

ਅਸ਼ਲੀਲ ਗੀਤਾਂ ਤੇ ਨਸ਼ਿਆਂ ਦੀ ਹਨ੍ਹੇਰੀ ਵਿਚ ਰੁਲੇ ਪੰਜਾਬ ਵਿਚ ਸਰਕਾਰ ਕਬੱਡੀ ਮੇਲਿਆਂ ਦੌਰਾਨ ਤਾਂ ਬਾਲੀਵੁੱਡ ਸਟਾਰਾਂ ਦੀਆਂ ਕੁਝ ਪਲਾਂ ਦੀਆਂ ਪੇਸ਼ਕਾਰੀਆਂ ਲਈ ਕਰੋੜਾਂ ਰੁਪਏ ਅਦਾ ਕਰ ਰਹੀ ਹੈ ਜਦਕਿ ਰਵਾਇਤੀ ਗਾਇਕਾਂ ਦਾ ਮੁੱਲ ਕੌਡੀਆਂ ਦੇ ਭਾਅ ਪਾਇਆ ਜਾ ਰਿਹਾ। ਸੱਭਿਆਚਾਰਕ ਵਿਭਾਗ ਵੱਲੋਂ ਪੰਜਾਬੀ ਗਾਇਕੀ ਦੀ ਵਿਰਾਸਤ ਮੰਨੀ ਜਾਂਦੀ ਗੁਰਮੀਤ ਬਾਵਾ ਤੇ ਪੰਜਾਬੀ ਸੂਫੀ ਗਾਇਕ ਬਰਕਤ ਸਿੱਧੂ ਵਰਗੇ ਨਾਮਵਰ ਗਾਇਕਾਂ ਨੂੰ ਪੇਸ਼ਕਾਰੀ ਦੇ ਮਹਿਜ਼ 60 ਤੋਂ 80 ਹਜ਼ਾਰ ਰੁਪਏ ਹੀ ਦਿੱਤੇ ਜਾਂਦੇ ਹਨ। ਸ਼ਾਇਦ ਇਹੋ ਕਾਰਨ ਹੈ ਕਿ ਅਜੋਕੇ ਗਾਇਕ ਰਵਾਇਤੀ ਗਾਇਕੀ ਨੂੰ ਵਿਸਾਰ ਕੇ ਅਸ਼ਲੀਲ ਤੇ ਲੱਚਰ ਗਾਇਕੀ ਦੇ ਰਾਹ ਪੈ ਗਏ ਹਨ।



ਸੱਭਿਆਚਾਰਕ ਮਾਮਲੇ ਵਿਭਾਗ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਔਸਤਨ ਸਾਲਾਨਾ 6.50 ਕਰੋੜ ਰੁਪਏ ਖਰਚ ਆ ਰਿਹਾ ਹੈ ਜਦਕਿ ਪਿਛਲੇ ਚਾਰ ਸਾਲਾਂ ਦੌਰਾਨ ਇਸ ਵਿਭਾਗ ਵੱਲੋਂ ਸੱਭਿਆਚਾਰਕ ਪ੍ਰੋਗਰਾਮਾਂ ਤੇ ਗਾਇਕਾਂ 'ਤੇ ਔਸਤਨ ਸਾਲਾਨਾ ਮਹਿਜ਼ 50 ਲੱਖ ਰੁਪਏ ਦੇ ਕਰੀਬ ਹੀ ਖਰਚੇ ਗਏ ਹਨ। ਪਿਛਲੇ ਚਾਰ ਸਾਲਾਂ ਦੌਰਾਨ ਇਸ ਵਿਭਾਗ ਵੱਲੋਂ ਰਾਜ ਦੇ ਮਹਿਜ਼ ਚਾਰ ਜ਼ਿਲ੍ਹਿਆਂ ਕਪੂਰਥਲਾ, ਲੁਧਿਆਣਾ, ਅੰਮ੍ਰਿਤਸਰ ਤੇ ਪਟਿਆਲਾ ਵਿਚ ਹੀ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਗਏ ਹਨ। ਸੱਭਿਆਚਾਰਕ ਮਾਮਲੇ ਵਿਭਾਗ ਵੱਲੋਂ ਸਾਲ 2007-08 ਦੌਰਾਨ ਕਪੂਰਥਲਾ ਹੈਰੀਟੇਜ ਫੈਸਟੀਵਲ ਕਰਵਾਉਣ ਲਈ ਡਿਪਟੀ ਕਮਿਸ਼ਨਰ ਕਪੂਰਥਲਾ-ਕਮ-ਪ੍ਰਧਾਨ ਕਪੂਰਥਲਾ ਹੈਰੀਟੇਜ ਸੁਸਾਇਟੀ ਨੂੰ 27.50 ਲੱਖ ਰੁਪਏ ਦਿੱਤੇ ਗਏ ਸਨ। ਇਸੇ ਤਰ੍ਹਾਂ ਸਾਲ 2008-09 ਦੌਰਾਨ ਲੁਧਿਆਣਾ ਵਿਚ ਧੀਆਂ ਦਾ ਮੇਲਾ ਤੇ ਸੱਭਿਆਚਾਰਕ ਫੈਸਟੀਵਲ ਕਰਵਾਉਣ ਲਈ 7.50 ਲੱਖ ਰੁਪਏ ਰਿਲੀਜ਼ ਕੀਤੇ ਗਏ ਸਨ। ਸਾਲ 2008-09 ਦੌਰਾਨ ਕਪੂਰਥਲਾ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਹੈਰੀਟੇਜ ਫੈਸਟੀਵਲ ਕਰਵਾਉਣ ਲਈ ਕ੍ਰਮਵਾਰ 30 ਲੱਖ, 25 ਲੱਖ ਤੇ 65 ਲੱਖ ਰੁਪਏ ਦਿੱਤੇ ਗਏ ਸਨ।

ਸਾਲ 2009-10 ਦੌਰਾਨ ਅੰਮ੍ਰਿਤਸਰ ਵਿਖੇ ਹੈਰੀਟੇਜ ਫੈਸਟੀਵਲ ਕਰਵਾਉਣ ਲਈ 20 ਲੱਖ ਰੁਪਏ ਰਿਲੀਜ਼ ਕੀਤੇ ਸਨ। ਸਾਲ 2010-11 ਨਵੀਂ ਦਿੱਲੀ ਵਿਖੇ ਹੋਏ ਰਾਸ਼ਟਰ ਮੰਡਲ ਖੇਡਾਂ ਦੇ ਉਦਘਾਟਨੀ ਸਮਾਰੋਹ ਤੋਂ ਪਹਿਲਾਂ ਰਾਜ ਦੇ ਸੱਭਿਆਚਾਰ ਨੂੰ ਦਰਸਾਉਂਦੇ ਕਰਵਾਏ ਪ੍ਰੋਗਰਾਮਾਂ ਲਈ 20 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਸੀ ਜਿਨ੍ਹਾਂ ਵਿਚੋਂ ਪੰਜਾਬ ਦੇ ਨਾਮਵਰ ਗਾਇਕਾਂ ਤੇ ਕਲਾਕਾਰਾਂ ਨੂੰ ਇਕ ਦਰਜਨ ਪੇਸ਼ਕਾਰੀਆਂ ਦੇ ਇਵਜ਼ ਵਜੋਂ ਸਿਰਫ 7.85 ਲੱਖ ਰੁਪਏ ਦਿੱਤੇ ਗਏ ਸਨ। ਰਾਸ਼ਟਰ ਮੰਡਲ ਖੇਡਾਂ ਦੇ ਉਦਘਾਟਨੀ ਸਮਾਰੋਹ ਵਿਚ ਪੇਸ਼ਕਾਰੀਆਂ ਕਰਨ ਵਾਲੇ ਪੰਜਾਬੀ ਗਾਇਕਾਂ ਸਰਬਜੀਤ ਨੂੰ 75 ਹਜ਼ਾਰ, ਗੁਰਮੀਤ ਬਾਵਾ ਨੂੰ 60 ਹਜ਼ਾਰ, ਅਖ਼ਤਰ ਅਲੀ ਨੂੰ 45 ਹਜ਼ਾਰ, ਸ਼ੌਕਤ ਅਲੀ ਨੂੰ 45 ਹਜ਼ਾਰ, ਬਰਕਤ ਸਿੱਧੂ ਨੂੰ 80 ਹਜ਼ਾਰ, ਇੰਦਰਜੀਤ ਨਿੱਕੂ ਨੂੰ 75 ਹਜ਼ਾਰ, ਸੁਖਵਿੰਦਰ ਸੁੱਖੀ ਨੂੰ 35 ਹਜ਼ਾਰ, ਮਨਪ੍ਰੀਤ ਨੂੰ ਦੋ ਪੇਸ਼ਕਾਰੀਆਂ ਦੇ 1.30 ਲੱਖ ਅਤੇ ਪੰਮੀ ਬਾਈ ਨੂੰ ਦੋ ਲੱਖ ਰੁਪਏ ਦਿੱਤੇ ਗਏ ਹਨ। ਹਾਸਰਸ ਕਲਾਕਾਰ ਰਮਨਦੀਪ ਸਿੰਘ ਨੂੰ 10 ਹਜ਼ਾਰ ਤੇ ਮੰਚ ਸੰਚਾਲਕ ਨਿਰਮਲ ਜੌੜਾ ਨੂੰ 30 ਹਜ਼ਾਰ ਰੁਪਏ ਦਿੱਤੇ ਗਏ ਹਨ।

ਕਈ ਸਾਲਾਂ ਤੋਂ ਪੰਜਾਬ ਸਰਕਾਰ ਵੱਲੋਂ ਰਾਜ ਦੀ ਸੱਭਿਆਚਾਰਕ ਨੀਤੀ ਬਣਾਉਣ ਦੇ ਕੀਤੇ ਜਾ ਰਹੇ ਦਾਅਵੇ ਵੀ ਫੋਕੇ ਸਾਬਤ ਹੋ ਰਹੇ ਹਨ। ਪਿਛਲੇ ਵਰ੍ਹੇ 22 ਅਗਸਤ ਨੂੰ ਸੱਭਿਆਚਾਰਕ ਮਾਮਲੇ ਵਿਭਾਗ ਦੇ ਮੰਤਰੀ ਵੱਲੋਂ ਪੰਜਾਬੀ ਸੱਭਿਆਚਾਰ ਨਾਲ ਸਬੰਧਤ 29 ਪ੍ਰਮੁੱਖ ਸ਼ਖ਼ਸੀਅਤਾਂ ਤੇ ਅਧਿਕਾਰੀਆਂ ਦੇ ਆਧਾਰਤ ਕੀਤੀ ਮੀਟਿੰਗ ਦੌਰਾਨ ਸੱਭਿਆਚਾਰਕ ਨੀਤੀ ਬਣਾਉਣ, ਸੰਗੀਤਕ ਰਚਨਾਵਾਂ ਵਿਚ ਵਧ ਰਹੀ ਅਸ਼ਲੀਲਤਾ ਨੂੰ ਠੱਲ੍ਹਣ ਤੇ ਪੰਜਾਬ ਵਿਚ ਕੌਮਾਂਤਰੀ ਪੱਧਰ ਦਾ ਵਿਰਾਸਤੀ ਮੇਲਾ ਕਰਵਾਉਣ ਸਮੇਤ ਆਡੀਓ ਤੇ ਵੀਡੀਓ ਪਾਇਰੇਸੀ ਨੂੰ ਠੱਲ੍ਹਣ ਲਈ ਅਹਿਮ ਫੈਸਲੇ ਲਏ ਸਨ। ਇਸ ਮੀਟਿੰਗ ਵਿਚ ਮੰਨਿਆ ਗਿਆ ਸੀ ਕਿ ਪੰਜਾਬੀ ਆਡੀਓ ਤੇ ਵੀਡੀਓ ਸੰਗੀਤਕ ਟੇਪਾਂ ਵਿਚ ਜਿੱਥੇ ਅਸ਼ਲੀਲਤਾ ਭਾਰੂ ਹੈ, ਉਥੇ ਗੀਤਾਂ ਵਿਚ ਸ਼ਰਾਬ ਤੇ ਬੰਦੂਕਾਂ ਜਿਹੇ ਸ਼ਬਦਾਂ ਨੂੰ ਵਰਤ ਕੇ ਨੌਜਵਾਨਾਂ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ ਜਦਕਿ ਸੱਤ ਮਹੀਨਿਆਂ ਬਾਅਦ ਵੀ ਸਰਕਾਰ ਇਨ੍ਹਾਂ ਫੈਸਲਿਆਂ ਨੂੰ ਅਮਲ ਵਿਚ ਨਹੀਂ ਲਿਆ ਸਕੀ।

# ਅਕਾਲੀਆਂ ਵੱਲੋਂ ਵਿਰੋਧੀਆਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਤੋਂ ਤੋਬਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਵਿਰੋਧੀ ਵਿਧਾਇਕਾਂ ਨੂੰ ਪਾਰਟੀ ਵਿਚ ਲਿਆਉਣ ਤੋਂ ਤੋਬਾ ਕਰ ਦਿੱਤੀ ਹੈ। ਅਕਾਲੀ ਦਲ ਵੱਲੋਂ ਜ਼ਿਮਨੀ ਚੋਣ ਕਾਰਨ ਪੈਂਦੇ ਝਮੇਲੇ ਤੇ ਪਾਰਟੀ ਅੰਦਰ ਬਦਜ਼ਨੀ ਪੈਦਾ ਹੋਣ ਦੇ ਖਦਸ਼ੇ ਕਾਰਨ ਇਹ ਫੈਸਲਾ ਲਿਆ ਗਿਆ ਹੈ।

ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਕਾਂਗਰਸ ਵਿਧਾਇਕ ਅਕਾਲੀ ਦਲ ਵਿਚ ਸ਼ਾਮਲ ਹੁੰਦੇ ਹਨ ਤਾਂ ਉਨ੍ਹਾਂ ਨੂੰ ਵਿਧਾਇਕ ਪਦ ਤੋਂ ਅਸਤੀਫਾ ਦੇਣਾ ਪੈਂਦਾ ਹੈ ਤੇ ਇਸ ਤਰ੍ਹਾਂ ਉਪ ਚੋਣ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਨੂੰ ਪਹਿਲੇ ਇਕ ਸਾਲ ਵਿਚ ਹੀ ਦੋ ਉਪ ਚੋਣਾਂ, ਪਹਿਲੀ ਭਾਜਪਾ ਵਿਧਾਇਕ ਅਮਰਜੀਤ ਸਿੰਘ ਸਾਹੀ ਦੀ ਮੌਤ ਕਾਰਨ ਦਸੂਹਾ ਤੇ ਦੂਜੀ ਕਾਂਗਰਸ ਵਿਧਾਇਕ ਜੋਗਿੰਦਰਪਾਲ ਜੈਨ ਦੇ ਅਕਾਲੀ ਦਲ ਵਿਚ ਸ਼ਾਮਲ ਹੋਣ ਕਾਰਨ ਮੋਗਾ ਉਪ ਚੋਣ ਦਾ ਸਾਹਮਣਾ ਕਰਨਾ ਪਿਆ ਹੈ। ਭਾਵੇਂ ਪਾਰਟੀ ਨੇ ਇਹ ਚੋਣਾਂ ਜਿੱਤ ਲਈਆਂ ਹਨ ਪਰ ਇਨ੍ਹਾਂ ਚੋਣਾਂ ਕਾਰਨ ਬੇਹੱਦ ਸਿਆਸੀ ਤਾਕਤ ਝੋਕਣੀ ਪਈ ਤੇ ਸਰਕਾਰ ਦੀ ਕਾਰਗੁਜ਼ਾਰੀ ਵੀ ਪ੍ਰਭਾਵਿਤ ਹੋਈ। ਕਾਂਗਰਸ ਵਿਧਾਇਕ ਦੇ ਅਕਾਲੀ ਦਲ ਵਿਚ ਆਉਣ ਤੇ ਫਿਰ ਉਸ ਨੂੰ ਉਮੀਦਵਾਰ ਬਣਾਏ ਜਾਣ ਵਿਰੁੱਧ ਦਲ ਦੀ ਲੀਡਰਸ਼ਿਪ ਨੂੰ ਪਾਰਟੀ ਵਰਕਰਾਂ ਤੇ ਆਗੂਆਂ ਦੇ ਗੁੱਸੇ ਦਾ ਵੀ ਸ਼ਿਕਾਰ ਹੋਣਾ ਪਿਆ। ਦਲ ਦੀ ਲੀਡਰਸ਼ਿਪ ਨੇ ਹਾਲ ਦੀ ਘੜੀ ਪਾਰਟੀ ਅੰਦਰ ਬਦਜ਼ਨੀ ਪੈਦਾ ਕਰਨ ਵਾਲਾ ਕੋਈ ਵੀ ਕਦਮ ਚੁੱਕਣ ਤੋਂ ਪੈਰ ਪਿੱਛੇ ਕਰ ਲਏ ਹਨ। ਪਾਰਟੀ ਆਗੂਆਂ ਅੰਦਰ ਇਹ ਆਮ ਚਰਚਾ ਹੈ ਕਿ ਮੋਗਾ ਵਿਚ ਪੈਦਾ ਹੋਈ ਬਦਜ਼ਨੀ ਤੇ ਰੋਸ ਨੂੰ ਕਾਬੂ ਕਰਨ ਵਿਚ ਤਾਂ ਪਾਰਟੀ ਲੀਡਰਸ਼ਿਪ ਕਾਮਯਾਬ ਰਹੀ ਹੈ ਪਰ ਵਾਰ-ਵਾਰ ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਨੂੰ ਕੰਟਰੋਲ ਕਰਨਾ ਮੁਸ਼ਕਲ ਹੋਵੇਗਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਆਗੂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਹੁਣ ਅਜਿਹਾ ਕੋਈ ਕਦਮ ਨਹੀਂ ਚੁੱਕੇਗੀ ਜਿਸ ਨਾਲ ਦਲ ਵਿਚ ਅੰਦਰੂਨੀ ਕਲੇਸ਼ ਖੜ੍ਹਾ ਹੋਣ ਜਾਂ ਬਦਜ਼ਨੀ ਪੈਦਾ ਕਰਨ ਦਾ ਖਦਸ਼ਾ ਬਣਦਾ ਹੋਵੇ। ਕਾਂਗਰਸ ਵਿਧਾਇਕਾਂ ਦਾ ਪਾਰਟੀ ਅੰਦਰ ਦਾਖਲਾ ਲੋਕ ਸਭਾ ਚੋਣਾਂ ਦੀ ਸਮੁੱਚੀ ਰਣਨੀਤੀ ਦੇ ਇਕ ਪੈਂਤੜੇ ਵਜੋਂ ਹੀ ਕਰਵਾਇਆ ਜਾਵੇਗਾ।

## 84: ਅਖ਼ਬਾਰ ਸੰਪਾਦਕਾਂ ਨੂੰ ਤਲਬ ਕਰਨ ਦੀ ਮੰਗ ਰੱਦ

**ਨਵੀਂ ਦਿੱਲੀ:** ਦਿੱਲੀ ਸਿੱਖ ਕਤਲੇਆਮ ਪੀੜਤਾਂ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਕੇਸ ਦੀ ਸੁਣਵਾਈ ਕਰ ਰਹੀ ਅਦਾਲਤ ਅੱਗੇ ਮੁਲਜ਼ਮ ਦੀ ਸ਼ਮੂਲੀਅਤ ਬਾਰੇ 1984 ਦੀਆਂ ਦੋ ਅਖ਼ਬਾਰੀ ਰਿਪੋਰਟਾਂ ਨੂੰ ਰਿਕਾਰਡ 'ਤੇ ਲੈਣ ਦੀ ਆਪਣੀ ਅਰਜ਼ੀ ਵਾਪਸ ਲੈ ਲਈ ਕਿਉਂਕਿ ਅਦਾਲਤ ਨੇ ਉਨ੍ਹਾਂ ਨੂੰ ਇਸ ਮਾਮਲੇ 'ਤੇ ਗ਼ੌਰ ਕਰਨ ਦਾ ਭਰੋਸਾ ਦਿੱਤਾ ਹੈ। ਅਦਾਲਤ ਨੇ ਇਸ ਮੁਤੱਲਕ ਸਬੰਧਤ ਅੰਗਰੇਜ਼ੀ ਅਖ਼ਬਾਰਾਂ ਦੇ ਸੰਪਾਦਕਾਂ ਨੂੰ ਤਲਬ ਕਰਨ ਦੀ ਮੰਗ ਇਹ ਕਹਿੰਦਿਆਂ ਰੱਦ ਕਰ ਦਿੱਤੀ ਕਿ ਇਸ ਨਾਲ ਕੇਸ ਦੀ ਪ੍ਰਕਿਰਿਆ ਹੋਰ ਪਛੜ ਜਾਵੇਗੀ। ਇਹ ਕੇਸ ਸਿਰੇ ਲੱਗਣ ਦੇ ਕਰੀਬ ਹੈ ਤੇ ਜ਼ਿਲ੍ਹਾ ਜੱਜ ਜੇ.ਆਰ. ਆਰੀਅਨ ਨੇ ਬਹਿਸ ਤੇ ਦਲੀਲਾਂ ਦੇਣ ਲਈ ਸੀਬੀਆਈ, ਮੁਲਜ਼ਮ ਤੇ ਪੀੜਤਾਂ ਦੇ ਵਕੀਲ ਨੂੰ ਤਿੰਨ ਅਪਰੈਲ ਦੀ ਆਖ਼ਰੀ ਤਾਰੀਖ ਦਿੱਤੀ ਹੋਈ ਹੈ।

ਪੀੜਤਾਂ ਵੱਲੋਂ ਪੇਸ਼ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਅਦਾਲਤ ਵੱਲੋਂ ਮਾਮਲੇ 'ਤੇ ਗ਼ੌਰ ਕਰਨ ਦਾ ਭਰੋਸਾ ਦਿੱਤੇ ਜਾਣ ਪਿੱਛੋਂ ਅਖ਼ਬਾਰੀ ਰਿਪੋਰਟਾਂ ਸਬੰਧੀ ਅਰਜ਼ੀ ਵਾਪਸ ਲੈ ਲਈ। ਸੱਜਣ ਕੁਮਾਰ ਨੇ ਦਲੀਲ ਦਿੱਤੀ ਸੀ ਕਿ ਜੇ ਉਸ ਨੇ ਉਹ ਕੁਝ ਕੀਤਾ ਹੁੰਦਾ ਜੋ ਉਸ 'ਤੇ ਦੋਸ਼ ਲੱਗ ਰਹੇ ਹਨ ਤਾਂ ਘੱਟੋ-ਘੱਟ ਕੋਈ ਇਕ ਅਖ਼ਬਾਰ ਤਾਂ ਇਸ ਬਾਰੇ ਰਿਪੋਰਟ ਛਾਪਦਾ। ਇਸ ਦੇ ਜਵਾਬ ਵਿਚ ਸ. ਫੂਲਕਾ ਨੇ ਸੱਜਣ ਕੁਮਾਰ ਖ਼ਿਲਾਫ਼ 1984 ਵਿਚ ਛਪੀਆਂ ਦੋ ਅਖ਼ਬਾਰਾਂ ਦੀਆਂ ਰਿਪੋਰਟਾਂ ਪੇਸ਼ ਕੀਤੀਆਂ ਸਨ।

# ਸਿੱਖ ਧਰਮ ਤੇ ਇਤਿਹਾਸ ਬਾਰੇ ਬੱਚਿਆਂ ਦੇ ਭਾਸ਼ਣ ਮੁਕਾਬਲੇ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਲੋਂ ਲੰਘੇ ਸਨਿਚਰਵਾਰ ਨੂੰ 6 ਸਾਲ ਦੇ ਬੱਚਿਆਂ ਤੋਂ ਲੈ ਕੇ 22 ਸਾਲ ਤੱਕ ਦੇ ਨੌਜਵਾਨਾਂ ਦੇ ਸਿੱਖ ਧਰਮ, ਇਤਿਹਾਸ ਅਤੇ ਗੁਰਬਾਣੀ ਬਾਰੇ ਭਾਸ਼ਣ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਬੱਚਿਆਂ ਦੇ ਪੰਜ ਵਰਗਾਂ ਦੇ ਕਰਵਾਏ ਗਏ ਜਿਨ੍ਹਾਂ ਵਿਚ 35 ਬੱਚਿਆਂ ਨੇ ਹਿੱਸਾ ਲਿਆ।

ਇਸ ਭਾਸ਼ਣ ਮੁਕਾਬਲੇ ਦੇ ਮੁੱਖ ਜੱਜਾਂ ਵਿਚ ਅਟਾਰਨੀ ਰੀਨਾ ਰਾਣੀ ਵੜੈਚ, ਅਟਾਰਨੀ ਰਵੀ ਸ਼ਰਨ ਕੌਰ ਅਤੇ ਸੁਖਪ੍ਰੀਤ ਸਿੰਘ ਕੋਹਲੀ ਸਨ। ਬੱਚਿਆਂ ਨੇ ਆਪੋ ਆਪਣੀ ਉਮਰ ਅਨੁਸਾਰ ਪੂਰੀ ਤਿਆਰੀ ਨਾਲ ਤਕਰੀਰਾਂ ਕੀਤੀਆਂ। ਇਨ੍ਹਾਂ ਮੁਕਾਬਲਿਆਂ ਦੀ ਰਜਿਸਟਰੇਸ਼ਨ ਤੋਂ ਲੈ ਕੇ ਇਨਾਮਾਂ ਦੀ ਵੰਡ ਤੱਕ ਸੇਵਾ ਬੀਬੀ ਅਰਵਿੰਦ ਕੌਰ ਨੇ ਨਿਭਾਈ। ਇਨਾਮਾਂ ਦੀ ਵੰਡ ਗੁਰੂ ਘਰ ਦੇ ਪ੍ਰਧਾਨ ਗੁਰਦੇਵ ਸਿੰਘ ਕੰਗ, ਮੀਡੀਆ ਇੰਚਾਰਜ ਭੁਪਿੰਦਰ ਸਿੰਘ ਅਟਵਾਲ, ਹਰਬੰਸ ਸਿੰਘ ਢਿੱਲੋਂ, ਜਗੀਰ ਸਿੰਘ ਸਬਜ਼ੀ ਮੰਡੀ, ਰੇਸ਼ਮ ਸਿੰਘ ਅਤੇ ਹੋਰ ਪਤਵੰਤੇ ਸੱਜਣਾਂ ਨੇ ਕੀਤੀ।

# ਕੈਨੇਡਾ 'ਚ ਨਸਲਪ੍ਰਸਤੀ ਖਿਲਾਫ ਆਵਾਜ਼ ਬੁਲੰਦ

**ਵੈਨਕੂਵਰ:** ਛੂਤ-ਛਾਤ ਨੂੰ ਕੌਮਾਂਤਰੀ ਪੱਧਰ ਉਤੇ ਵੀ ਨਸਲਵਾਦ ਵਿਚ ਸ਼ੁਮਾਰ ਕਰਨ ਦੇ ਮਕਸਦ ਨਾਲ ਦੱਖਣੀ ਏਸ਼ੀਆ ਦੇ ਦੇਸ਼ਾਂ ਤੋਂ ਆ ਕੇ ਇਥੇ ਵਸੇ ਲੋਕਾਂ ਨੇ ਸਾਲਾਨਾ ਕਮਿਊਨਿਟੀ ਮਾਰਚ ਅਗੇਂਸਟ ਰੇਸਿਜ਼ਮ ਕੀਤਾ। ਇਸ ਮਾਰਚ ਵਿਚ ਹਿੱਸਾ ਲੈਣ ਵਾਲਿਆਂ ਨੇ ਹੱਥਾਂ ਵਿਚ 'ਵੀ ਆਰ ਆਲ ਅਨਟੱਚਏਬਲਜ਼' (ਅਸੀਂ ਸਾਰੇ ਅਛੂਤ ਹਾਂ) ਦੇ ਬੈਨਰ ਚੁੱਕੇ ਹੋਏ ਸਨ।ਇਨ੍ਹਾਂ ਲੋਕਾਂ ਦਾ ਮੁੱਖ ਮਕਸਦ ਆਮ ਲੋਕਾਂ ਨੂੰ ਇਸ ਤੱਥ ਤੋਂ ਜਾਣੂ ਕਰਵਾਉਣਾ ਸੀ ਕਿ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਅਖਵਾਉਂਦੇ ਭਾਰਤ ਵਿਚ ਅੱਜ ਵੀ ਕਿਸ ਤਰ੍ਹਾਂ ਲੋਕਾਂ ਨੂੰ ਜਾਤ ਦੇ ਆਧਾਰ ਉਤੇ ਖੱਜਲ ਕੀਤਾ ਤੇ ਲਤਾੜਿਆ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਇਸ ਗਰੁੱਪ ਦੀ ਕਾਇਮੀ ਦਲਿਤਾਂ ਤੇ ਗੈਰ-ਦਲਿਤਾਂ ਨੇ ਰਲ ਕੇ ਕੀਤੀ ਸੀ। ਇਸ ਮਾਰਚ ਵਿਚ ਹਿੱਸਾ ਲੈਣ ਵਾਲਿਆਂ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਦਲਿਤਾਂ ਦੇ ਲੀਡਰ ਡਾ. ਭੀਮਾ ਰਾਓ ਅੰਬੇਦਕਰ ਦੀਆਂ ਤਸਵੀਰਾਂ ਦੇ ਨਾਲ-ਨਾਲ ਜਿਹੜੇ ਬੈਨਰ ਚੁੱਕੇ ਹੋਏ ਸਨ, ਉਨ੍ਹਾਂ ਉਪਰ ਇਹ ਵੀ ਲਿਖਿਆ ਹੋਇਆ ਸੀ ਕਿ ਜਾਤ-ਪਾਤੀ ਸਿਸਟਮ ਨਸਲਵਾਦ ਤੋਂ ਵੀ ਵੱਧ ਭਿਅੰਕਰ ਹੈ ਅਤੇ ਇਸ ਦੇ ਖਿਲਾਫ ਹਰ ਸੋਚਵਾਨ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ।

ਗਰੁੱਪ ਮੈਂਬਰਾਂ ਦਾ ਕਹਿਣਾ ਸੀ ਕਿ ਭਾਰਤ ਵਿਚ ਜਾਤ-ਪਾਤ ਦੀ ਕੁਰੀਤੀ ਉਪਰ ਸੰਵਿਧਾਨਕ ਪਾਬੰਦੀ ਲਾਏ ਜਾਣ ਅਤੇ ਕਾਨੂੰਨ ਬਣਨ ਦੇ ਬਾਵਜੂਦ ਜਾਤ-ਪਾਤ ਅਜੇ ਵੀ ਖਤਮ ਨਹੀਂ ਹੋਈ ਹੈ। ਸਿਆਸੀ ਇੱਛਾ ਸ਼ਕਤੀ ਦੀ ਘਾਟ ਤੇ ਉਚ ਜਾਤੀ ਨਾਲ ਸਬੰਧਤ ਲੋਕਾਂ ਦੇ ਆਪਣੇ ਸੌੜੇ ਹਿਤਾਂ ਕਾਰਨ ਇਹ 21ਵੀਂ ਸਦੀ ਵਿਚ ਵੀ ਜਿਉਂ ਦੀ ਤਿਉਂ ਕਾਇਮ ਹੈ। ਇਹ ਸਮਾਜਕ ਬੁਰਾਈ ਕੈਨੇਡਾ ਵਰਗੇ ਦੇਸ਼ ਵਿਚ ਵੀ ਖਤਮ ਹੋਣ ਦਾ ਨਾਂ ਨਹੀਂ ਲੈ ਰਹੀ।

# ਰੇਡੀਓ ਚੜ੍ਹਦੀ ਕਲਾ 'ਤੇ 'ਨਵੀਓਂ ਨਵੀਂ ਬਹਾਰ' ਕਵੀ ਦਰਬਾਰ

**ਫਰੀਮਾਂਟ (ਅਸ਼ੋਕ ਭੌਰਾ):** ਰੇਡੀਓ ਚੜ੍ਹਦੀ ਕਲਾ ਵਲੋਂ ਹਰ ਮਹੀਨੇ ਦੇ ਪਹਿਲੇ ਬੁੱਧਵਾਰ ਸ਼ਾਮ 8 ਵਜੇ 'ਨਵੀਓਂ ਨਵੀਂ ਬਹਾਰ' ਕਵੀ ਦਰਬਾਰ ਹੋਇਆ ਕਰੇਗਾ। ਰੇਡੀਓ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਪ੍ਰੋਗਰਾਮ ਵਿਚ ਡਾ. ਲਖਵਿੰਦਰ ਜੌਹਲ ਤੇ ਸੁਰਜੀਤ ਜੱਜ ਪੰਜਾਬ ਤੋਂ ਹਾਜ਼ਰੀ ਭਰਨਗੇ ਜਦੋਂਕਿ ਸਥਾਨਕ ਕਵੀ ਨਿਜੀ ਤੌਰ 'ਤੇ ਪੇਸ਼ ਹੋ ਕੇ ਰਚਨਾਵਾਂ ਪੇਸ਼ ਕਰਨਗੇ।

ਹੋਰ ਜਾਣਕਾਰੀ ਲਈ ਰੇਡੀਓ ਚੜ੍ਹਦੀ ਕਲਾ ਫੋਨ 510-900-3600 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਭਾਸ਼ਣ ਮੁਕਾਬਲਿਆਂ 'ਚ ਹਿੱਸਾ ਲੈਣ ਵਾਲੇ ਬੱਚੇ ਮਿਲੇ ਇਨਾਮਾਂ ਨਾਲ










# ਰੇਡੀਓ ਚੰਨ ਪ੍ਰਦੇਸੀ ਨੇ ਆਪਣੀ ਪਹਿਲੀ ਵਰ੍ਹੇਗੰਢ ਮਨਾਈ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਕਿਸੇ ਸ਼ਾਇਰ ਨੇ ਖੂਬ ਕਿਹਾ ਹੈ, 'ਸ਼ਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਬਰਸ ਮੇਲੇ ਵਤਨ ਪਰ ਮਰ ਮਿਟਨੇ ਵਾਲੋਂ ਕਾ ਬਾਕੀ ਯਹੀ ਨਿਸ਼ਾਂ ਹੋਗਾ' ਅਸੀਂ 'ਰੇਡੀਓ ਚੰਨ ਪ੍ਰਦੇਸੀ' ਦੀ ਪਹਿਲੀ ਵਰ੍ਹੇਗੰਢ ਮਨਾਉਣ ਲਈ 23 ਮਾਰਚ ਦਾ ਦਿਨ ਇਸ ਲਈ ਚੁਣਿਆ ਹੈ ਕਿ ਅੱਜ ਸ਼ਹੀਦੇ ਆਜ਼ਮ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਦੀ ਸੋਚ ਉਤੇ ਪਹਿਰਾ ਦੇਣ ਦਾ ਤਹੱਈਆ ਕਰ ਸਕੀਏ। ਇਹ ਸ਼ਬਦ 'ਰੇਡੀਓ ਚੰਨ ਪ੍ਰਦੇਸੀ' ਦੇ ਡਾਇਰੈਕਟਰ ਸ. ਸਰਵਣ ਸਿੰਘ ਟਿਵਾਣਾ ਨੇ ਇਥੇ ਇੰਡੀਆ ਹਾਊਸ, ਸ਼ਾਮਬਰਗ ਵਿਚ ਸ਼ਿਕਾਗੋ ਤੋਂ 24 ਘੰਟੇ ਚੱਲਣ ਵਾਲੇ ਪਹਿਲੇ ਪੰਜਾਬੀ/ਹਿੰਦੀ ਰੇਡੀਓ ਦੀ ਪਹਿਲੀ ਵਰ੍ਹੇਗੰਢ ਮੌਕੇ ਕੀਤੇ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਕਹੇ। ਇਸ ਮੌਕੇ ਸ਼ਹੀਦਾਂ ਨੂੰ ਇਕ ਮਿੰਟ ਲਈ ਖੜ੍ਹੇ ਹੋ ਕੇ ਸ਼ਰਧਾਂਜਲੀ ਵੀ ਭੇਟ ਕੀਤੀ ਗਈ।



ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਜਿਥੇ ਰੇਡੀਓ ਚੰਨ ਪ੍ਰਦੇਸੀ ਸ਼ੁਰੂ ਕੀਤੇ ਜਾਣ ਨੂੰ ਇਕ ਵਧੀਆ ਉਪਰਾਲਾ ਦੱਸਿਆ, ਉਥੇ ਨਾਲ ਹੀ ਇਹ ਗੱਲ ਵੀ ਉਠਾਈ ਗਈ ਕਿ ਇਕ ਜ਼ਿੰਮੇਵਾਰ ਮੀਡੀਆ ਹੁੰਦਿਆਂ ਰੇਡੀਓ ਚੰਨ ਪ੍ਰਦੇਸੀ ਨੂੰ ਸਮਾਜ ਦੀਆਂ ਵੱਖ ਵੱਖ ਮੁਸ਼ਕਲਾਂ ਵੱਲ ਤਾਂ ਧਿਆਨ ਦੇਣਾ ਹੀ ਚਾਹੀਦਾ ਹੈ, ਨਾਲ ਹੀ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਵੀ ਯਤਨਸ਼ੀਲ ਹੋਣਾ ਚਾਹੀਦਾ ਹੈ। ਕੁਝ ਬੁਲਾਰਿਆਂ ਨੇ ਪੰਜਾਬ ਵਿਚ ਨਸ਼ਿਆਂ ਵਿਚ ਗਰਕ ਰਹੀ ਜਵਾਨੀ, ਗੰਧਲੇ ਪਾਣੀ ਦੀ ਸਮੱਸਿਆ ਅਤੇ ਸਿਆਸਤ ਵਿਚ ਆ ਰਹੇ ਨਿਘਾਰ ਉਪਰ ਉਂਗਲੀ ਧਰਨ ਲਈ ਰੇਡੀਓ ਚੰਨ ਪ੍ਰਦੇਸੀ ਵਲੋਂ ਉਸਾਰੂ ਰੋਲ ਨਿਭਾਏ ਜਾਣ ਦੀ ਗੱਲ ਕੀਤੀ। ਨਾਲ ਹੀ ਉਨ੍ਹਾਂ ਰੇਡੀਓ ਚੰਨ ਪ੍ਰਦੇਸੀ ਲਈ ਇਕ ਸ਼ਕਤੀਸ਼ਾਲੀ ਮੀਡੀਆ ਬਣਨ ਦੀ ਦੁਆ ਕੀਤੀ।

ਜ਼ਿਕਰਯੋਗ ਹੈ ਕਿ ਸ਼ਿਕਾਗੋ ਤੋਂ ਇੰਟਰਨੈਟ ਅਤੇ ਫੋਨ ਰਾਹੀਂ ਸੱਤੇ ਦਿਨ/24 ਘੰਟੇ ਸੁਣੇ ਜਾ ਸਕਣ ਵਾਲੇ ਰੇਡੀਓ ਚੰਨ ਪ੍ਰਦੇਸੀ ਨੇ ਪਿਛਲੇ ਇਕ ਸਾਲ ਦੇ ਅਰਸੇ ਵਿਚ ਸਰੋਤਿਆਂ ਦਾ ਇਕ ਅੱਛਾ ਖਾਸਾ ਵਰਗ ਪੈਦਾ ਕਰ ਲਿਆ ਹੈ। ਪੰਜਾਬੀ ਵਿਚ ਸ਼ੁਰੂ ਹੋਇਆ ਇਹ ਰੇਡੀਓ ਹੁਣ ਆਪਣੇ ਹਿੰਦੀ ਪ੍ਰੋਗਰਾਮਾਂ ਕਰਕੇ ਹਿੰਦੀ ਸਰੋਤਿਆਂ ਵਿਚ ਵੀ ਮਕਬੂਲ ਹੋ ਰਿਹਾ ਹੈ। ਰੇਡੀਓ ਦੇ ਮੈਨੇਜਿੰਗ ਡਾਇਰੈਕਟਰ ਦਰਸ਼ਨ ਸਿੰਘ ਬਸਰਾਓਂ ਨੇ ਰੇਡੀਓ ਚੰਨ ਪ੍ਰਦੇਸੀ ਦੇ ਸਰੋਤਿਆਂ ਦੇ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਫੋਨ 'ਤੇ ਸੁਣਨ ਵਾਲੇ ਸਰੋਤਿਆਂ ਦੀ ਗਿਣਤੀ ਰੋਜ਼ਾਨਾ 40,000 ਤੋਂ ਵੀ ਵਧ ਹੈ ਅਤੇ ਇੰਟਰਨੈਟ ਰਾਹੀਂ ਸੁਣਨ ਵਾਲੇ ਸਰੋਤਿਆਂ ਦੀ ਗਿਣਤੀ 4 ਤੋਂ 5 ਲੱਖ ਪ੍ਰਤੀ ਮਹੀਨਾ ਹੈ। ਇਹ ਰੇਡੀਓ ਦੀ ਪੂਰੀ ਟੀਮ ਦੀ ਮਿਹਨਤ ਦਾ ਫਲ ਹੈ। ਇਸ ਦੇ ਮੇਜ਼ਬਾਨ ਸ਼ਿਕਾਗੋ, ਮਿਡਵੈਸਟ ਹੀ ਨਹੀਂ ਬਲਕਿ ਪੰਜਾਬ ਅਤੇ ਇਥੋਂ ਤੱਕ ਕਿ ਪਾਕਿਸਤਾਨ ਤੋਂ ਵੀ ਪ੍ਰੋਗਰਾਮ ਪੇਸ਼ ਕਰਦੇ ਹਨ।

ਸਮਾਗਮ ਦੌਰਾਨ ਰੇਡੀਓ ਦੇ ਹਿੰਦੀ ਅਤੇ ਪੰਜਾਬੀ ਪ੍ਰੋਗਰਾਮਾਂ ਦੇ ਮੇਜ਼ਬਾਨਾਂ ਨੂੰ ਵੀ ਆਏ ਮਹਿਮਾਨਾਂ ਦੇ ਰੂਬਰੂ ਕਰਵਾਇਆ ਗਿਆ।

ਇਸ ਮੌਕੇ ਬੋਲਦਿਆਂ ਇੰਡੀਅਨਐਪੋਲਿਸ ਤੋਂ ਚੰਨ ਪ੍ਰਦੇਸੀ ਰੇਡੀਓ ਦੇ ਗੁਰਬਾਣੀ ਪ੍ਰੋਗਰਾਮ ਦੇ ਮੇਜ਼ਬਾਨ ਦਲਜੀਤ ਸਿੰਘ ਨੇ ਕਿਹਾ ਕਿ ਪੰਜਾਬ ਦਾ ਮੀਡੀਆ ਕਈ ਪੁਠੇ ਸਿੱਧੇ ਤਰੀਕੇ ਵਰਤ ਕੇ ਤਰੱਕੀ ਦਾ ਰਸਤਾ ਅਪਨਾਉਂਦਾ ਹੈ ਪਰ ਅਮਰੀਕਾ ਵਿਚ ਮੀਡੀਆ ਨਿਰੱਪਖ ਰੋਲ ਨਿਭਾਉਣ ਦੇ ਸਮਰਥ ਹੈ। ਮਿਸ਼ੀਗਨ ਤੋਂ ਆਏ ਖੇਡ ਲੇਖਕ ਦਲਬਾਰਾ ਸਿੰਘ ਮਾਂਗਟ ਨੇ ਕਿਹਾ ਕਿ ਅੱਜ ਪ੍ਰਿੰਟ ਅਤੇ ਬਰਾਡਕਾਸਟ ਦੇ ਨਾਲ ਇਲੈਕਟ੍ਰਾਨਿਕ ਮੀਡੀਏ ਰਾਹੀਂ ਇਸ ਦੇ ਕਈ ਰੂਪ ਸਾਹਮਣੇ ਆ ਗਏ ਹਨ ਪਰ ਅਜੇ ਵੀ ਰੇਡੀਓ ਸੁਣਨ ਦਾ ਆਪਣਾ ਹੀ ਅਨੰਦ ਹੈ।

ਅਖਬਾਰ ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਨੇ ਕਿਹਾ ਕਿ ਪ੍ਰਿੰਟ ਮੀਡੀਆ ਹੋਵੇ ਜਾਂ ਬਰਾਡਕਾਸਟ ਮੀਡੀਆ, ਇਸ ਨੂੰ ਚਲਾਉਣਾ ਸੌਖਾ ਵੀ ਹੈ ਅਤੇ ਬੜਾ ਔਖਾ ਵੀ। ਚਾਲੂ ਕਿਸਮ ਦਾ ਵਿਕਾਊ ਮੀਡੀਆ ਚਲਾਉਣਾ ਬਹੁਤ ਸੌਖਾ ਹੈ ਪਰ ਕਿਸੇ ਸੋਚ, ਕਿਸੇ ਪ੍ਰਤੀਬਧਤਾ ਨੂੰ ਲੈ ਕੇ ਮੀਡੀਆ ਚਲਾਉਣਾ ਬੇਹੱਦ ਔਖਾ ਹੈ। ਅਜਿਹੇ ਵਿਚ ਆਰਥਕ ਮੁਸ਼ਕਿਲਾਂ ਤਾਂ ਆਉਂਦੀਆਂ ਹੀ ਹਨ, ਧਮਕੀਆਂ ਅਤੇ ਕੋਰਟ ਕੇਸਾਂ ਦਾ ਸਾਹਮਣਾ ਵੀ ਕਰਨਾ ਪੈ ਜਾਂਦਾ ਹੈ। ਉਨ੍ਹਾਂ ਉਮੀਦ ਜਾਹਰ ਕੀਤੀ ਕਿ ਰੇਡੀਓ ਚੰਨ ਪ੍ਰਦੇਸੀ ਉਸਾਰੂ ਸੋਚ 'ਤੇ ਪਹਿਰਾ ਦਿੰਦਿਆਂ ਇਕ ਜਿੰਮੇਵਾਰ ਮੀਡੀਏ ਦਾ ਰੋਲ ਨਿਭਾਏਗਾ।

ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੀ ਇਕ ਸਾਬਕਾ ਬੋਰਡ ਮੈਂਬਰ ਬੀਬੀ ਜਸਬੀਰ ਕੌਰ ਮਾਨ ਨੇ ਰੇਡੀਓ ਚੰਨ ਪ੍ਰਦੇਸੀ ਨੂੰ ਵਰ੍ਹੇਗੰਢ ਦੀ ਵਧਾਈ ਦਿੰਦਿਆਂ ਨਸ਼ਿਆਂ ਅਤੇ ਗੰਧਲੇ ਪਾਣੀ ਕਰਕੇ ਪੰਜਾਬ ਦੀਆਂ ਵਧ ਰਹੀਆਂ ਸਮੱਸਿਆਵਾਂ ਬਾਰੇ ਚਿੰਤਾ ਜਾਹਰ ਕੀਤੀ। ਇਸੇ ਗੱਲ ਨੂੰ ਅੱਗੇ ਤੋਰਦਿਆਂ ਮਿਸ਼ੀਗਨ ਤੋਂ ਸਿੱਖ ਆਗੂ ਰਾਜਬੀਰ ਸਿੰਘ ਬੋਪਾਰਾਏ ਨੇ ਕਿਹਾ ਕਿ ਆਪਣੀ ਜੰਮਣ ਭੋਇੰ ਪ੍ਰਤੀ ਜ਼ਿੰਮੇਵਾਰੀ ਦਿਖਾਉਂਦਿਆਂ ਮੀਡੀਏ ਨੂੰ ਇਨ੍ਹਾਂ ਮਸਲਿਆਂ ਉਤੇ ਜਰੂਰ ਉਂਗਲ ਧਰਨੀ ਚਾਹੀਦੀ ਹੈ। ਪੀ ਸੀ ਐਸ ਸ਼ਿਕਾਗੋ ਨਾਲ ਚਿਰਾਂ ਤੋਂ ਜੁੜੇ ਅਤੇ ਖੁਦ ਪੰਜਾਬੀ ਰੇਡੀਓ ਚਲਾਉਂਦੇ ਰਹੇ ਠਾਕਰ ਸਿੰਘ ਬਸਾਤੀ ਨੇ ਕਿਹਾ ਕਿ ਉਨ੍ਹਾਂ ਖੁਦ ਕਦੇ ਹਫਤਾਵਾਰੀ ਰੇਡੀਓ ਪ੍ਰੋਗਰਾਮ ਸ਼ੁਰੂ ਕੀਤਾ ਸੀ। ਇਸ ਲਈ ਉਹ ਜਾਣਦੇ ਹਨ ਕਿ 24 ਘੰਟੇ ਰੇਡੀਓ ਚਲਾਉਣ ਲਈ ਕਿੰਨੀ ਮਿਹਨਤ ਕਰਨੀ ਪੈਂਦੀ ਹੋਵੇਗੀ। ਰੇਡੀਓ ਹੋਸਟ ਅਲਕਾ ਸ਼ਰਮਾ ਨੇ ਕਿਹਾ ਕਿ ਰੇਡੀਓ ਚੰਨ ਪ੍ਰਦੇਸੀ ਰਾਹੀਂ ਉਸ ਨੂੰ ਆਪਣੇ ਫਨ ਦਾ ਮੁਜਾਹਰਾ ਕਰਨ ਲਈ ਇਕ ਵਧੀਆ ਪਲੈਟਫਾਰਮ ਮਿਲਿਆ ਹੈ।

ਹੋਰ ਬੁਲਾਰਿਆਂ ਪੰਜਾਬੀ ਅਮੈਰਿਕਨ ਯੂਥ ਕਲੱਬ-ਇੰਡੀਆਨਾ ਦੇ ਪ੍ਰਧਾਨ ਜੱਸੀ ਧਾਲੀਵਾਲ, ਲੱਕੀ ਸਹੋਤਾ, ਗੁਲਜਾਰ ਸਿੰਘ ਮੁਲਤਾਨੀ, ਮਿਸ਼ਨ ਇੰਡੀਆ ਦੇ ਮਨੀਸ਼ ਰਾਏ, ਪ੍ਰਥਮ ਯੂ.ਐਸ.ਏ. ਸੰਸਥਾ ਦੇ ਰਾਜ ਖੁਰਾਣਾ, ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਉਤਰੀ ਅਮਰੀਕਾ) ਦੇ ਪ੍ਰਧਾਨ ਅਜੈਬ ਸਿੰਘ ਲੱਖਣ, ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਪ੍ਰਧਾਨ ਅਜਮੇਰ ਸਿੰਘ ਪੰਨੂ, ਵੰਦਨਾ ਵਾਲੀਆ, ਸੁਰਿੰਦਰ ਖੇੜਾ, ਏ.ਜੇ. ਭਾਰਦਵਾਜ, ਸੁਸੀਲ ਸ਼ਾਹ, ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਸਾਊਥਬੈਂਡ ਦੇ ਪ੍ਰਧਾਨ ਪਾਲ ਸਿੰਘ ਖਲੀਲ ਅਤੇ ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਦੇ ਪ੍ਰਧਾਨ ਸੁਰਿੰਦਰ ਸਿੰਘ ਸੰਘਾ ਨੇ ਰੇਡੀਓ ਚਲਾਉਣ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਹਰ ਤਰ੍ਹਾਂ ਦੇ ਸਹਿਯੋਗ ਦਾ ਵਾਅਦਾ ਕੀਤਾ।

ਮਾਣ-ਸਨਮਾਨ ਦੇ ਦੌਰ ਵਿਚ ਰੇਡੀਓ ਦੇ ਸਪਾਂਸਰਾਂ ਅਤੇ ਮੇਜ਼ਬਾਨਾਂ ਦਾ ਸਨਮਾਨ ਕੀਤਾ ਗਿਆ। ਸਪਾਂਸਰਾਂ ਵਿਚ ਗੁਲਜਾਰ ਸਿੰਘ ਮੁਲਤਾਨੀ, ਹਰਜੀਤ ਸਿੰਘ ਸ਼ਾਹੀ, ਨਿੱਕ ਗਾਖਲ, ਯਾਦਵਿੰਦਰ ਸਿੰਘ ਖੱਟੜਾ, ਪੀ.ਐਚ.ਓ. ਸ਼ਿਕਾਗੋ ਦੇ ਜੈਰਾਮ ਸਿੰਘ ਕਾਹਲੋਂ, ਪੀ.ਸੀ.ਐਸ. ਦੇ ਪ੍ਰਧਾਨ ਸੁਰਿੰਦਰ ਸਿੰਘ ਸੰਘਾ, ਦਲਜੀਤ ਧਾਲੀਵਾਲ, ਸ਼ਮਸ਼ੇਰ ਸਿੰਘ ਬੋਪਾਰਾਏ, ਜੱਸੀ ਧਾਲੀਵਾਲ, ਲਾਲੀ-ਪਾਲੀ ਬ੍ਰਦਰਜ਼ (ਬੈਟਲ ਕਰੀਕ, ਮਿਸ਼ੀਗਨ), ਮੱਖਣ ਗਿੱਲ, ਮਨਦੀਪ ਸਿੰਘ ਭੂਰਾ, ਕੁਲਦੀਪ ਢੱਟ, ਦੀਦਾਰ ਧਨੋਆ, ਲਖਵਿੰਦਰ ਢੀਂਡਸਾ, ਅਮਰਜੀਤ ਢੀਂਡਸਾ, ਸਤਵਿੰਦਰ ਪਨੇਸਰ, ਜੈਦੇਵ ਸਿੰਘ ਭੱਠਲ, ਮਿੱਕੀ ਕਾਹਲੋਂ, ਸੰਤੋਖ ਸਿੰਘ ਡੀ ਸੀ ਅਤੇ ਹੈਪੀ ਹੀਰ ਸ਼ਾਮਲ ਸਨ। ਰੇਡੀਓ ਮੇਜ਼ਬਾਨਾਂ ਅਲਕਾ ਸ਼ਰਮਾ, ਸ਼ਾਲਿਨੀ ਸਕਸੇਨਾ, ਸਚਿਨ ਲਾਲ ਅਤੇ ਰਾਜੇਸ਼ਵਰੀ ਰਾਵਤ ਦਾ ਸਨਮਾਨ ਕੀਤਾ ਗਿਆ। ਮੁੱਖ ਮਹਿਮਾਨ ਰਾਜਿੰਦਰ ਸਿੰਘ ਬੈਂਸ ਸਨ ਪਰ ਉਨ੍ਹਾਂ ਨੂੰ ਅਚਾਨਕ ਜ਼ਰੂਰੀ ਕੰਮ ਲਈ ਇੰਡੀਆ ਜਾਣਾ ਪੈ ਜਾਣ ਕਰਕੇ ਇਸ ਮੌਕੇ ਪਹੁੰਚ ਨਹੀਂ ਸਕੇ। ਰੇਡੀਓ ਦੇ ਮੇਜ਼ਬਾਨ ਗੁਰਮੁਖ ਸਿੰਘ ਭੁੱਲਰ ਵੀ ਕਿਸੇ ਜਰੂਰੀ ਕੰਮ ਕਾਰਨ ਪਹੁੰਚ ਨਾ ਸਕੇ।



ਰੇਡੀਓ ਚੰਨ ਪ੍ਰਦੇਸੀ ਦੀ ਮੇਜ਼ਬਾਨ ਟੀਮ



ਸਮਾਗਮ ਨੂੰ ਗਾਇਕੀ ਅਤੇ ਸ਼ਾਇਰੀ ਦਾ ਰੰਗ ਦਿੰਦਿਆਂ ਕੁਝ ਗਾਇਕਾਂ ਨੇ ਗੀਤ ਪੇਸ਼ ਕੀਤੇ ਜਦੋਂਕਿ ਸ਼ਾਇਰਾਂ ਨੇ ਆਪਣੀ ਸ਼ਾਇਰੀ ਦੇ ਰੰਗ ਵਿਖਾਏ। ਸ਼ਾਇਰ ਲਾਲੀ ਸ਼ਰਮਾ ਨੇ ਕੁਝ ਕਵਿਤਾਵਾਂ ਪੇਸ਼ ਕੀਤੀਆਂ। ਇਕ ਨਜ਼ਮ ਦੇ ਬੋਲ ਸਨ, 'ਮੇਰਾ ਦਿਨ ਤਾਂ ਢਲ ਰਿਹਾ ਹੈ, ਤੇਰੀ ਰਾਤ ਕਿਥੇ। ਜੁਗਨੂੰ ਨੂੰ ਪੁਛੇ ਸੂਰਜ, ਤੇਰੀ ਔਕਾਤ ਕਿਥੇ।' ਗੁਰਬਖਸ਼ ਰਾਹੀ ਨੇ ਇਕ ਸ਼ੇਅਰ ਅਰਜ਼ ਕੀਤਾ, 'ਛੋੜੋ ਅਬ ਤਕਰਾਰ ਕੀ ਬਾਤੇਂ, ਕਰ ਲੋ ਥੋੜੀ ਪਿਆਰ ਕੀ ਬਾਤੇਂ' ਤੇ ਕੁਝ ਪੰਜਾਬੀ ਨਜ਼ਮਾਂ ਕਹੀਆਂ। ਹੈਪੀ ਹੀਰ ਨੇ ਆਪਣੇ ਸਵਰਗੀ ਪਿਤਾ ਸ਼ਾਇਰ ਮੇਜਰ ਸਿੰਘ ਮੌਜੀ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਚੰਦ ਸ਼ੇਅਰ ਸੁਣਾਏ। ਹਿੰਦੀ ਰੇਡੀਓ ਹੋਸਟ ਸ਼ਾਲਿਨੀ ਸਕਸੇਨਾ ਨੇ ਗੀਤ, 'ਕਿਤਨਾ ਮਧੁਰ ਹੈ ਯੇ ਮਿਲਨ' ਪੇਸ਼ ਕਰਕੇ ਵਾਹ ਵਾਹ ਖੱਟੀ।

ਨਿਊ ਜਰਸੀ ਤੋਂ ਉਚੇਚਾ ਇਸ ਸਮਾਗਮ ਲਈ ਪਹੁੰਚੇ ਆਪਣੀ ਕਿਸਮ ਦੇ ਨਿਵੇਕਲੇ ਸ਼ਾਇਰ ਬਲਕਾਰ ਦਾਨਿਸ਼ ਨੇ ਇਕ ਪਿਛੋਂ ਇਕ ਕਈ ਨਜ਼ਮਾਂ ਪੇਸ਼ ਕਰਕੇ ਮਹਿਫਿਲ ਨੂੰ ਖੂਬਸੂਰਤ ਬਣਾਇਆ। ਸੂਫੀ ਤਰਜ਼ ਦੇ ਗਾਇਕ ਬਲਕਾਰ ਦਾਨਿਸ਼ ਨੇ ਸੂਫੀਆਨਾ ਰੰਗ ਬੰਨਦਿਆਂ ਸ਼ੁਰੂਆਤ ਆਪਣੇ ਇਕ ਦੋਹੇ 'ਮੈਂ ਗਲੀਆਂ ਦਾ ਕੂੜਾ, ਤੂੰ ਮਹਿਲ ਬੈਠਾਇਆ ਸਾਈਆਂ' ਨਾਲ ਕਰਦਿਆਂ ਪ੍ਰਦੇਸੀਆਂ ਲਈ ਗੀਤ 'ਪੰਛੀ ਹਾਂ ਪ੍ਰਦੇਸੀ ਯਾਰੋ, ਬੈਠੇ ਹਾਂ ਅਸੀਂ ਕੱਲਮ-ਕੱਲੇ' ਗਾ ਕੇ ਸਰੋਤਿਆਂ ਦੀ ਦਾਦ ਹਾਸਿਲ ਕੀਤੀ। ਨਾਮੀ ਸ਼ਾਇਰ ਹਰਭਜਨ ਸਿੰਘ ਬੈਂਸ ਦੀ ਪੰਜਾਬ ਦੀ ਖਾੜਕੂ ਲਹਿਰ ਵੇਲਿਆਂ ਦੇ ਸੰਤਾਪ ਬਾਰੇ ਇਕ ਨਜ਼ਮ 'ਕਈ ਚੇਤ ਗੁਜਰੇ ਤੇ ਸਾਵਣ ਵੀ ਆਏ, ਇਹ ਦਿਲ ਨਹੀਂ ਖਲੋਇਆ ਤੇਰੇ ਜਾਣ ਮਗਰੋਂ' ਗਾ ਕੇ ਹਾਲ ਵਿਚ ਬੈਠੇ ਸਰੋਤਿਆਂ ਨੂੰ ਉਦਾਸੀ ਦੇ ਰੰਗ ਵਿਚ ਰੰਗ ਦਿੱਤਾ। ਜੇ ਕੋਈ ਕਸਰ ਬਾਕੀ ਸੀ ਤਾਂ ਉਹ ਉਸ ਨੇ 'ਜੋਗੀ ਚੱਲੇ, ਚੱਲੇ...' ਤੇ 'ਛੱਲਾ' ਗਾ ਕੇ ਪੂਰੀ ਕਰ ਦਿੱਤੀ। ਸਟੇਜ ਸਕੱਤਰ ਦੀ ਭੂਮਿਕਾ ਡਾ. ਹਰਜਿੰਦਰ ਸਿੰਘ ਖਹਿਰਾ ਨੇ ਨਿਭਾਈ।



ਬਲਕਾਰ ਦਾਨਿਸ਼





**ਤਸਵੀਰਾਂ: ਸਿਆਨ ਵੀਡੀਓ**
**ਫੋਨ: 734-261-0936**

# ਗੁਰਦੁਆਰਾ ਗੁਰੂ ਨਾਨਕ ਦਰਬਾਰ, ਸਾਊਥਿੰਗਟਨ, ਕਨੈਕਟੀਕਟ

## ਖਾਲਸਾ ਸਿਰਜਣਾ ਦਿਹਾੜੇ ਦੀ ਲੱਖ ਲੱਖ ਵਧਾਈ



ਗੁਰੂ ਪਿਆਰੇ ਖਾਲਸਾ ਜੀ, ਖਾਲਸੇ ਦਾ ਸਾਜਨਾ ਦਿਵਸ ਖਾਲਸਾਈ ਜਾਹੋ-ਜਲਾਲ ਨਾਲ ਐਤਵਾਰ 14 ਅਪਰੈਲ 2013 ਨੂੰ ਗੁਰੂ ਘਰ ਵਿਖੇ ਆਪ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਮੌਕੇ ਹਾਜਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### 12 ਅਪਰੈਲ 2013

ਅਰੰਭ ਸ੍ਰੀ ਅਖੰਡ ਪਾਠ: ਸਵੇਰੇ 9:30 ਵਜੇ

### 13 ਅਪਰੈਲ 2013

ਕੀਰਤਨ ਆਸਾ ਦੀ ਵਾਰ: ਸਵੇਰੇ 7 ਤੋਂ 9 ਵਜੇ ਤੱਕ
ਸ਼ਾਮ ਦੇ ਦੀਵਾਨ: ਸ਼ਾਮ 7 ਵਜੇ ਤੋਂ ਰਾਤ 9 ਵਜੇ ਤੱਕ

ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਗੁਰੂ ਘਰ ਦੇ ਸ਼ਰਧਾਲੂਆਂ ਵਲੋਂ ਵੱਖ ਵੱਖ ਪਕਵਾਨਾਂ ਦੇ ਵਿਸ਼ੇਸ਼ ਸਟਾਲ ਲਾਏ ਜਾਣਗੇ।

### 14 ਅਪਰੈਲ 2013

ਭੋਗ ਸ੍ਰੀ ਅਖੰਡ ਪਾਠ: ਸਵੇਰੇ 10:00 ਵਜੇ
ਉਪਰੰਤ ਕੀਰਤਨ ਦੀਵਾਨ: ਕੀਰਤਨ ਭਾਈ ਸੁਰਜੀਤ ਸਿੰਘ ਲੌਂਗ ਆਈਲੈਂਡ ਵਾਲੇ ਅਤੇ ਭਾਈ ਮਨਪ੍ਰੀਤ ਸਿੰਘ ਦੇ ਜਥੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

*ਨਿਸ਼ਾਨ ਸਾਹਿਬ ਦੀ ਸੇਵਾ: 2:30 ਵਜੇ*



*ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ*

ਭਾਈ ਦਿਲਰਾਜ ਸਿੰਘ ਚਾਵਲਾ
(ਪ੍ਰਧਾਨ)
ਫੋਨ: 203-768-8774

ਭਾਈ ਜਸਪਾਲ ਸਿੰਘ ਮਾਣਕੂ
(ਸਕੱਤਰ)
ਫੋਨ: 860-263-3734

ਭਾਈ ਦਰਸ਼ਨ ਸਿੰਘ ਬਾਜਵਾ
(ਕੈਸ਼ੀਅਰ)
ਫੋਨ: 860-655-8475

ਬੀਬੀ ਹਰਜਿੰਦਰ ਕੌਰ
(ਚੇਅਰਪਰਸਨ)
ਫੋਨ: 860-716-6380

ਹੈਡ ਗ੍ਰੰਥੀ ਭਾਈ ਕੋਮਲ ਸਿੰਘ, ਫੋਨ: 860-621-3015

# Gurdwara Guru Nanak Darbar

1016 West Street, Southington, CT 06489-1054

# ਮੰਟੋ ਤੇ ਇਸਮਤ ਦਾ ਵਕੀਲ

ਕਲਾ ਪਰਿਕਰਮਾ

***ਇੱਕੀਵੀਂ ਸਦੀ ਵਿਚ ਪ੍ਰਵੇਸ਼ ਕਰਨ ਵਾਲੇ ਵੀਹਵੀਂ ਸਦੀ ਦੇ ਸਾਹਿਤ ਰਸੀਆਂ ਵਿਚ ਹੀਰਾ ਲਾਲ ਸਿੱਬਲ ਦਾ ਵਿਸ਼ੇਸ਼ ਸਥਾਨ ਹੈ। ਸਾਹਿਤ ਅਤੇ ਕਲਾ ਨੂੰ ਪ੍ਰਗਤੀਵਾਦੀ ਅੱਖ ਨਾਲ ਦੇਖਣ ਵਾਲੇ ਉਨ੍ਹਾਂ ਸਮਿਆਂ ਵਿਚ ਸੱਚੀ ਤੋਂ ਸੱਚੀ ਕਲਾਕਾਰੀ ਉੱਤੇ ਇਸ ਧਾਰਾ ਤੋਂ ਇਧਰ-ਉਧਰ ਹੋਇਆਂ ਕਰੋਪੀ ਆ ਸਕਦੀ ਸੀ। ਇਸ ਮਾਹੌਲ ਵਿਚ ਇਸਮਤ ਚੁਗਤਾਈ ਤੇ ਸਆਦਤ ਹਸਨ ਮੰਟੋ ਦੀਆਂ ਕਹਾਣੀਆਂ ਉੱਤੇ ਉਂਗਲ ਉੱਠਣੀ ਕੁਦਰਤੀ ਸੀ। ਕਚਹਿਰੀ ਵਿਚ ਘਸੀਟੇ ਜਾਣਾ ਵੀ ਬਹੁਤ ਔਖਾ ਸੀ। ਹਵਾ ਦਾ ਰੁਖ਼ ਇੰਨਾ ਕਹਿਰੀ ਸੀ ਕਿ ਸਿਆਣੇ ਤੋਂ ਸਿਆਣੇ ਵਕੀਲ ਦਾ ਅਜਿਹੀ ਰਚਨਾਕਾਰੀ ਦੇ ਪੱਖ ਵਿਚ ਭੁਗਤਣਾ ਸੌਖਾ ਨਹੀਂ ਸੀ। ਅਜਿਹਾ ਕਰਨ ਲਈ ਬੁੱਧੀ, ਸਾਹਸ ਤੇ ਦਲੀਲ ਦੀ ਲੋੜ ਸੀ। ਇਹ ਕੰਮ ਸੁਹਣੇ, ਸੁਨੱਖੇ ਤੇ ਬਾਦਲੀਲ ਹੀਰਾ ਲਾਲ ਨੇ ਆਪਣੇ ਜ਼ਿੰਮੇ ਲਿਆ ਤੇ ਸਫ਼ਲਤਾ ਨਾਲ ਨਿਭਾਇਆ।***



**ਗੁਲਜ਼ਾਰ ਸਿੰਘ ਸੰਧੂ**

**ਫੋਨ: 91-98157-78469**

ਇਸਮਤ ਚੁਗਤਾਈ ਦੀ ਕਹਾਣੀ 'ਲਿਹਾਫ਼' (ਰਜਾਈ) ਸਮਲਿੰਗੀ ਸਬੰਧਾਂ ਦੀ ਬਾਤ ਪਾਉਂਦੀ ਸੀ। ਮੰਟੋ ਦੀਆਂ ਕਹਾਣੀਆਂ 'ਬੂ' ਅਤੇ 'ਕਾਲੀ ਸਲਵਾਰ' ਵੀ ਅਸ਼ਲੀਲਤਾ ਦੇ ਘੇਰੇ ਵਿਚ ਲਿਆਈਆਂ ਜਾ ਸਕਦੀਆਂ ਸਨ। ਤਿੰਨੇ ਕਹਾਣੀਆਂ ਜਨਤਕ ਤੇ ਅਦਾਲਤੀ ਕਰੋਪੀ ਦਾ ਸ਼ਿਕਾਰ ਹੋਈਆਂ ਤੇ ਨੌਜਵਾਨ ਵਕੀਲ ਹੀਰਾ ਲਾਲ ਨੇ ਇਨ੍ਹਾਂ ਸਭ ਕੇਸਾਂ ਦੀ ਪੈਰਵੀ ਪਿਆਰ ਤੇ ਵਫ਼ਾ ਨਾਲ ਕੀਤੀ ਅਤੇ ਫ਼ਤਿਹ ਪਾਈ। ਇਹ ਕੇਸ ਵਕਾਲਤ ਵਿਚ ਉਸ ਦੀ ਚੜ੍ਹਤ ਦਾ ਕਾਰਨ ਵੀ ਬਣੇ। ਪਾਕਿਸਤਾਨ ਦੇ ਹਿੱਸੇ ਆਏ ਗੁਜਰਾਤ ਜ਼ਿਲ੍ਹੇ ਦੇ ਨਿੱਕੇ ਜਿਹੇ ਪਿੰਡ ਡਿੰਗਾ ਵਿਚ ਜਨਮਿਆ ਹੀਰਾ ਲਾਲ ਸਾਹਸੀ ਤੇ ਉੱਦਮੀ ਜੀਊੜਾ ਹੋ ਨਿੱਬੜਿਆ। ਹਿਸਾਬ ਦੀ ਐੱਮ.ਏ. ਛੱਡ ਕੇ ਵਕਾਲਤ ਦੀ ਪੜ੍ਹਾਈ ਵਿਚ ਪੈਣਾ ਵੀ ਸਬੱਬ ਹੀ ਸੀ। ਮਿਆਦੀ ਬੁਖ਼ਾਰ ਦਾ ਸ਼ਿਕਾਰ ਹੋਇਆ ਇਹ ਵਿਦਿਆਰਥੀ ਇਮਤਿਹਾਨ ਵਿਚ ਨਾ ਬੈਠ ਸਕਿਆ ਤਾਂ ਉਸ ਦਾ ਇਸ ਵਿਸ਼ੇ ਨਾਲ ਮੋਹ ਭੰਗ ਹੋ ਗਿਆ। ਉਧਰ ਯੂਨੀਵਰਸਿਟੀ ਨੇ ਨਵਾਂ ਕਾਨੂੰਨ ਜਾਰੀ ਕਰ ਕੇ ਅੱਗੇ ਤੋਂ ਵਕਾਲਤ ਦੀ ਪੜ੍ਹਾਈ ਲਈ ਤਿੰਨ ਸਾਲ ਲਾਉਣੇ ਲਾਜ਼ਮੀ ਕਰ ਦਿੱਤੇ, ਪਰ ਉਸ ਵਰ੍ਹੇ ਦਾਖਲਾ ਲੈਣ ਵਾਲਿਆਂ ਉੱਤੇ ਇਹ ਸ਼ਰਤ ਲਾਗੂ ਨਹੀਂ ਕੀਤੀ। ਕੋਈ ਵੀ ਦੋ ਵਰ੍ਹੇ ਲਾ ਕੇ ਵਕਾਲਤ ਪਾਸ ਕਰ ਸਕਦਾ ਸੀ। ਨੌਜਵਾਨ ਹੀਰਾ ਲਾਲ ਨੇ ਵਕਾਲਤ ਦੀ ਪੜ੍ਹਾਈ ਵਿਚ ਦਾਖਲਾ ਲੈ ਲਿਆ।

ਹੀਰਾ ਲਾਲ ਦਾ ਸੁਭਾਅ ਹਿਸਾਬੀ-ਕਿਤਾਬੀ ਰੁਚੀਆਂ ਵਾਲਾ ਨਹੀਂ ਸੀ। ਮਿਰਜ਼ਾ ਗ਼ਾਲਿਬ, ਮੀਰ ਤਕੀ ਮੀਰ ਤੇ ਜਿਗਰ ਮੁਰਾਦਾਬਾਦੀ ਦੀ ਸ਼ਾਇਰੀ ਦੇ ਇਸ ਮੱਦਾਹ ਦਾ ਜੋਸ਼ ਮਲੀਹਾਬਾਦੀ, ਫ਼ੈਜ਼ ਅਹਿਮਦ ਫ਼ੈਜ਼, ਅਹਿਮਦ ਨਦੀਮ ਕਾਸਮੀ, ਅਖ਼ਤਰ ਸ਼ੀਰਾਨੀ ਅਤੇ ਕਿਰਪਾਲ ਸਿੰਘ ਬੇਦਾਰ ਨਾਲ ਮੇਲ-ਮਿਲਾਪ ਤੇ ਮਿੱਤਰਤਾ ਸੀ। ਇਹੀ ਕਾਰਨ ਸੀ ਕਿ ਫ਼ੈਜ਼ ਅਤੇ ਕਾਸਮੀ ਤੋਂ ਬਿਨਾਂ ਕਿਸ਼ਨ ਚੰਦਰ, ਕਨ੍ਹਈਆ ਲਾਲ ਕਪੂਰ, ਮੇਲਾ ਰਾਮ ਵਫ਼ਾ ਵਰਗੇ ਜਾਣੇ-ਪਛਾਣੇ ਅਦੀਬ, ਸਾਹਿਤਕ ਲਿਖਤਾਂ ਦੀ ਪੈਰਵੀ ਕਰਨ ਵਾਲੇ ਕੇਸਾਂ ਵਿਚ ਹੁੰਮ-ਹੁਮਾ ਕੇ ਗਵਾਹੀਆਂ ਦੇਣ ਆਏ ਸਨ।

ਮੇਰੀ ਹੀਰਾ ਲਾਲ ਸਿੱਬਲ ਤੇ ਉਨ੍ਹਾਂ ਦੇ ਪਰਿਵਾਰ ਨਾਲ ਜਾਣ-ਪਛਾਣ ਦਾ ਕਾਰਨ ਵੀ ਮੰਟੋ ਦਾ ਰਚਨਾ ਸੰਸਾਰ ਹੀ ਬਣਿਆ। ਮਿਲਣੀ 'ਤੇ ਕਹਿਣ ਲੱਗੇ, "ਮੈਂ ਨਹੀਂ ਸੀ ਜਾਣਦਾ ਕਿ ਇਸਮਤ ਅਤੇ ਮੰਟੋ ਦੀਆਂ ਕਹਾਣੀਆਂ ਦੀ ਵਕਾਲਤ ਕਰਨਾ ਮੇਰੇ ਨਾਂ ਨਾਲ ਇੰਨਾ ਜੁੜ ਜਾਵੇਗਾ ਕਿ ਸੱਤ ਦਹਾਕੇ ਬਾਅਦ ਤਕ ਵੀ ਮੈਨੂੰ ਇਸ ਕੰਮ ਲਈ ਚੇਤੇ ਰੱਖਿਆ ਜਾਵੇਗਾ।" ਥੋੜ੍ਹਾ ਜਿਹਾ ਰੁਕ ਕੇ ਉਨ੍ਹਾਂ ਨੇ ਫਿਰ ਕਿਹਾ, "ਉਦੋਂ ਇਸਮਤ ਦੀ ਕਹਾਣੀ 'ਲਿਹਾਫ਼' (ਰਜਾਈ) ਨੂੰ ਅਸ਼ਲੀਲ ਕਿਹਾ ਜਾਂਦਾ ਸੀ ਤੇ ਅੱਜ ਕਈ ਦੇਸ਼ਾਂ ਦੀਆਂ ਸਰਕਾਰਾਂ ਸਮਲਿੰਗੀ ਪਿਆਰ ਤਾਂ ਕੀ ਸਮਲਿੰਗੀ ਵਿਆਹਾਂ ਨੂੰ ਪ੍ਰਵਾਨਗੀ ਦੇਣ ਦੀ ਸੋਚ ਰਹੀਆਂ ਹਨ।"

ਉਰਦੂ ਅਦੀਬਾਂ ਦੇ ਇਹ ਮੁਕੱਦਮੇ ਸਿੱਬਲ ਨੇ ਕਮਾਈ ਲਈ ਨਹੀਂ, ਸਗੋਂ ਆਪਣੇ ਸ਼ੌਕ ਦੀ ਪੂਰਤੀ ਲਈ ਲੜੇ ਸਨ। ਸਿੱਬਲ ਵੱਲੋਂ ਮੁਫ਼ਤ ਲੜੇ ਜਾਣ ਵਾਲੇ ਕੇਸਾਂ ਦੀ ਗੱਲ ਤੁਰੀ ਤਾਂ ਲਾਹੌਰ ਦੇ ਇੱਕ ਸਮਾਜ ਸੇਵਕ ਮਿਹਰ ਚਿਰਾਗ ਦਾ ਕੇਸ ਵੀ ਉੱਭਰ ਆਇਆ। ਇਹ ਕੇਸ ਅਦੀਬਾਂ ਦੇ ਕੇਸਾਂ ਨਾਲੋਂ ਵੀ ਦਿਲਚਸਪ ਹੈ।

ਹੋਇਆ ਇਉਂ ਕਿ ਜਦੋਂ ਇੱਕ ਅਤਿਅੰਤ ਗ਼ਰੀਬ ਮੁਸਲਮਾਨ ਦੀ ਮੌਤ ਤੋਂ ਪਿੱਛੋਂ ਉਸ ਨੂੰ ਕਬਰਿਸਤਾਨ ਵਿਚ ਦਫ਼ਨਾਉਣ ਵਾਲਾ ਕੋਈ ਨਹੀਂ ਸੀ ਲੱਭ ਰਿਹਾ ਤਾਂ ਮਿਹਰ ਚਿਰਾਗ ਨੇ ਆਪਣੀ ਸਮਾਜ ਸੇਵੀ ਜਥੇਬੰਦੀ ਦੇ ਵਰਕਰਾਂ ਰਾਹੀਂ ਉਸ ਦੀ ਲਾਸ਼ ਵੱਡੇ ਕਬਰਿਸਤਾਨ ਵਿਚ ਪਹੁੰਚਾ ਦਿੱਤੀ। ਕਬਰ ਪੁੱਟਣ ਦਾ ਮਸਲਾ ਸਾਹਮਣੇ ਆਇਆ ਤਾਂ ਪੁੱਟਣ ਵਾਲੇ ਪੈਸੇ ਮੰਗਣ ਲੱਗੇ। ਮਿਹਰ ਚਿਰਾਗ ਨੇ ਕਿਹਾ ਕਿ ਅੱਧਾ ਕੰਮ ਅਸੀਂ ਕਰ ਦਿੱਤਾ ਹੈ, ਬਾਕੀ ਦਾ ਤੁਸੀਂ ਕਰ ਦਿਓ। ਇਸ ਗ਼ਰੀਬ ਦਾ ਕੋਈ ਵਾਲੀ-ਵਾਰਸ ਨਹੀਂ। ਉਹ ਨਾ ਹੀ ਮੰਨੇ ਤਾਂ ਮਿਹਰ ਨੂੰ ਮੁਤਵੱਲੀ ਤੋਂ ਕਹਾਉਣਾ ਪਿਆ। ਮੁਤਵੱਲੀ ਦਾ ਹੁਕਮ ਸੁਣ ਕੇ ਉਹ ਕਬਰ ਪੁੱਟਣਾ ਤਾਂ ਮੰਨ ਗਏ ਪਰ ਉਨ੍ਹਾਂ ਦੇ ਆਗੂ ਨੇ ਟੱਕ ਲਾਉਣ ਤੋਂ ਪਹਿਲਾਂ ਉਹ ਵਾਕ ਬੋਲ ਦਿੱਤਾ ਜਿਸ ਨੇ ਮਿਹਰ ਚਿਰਾਗ ਦੇ ਤਨ ਮਨ ਨੂੰ ਅੱਗ ਲਾ ਦਿੱਤੀ। "ਕੁੱਤਿਆਂ ਨੂੰ ਕਿਹੜਾ ਪੈਸੇ ਲੈ ਕੇ ਦਫ਼ਨਾਉਂਦੇ ਹਾਂ, ਇਹ ਵੀ ਕਰ ਦਿੰਦੇ ਹਾਂ।" ਮਿਹਰ ਚਿਰਾਗ ਨੇ ਇਹ ਸੁਣਦੇ ਸਾਰ ਆਪਣੇ ਵਰਕਰਾਂ ਦੀ ਸਹਾਇਤਾ ਨਾਲ ਲਾਸ਼ ਤਾਂ ਦਫ਼ਨਾ ਦਿੱਤੀ ਪਰ ਉਸ ਤੋਂ ਪਿੱਛੋਂ ਸਬੰਧਤ ਕਬਰਿਸਤਾਨ ਦਾ ਸਾਰੇ ਦੇ ਸਾਰੇ ਇਲਾਕੇ ਵੱਲੋਂ ਬਾਈਕਾਟ ਕਰਵਾ ਦਿੱਤਾ। ਕਬਰ ਪੁੱਟਾਂ ਦੀ ਤਾਂ ਕੀ ਮੁਤਵੱਲੀ ਦੀ ਆਮਦਨ ਵੀ ਬੰਦ ਹੋ ਗਈ। ਉਨ੍ਹਾਂ ਨੇ ਸਮਾਜ ਸੇਵਕ ਚਿਰਾਗ ਨੂੰ ਕਚਹਿਰੀ ਵਿਚ ਘਸੀਟ ਲਿਆਂਦਾ। ਤਣਾਅ ਇੰਨਾ ਵਧ ਗਿਆ ਕਿ ਚਿਰਾਗ ਨੂੰ ਕੋਈ ਵਕੀਲ ਹੀ ਨਾ ਮਿਲੇ।

ਮਿਹਰ ਚਿਰਾਗ ਆਪਣੇ ਮਿੱਤਰ ਹੀਰਾ ਲਾਲ ਸਿੱਬਲ ਦੀ ਸ਼ਰਨ ਆ ਪਿਆ। ਸਿੱਬਲ ਦੀ ਉਮਰ ਉਸ ਵੇਲੇ ਮਸਾਂ ਤੀਹ ਸਾਲ ਸੀ ਤੇ ਉਹ ਹੈ ਵੀ ਹਿੰਦੂ ਸੀ। ਉਸ ਨੇ ਉਮਰ ਤੇ ਮਜ਼ਹਬ ਦਾ ਵਾਸਤਾ ਪਾ ਕੇ ਕਿਹਾ ਕਿ ਕਿਸੇ ਮੁਸਲਮਾਨ ਵਕੀਲ ਨੂੰ ਕਿਉਂ ਨਹੀਂ ਫੜਦਾ। ਮੁਤਵੱਲੀ ਦੇ ਬੰਦੇ ਵੱਡੇ ਤੋਂ ਵੱਡੇ ਮੁਸਲਮਾਨ ਨੂੰ ਪੈਸੇ ਦੇ ਕੇ ਮੁਕਰਵਾ ਸਕਦੇ ਹਨ।" ਮਿਹਰ ਨੇ ਉੱਤਰ ਦਿੱਤਾ। ਨੌਜਵਾਨ ਹੀਰਾ ਲਾਲ ਨੇ ਉਹ ਕੇਸ ਬਿਨਾਂ ਪੈਸੇ ਦੇ ਲੜਿਆ ਤੇ ਜਿੱਤਿਆ।

ਸਿੱਬਲ ਜੀ ਦੀ ਗੱਲ ਕਥ ਉੱਤੇ ਹਾਵੀ ਰਹਿਣ ਵਾਲੇ ਵਿਸ਼ੇ ਅਖੰਡ ਹਿੰਦੁਸਤਾਨ ਤੇ ਸੈਕੂਲੈਰਿਜ਼ਮ ਬਾਰੇ ਮੇਰੇ ਮਿੱਤਰ ਅਤੇ ਸੀਨੀਅਰ ਐਡਵੋਕੇਟ ਰਾਜਿੰਦਰ ਸਿੰਘ ਚੀਮਾ ਕੋਲ ਅਨੇਕਾਂ ਗੱਲਾਂ ਹਨ। ਖ਼ਾਸ ਕਰ ਕੇ ਲਾਹੌਰ ਦੇ ਇੱਕ ਮੁਸਲਮਾਨ ਮੈਜਿਸਟਰੇਟ ਮੌਲਵੀ ਮੁਹੰਮਦ ਇਬਰਾਹਿਮ ਦਾ ਸਿੱਬਲ ਤੇ ਉਸ ਦੇ ਨੌਕਰ ਮਣਸਾ ਰਾਮ ਨੂੰ ਉਸ ਵੇਲੇ ਪਨਾਹ ਦੇਣ ਦੀ ਗੱਲ ਜਦੋਂ ਹਿੰਦੂ-ਮੁਸਲਮ ਤਣਾਅ ਕਤਲੋ-ਗਾਰਤ ਦਾ ਰੂਪ ਧਾਰ ਚੁੱਕਿਆ ਸੀ। ਸਿੱਬਲ ਨੇ ਆਪਣੇ ਤਿੰਨੇ ਬੇਟੇ (ਕਪਿਲ ਤਾਂ ਉਸ ਵੇਲੇ ਮਾਂ ਦੀ ਕੁੱਖ ਵਿਚ ਸੀ) ਤੇ ਬੇਟੀ ਆਪਣੀ ਘਰਵਾਲੀ ਨਾਲ ਇਧਰ ਭੇਜ ਦਿੱਤੇ ਸਨ। ਖ਼ੁਦ ਮਣਸਾ ਰਾਮ ਸਮੇਤ ਲਾਹੌਰ ਹੀ ਰਹਿ ਰਿਹਾ ਸੀ ਕਿ ਖ਼ੂਨ-ਖ਼ਰਾਬਾ ਸਭ ਹੱਦਾਂ ਪਾਰ ਕਰ ਗਿਆ। ਮੌਲਵੀ ਨੇ ਉਨ੍ਹਾਂ ਦੋਵਾਂ ਨੂੰ ਆਪਣੀ ਜਾਨ ਤਲੀ 'ਤੇ ਧਰ ਕੇ ਕਿਵੇਂ ਬਾਰਡਰ ਪਾਰ ਕਰਵਾਇਆ, ਰਹਿੰਦੇ ਦਮ ਤਕ ਸਿੱਬਲ ਦੇ ਮਨ ਉੱਤੇ ਛਾਇਆ ਰਿਹਾ ਹੈ।



*ਲੇਖਕ ਗੁਲਜ਼ਾਰ ਸਿੰਘ ਸੰਧੂ ਹੀਰਾ ਲਾਲ ਸਿੱਬਲ ਨਾਲ।*

ਰਾਜਿੰਦਰ ਚੀਮਾ, ਸਿੱਬਲ ਦੀਆਂ ਪੜ੍ਹਾਈ ਦੇ ਦਿਨਾਂ ਦੀਆਂ ਸਰਗਰਮੀਆਂ ਤੇ ਬਹਿਸਾਂ ਨਾਲ ਸਬੰਧਤ ਮੁਕਾਬਲਿਆਂ ਦੀ ਗੱਲ ਕਰਦਾ ਹੋਇਆ ਲੋਪੋਕੇ (ਅੰਮ੍ਰਿਤਸਰ) ਥਾਣੇ ਵਿਚ ਪੁਲਸੀਆਂ ਵੱਲੋਂ ਇੱਕ ਉਧਾਲੇ ਨਾਲ ਸਬੰਧਿਤ ਕੇਸ ਵਿਚ ਕਿਸੇ ਦੀ ਗ਼ੈਰ-ਕਾਨੂੰਨੀ ਨਜ਼ਰਬੰਦੀ ਦੀ ਵਾਰਤਾ ਵੀ ਉਤਸ਼ਾਹ ਨਾਲ ਸੁਣਾਉਂਦਾ ਹੈ। ਖ਼ਾਸ ਕਰ ਕੇ ਇਸ ਲਈ ਕਿ ਨੌਜਵਾਨ ਹੀਰਾ ਲਾਲ ਨੇ ਜਨਤਕ ਪਟੀਸ਼ਨ ਪਾ ਕੇ ਬੰਦੇ ਨੂੰ ਬੜੀ ਦਲੇਰੀ ਤੇ ਸਿਆਣਪ ਨਾਲ ਛੁਡਾ ਕੇ ਹੀ ਸਾਹ ਲਿਆ। ਇਥੇ ਹੀ ਬਸ ਨਹੀਂ, ਜਦੋਂ ਜ਼ਿਲ੍ਹੇ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਦੋਸ਼ੀ ਪੁਲਸੀਆਂ ਨੂੰ ਮਾਮੂਲੀ ਜੁਰਮਾਨੇ ਕਰਕੇ ਬਖ਼ਸ਼ ਦਿੱਤਾ ਤਾਂ ਸਿੱਬਲ ਨੇ ਹਾਈ ਕੋਰਟ ਤਕ ਪਿੱਛਾ ਕਰ ਕੇ ਜਿੱਤ ਹੀ ਪ੍ਰਾਪਤ ਨਹੀਂ ਕੀਤੀ, ਸਗੋਂ ਦੋਸ਼ੀ ਪੁਲਸੀਆਂ ਨੂੰ ਕੈਦ ਵੀ ਕਰਵਾਈ। ਇਹ ਕੋਈ ਅਸਚਰਜ ਵਾਲੀ ਗੱਲ ਨਹੀਂ ਕਿ ਔਖੇ ਤੇ ਨਾਜ਼ੁਕ ਕੇਸਾਂ ਦੀ ਪੈਰਵੀ ਕਰਨ ਵਾਲਿਆਂ ਦਾ ਗੁਣਾ ਸਦਾ ਸਿੱਬਲ ਉੱਤੇ ਹੀ ਪੈਂਦਾ ਰਿਹਾ ਹੈ। ਜਦੋਂ 1947 ਦੇ ਘੱਲੂਘਾਰੇ ਤੋਂ ਪਿੱਛੋਂ ਲਾਹੌਰ ਦੀ ਹਫ਼ੜਾ-ਦਫ਼ੜੀ ਦਾ ਸ਼ਿਕਾਰ ਹੋਏ ਹਿੰਦੂ-ਸਿੱਖਾਂ ਦੇ ਕੇਸਾਂ ਦੀ ਪੈਰਵੀ ਕਰਨ ਵਾਸਤੇ ਯੋਗ ਵਕੀਲ ਚੁਣਨ ਲਈ ਸਵਰਨ ਸਿੰਘ, ਗੋਪੀ ਚੰਦ ਭਾਰਗਵ ਤੇ ਭੀਮ ਸੈਨ ਸੱਚਰ ਦੀ ਤਿੰਨ ਮੈਂਬਰੀ ਕਮੇਟੀ ਬਣੀ ਤਾਂ ਉਨ੍ਹਾਂ ਨੇ ਵੀ ਹੀਰਾ ਲਾਲ ਸਿੱਬਲ ਦੀ ਚੋਣ ਕੀਤੀ। ਪਿਛਲੀ ਸਦੀ ਦੇ ਸੱਠਵਿਆਂ ਵਿਚ ਜਸਟਿਸ ਗੁਰਨਾਮ ਸਿੰਘ ਤੇ ਜਸਟਿਸ ਭੁਪਿੰਦਰ ਸਿੰਘ ਨੇ ਵਾਰ-ਵਾਰ ਨਾਂਹ ਕਰਨ ਦੇ ਬਾਵਜੂਦ ਸਿੱਖ ਗੁਰਦੁਆਰਾ ਐਕਟ ਦਾ ਅਤਿਅੰਤ ਨਾਜ਼ੁਕ ਕੇਸ ਵੀ ਸਿੱਬਲ ਨੂੰ ਹੀ ਸੌਂਪਿਆ ਸੀ।

*(ਲੰਮੇ ਲੇਖ ਦਾ ਸੰਖੇਪ)*



*ਇਸਮਤ*



*ਮੰਟੋ*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 13 ਅਪਰੈਲ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-59



*ਇਕ ਪਾਸੇ ਚੁੱਲ੍ਹਾ ਚੌਂਕਾ ਸੀ, ਚੌਂਕੇ ਨੂੰ ਫੇਰਿਆ ਪੋਚਾ ਸੀ।*
*ਕੱਚੀ ਕਲੀ ਦੇ ਪੋਚੇ ਵਿਚ ਮੋਹ ਮਿਹਨਤ ਦਾ ਹੋਕਾ ਸੀ।*
*ਤਸਵੀਰ: ਰਾਮਵੀਰ ਕੌਰ ਖਹਿਰਾ, ਮਿਸ਼ੀਗਨ*

## ਕੈਪਸ਼ਨ ਮੁਕਾਬਲਾ-57



ਧਰਤੀ ਉਪਰ ਧੁੰਮਾਂ ਪਾਈਏ
ਪਾਣੀ ਮੂਹਰੇ ਵਾਹ ਨਾ ਜਾਵੇ।
ਕਿਨਾਰਿਆਂ ਵਿਚਲਾ ਔਖਾ ਪੈਂਡਾ,
ਸਾਡੇ ਵਸ ਦੇ ਵਿਚ ਨਾ ਆਵੇ।
ਕਿਸੇ ਸਹਾਰੇ ਪਾਰ ਲੱਗਣਾ,
ਰੂਹ ਸਾਡੀ ਨੂੰ ਜਰਾ ਨਾ ਭਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਲੱਦ ਲਏ ਨੇ ਕਿਸ਼ਤੀ ਉਤੇ
ਨਵੇਂ ਯੁੱਗ ਦੇ ਘੋੜੇ।
ਕਿਹਦੀ ਹਿੰਮਤ ਲਾ ਕੇ ਚੱਪੂ
ਵਕਤ ਪਿਛਾਂਹ ਨੂੰ ਮੋੜੇ।
ਪੁਲ ਨੇ ਦਿੱਤਾ ਜੋੜ ਰਾਹੋਂ ਦਾ
ਮਾਛੀਵਾੜੇ ਨਾਲ ਬੰਨਾ।
ਨੇੜੇ ਹੋ ਗਿਆ ਮਿੱਤਰਾ
ਹੁਣ ਤਾਂ ਨਵਾਂ ਸ਼ਹਿਰ ਤੋਂ ਖੰਨਾ।
***-ਮਨਵੀਰ ਫਰੀਮਾਂਟ।***

ਹਾਥੀ ਉਤੇ ਬੈਠ ਗਿਆ ਏ
ਲਗਦਾ ਹੁਣ ਖਰਗੋਸ਼।
ਤੇਰੀ ਇਹ ਮਜਬੂਰੀ ਬੰਦਿਆ
ਮੇਰਾ ਨਹੀਂ ਕੋਈ ਦੋਸ਼।
ਲੰਬੇ ਪੈਂਡੇ ਕਰ ਕੇ ਸਾਰੇ
ਇਹ ਤੈਂ ਪਾਪੜ ਵੇਲੇ।
ਮਸ਼ੀਨੀ ਯੁੱਗ ਵਿਚ ਢਾਈ
ਫਿਰਦੇ ਨੇ ਗੁਰੂਆਂ ਨੂੰ ਚੇਲੇ।
***-ਗੁਰਬੀਰ ਸਿੰਘ***
***ਨਿਊ ਯਾਰਕ।***

---

ਤੇਲ ਪੀਣ ਵਾਲੇ 'ਘੋੜੇ'
ਬੰਦੇ ਨੇ ਬਣਾਏ ਨੇ,
ਜੁਗਤਾਂ ਲੜਾ ਕੇ ਕਿਵੇਂ
ਬੇੜੀ 'ਚ ਬਹਾਏ ਨੇ।
ਲੋੜ ਪਈ ਤੋਂ ਕਾਢ ਨਵੀਂ
ਬੰਦਾ ਕੱਢ ਲੈਂਦਾ ਏ,
ਜ਼ਿੰਦਗੀ ਦਾ ਬੇੜਾ ਤਾਂਹੀ
ਚਲਦਾ ਹੀ ਰਹਿੰਦਾ ਏ!
***-ਬਲਜੀਤ ਸਿੰਘ 'ਬੱਲੀ'***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਜਲ ਤੇ ਥਲ ਦੇ ਵਾਹਨ ਦੋਵੇਂ
ਰਲ ਮਿਲ ਸਫਰ ਮੁਕਾਉਂਦੇ।
ਬੰਦਾ ਲੈਂਦਾ ਨਹੀਂ ਇਹ ਸਿੱਖਿਆ,
ਤਾਂਹੀਓਂ ਝਗੜੇ ਸਾਹ ਸੁਕਾਉਂਦੇ!
***-ਫਕੀਰ ਚੰਦ 'ਸੈਂਪਲਾ'***
***ਐਲ.ਏ., ਕੈਲੀਫੋਰਨੀਆ।***

## ਨੋਬਲ ਜੇਤੂ ਭਾਰਤੀਆਂ ਦੇ ਨਾਂਵਾਂ 'ਤੇ ਬਣਨਗੀਆਂ ਚੇਅਰਾਂ

**ਨਵੀਂ ਦਿੱਲੀ:** ਦੇਸ਼ ਦੇ ਅਕਾਦਮਿਕ ਇਤਿਹਾਸ ਵਿਚ ਪਹਿਲੀ ਵਾਰ ਕੇਂਦਰ ਸਰਕਾਰ ਨੇ ਦੇਸ਼ ਨਾਲ ਸਬੰਧਤ ਨੋਬਲ ਇਨਾਮ ਜੇਤੂ ਸ਼ਖ਼ਸੀਅਤਾਂ ਨੂੰ ਸਨਮਾਨ ਦੇਣ ਲਈ ਯੂਨੀਰਸਿਟੀਆਂ 'ਚ ਉਨ੍ਹਾਂ ਦੇ ਨਾਂਵਾਂ ਦੀਆਂ ਚੇਅਰਾਂ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਪਿਛਲੇ ਦਿਨੀਂ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੇ ਮੁਕੰਮਲ ਕਮਿਸ਼ਨ ਦੀ ਮੀਟਿੰਗ ਵਿਚ ਲਿਆ ਗਿਆ। ਇਨ੍ਹਾਂ ਇਨਾਮ ਜੇਤੂਆਂ 'ਚ ਡਾ. ਹਰਗੋਬਿੰਦ ਖੁਰਾਣਾ, ਸੁਬਰਾਮਨੀਅਮ ਚੰਦਰ ਸ਼ੇਖਰ, ਵੈਂਕਟਰਮਨ ਰਾਧਾਕ੍ਰਿਸ਼ਨਨ, ਰਬਿੰਦਰ ਨਾਥ ਟੈਗੋਰ, ਡਾ. ਸੀ ਵੀ ਰਾਮਨ, ਮਦਰ ਟੈਰੇਸਾ, ਅਮ੍ਰਿਤਆ ਸੇਨ ਸ਼ਾਮਲ ਹਨ।

# ਹਥਿਆਰ ਕਰਾਰ ਬਾਰੇ ਭਾਰਤੀ ਗਿਲੇ ਦੂਰ ਕਰਨ ਦੀ ਕੋਸ਼ਿਸ਼

## ਅਮਰੀਕਾ ਨੇ ਭਾਰਤ ਦੇ ਫਿਕਰ ਦੀ ਬਾਂਹ ਫੜੀ



**ਸੰਯੁਕਤ ਰਾਸ਼ਟਰ:** ਭਾਰਤ ਵੱਲੋਂ ਅਰਬਾਂ ਡਾਲਰ ਦੇ ਵਿਸ਼ਵ ਪੱਧਰੀ ਹਥਿਆਰ ਵਪਾਰ ਸਮਝੌਤੇ ਬਾਰੇ ਦੋਚਿੱਤੀ ਤੋਂ ਬਾਅਦ ਅਮਰੀਕਾ ਨੇ ਭਰੋਸਾ ਦਿੱਤਾ ਹੈ ਕਿ ਇਸ ਕਰਾਰ ਨਾਲ ਭਾਰਤ ਦੇ ਰਾਸ਼ਟਰੀ ਹਿੱਤਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਹਥਿਆਰ ਵਪਾਰ ਕਰਾਰ ਸੰਮੇਲਨ ਵਿਚ ਅਮਰੀਕੀ ਪ੍ਰਤੀਨਿਧ ਮੰਡਲ ਦੇ ਪ੍ਰਮੁੱਖ ਟੌਮ ਕੰਟਰੀਮੈਨ ਨੇ ਕਿਹਾ ਕਿ ਉਹ ਭਾਰਤ ਦੇ ਪ੍ਰਤੀਨਿਧਾਂ ਵੱਲੋਂ ਪ੍ਰਗਟਾਈ ਗਏ ਫਿਕਰ ਦੀ ਪ੍ਰਸੰਸਾ ਕਰਦਾ ਹਨ ਪਰ ਉਨ੍ਹਾਂ ਦੀ ਆਪਣੀ ਸੋਚ ਹੈ ਕਿ ਇਹ ਕਰਾਰ ਭਾਰਤ ਦੀ ਸੁਰੱਖਿਆ ਲਈ ਹਾਨੀਕਾਰਕ ਨਹੀਂ ਹੈ ਤੇ ਇਸ ਨਾਲ ਕਿਸੇ ਵੀ ਤਰ੍ਹਾਂ ਭਾਰਤ ਤੇ ਅਮਰੀਕਾ ਦੇ ਮਜ਼ਬੂਤ ਸਬੰਧਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ।

ਜ਼ਿਕਰਯੋਗ ਹੈ ਕਿ ਇਰਾਨ, ਉੱਤਰ ਕੋਰੀਆ ਤੇ ਸੀਰੀਆ ਨੇ ਸੰਯੁਕਤ ਰਾਸ਼ਟਰ ਹਥਿਆਰ ਕਰਾਰ ਨੂੰ ਆਪਣੀ ਮਨਜ਼ੂਰੀ ਨਹੀਂ ਦਿੱਤੀ ਹੈ ਜਿਸ ਕਾਰਨ ਇਸ ਕਰਾਰ ਨੂੰ ਲਾਗੂ ਕੀਤੇ ਜਾਣ ਦੇ ਰਾਸਤੇ ਵਿਚ ਮੁਸ਼ਕਲ ਪੈਦਾ ਹੋ ਗਈ ਹੈ। ਹਥਿਆਰ ਕਰਾਰ ਦੇ ਵਪਾਰ ਬਾਰੇ ਇਸ ਪਹਿਲੇ ਅੰਤਰਰਾਸ਼ਟਰੀ ਕਰਾਰ ਨੂੰ ਮਨਜ਼ੂਰੀ ਲਈ ਸੰਯੁਕਤ ਰਾਸ਼ਟਰ ਦੇ ਸਾਰੇ 193 ਮੈਂਬਰ ਦੇਸ਼ਾਂ ਦੇ ਸਮਰਥਨ ਦੀ ਲੋੜ ਹੈ। ਇਹ ਕਰਾਰ ਵਿਸ਼ਵ ਭਰ ਵਿਚ 70 ਅਰਬ ਡਾਲਰ ਦੇ ਪ੍ਰੰਪਰਾਗਤ ਹਥਿਆਰ ਵਪਾਰ ਨੂੰ ਕੰਟਰੋਲ ਕਰਨ ਲਈ ਤਿਆਰ ਕੀਤਾ ਗਿਆ ਹੈ। ਇਨ੍ਹਾਂ ਦੇਸ਼ਾਂ ਦਾ ਕਹਿਣਾ ਹੈ ਕਿ ਇਹ ਕਰਾਰ ਉਨ੍ਹਾਂ ਦੇ ਸਮੂਹਾਂ ਨੂੰ ਹਥਿਆਰ ਵੇਚਣ 'ਤੇ ਰੋਕ ਲਾਉਣ ਵਿਚ ਨਾਕਾਮ ਹੈ ਜਿਹੜੇ ਹਮਲਾਵਰ ਕਾਰਵਾਈ ਕਰਦੇ ਹਨ।

ਉਧਰ, ਪਾਕਿਸਤਾਨ ਨੇ ਸੰਯੁਕਤ ਰਾਸ਼ਟਰ ਹਥਿਆਰ ਵਪਾਰ ਸੰਧੀ ਬਾਰੇ ਭਾਰਤੀ ਪੱਖ ਦੀ ਹਮਾਇਤ ਕੀਤੀ ਹੈ। ਵਿਸ਼ਵ ਭਰ ਵਿਚ ਹੁੰਦੇ 70 ਅਰਬ ਅਮਰੀਕੀ ਡਾਲਰਾਂ ਦੇ ਰਵਾਇਤੀ ਹਥਿਆਰਾਂ ਦੇ ਵਪਾਰ ਨੂੰ ਨੇਮਬੱਧ ਕਰਨ ਦੇ ਮੰਤਵ ਵਾਲੀ ਇਸ ਸੰਧੀ ਬਾਰੇ ਪਾਕਿਸਤਾਨ ਨੇ ਕਿਹਾ ਕਿ ਇਹ ਹਥਿਆਰ ਬਰਾਮਦ ਕਰਨ ਵਾਲੇ ਮੁਲਕਾਂ ਦੇ ਪੱਖ ਵਿਚ ਹੈ ਤੇ ਇਹ ਦਰਾਮਦਕਾਰਾਂ ਦੇ ਹਿੱਤਾਂ ਦੀ ਰਾਖੀ ਨਹੀਂ ਕਰਦੀ।

ਸੰਯੁਕਤ ਰਾਸ਼ਟਰ ਵਿਚ ਪਾਕਿਸਤਾਨ ਸਫੀਰ ਮਸੂਦ ਖ਼ਾਨ ਨੇ ਕਿਹਾ ਕਿ ਇਹ ਸੰਧੀ ਦਰਾਮਦਕਾਰਾਂ ਤੇ ਬਰਾਮਦਕਾਰਾਂ ਦੇ ਹਿੱਤਾਂ ਤੇ ਜਵਾਬਦੇਹੀਆਂ ਵਿਚਾਲੇ ਤਵਾਜ਼ਨ ਬਿਠਾਉਣ ਵਿਚ ਨਾਕਾਮ ਹੈ। ਉਨ੍ਹਾਂ ਕਿਹਾ ਕਿ ਸੰਧੀ ਦੀਆਂ ਕੁਝ ਸ਼ਰਤਾਂ ਵਿਚ ਬਰਾਮਦਕਾਰਾਂ ਨੂੰ ਵਿਸ਼ੇਸ਼ ਛੋਟਾਂ ਤੇ ਸੁਰੱਖਿਆ ਦਿੱਤੀ ਗਈ ਹੈ। ਭਾਰਤ ਨੇ ਇਸ ਸੰਧੀ ਦੇ ਮੌਜੂਦਾ ਰੂਪ ਨੂੰ ਆਪਣੇ ਕੌਮੀ ਹਿੱਤਾਂ ਨਾਲ ਸਮਝੌਤਾ ਦੱਸਦਿਆਂ ਇਸ ਨੂੰ ਬਰਾਮਦਕਾਰਾਂ ਪੱਖੀ ਤੇ ਰਾਜ ਵਿਰੋਧੀਆਂ ਨੂੰ ਹਥਿਆਰਾਂ ਦੀ ਸਪਲਾਈ ਰੋਕਣ ਵਿਚ ਕਮਜ਼ੋਰ ਦੱਸਿਆ ਸੀ।

# ਭਾਰਤੀ ਮੂਲ ਦੀ ਔਰਤ ਨੇ ਠੁਕਰਾਈ ਸੀ ਮੰਡੇਲਾ ਦੀ ਪੇਸ਼ਕਸ਼



**ਜੋਹਾਨੈੱਸਬਰਗ:** ਦੱਖਣੀ ਅਫਰੀਕਾ ਦੇ ਜਮਹੂਰੀ ਤਰੀਕੇ ਨਾਲ ਚੁਣੇ ਪਹਿਲੇ ਰਾਸ਼ਟਰਪਤੀ ਨੈਲਸਨ ਮੰਡੇਲਾ ਨੇ ਭਾਰਤੀ ਮੂਲ ਦੀ ਔਰਤ ਨੂੰ ਵਿਆਹ ਦੀ ਪੇਸ਼ਕਸ਼ ਕੀਤੀ ਸੀ ਜਿਸ ਨੂੰ ਇਸ ਔਰਤ ਨੇ ਠੁਕਰਾ ਦਿੱਤਾ ਸੀ। ਅਮੀਨਾ ਨੇ ਆਪਣੀ ਜੀਵਨੀ 'ਵੈੱਨ ਹੋਪ ਐਂਡ ਹਿਸਟਰੀ ਰਾਇਮ' ਵਿਚ ਲਿਖਿਆ ਕਿ ਨੈਲਸਨ ਮੰਡੇਲਾ ਨੇ ਆਪਣੀ 27 ਸਾਲ ਦੀ ਸਜ਼ਾ ਖ਼ਤਮ ਹੋਣ ਤੇ ਆਪਣੀ ਪਤਨੀ ਵਿਨੀ ਮੰਡੇਲਾ ਨਾਲ ਵਿਆਹ ਬੰਧਨ ਟੁੱਟਣ ਮਗਰੋਂ ਉਸ ਨੂੰ ਵਿਆਹ ਦੀ ਪੇਸ਼ਕਸ਼ ਕੀਤੀ ਸੀ ਪਰ ਅਫਰੀਕਨ ਨੈਸ਼ਨਲ ਕਾਂਗਰਸ (ਏਐਨਸੀ) ਕਾਰਕੁਨ ਯੂਸਫ ਕਚਾਲੀਆ ਦੀ ਵਿਧਵਾ ਅਮੀਨਾ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ। ਅਮੀਨਾ ਦੀ ਮੌਤ ਤੋਂ ਬਾਅਦ ਜਾਰੀ ਕਿਤਾਬ ਵਿਚ ਉਸ ਦੇ ਜੀਵਨ ਭਰ ਪਰਿਵਾਰਕ ਮਿੱਤਰ ਰਹੇ ਸ੍ਰੀ ਮੰਡੇਲਾ ਨਾਲ ਮੋਹ ਭਿੱਜੇ ਸਬੰਧਾਂ ਦਾ ਜ਼ਿਕਰ ਕੀਤਾ ਗਿਆ। ਅਮੀਨਾ (83) ਦੀ ਪਿਛਲੇ ਮਹੀਨੇ ਮੌਤ ਹੋ ਗਈ ਸੀ। ਉਸ ਦੇ ਬੱਚਿਆਂ ਗਾਲਿਬ ਤੇ ਕੋਕੋ ਕਚਾਲੀਆ ਨੇ ਵੀ ਪੁਸ਼ਟੀ ਕੀਤੀ ਕਿ ਮਾਂ ਨੇ ਉਨ੍ਹਾਂ ਨੂੰ ਸ੍ਰੀ ਮੰਡੇਲਾ ਦੀ ਵਿਆਹ ਦੀ ਪੇਸ਼ਕਸ਼ ਬਾਰੇ ਦੱਸਿਆ ਸੀ। ਨੈਲਸਨ ਮੰਡੇਲਾ (94) ਇਸ ਸਮੇਂ ਪ੍ਰੀਟੋਰੀਆ ਹਸਪਤਾਲ ਵਿਚ ਦਾਖਲ ਹਨ ਤੇ ਉਨ੍ਹਾਂ ਦਾ ਫੇਫੜਿਆਂ ਦੀ ਲਾਗ ਦੀ ਬੀਮਾਰੀ ਦਾ ਇਲਾਜ ਚੱਲ ਰਿਹਾ ਹੈ।

ਉਹ 1994 ਵਿਚ ਦੇਸ਼ ਦੇ ਪਹਿਲੇ ਕਾਲੇ ਰਾਸ਼ਟਰਪਤੀ ਚੁਣੇ ਗਏ ਸਨ। ਅਮੀਨਾ ਤੇ ਯੂਸਫ ਕਚਾਲੀਆ ਨੇ ਕਈ ਸਾਲ ਭਾਰਤ ਵਿਚ ਬਿਤਾਏ, ਜਿਥੇ ਉਨ੍ਹਾਂ ਅਫਰੀਕਨ ਨੈਸ਼ਨਲ ਕਾਂਗਰਸ ਦੇ ਡੈਸਕ ਦੀ ਅਗਵਾਈ ਕੀਤੀ। ਪੁਸਤਕ ਵਿਚ ਅਮੀਨਾ ਕਚਾਲੀਆ ਨੇ ਸ੍ਰੀ ਮੰਡੇਲਾ ਨਾਲ ਆਪਣੇ ਘਰ ਵਿਚ ਨਿੱਜੀ ਮੁਲਾਕਾਤਾਂ ਤੇ ਰਾਸ਼ਟਰਪਤੀ ਦੇ ਦਫਤਰ ਤੇ ਉਨ੍ਹਾਂ ਦੇ ਨਿਵਾਸ ਉਤੇ ਆਪਣੀਆਂ ਫੇਰੀਆਂ ਦਾ ਜ਼ਿਕਰ ਕੀਤਾ।

# ਸੱਜੇ ਦੱਤ ਵੱਲੋਂ ਆਤਮ-ਸਮਰਪਣ ਕਰਨ ਦਾ ਐਲਾਨ



**ਮੁੰਬਈ:** ਬਾਲੀਵੁੱਡ ਸਟਾਰ ਸੰਜੇ ਦੱਤ ਨੇ ਐਲਾਨ ਕੀਤਾ ਹੈ ਕਿ ਉਹ 1993 ਦੇ ਮੁੰਬਈ ਬੰਬ ਧਮਾਕਿਆਂ ਬਾਰੇ ਅਦਾਲਤ ਵੱਲੋਂ ਦਿੱਤੀ ਸਜ਼ਾ ਭੁਗਤਣ ਲਈ ਤੈਅ ਸਮੇਂ ਉਤੇ ਆਤਮ-ਸਮਰਪਣ ਕਰ ਦੇਵੇਗਾ। ਇਸ ਦੌਰਾਨ ਪਤਾ ਲੱਗਾ ਹੈ ਕਿ ਸੰਜੇ ਦੱਤ ਜੇਲ੍ਹ ਜਾਣ ਤੋਂ ਪਹਿਲਾਂ ਆਪਣੀ ਫਿਲਮ 'ਪੁਲਿਸਗਿਰੀ' ਪੂਰੀ ਕਰਨ ਦੀ ਕੋਸ਼ਿਸ਼ ਵਿਚ ਹੈ।

ਜ਼ਿਕਰਯੋਗ ਹੈ ਕਿ 53 ਸਾਲਾ ਸੰਜੇ ਦੱਤ ਨੂੰ ਨਾਜਾਇਜ਼ ਅਸਲਾ ਰੱਖਣ ਦੇ ਦੋਸ਼ ਹੇਠ ਮਿਲੀ ਸਜ਼ਾ ਨੂੰ ਬੀਤੀ 21 ਮਾਰਚ ਨੂੰ ਸੁਪਰੀਮ ਕੋਰਟ ਨੇ ਬਹਾਲ ਰੱਖਿਆ ਸੀ ਤੇ ਉਸ ਨੂੰ ਚਾਰ ਹਫ਼ਤਿਆਂ ਵਿਚ ਆਤਮ-ਸਮਰਪਣ ਕਰਨ ਲਈ ਕਿਹਾ ਸੀ। ਉਸ ਨੇ ਜ਼ੋਰ ਦੇ ਕੇ ਕਿਹਾ ਕਿ ਹੁਣ ਉਸ ਦੀ ਮੁਆਫੀ ਬਾਰੇ ਬਹਿਸ ਖ਼ਤਮ ਹੋ ਜਾਣੀ ਚਾਹੀਦੀ ਹੈ। ਹੋਰ ਬਹੁਤ ਲੋਕ ਹਨ ਜੋ ਮੁਆਫ਼ੀ ਦੇ ਹੱਕਦਾਰ ਹਨ। ਉਹ ਦੇਸ਼ ਦੇ ਵਾਸ਼ਿੰਦਿਆਂ ਨੂੰ ਕਹਿਣਾ ਚਾਹੁੰਦਾ ਹੈ ਕਿ ਜਦੋਂ ਉਹ ਮੁਆਫ਼ੀ ਨਹੀਂ ਮੰਗ ਰਿਹਾ ਤਾਂ ਇਸ ਬਾਰੇ ਬਹਿਸ ਵੀ ਨਹੀਂ ਹੋਣੀ ਚਾਹੀਦੀ।

ਉਸ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਵੱਲੋਂ ਦਿੱਤੇ ਸਮੇਂ ਵਿਚ ਸਮਰਪਣ ਕਰ ਦੇਵੇਗਾ।

ਇਸ ਦੌਰਾਨ ਆਪਣੇ ਸਮਰਪਣ ਤੋਂ ਪਹਿਲਾਂ ਸੰਜੇ ਦੱਤ ਆਪਣੀ ਫਿਲਮ 'ਪੁਲਿਸਗਿਰੀ' ਨੂੰ ਮੁਕੰਮਲ ਕਰਨ ਦੀ ਕੋਸ਼ਿਸ਼ ਵਿਚ ਹੈ। ਫਿਲਮ ਦੇ ਪ੍ਰੋਡਿਊਸਰ ਟੀ ਪੀ ਅਗਰਵਾਲ ਮੁਤਾਬਕ ਉਹ ਫ਼ਿਲਮ ਦੀ ਸ਼ੂਟਿੰਗ ਪੂਰੀ ਕਰ ਰਿਹਾ ਹੈ। ਸ਼ੂਟਿੰਗ ਕਮਲਿਸਤਾਨ ਸਟੂਡੀਓ ਵਿਚ ਚੱਲ ਰਹੀ ਹੈ। ਦੂਜੇ ਪਾਸੇ ਉਸ ਦੀ ਮੁਆਫੀ ਦੀ ਗੱਲ ਤੋਰਨ ਵਾਲੇ ਭਾਰਤੀ ਪ੍ਰੈਸ ਕੌਂਸਲ ਦੇ ਚੇਅਰਮੈਨ ਜਸਟਿਸ ਮਾਰਕੰਡੇ ਕਾਟਜੂ ਨੇ ਕਿਹਾ ਕਿ ਸੰਜੇ ਦੱਤ ਤੇ ਧਮਾਕਿਆਂ ਬਾਰੇ ਕੇਸ ਦੀ ਇਕ ਹੋਰ ਮੁਜਰਮ ਜ਼ੈਬੂਨਿਧਾ ਦੀ ਮੁਆਫੀ ਦੀ ਕੋਸ਼ਿਸ਼ ਕਰਨਗੇ।

# ਪਹਿਲੀ ਵਾਰ ਚੋਣਾਂ ਵਿਚ ਡਟੀਆਂ ਕਬਾਇਲੀ ਔਰਤਾਂ

**ਇਸਲਾਮਾਬਾਦ:** ਪਾਕਿ ਦੇ ਅਸ਼ਾਂਤ ਉੱਤਰ ਪੱਛਮੀ ਕਬਾਇਲੀ ਖੇਤਰ ਦੀਆਂ ਦੋ ਔਰਤਾਂ ਪਹਿਲੀ ਵਾਰ ਚੋਣ ਲੜ ਕੇ ਇਤਿਹਾਸ ਬਣਾਉਣ ਜਾ ਰਹੀਆਂ ਹਨ। ਇਹ ਦੋਵੇਂ ਔਰਤਾਂ 11 ਮਈ ਨੂੰ ਹੋਣ ਵਾਲੀਆਂ ਸੰਸਦੀ ਚੋਣਾਂ ਲਈ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰ ਰਹੀਆਂ ਹਨ। 40 ਸਾਲ ਦੀ ਬਾਦਾਮ ਜ਼ਰੀ ਨੇ ਅਸ਼ਾਂਤ ਬਾਜੌਰ ਕਬਾਇਲੀ ਖੇਤਰ ਤੋਂ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਦੋਂਕਿ ਨੁਸਰਤ ਬੇਗਮ ਦੀ ਕਬਾਇਲੀ ਖੈਬਰ-ਪਖਤੂਨਵਾ ਸੂਬੇ ਦੇ ਲੋਅਰ ਦੀਰ ਜ਼ਿਲ੍ਹੇ ਤੋਂ ਚੋਣ ਲੜਨ ਦੀ ਯੋਜਨਾ ਹੈ। ਖੈਬਰ-ਪਖਤੂਨਵਾ ਵਿਚ ਹਾਲਾਂਕਿ ਰਾਜਨੀਤੀ ਵਿਚ ਹਿੱਸਾ ਲੈਣ ਵਾਲੀਆਂ ਔਰਤਾਂ ਦੀ ਗਿਣਤੀ ਵਧ ਰਹੀ ਹੈ ਪਰ ਰੂੜੀਵਾਦੀ ਕਬਾਇਲੀ ਖੇਤਰ ਵਿਚ ਔਰਤਾਂ ਦਾ ਚੋਣ ਵਿਚ ਹਿੱਸਾ ਲੈਣ ਦੀ ਗੱਲ ਅੱਜ ਤੱਕ ਨਹੀਂ ਸੁਣੀ ਗਈ। ਇਸ ਇਲਾਕੇ ਵਿਚ ਕਈ ਅਤਿਵਾਦੀ ਸੰਗਠਨ ਸਰਗਰਮ ਹਨ। ਕਈ ਕਬੀਲਿਆਂ ਨੇ ਆਪਣੇ ਖੇਤਰ ਵਿਚ ਔਰਤਾਂ ਨੂੰ ਵੋਟਾਂ ਵਿਚ ਹਿੱਸਾ ਲੈਣ ਤੋਂ ਵੀ ਰੋਕਿਆ ਹੋਇਆ ਹੈ।

ਬਾਦਾਮ ਜ਼ਰੀ ਨੇ ਨਾਮਜ਼ਦਗੀ ਪੱਤਰ ਦਾਖਲ ਕਰਨ ਉਪਰੰਤ ਕਿਹਾ ਕਿ ਉਹ ਕਬਾਇਲੀ ਔਰਤਾਂ ਦੇ ਕਲਿਆਣ ਦੀ ਦਿਸ਼ਾ ਵਿਚ ਕੰਮ ਕਰਨ ਲਈ ਚੋਣ ਲੜ ਰਹੀ ਹੈ।

# ਆਪਣੇ ਬੇਲੀ ਰੱਬ ਨੂੰ ਕਹਿ ਕੇ ਮੀਂਹ ਪੁਆ ਦਿਆਂਗੇ: ਆਸਾਰਾਮ



**ਅਹਿਮਦਾਬਾਦ:** ਹੋਲੀ ਦੇ ਤਿਉਹਾਰ ਮੌਕੇ ਪਾਣੀ ਦੀ ਬਰਬਾਦੀ ਨੂੰ ਲੈ ਕੇ ਸਰਕਾਰ ਵੱਲੋਂ ਕੀਤੀ ਟੋਕਾ-ਟਾਕੀ ਤੋਂ ਔਖੇ ਹੋਏ ਆਸਾ ਰਾਮ ਬਾਪੂ ਦਾ ਕਹਿਣਾ ਹੈ ਕਿ ਪਾਣੀ ਕਿਸੇ ਦੇ ਪਿਉ ਦਾ ਨਹੀਂ ਤੇ ਉਹ ਜਦ ਚਾਹੇ, ਮੀਂਹ ਪੁਆ ਸਕਦਾ ਹੈ। ਉਸ ਨੇ ਭਗਵਾਨ ਨੂੰ ਯਾਰ ਕਹਿੰਦਿਆਂ ਕਿਹਾ ਕਿ ਜਿਥੇ ਵੀ ਸੋਕਾ ਪਿਆ ਹੈ, ਉਥੇ ਮੀਂਹ ਪੁਆ ਦਿੱਤਾ ਜਾਵੇਗਾ।

ਆਸਾ ਰਾਮ ਨੇ ਇਹ ਗੱਲਾਂ ਗਿਆਨ ਸਭਾ ਵਿਚ ਕਹੀਆਂ ਹਨ, ਉਹ ਵੀ ਉਸ ਵੇਲੇ ਜਦ ਮਹਾਰਾਸ਼ਟਰ ਤੇ ਗੁਜਰਾਤ ਦੇ ਸੌਰਾਸ਼ਟਰ ਖੇਤਰ ਪੂਰੀ ਤਰ੍ਹਾਂ ਸੋਕੇ ਦੀ ਮਾਰ ਹੇਠ ਹਨ। ਹਾਲ ਹੀ ਵਿਚ ਜਦ ਉਹ ਹਜ਼ਾਰਾਂ ਲੋਕਾਂ 'ਤੇ ਪਾਣੀ ਦੀਆਂ ਬੌਛਾੜਾਂ ਸੁੱਟ ਕੇ ਹੋਲੀ ਖੇਡ ਰਹੇ ਸਨ ਤਾਂ ਸਰਕਾਰ ਨੇ ਉਸ ਨੂੰ ਪਾਣੀ ਦੀ ਬਰਬਾਦੀ ਕਰਨ ਦਾ ਨੋਟਿਸ ਭੇਜ ਦਿੱਤਾ ਪਰ ਇਸ ਦੇ ਬਾਵਜੂਦ ਉਸ ਨੇ ਮਹਾਰਾਸ਼ਟਰ ਤੇ ਜੰਮੂ ਵਿਚ ਜੰਮ ਕੇ ਪਾਣੀ ਦੀ ਹੋਲੀ ਖੇਡੀ। ਸਰਕਾਰ ਨੇ ਫਿਰ ਉਸ ਵਿਰੁੱਧ ਕਾਰਵਾਈ ਕੀਤੀ।

ਇਸੇ ਗੱਲ ਤੋਂ ਔਖੇ ਹੋਏ ਆਸਾਰਾਮ ਨੇ ਕਿਹਾ ਕਿ ਉਹ ਕਿਸੇ ਵੀ ਸਰਕਾਰ ਦੇ ਬਾਪ ਤੋਂ ਪਾਣੀ ਨਹੀਂ ਲੈਂਦੇ। ਆਸਾਰਾਮ ਨੇ ਕਿਹਾ ਕਿ ਰੱਬ ਉਸ ਦਾ ਬੇਲੀ ਹੈ ਤੇ ਜਿਥੇ ਵੀ ਸੋਕਾ ਪੈਂਦਾ ਹੈ, ਉਹ ਪਾਣੀ ਬਰਸਾ ਦਿੰਦੇ ਹਨ। ਆਸਾ ਰਾਮ ਦੀਆਂ ਇਨ੍ਹਾਂ ਗੱਲਾਂ ਤੋਂ ਲੋਕ ਗੁੱਸੇ ਵਿਚ ਹਨ ਕਿਉਂਕਿ ਮਹਾਂਰਾਸ਼ਟਰ ਵਿਚ ਪਿਛਲੇ 40 ਸਾਲਾਂ ਤੋਂ ਏਨਾ ਸੋਕਾ ਨਹੀਂ ਪਿਆ। ਖੇਤੀ ਤੋਂ ਲੈ ਕੇ ਪੀਣ ਲਈ ਪਾਣੀ ਨੂੰ ਲੋਕ ਤਰਸ ਰਹੇ ਹਨ ਤੇ ਇਸੇ ਕਾਰਨ ਮੁੰਬਈ ਸਮੇਤ ਮਹਾਰਾਸ਼ਟਰ ਦੇ ਕਈ ਸ਼ਹਿਰਾਂ ਵਿਚ ਪਾਣੀ ਨਾਲ ਹੋਲੀ ਨਹੀਂ ਖੇਡੀ ਗਈ ਪਰ ਆਸਾਰਾਮ ਨੇ ਆਪਣੀ ਗਿਆਨ ਸਭਾ ਵਿਚ ਪਾਣੀ ਦੀ ਹੋਲੀ ਖੇਡ ਕੇ ਹਜ਼ਾਰਾਂ ਲਿਟਰ ਪਾਣੀ ਬਰਬਾਦ ਕਰ ਦਿੱਤਾ।

# ਕੈਂਸਰ ਦਾ ਕਾਰਨ ਬਣਦਾ ਜੀਨ ਲੱਭਿਆ

**ਮੈਲਬੌਰਨ:** ਆਸਟ੍ਰੇਲੀਆ ਵਿਚ ਵਿਗਿਆਨੀਆਂ ਦੇ ਇਕ ਸਮੂਹ ਵੱਲੋਂ ਕਿਸੇ ਵਿਅਕਤੀ ਵਿਚ ਕੈਂਸਰ ਲਈ ਜ਼ਿੰਮੇਵਾਰ ਜੀਨ ਦਾ ਪਤਾ ਲੱਗਣ ਦਾ ਦਾਅਵਾ ਕੀਤਾ ਗਿਆ ਹੈ। ਇੰਗਲੈਂਡ ਦੇ ਕੈਂਬਰਿਜ ਯੂਨੀਵਰਸਿਟੀ ਦੀ ਅਗਵਾਈ ਵਿਚ ਇਸ ਖੋਜ ਪ੍ਰਾਜੈਕਟ ਲਈ ਕਵੀਨਸਲੈਂਡ ਇੰਸਟੀਚਿਊਟ ਆਫ ਮੈਡੀਕਲ ਰਿਸਰਚ (ਕਿਊਆਈਐਮਆਰ) ਨੇ ਅੰਤਰਰਾਸ਼ਟਰੀ ਅਧਿਐਨ ਵਿਚ ਤਿੰਨ ਲੱਖ ਤੋਂ ਵੱਧ ਲੋਕਾਂ ਦੇ ਡੀਐਨਏ ਦੀ ਜਾਂਚ ਕੀਤੀ ਗਈ।ਕਿਊਆਈਐਮਆਰ ਦੇ ਬੁਲਾਰੇ ਨੇ ਕਿਹਾ ਹੈ ਕਿ ਕੈਂਸਰ ਲਈ ਜ਼ਿੰਮੇਵਾਰ ਜਿਹੜੇ 150 ਜੀਨਾਂ ਦੀ ਖੋਜ ਕੀਤੀ ਹੈ, ਉਹ ਸਰੀਰ ਦੇ ਵੱਖ-ਵੱਖ ਅੰਗਾਂ ਵਿਚ ਹੋਣ ਵਾਲੇ ਕੈਂਸਰ ਲਈ ਨਵੀਆਂ ਇਲਾਜ ਪ੍ਰਣਾਲੀਆਂ ਵੱਲ ਲਿਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਅਜੇ ਹੋਰ ਖੋਜ ਕਰਨ ਦੀ ਲੋੜ ਹੈ।

# ਪੁਲਾੜ ਯਾਤਰੀ ਬਣਨ ਬਾਰੇ ਕਦੇ ਸੋਚਿਆ ਵੀ ਨਹੀਂ ਸੀ: ਸੁਨੀਤਾ



**ਨਵੀਂ ਦਿੱਲੀ:** ਕਿਸੇ ਔਰਤ ਵੱਲੋਂ ਸਭ ਤੋਂ ਲੰਮੀ ਪੁਲਾੜ ਉਡਾਣ ਦਾ ਵਿਸ਼ਵ ਰਿਕਾਰਡ ਭਾਵੇਂ ਸੁਨੀਤਾ ਵਿਲੀਅਮਜ਼ ਦੇ ਨਾਂ ਹੈ ਪਰ ਬਚਪਨ ਵਿਚ ਉਸ ਨੂੰ ਪੁਲਾੜ ਵਿਚ ਉਡਣ ਦਾ ਕਦੇ ਚਿੱਤ-ਚੇਤਾ ਵੀ ਨਹੀਂ ਸੀ। ਨੈਸ਼ਨਲ ਸਾਇੰਸ ਸੈਂਟਰ ਵਿਖੇ ਵਿਦਿਆਰਥੀਆਂ ਦੇ ਰੂ-ਬਰੂ ਹੁੰਦਿਆਂ ਵਿਲੀਅਮਜ਼ ਨੇ ਕਿਹਾ ਕਿਉਸ ਨੇ ਪੁਲਾੜ ਯਾਤਰੀ ਬਣਨ ਦਾ ਕਦੇ ਵੀ ਸੁਪਨਾ ਨਹੀਂ ਲਿਆ ਸੀ ਤੇ ਕਈ ਨਾਕਾਮੀਆਂ ਵੀ ਹੋਈਆਂ ਪਰ ਅੰਤ ਨੂੰ ਸਫਲਤਾ ਮਿਲੀ। ਵਿਲੀਅਮਜ਼ ਨੇ ਸੱਤ ਵਾਰ ਪੁਲਾੜ ਵਾਰਨ ਵਿਚੋਂ ਬਾਹਰ ਆ ਕੇ ਕੁੱਲ 50 ਘੰਟੇ 40 ਮਿੰਟ ਪੁਲਾੜ ਦੀ ਫੇਰੀ ਲਾਈ ਸੀ ਜੋ ਕਿਸੇ ਮਹਿਲਾ ਪੁਲਾੜ ਯਾਤਰੀ ਲਈ ਇਕ ਰਿਕਾਰਡ ਹੈ।

ਵਿਲੀਅਮਜ਼ ਨੇ ਦੱਸਿਆ ਕਿ ਉਸ ਨੇ ਪੁਲਾੜ ਵਿਚੋਂ ਭਾਰਤ ਦਾ ਚੌਥਾ ਹਿੱਸਾ ਤੱਕਿਆ ਸੀ ਪਰ ਉਹ ਇਸ ਦੇਸ਼ ਦੀ ਖੋਜ ਕਰਨ ਲਈ ਬਹੁਤ ਉਤਸਕ ਹੈ। ਉਹ ਪਿਛਲੀ ਵਾਰ 2007 ਵਿਚ ਭਾਰਤ ਆਈ ਸੀ। 47 ਸਾਲਾ ਅਮਰੀਕੀ-ਭਾਰਤੀ ਪੁਲਾੜ ਯਾਤਰੀ ਨੇ ਕਿਹਾ ਕਿ ਕਈ ਐਸੀਆਂ ਥਾਵਾਂ ਹਨ ਜਿੱਥੇ ਉਹ ਜਾਣਾ ਚਾਹੇਗੀ। ਉਸ ਨੇ ਦੱਖਣ ਨਹੀਂ ਦੇਖਿਆ ਤੇ ਉਹ ਹਿਮਾਲਿਆ ਵੀ ਜਾਣਾ ਚਾਹੁੰਦੀ ਹੈ।

ਉਸ ਦੇ ਪਿਤਾ ਅਹਿਮਦਾਬਾਦ ਤੋਂ ਸਨ। ਇਸ ਲਈ ਉਸ ਨੇ ਭਾਰਤ ਦਾ ਉਹ ਹਿੱਸਾ ਪਹਿਲਾਂ ਦੇਖਿਆ ਸੀ। ਇਸ ਵਾਰ ਉਹ ਭਾਰਤ ਦਾ ਪੂਰਬੀ ਹਿੱਸਾ ਦੇਖਣਾ ਚਾਹੁੰਦੀ ਹੈ। ਸੁਨੀਤਾ ਵਿਲੀਅਮਜ਼ ਦਾ ਜਨਮ 19 ਸਤੰਬਰ, 1965 ਨੂੰ ਇਊਕਲਿਡ, ਓਹਾਇਓ ਵਿਚ ਹੋਇਆ ਸੀ ਤੇ ਉਸ ਦੀ ਮਾਂ ਦਾ ਪਿਛੋਕੜ ਸਲੋਵੇਨੀਆ ਦਾ ਸੀ। ਆਪਣੀ ਪੁਲਾੜ ਯਾਤਰਾ ਦੌਰਾਨ ਵਿਲੀਅਮਜ਼ ਉਪਨਿਸ਼ਦਾਂ ਤੇ ਭਗਵਤ ਗੀਤਾ ਦੀ ਇਕ-ਇਕ ਕਾਪੀ ਨਾਲ ਲੈ ਗਈ ਸੀ। ਭਾਰਤੀ ਖਾਣੇ ਪ੍ਰਤੀ ਆਪਣਾ ਤੇਹ ਦਿਖਾਉਂਦਿਆਂ ਵਿਲੀਅਮਜ਼ ਨੇ ਕਿਹਾ ਕਿ ਉਹ ਆਪਣੀ ਪੁਲਾੜ ਫੇਰੀ ਦੌਰਾਨ ਬਹੁਤ ਸਾਰੇ ਸਮੋਸੇ ਵੀ ਲੈ ਗਈ ਸੀ।

# ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਪੰਜਾਬ ਪੁਲਿਸ ਨੂੰ ਫਿਟਕਾਰ

**ਚੰਡੀਗੜ੍ਹ:** ਮਾਮਿਆਂ 'ਤੇ ਆਪਣੀ ਭਾਣਜੀ ਦਾ ਮੁੱਲ ਵੱਟਣ ਦੇ ਲੱਗੇ ਦੋਸ਼ਾਂ ਨੂੰ ਰਫ਼ਾ-ਦਫ਼ਾ ਕਰਨ ਬਦਲੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਪੁਲਿਸ ਦੀ ਖਿਚਾਈ ਕੀਤੀ ਹੈ। ਮਾਮਿਆਂ 'ਤੇ ਆਪਣੀ 16 ਸਾਲਾ ਭਾਣਜੀ ਨੂੰ 70 ਹਜ਼ਾਰ ਰੁਪਏ 'ਚ ਵੇਚਣ ਦਾ ਦੋਸ਼ ਹੈ। ਕਮਿਸ਼ਨ ਨੇ ਪੁਲਿਸ ਨੂੰ ਕੇਸ ਦਰਜ ਕਰਕੇ ਰਿਪੋਰਟ ਨੌਂ ਅਪਰੈਲ ਤੱਕ ਦੇਣ ਲਈ ਕਿਹਾ ਹੈ। ਕਮਿਸ਼ਨ ਨੇ ਮਾਮਲਾ ਪੁਲਿਸ ਦੇ ਧਿਆਨ ਵਿਚ ਆ ਜਾਣ ਮਗਰੋਂ ਵੀ ਕੇਸ ਦਰਜ ਨਾ ਕਰਨ ਨੂੰ ਗੰਭੀਰਤਾ ਨਾਲ ਲਿਆ ਹੈ ਤੇ ਇਸ ਨੂੰ ਸਰਾਸਰ ਪ੍ਰਸ਼ਾਸਨ ਦੀ ਧੱਕੇਸ਼ਾਹੀ ਦੱਸਿਆ ਹੈ। ਕਮਿਸ਼ਨ ਨੇ ਮੁਲਜ਼ਮਾਂ ਵਿਰੁੱਧ ਕਾਰਵਾਈ ਕਰਨ ਦੀ ਸਿਫਾਰਸ਼ ਵੀ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਧੱਕੜਾਂ ਦੇ ਵਸਨੀਕ ਮਹਿੰਗੇ ਤੇ ਬਰਕਤ ਨੇ ਤਿੰਨ ਸਾਲ ਪਹਿਲਾਂ ਆਪਣੀ 16 ਸਾਲਾ ਭਾਣਜੀ ਨੂੰ 38 ਸਾਲਾ ਦੇ ਇਕ ਵਿਅਕਤੀ ਨੂੰ 70 ਹਜ਼ਾਰ ਰੁਪਏ ਵਿਚ ਵੇਚ ਦਿੱਤਾ ਸੀ। 38 ਸਾਲਾ ਵਿਅਕਤੀ ਨਾਲ ਸਾਲਾਂਬੱਧੀ ਜਬਰੀ ਰਿਸ਼ਤਾ ਨਿਭਾਉਣ ਤੋਂ ਬਾਅਦ ਉਹ ਜਨਵਰੀ ਵਿਚ ਕਿਸੇ ਤਰ੍ਹਾਂ ਆਜ਼ਾਦ ਹੋਣ ਵਿਚ ਸਫਲ ਹੋ ਗਈ। ਉਹ ਆਪਣੇ ਨਜ਼ਦੀਕੀ ਰਿਸ਼ਤੇਦਾਰ ਦੇ ਘਰ ਜਾ ਪੁੱਜੀ ਜਿਸ ਨੇ 14 ਜਨਵਰੀ ਨੂੰ ਦਰਖ਼ਾਸਤ ਦੇ ਕੇ ਮਾਮਲਾ ਪੁਲਿਸ ਦੇ ਧਿਆਨ ਵਿਚ ਲਿਆਂਦਾ ਸੀ। ਸ਼ਿਕਾਇਤ ਵਿਚ ਬਰਕਤ ਤੇ ਮਹਿੰਗੇ ਨਾਂ ਦੇ ਦੋ ਰਿਸ਼ਤੇਦਾਰਾਂ 'ਤੇ ਲੜਕੀ ਨੂੰ 70 ਹਜ਼ਾਰ ਰੁਪਏ ਵਿਚ ਵੇਚਣ ਦਾ ਦੋਸ਼ ਲਾਇਆ ਗਿਆ ਹੈ।

ਦੂਜੇ ਪਾਸੇ ਪੀੜਤ ਲੜਕੀ ਦੇ ਪਤੀ ਲਖਬੀਰ ਜਿਸ 'ਤੇ ਉਸ ਨੂੰ ਮੁੱਲ ਲੈਣ ਦਾ ਦੋਸ਼ ਹੈ, ਨੇ ਬਟਾਲਾ ਦੇ ਕਾਰਜਕਾਰਨੀ ਮਜਿਸਟ੍ਰੇਟ ਨੂੰ ਹਲਫੀਆ ਬਿਆਨ ਦੇ ਕੇ ਆਪਣਾ ਅਪਰਾਧ ਕਬੂਲ ਕਰ ਲਿਆ ਹੈ। ਉਸ ਨੇ ਸਪੱਸ਼ਟ ਕੀਤਾ ਹੈ ਕਿ ਉਸ ਨੇ ਨਾਬਾਲਗ ਨਾਲ ਵਿਆਹ ਕਰਾਉਣ ਲਈ ਮਹਿੰਗੇ ਤੇ ਬਰਕਤ ਨੂੰ 70 ਹਜ਼ਾਰ ਰੁਪਏ ਅਦਾ ਕੀਤੇ ਸਨ ਤੇ ਲਾਡੋਵਾਲੀ ਦੇ ਇਕ ਮਹਿੰਦਰ ਸਿੰਘ ਨੇ ਵਿਚੋਲਗੀ ਕੀਤੀ ਸੀ।

ਕਮਿਸ਼ਨ ਨੇ ਪੁਲਿਸ ਦੀ ਢਿੱਲਮੱਠ 'ਤੇ ਸਖ਼ਤ ਇਤਰਾਜ਼ ਕਰਦਿਆਂ ਕਿਹਾ ਹੈ ਕਿ ਇਹ ਜਿਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ, ਉਥੇ ਸਬੰਧਤ ਸਰਕਾਰੀ ਅਫਸਰਾਂ ਦੀ ਧੱਕੇਸ਼ਾਹੀ ਵੀ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਪੀੜਤ ਬੱਚੀ ਨੂੰ ਲਗਾਤਾਰ ਤਿੰਨ ਸਾਲ ਅੱਤਿਆਚਾਰ ਸਹਿਣਾ ਪਿਆ ਹੈ ਤੇ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਕਮਿਸ਼ਨ ਨੇ ਗ੍ਰਹਿ ਵਿਭਾਗ ਤੋਂ ਵੱਖਰੀ ਰਿਪੋਰਟ ਮੰਗ ਲਈ ਹੈ।

## ਪੁਲਿਸ ਹਿਰਾਸਤ ਵਿਚ ਮੌਤ ਤੋਂ ਲੋਕ ਭੜਕੇ

**ਹੁਸ਼ਿਆਰਪੁਰ:** ਜ਼ਿਲ੍ਹੇ ਦੇ ਪਿੰਡ ਡਵਿੱਡਾ ਅਹਿਰਾਣਾ ਦੇ ਇਕ ਵਿਅਕਤੀ ਦੀ ਪੁਲਿਸ ਹਿਰਾਸਤ ਵਿਚ ਮੌਤ ਤੋਂ ਬਾਅਦ ਇਲਾਕੇ ਵਿਚ ਤਣਾਅ ਪੈਦਾ ਹੋ ਗਿਆ। ਗੁੱਸੇ ਵਿਚ ਆਏ ਮ੍ਰਿਤਕ ਗੁਰਮੇਲ ਚੰਦ (40) ਦੇ ਪਰਿਵਾਰਿਕ ਮੈਂਬਰਾਂ ਤੇ ਪਿੰਡ ਵਾਸੀਆਂ ਨੇ ਸੜਕ 'ਤੇ ਜਾਮ ਲਾ ਦਿੱਤਾ ਤੇ ਪੁਲਿਸ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਜਿਸ ਵਿਅਕਤੀ ਦੀ ਦਰਖਾਸਤ 'ਤੇ ਪੁਲਿਸ ਨੇ ਗੁਰਮੇਲ ਨੂੰ ਹਿਰਾਸਤ ਵਿਚ ਲਿਆ ਸੀ, ਉਸ ਦੇ ਘਰ 'ਤੇ ਭੜਕੀ ਹੋਈ ਭੀੜ ਨੇ ਪਥਰਾਅ ਕੀਤਾ। ਮੇਹਟੀਆਣਾ ਥਾਣੇ ਦੇ ਅਸਿਸਟੈਂਟ ਸਬ ਇੰਸਪੈਕਟਰ ਤੇ ਪੰਜ ਹੋਰਾਂ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਹੋਣ ਤੋਂ ਬਾਅਦ ਹਾਲਾਤ ਕੁਝ ਸ਼ਾਂਤ ਹੋਏ। ਗੁਰਮੇਲ ਚੰਦ ਪੁੱਤਰ ਕਿਸ਼ਨ ਚੰਦ ਨੇ ਅਹਿਰਾਣਾ ਕਲਾਂ ਦੇ ਵਿਅਕਤੀ ਸੁਖਦੇਵ ਸਿੰਘ ਤੋਂ ਸੰਤਰਿਆਂ ਦਾ ਬਾਗ ਠੇਕੇ 'ਤੇ ਲਿਆ ਸੀ ਜਿਸ ਦੇ ਲੈਣ-ਦੇਣ ਦੀ ਗੱਲ ਡਵਿੱਡਾ ਅਹਿਰਾਣਾ ਦੇ ਹੀ ਵਸਨੀਕ ਮਦਨ ਲਾਲ ਦੀ ਦੁਕਾਨ 'ਤੇ ਹੋਈ ਸੀ। ਗੁਰਮੇਲ ਨੇ ਕੁਝ ਪੈਸਿਆਂ ਦਾ ਭੁਗਤਾਨ ਕਰਨਾ ਸੀ ਜੋ ਉਹ ਨਹੀਂ ਕਰ ਰਿਹਾ ਸੀ। ਇਸ ਕਾਰਨ ਤਕਰੀਬਨ ਡੇਢ ਮਹੀਨਾ ਪਹਿਲਾਂ ਸੁਖਦੇਵ ਸਿੰਘ ਤੇ ਭੂੰਗਰਨੀ ਵਾਸੀ ਸੁਰਜੀਤ ਸਿੰਘ ਨੇ ਥਾਣਾ ਮੇਹਟੀਆਣਾ ਵਿਚ ਦਰਖਾਸਤ ਦਿੱਤੀ ਸੀ। ਇਸ ਬਾਰੇ ਪੁੱਛਗਿੱਛ ਕਰਨ ਲਈ ਏਐਸਆਈ ਬਲਕਾਰ ਸਿੰਘ ਦੀ ਅਗਵਾਈ ਹੇਠ ਪੁਲਿਸ ਪਾਰਟੀ ਗੁਰਮੇਲ ਨੂੰ ਥਾਣੇ ਲੈ ਗਈ ਜਿਥੇ ਉਸ ਦੀ ਮੌਤ ਹੋ ਗਈ। ਪੁਲਿਸ ਦਾ ਕਹਿਣਾ ਸੀ ਕਿ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਜਦੋਂਕਿ ਮ੍ਰਿਤਕ ਦੇ ਪਰਿਵਾਰ ਵਾਲਿਆਂ ਨੇ ਦੋਸ਼ ਲਾਇਆ ਕਿ ਪੁਲਿਸ ਦੇ ਤਸ਼ੱਦਦ ਕਾਰਨ ਉਸ ਦੀ ਜਾਨ ਗਈ।

## ਪਤਨੀ ਦੇ ਕਾਤਲ ਪਤੀ ਨੂੰ ਉਮਰ ਕੈਦ

**ਲੁਧਿਆਣਾ:** ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਨੇ ਪਤਨੀ ਦਾ ਕਤਲ ਕਰਨ ਦੇ ਦੋਸ਼ ਵਿਚ ਪਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਮਿਲੀ ਜਾਣਕਾਰੀ ਮੁਤਾਬਕ 27 ਜੂਨ, 2003 ਨੂੰ ਦੋਸ਼ੀ ਹਰਪਾਲ ਸਿੰਘ ਵਾਸੀ ਮਾਡਲ ਟਾਊਨ ਨੇ ਆਪਣੀ ਪਤਨੀ ਅਮਰਜੀਤ ਕੌਰ ਦਾ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਸਰਕਾਰੀ ਪੱਖ ਮੁਤਾਬਕ ਵਿਆਹ ਤੋਂ ਕਈ ਸਾਲ ਬਾਅਦ ਵੀ ਜਦੋਂ ਔਲਾਦ ਨਾ ਹੋਈ ਤਾਂ ਦੋਸ਼ੀ ਪਤੀ ਅਮਰਜੀਤ ਕੌਰ ਨੂੰ ਇਸ ਦਾ ਜ਼ਿੰਮੇਵਾਰ ਦੱਸਦਾ ਰਿਹਾ ਜਿਸ ਕਾਰਨ ਪਤੀ-ਪਤਨੀ ਵਿਚਾਲੇ ਤਕਰਾਰ ਹੁੰਦਾ ਰਿਹਾ। ਘਟਨਾ ਵਾਲੇ ਦਿਨ ਇਸ ਗੱਲ ਨੂੰ ਲੈ ਕੇ ਦੋਵਾਂ ਵਿਚਾਲੇ ਮੁੜ ਤਕਰਾਰ ਹੋਇਆ। ਗੁੱਸੇ ਵਿਚ ਆਏ ਦੋਸ਼ੀ ਨੇ ਅਮਰਜੀਤ ਕੌਰ ਦਾ ਕਤਲ ਕਰ ਦਿੱਤਾ। ਪੁਲਿਸ ਅਨੁਸਾਰ ਦੋਸ਼ੀ ਹਰਪਾਲ ਸਿੰਘ ਦੂਜਾ ਵਿਆਹ ਕਰਵਾਉਣਾ ਚਾਹੁੰਦਾ ਸੀ ਤੇ ਉਹ ਅਮਰਜੀਤ ਕੌਰ ਨੂੰ ਇਸ ਵਿਚ ਰੋੜਾ ਸਮਝਦਾ ਸੀ। ਪਹਿਲਾਂ ਹਰਪਾਲ ਸਿੰਘ ਨੇ ਇਸ ਨੂੰ ਲੁੱਟ ਲਈ ਕੀਤਾ ਕਤਲ ਦੱਸਿਆ ਸੀ ਪਰ ਜਾਂਚ ਦੌਰਾਨ ਲੁੱਟ ਦੀ ਕਹਾਣੀ ਝੂਠੀ ਪਾਈ ਗਈ ਸੀ। ਅਦਾਲਤ ਨੇ ਦੋਸ਼ ਸਿੱਧ ਹੋਣ 'ਤੇ ਹਰਪਾਲ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

## ਧੀ ਨਾਲ ਛੇੜਖਾਨੀ ਤੋਂ ਰੋਕਣ 'ਤੇ ਮਾਂ ਨੂੰ ਜਿਉਂਦਾ ਸਾੜਿਆ

ਮੁੰਬਈ: ਇਥੋਂ ਦੇ ਘਾਟਕੋਪਰ ਇਲਾਕੇ ਵਿਚ ਧੀ ਨਾਲ ਛੇੜਖਾਨੀ ਕਰਨ ਤੋਂ ਰੋਕਣ 'ਤੇ ਇਕ ਮਾਂ ਨੂੰ ਕੁਝ ਲੋਕਾਂ ਨੇ ਜਿਉਂਦਾ ਸਾੜ ਦਿੱਤਾ। ਪੀੜਤ ਦੀ ਦੋ ਔਰਤਾਂ ਤੇ ਕੁਝ ਅਣਪਛਾਤੇ ਵਿਅਕਤੀਆਂ ਨੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਤੇ ਅੱਗ ਲਾ ਦਿੱਤੀ। 90 ਫ਼ੀਸਦੀ ਤੱਕ ਸੜੀ ਇਸ ਔਰਤ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ।

ਪੁਲਿਸ ਨੇ ਪੀੜਤ ਔਰਤ ਦੀ ਸ਼ਿਕਾਇਤ 'ਤੇ ਇਰਾਦਾ ਕਤਲ ਦਾ ਕੇਸ ਦਰਜ ਕਰ ਲਿਆ ਹੈ। ਪੀੜਤ ਨੇ ਦੋਸ਼ ਲਾਇਆ ਕਿ ਦੋ ਔਰਤਾਂ ਤੇ ਕੁਝ ਅਣਪਛਾਤੇ ਮਰਦਾਂ ਨੇ ਉਸ ਨੂੰ ਕਤਲ ਕਰਨ ਦਾ ਯਤਨ ਕੀਤਾ। ਪੀੜਤ ਔਰਤ ਮੁਤਾਬਕ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਉਹ ਆਪਣੀ ਲੜਕੀ ਨੂੰ ਜਿਣਸੀ ਤੌਰ 'ਤੇ ਪ੍ਰੇਸ਼ਾਨ ਕਰਨ ਬਾਰੇ ਦੋਵੇਂ ਦੋਸ਼ੀ ਔਰਤਾਂ ਕੋਲ ਉਲਾਂਭਾ ਦੇਣ ਗਈ। ਉਸ ਨੇ ਦੱਸਿਆ ਕਿ ਇਨ੍ਹਾਂ ਔਰਤਾਂ ਤੇ ਉਨ੍ਹਾਂ ਦੇ ਸਾਥੀਆਂ ਨੇ ਉਸ ਨਾਲ ਬਹਿਸ ਕਰਦਿਆਂ ਕੁੱਟਣਾ ਸ਼ੁਰੂ ਕਰ ਦਿੱਤਾ ਤੇ ਅੱਗ ਲਾ ਦਿੱਤੀ। ਕੁਝ ਲੋਕਾਂ ਨੇ ਸੜ ਰਹੀ ਇਸ ਔਰਤ ਨੂੰ ਦੇਖਿਆ ਤੇ ਹਸਪਤਾਲ ਲੈ ਗਏ।

## ਨਿਊਜ਼ੀਲੈਂਡ ਵਿਚ ਪੰਜਾਬੀ ਵਿਦਿਆਰਥੀ ਦੀ ਮੌਤ

**ਆਕਲੈਂਡ:** ਨਿਊਜ਼ੀਲੈਂਡ ਵਿਚ ਪੜ੍ਹਾਈ ਕਰਨ ਆਏ ਪੰਜਾਬੀ ਵਿਦਿਆਰਥੀ ਦੀ ਟਰੈਕਟਰ ਹੇਠ ਆਉਣ ਨਾਲ ਮੌਤ ਹੋ ਗਈ। ਮ੍ਰਿਤਕ ਦੀ ਪਛਾਣ 18 ਸਾਲਾ ਗੁਰਸ਼ਰਨ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਸਾਦਪੁਰਾ, ਜ਼ਿਲ੍ਹਾ ਨਵਾਂਸ਼ਹਿਰ ਵਜੋਂ ਹੋਈ ਹੈ। ਉਹ 19 ਜਨਵਰੀ ਨੂੰ ਹੀ ਨਿਊਜ਼ੀਲੈਂਡ ਵਿਚ ਬਿਜ਼ਨਸ ਮੈਨੇਜਮੈਂਟ ਦੀ ਪੜ੍ਹਾਈ ਕਰਨ ਲਈ ਆਇਆ ਸੀ। ਉਹ ਇਥੋਂ ਨੇੜਲੇ ਦਿਹਾਤੀ ਇਲਾਕੇ ਦੇ ਖੇਤਾਂ ਵਿਚ ਪਾਰਟ ਟਾਈਮ ਕੰਮ ਕਰਦਾ ਸੀ। ਮਿਲੀ ਜਾਣਕਾਰੀ ਅਨੁਸਾਰ ਗੁਰਸ਼ਰਨ ਸਿੰਘ ਟਰੈਕਟਰ 'ਤੇ ਸਵਾਰ ਹੋ ਕੇ ਖੇਤਾਂ ਵਿਚ ਕੰਮ ਕਰ ਰਿਹਾ ਸੀ। ਟਰੈਕਟਰ ਦੀ ਆਟੋਮੈਟਿਕ ਬ੍ਰੇਕ ਨਾ ਲੱਗਣ ਕਾਰਨ ਜਦੋਂ ਉਸ ਨੇ ਹੱਥ ਨਾਲ ਬ੍ਰੇਕ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਜ਼ੋਰਦਾਰ ਝਟਕੇ ਨਾਲ ਟਰੈਕਟਰ ਤੋਂ ਹੇਠਾਂ ਡਿੱਗ ਗਿਆ ਤੇ ਟਰੈਕਟਰ ਦਾ ਟਾਇਰ ਉਸ ਦੇ ਉਪਰੋਂ ਲੰਘ ਗਿਆ। ਗੁਰਸ਼ਰਨ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਜਦੋਂਕਿ ਉਸ ਦੀ ਇਕ 15 ਸਾਲਾਂ ਦੀ ਛੋਟੀ ਭੈਣ ਹੈ।

## ਕਸੂਤਾ ਘਿਰਿਆ ਓਲੰਪੀਅਨ ਮੁੱਕੇਬਾਜ਼ ਵਿਜੇਂਦਰ

**ਚੰਡੀਗੜ੍ਹ:** ਓਲੰਪਿਕ ਤਗਮਾ ਜੇਤੂ ਮੁੱਕੇਬਾਜ਼ ਵਿਜੇਂਦਰ ਸਿੰਘ ਹੈਰੋਇਨ ਕੇਸ ਵਿਚ ਬੁਰੀ ਤਰ੍ਹਾਂ ਘਿਰ ਗਿਆ ਹੈ। ਪੰਜਾਬ ਪੁਲਿਸ ਨੇ ਜਾਂਚ ਤੋਂ ਬਾਅਦ ਖੁਲਾਸਾ ਕੀਤਾ ਹੈ ਕਿ ਵਿਜੇਂਦਰ ਤੇ ਨਸ਼ਿਆਂ ਦਾ ਕਾਰੋਬਾਰੀ ਅਨੂਪ ਸਿੰਘ ਕਾਹਲੋਂ ਇਕ-ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਤੇ ਉਨ੍ਹਾਂ ਵਿਚਾਲੇ 80 ਦਫਾ ਫੋਨ 'ਤੇ ਗੱਲਬਾਤ ਹੋਈ। ਵਿਜੇਂਦਰ ਦਾ ਸਾਥੀ ਮੁੱਕੇਬਾਜ਼ ਰਾਮ ਸਿੰਘ ਪੜਤਾਲ ਦੌਰਾਨ ਦਾਅਵਾ ਕਰ ਚੁੱਕਿਆ ਹੈ ਕਿ ਵਿਜੇਂਦਰ ਨੇ ਵੀ ਹੈਰੋਇਨ ਲਈ ਸੀ।



ਜ਼ਿਕਰਯੋਗ ਹੈ ਕਿ ਪਰਵਾਸੀ ਭਾਰਤੀ ਅਨੂਪ ਸਿੰਘ ਕਾਹਲੋਂ ਨੂੰ ਫਤਹਿਗੜ੍ਹ ਸਾਹਿਬ ਪੁਲਿਸ ਨੇ ਤਿੰਨ ਮਾਰਚ ਨੂੰ 26 ਕਿਲੋ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਸੀ। ਸੂਤਰਾਂ ਅਨੁਸਾਰ ਦੋਵਾਂ ਵਿਚਾਲੇ ਦਸ ਐਸਐਮਐਸ ਵੀ ਹੋਏ ਜਦੋਂਕਿ ਹਰੇਕ ਕਾਲ ਦਾ ਸਮਾਂ ਦੋ ਤੋਂ ਤਿੰਨ ਮਿੰਟ ਵਿਚਕਾਰ ਰਿਹਾ। ਹਰਿਆਣਾ ਪੁਲਿਸ ਦਾ ਡੀਐਸਪੀ ਵਿਜੇਂਦਰ ਸਿੰਘ ਪਿਛਲੇ ਅਗਸਤ ਤੋਂ ਕਾਹਲੋਂ ਨਾਲ ਸੰਪਰਕ ਵਿਚ ਸੀ। ਪੰਜਾਬ ਪੁਲਿਸ ਵੱਲੋਂ ਕੀਤੀ ਗਈ ਹੁਣ ਤੱਕ ਜਾਂਚ ਦੌਰਾਨ ਇਹ ਗੱਲ ਸਪਸ਼ਟ ਹੋ ਚੁੱਕੀ ਹੈ ਕਿ ਦਸੰਬਰ 2012 ਤੇ ਫਰਵਰੀ 2013 ਦਰਮਿਆਨ ਮੁੱਕੇਬਾਜ਼ਾਂ ਰਾਮ ਸਿੰਘ ਤੇ ਵਿਜੇਂਦਰ ਸਿੰਘ ਨੇ ਨਿੱਜੀ ਵਰਤੋਂ ਲਈ ਅਨੂਪ ਸਿੰਘ ਕਾਹਲੋਂ ਤੇ ਰੌਕੀ ਤੋਂ ਹੈਰੋਇਨ ਹਾਸਲ ਕੀਤੀ। ਇਹ ਹੈਰੋਇਨ ਪਹਿਲਾਂ ਰਾਮ ਸਿੰਘ ਵੱਲੋਂ ਇਕੱਲਿਆਂ ਦਸੰਬਰ 2012 ਵਿਚ ਲਈ ਗਈ ਜਦੋਂ ਕਿ ਬਾਅਦ ਵਿਚ ਖਾਣ ਲਈ ਇਹ ਹੈਰੋਇਨ ਲੈਣ ਵਾਸਤੇ ਦੋਵੇਂ ਮੁੱਕੇਬਾਜ਼ ਇਕੱਠੇ ਜਨਵਰੀ ਵਿਚ ਇਕ ਵਾਰੀ ਤੇ ਫਰਵਰੀ ਵਿਚ ਦੋ ਵਾਰੀ ਜ਼ੀਰਕਪੁਰ ਗਏ।

ਹੁਣ ਤੱਕ ਹੋਈ ਜਾਂਚ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਵਿਜੇਂਦਰ ਸਿੰਘ ਨੇ 12 ਵਾਰ ਤੇ ਰਾਮ ਸਿੰਘ ਨੇ ਪੰਜ ਵਾਰ ਇਸ ਨਸ਼ੀਲੇ ਪਦਾਰਥ ਦਾ ਸੇਵਨ ਕੀਤਾ ਪਰ ਉਹ ਇਨ੍ਹਾਂ ਤਸਕਰਾਂ ਦੀਆਂ ਸਰਗਰਮੀਆਂ ਵਿਚ ਸਰਗਰਮੀ ਨਾਲ ਭਾਈਵਾਲ ਨਹੀਂ ਸਨ। ਉਨ੍ਹਾਂ ਕੋਲੋਂ ਕੁਝ ਬਰਾਮਦ ਨਾ ਕੀਤੇ ਜਾਣ ਕਾਰਨ ਉਨ੍ਹਾਂ ਨੂੰ ਇਸ ਮਾਮਲੇ ਵਿਚ ਇਸ ਪੜਾਅ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

## ਚਾਕੂ ਮਾਰ ਕੇ ਮਾਂ ਦੀ ਹੱਤਿਆ

**ਫਗਵਾੜਾ:** ਲਾਗਲੇ ਪਿੰਡ ਭੁੱਲਾਰਾਈ ਵਿਖੇ ਪੰਜ ਬੱਚਿਆਂ ਦੇ ਬਾਪ ਨੇ ਘਰੇਲੂ ਕਲੇਸ਼ ਕਾਰਨ ਆਪਣੀ 75 ਸਾਲਾ ਮਾਂ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਤੇ ਬਾਅਦ ਵਿਚ ਆਪਣੇ ਆਪ ਨੂੰ ਵੀ ਚਾਕੂ ਮਾਰ ਕੇ ਜ਼ਖਮੀ ਕਰ ਲਿਆ। ਮ੍ਰਿਤਕਾ ਦੀ ਪਛਾਣ ਕ੍ਰਿਸ਼ਨ ਕੌਰ ਪਤਨੀ ਪ੍ਰਕਾਸ਼ ਸਿੰਘ ਵਜੋਂ ਹੋਈ। ਮ੍ਰਿਤਕਾ ਦਾ ਪਤੀ ਸ਼੍ਰੋਮਣੀ ਰਵਿਦਾਸ ਮੰਦਰ ਵਿਚ ਸੇਵਾਦਾਰ ਹੈ ਜਦਕਿ ਹਮਲਾਵਰ ਸਤਨਾਮ ਸਿੰਘ (45 ਸਾਲਾ) ਰਾਜ ਮਿਸਤਰੀ ਦਾ ਕੰਮ ਕਰਦਾ ਹੈ। ਕ੍ਰਿਸ਼ਨ ਕੌਰ ਦੀ ਆਪਣੇ ਪੁੱਤਰ ਨਾਲ ਅਣਬਣ ਚੱਲ ਰਹੀ ਸੀ। ਘਟਨਾ ਵਾਲੇ ਦਿਨ ਮ੍ਰਿਤਕਾ ਕਿਸੇ ਗੁਆਂਢੀ ਦੇ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਤੋਂ ਬਾਅਦ ਆਪਣੇ ਘਰ ਵਾਪਸ ਪਰਤੀ ਸੀ। ਘਰ ਦੇ ਬਾਹਰ ਉਸ ਦਾ ਪੁੱਤਰ ਸ਼ਰਾਬੀ ਹਾਲਤ ਵਿਚ ਖੜ੍ਹਾ ਸੀ। ਸਤਨਾਮ ਨੇ ਚਾਕੂ ਕੱਢ ਕੇ ਉਸ ਦੇ ਪੇਟ ਵਿਚ ਮਾਰ ਦਿੱਤਾ ਤੇ ਨਾਲ ਹੀ ਆਪਣੇ ਪੇਟ ਵਿਚ ਵੀ ਮਾਰ ਲਿਆ ਜਿਸ ਕਾਰਨ ਕ੍ਰਿਸ਼ਨ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਤਨਾਮ ਨੇ ਆਪਣੀ ਮਾਤਾ ਦੀ ਇਸ ਗੱਲ 'ਤੇ ਇਤਰਾਜ਼ ਕੀਤਾ ਕਿ ਉਹ ਉਸ ਦੀਆਂ ਲੜਕੀਆਂ ਨੂੰ ਵਿਆਹ 'ਤੇ ਕਿਉਂ ਲੈ ਕੇ ਗਈ ਸੀ ਜਦਕਿ ਉਹ ਖੁਦ ਨਹੀਂ ਗਿਆ। ਪੁਲਿਸ ਨੇ ਪ੍ਰਕਾਸ਼ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਸਤਨਾਮ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਹੈ।

## ਸ਼ਹਿਰੀ ਨੌਜਵਾਨ ਵੀ ਤੁਰੇ ਖੁਦਕੁਸ਼ੀ ਦੇ ਰਾਹ

**ਲੁਧਿਆਣਾ:** ਸ਼ਹਿਰ ਵਿਚ ਵਾਪਰੀਆਂ ਦੋ ਵੱਖ-ਵੱਖ ਘਟਨਾਵਾਂ ਵਿਚ 26 ਤੇ 28 ਕੁ ਸਾਲ ਦੇ ਦੋ ਨੌਜਵਾਨਾਂ ਵੱਲੋਂ ਆਪੋ ਆਪਣੇ ਘਰਾਂ ਵਿਚ ਖੁਦਕੁਸ਼ੀ ਕਰ ਲਈ। ਦੋਵੇਂ ਘਰ ਆਰਥਿਕ ਤੰਗੀ ਨਾਲ ਜੂਝ ਰਹੇ ਹਨ ਤੇ ਇਸੇ ਪ੍ਰੇਸ਼ਾਨੀ ਤੋਂ ਨਿਜ਼ਾਤ ਪਾਉਣ ਲਈ ਨੌਜਵਾਨਾਂ ਨੇ ਇਹ ਕਦਮ ਚੁੱਕਿਆ। ਪੁਲਿਸ ਅਨੁਸਾਰ ਮ੍ਰਿਤਕਾਂ ਵਿਚੋਂ ਅਮਿਤ ਕੁਮਾਰ ਉਰਫ਼ ਸੰਨੀ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ ਜੋ ਆਪਣੇ ਪਿਤਾ ਦੀ ਬਿਮਾਰੀ 'ਤੇ ਲੱਖਾਂ ਰੁਪਏ ਖਰਚ ਹੋਣ ਤੋਂ ਬਾਅਦ ਕਰਜ਼ੇ ਦੇ ਬੋਝ ਥੱਲੇ ਦੱਬਿਆ ਹੋਇਆ ਸੀ।

ਸੰਨੀ ਦੇ ਪਿਤਾ ਮੁਲਖ ਰਾਜ ਨੂੰ ਦਿਲ ਦੀ ਬਿਮਾਰੀ ਕਾਰਨ ਕਈ ਮਹੀਨੇ ਹਸਪਤਾਲ ਰਹਿਣਾ ਪਿਆ ਜਿਥੇ ਇਲਾਜ 'ਤੇ ਖਰਚ ਹੋਏ ਲੱਖਾਂ ਰੁਪਏ ਵਿਚੋਂ ਵੱਡੀ ਰਕਮ ਪਰਿਵਾਰ ਨੇ ਰਿਸ਼ਤੇਦਾਰਾਂ ਤੇ ਦੋਸਤਾਂ ਪਾਸੋਂ ਉਧਾਰ ਲਈ ਸੀ। ਪਰਿਵਾਰਕ ਮੈਂਬਰਾਂ ਮੁਤਾਬਕ ਸੰਨੀ ਆਪਣੀ ਕਰਿਆਨੇ ਦੀ ਦੁਕਾਨ ਦੇ ਅੰਦਰ ਗਿਆ ਪਰ ਜਦੋਂ ਕਾਫ਼ੀ ਦੇਰ ਤੱਕ ਵਾਪਸ ਨਾ ਮੁੜਿਆ ਤਾਂ ਉਸ ਦਾ ਪਿਤਾ ਉਸ ਨੂੰ ਬੁਲਾਉਣ ਗਿਆ ਜਿਥੇ ਆਪਣੇ ਨੌਜਵਾਨ ਪੁੱਤਰ ਦੀ ਲਾਸ਼ ਪੱਖੇ ਨਾਲ ਲਟਕਦੀ ਵੇਖ ਕੇ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਦੂਜੀ ਘਟਨਾ ਵਿਚ ਨੂਰਵਾਲਾ ਰੋਡ ਦੇ ਬਸੰਤ ਵਿਹਾਰ ਇਲਾਕੇ ਵਿਚ ਗੌਰਵ ਚੋਪੜਾ ਨਾਂ ਦੇ 28 ਕੁ ਵਰ੍ਹਿਆਂ ਦੇ ਨੌਜਵਾਨ ਨੇ ਆਪਣੇ ਘਰ ਵਿਚ ਹੀ ਕੋਈ ਜ਼ਹਿਰੀਲੀ ਚੀਜ ਨਿਗਲ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਗੌਰਵ ਦੇ ਪਿਤਾ ਦੀ ਵੀ ਕੁਝ ਸਮਾਂ ਪਹਿਲਾਂ ਮੌਤ ਹੋ ਗਈ ਸੀ ਤੇ ਉਸ ਤੋਂ ਬਾਅਦ ਗੌਰਵ ਗੁੰਮ ਸੁੰਮ ਜਿਹਾ ਰਹਿੰਦਾ ਸੀ। ਬੀਤੀ ਰਾਤ ਉਸ ਨੇ ਆਪਣੇ ਭਰਾ ਨੂੰ ਫੋਨ ਕਰਕੇ ਦੱਸਿਆ ਕਿ ਉਸ ਨੇ ਕੋਈ ਜ਼ਹਿਰੀਲੀ ਚੀਜ ਖਾ ਲਈ ਹੈ। ਭਰਾ ਵੱਲੋਂ ਪੁਲਿਸ ਨੂੰ ਸੂਚਨਾ ਦੇਣ ਦੇ ਨਾਲ-ਨਾਲ ਗੌਰਵ ਨੂੰ ਇਲਾਜ ਵਾਸਤੇ ਹਸਪਤਾਲ ਲਿਜਾਣ ਦਾ ਯਤਨ ਕੀਤਾ ਗਿਆ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ।

## ਨੂੰਹ ਦੇ ਕਤਲ ਕੇਸ ਵਿਚ 10-10 ਸਾਲ ਕੈਦ

**ਸੰਗਰੂਰ:** ਸਥਾਨਕ ਅਦਾਲਤ ਨੇ ਦਾਜ ਤੇ ਕਤਲ ਕੇਸ ਵਿਚ ਇਕ ਔਰਤ ਸਮੇਤ ਚਾਰ ਵਿਅਕਤੀਆਂ ਨੂੰ 10-10 ਸਾਲ ਦੀ ਕੈਦ ਤੇ 10-10 ਹਜ਼ਾਰ ਰੁਪਏ ਜੁਰਮਾਨਾ ਭਰਨ ਦਾ ਹੁਕਮ ਸੁਣਾਇਆ ਹੈ।

ਕੇਸ ਮੁਤਾਬਕ ਥਾਣਾ ਘੱਗਾ, ਜ਼ਿਲ੍ਹਾ ਪਟਿਆਲਾ ਦੇ ਪਿੰਡ ਬੁਜਰਖ਼ ਦੇ ਜਰਨੈਲ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੀ ਧੀ ਸ਼ਿੰਦਰਪਾਲ ਕੌਰ ਦਾ ਵਿਆਹ ਗੁਰਪ੍ਰੀਤ ਸਿੰਘ, ਵਾਸੀ ਭੱਟੀਵਾਲ ਕਲਾਂ ਨਾਲ ਹੋਇਆ ਸੀ ਪਰ ਵਿਆਹ ਤੋਂ ਤਿੰਨ ਚਾਰ ਮਹੀਨੇ ਬਾਅਦ ਹੀ ਉਸ ਦਾ ਪਤੀ ਗੁਰਪ੍ਰੀਤ ਸਿੰਘ, ਦਿਉਰ ਗੁਰਜੰਟ ਸਿੰਘ, ਸੱਸ ਕਰਨੈਲ ਕੌਰ ਤੇ ਸਹੁਰਾ ਸਾਧਾ ਸਿੰਘ ਉਸ ਨੂੰ ਹੋਰ ਦਾਜ ਲਿਆਉਣ ਲਈ ਕੁੱਟਮਾਰ ਕਰਨ ਲੱਗ ਪਏ। 14 ਜੂਨ, 2011 ਨੂੰ ਉਨ੍ਹਾਂ ਨੂੰ ਸੁਨੇਹਾ ਮਿਲਿਆ ਕਿ ਸ਼ਿੰਦਰਪਾਲ ਕੌਰ ਨੇ ਮਿੱਟੀ ਦਾ ਤੇਲ ਪਾ ਕੇ ਆਪਣੇ ਆਪ ਨੂੰ ਅੱਗ ਲਾ ਲਈ ਹੈ ਜਿਸ ਕਾਰਨ ਉਸ ਦੀ ਮੌਤ ਹੋ ਗਈ ਹੈ। ਪੁਲਿਸ ਨੇ ਉਕਤ ਚਾਰਾਂ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਸੀ।

## ਮਹਿਲਾ ਪੁਲਿਸ ਦੀ ਨਫਰੀ ਸਿਰਫ਼ ਸਾਢੇ ਪੰਜ ਫੀਸਦੀ

**ਚੰਡੀਗੜ੍ਹ:** ਸੁਰੱਖਿਆ ਏਜੰਸੀਆਂ ਵਿਚ ਔਰਤਾਂ ਦੀ ਜ਼ਿਆਦਾ ਸ਼ਮੂਲੀਅਤ ਦੀ ਉਠਦੀ ਮੰਗ ਦੇ ਬਾਵਜੂਦ ਦੇਸ਼ ਭਰ ਦੇ ਪੁਲਿਸ ਦਸਤਿਆਂ ਵਿਚ ਉਨ੍ਹਾਂ ਦੀ ਗਿਣਤੀ ਸਿਰਫ 5.33 ਫੀਸਦੀ ਹੈ। ਗ੍ਰਹਿ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਰਾਜਾਂ ਦੇ ਪੁਲਿਸ ਬਲਾਂ ਵਿਚ ਕੰਮ ਕਰਦੇ 15,87,117 ਮੁਲਾਜ਼ਮਾਂ ਵਿਚੋਂ ਔਰਤਾਂ ਦੀ ਗਿਣਤੀ ਮਹਿਜ਼ 84,479 ਜਾਂ 5.33 ਫੀਸਦੀ ਹੈ। ਇਸ ਤੋਂ ਇਲਾਵਾ ਦੇਸ਼ ਭਰ ਦੇ ਕੁੱਲ 15,000 ਥਾਣਿਆਂ ਵਿਚੋਂ ਔਰਤਾਂ ਦੇ ਥਾਣਿਆਂ ਦੀ ਗਿਣਤੀ ਸਿਰਫ 499 ਹੈ।

ਦਿੱਲੀ ਵਿਚ 16 ਦਸੰਬਰ ਨੂੰ 23 ਸਾਲਾ ਲੜਕੀ ਨਾਲ ਸਮੂਹਿਕ ਬਲਾਤਕਾਰ ਮਗਰੋਂ ਔਰਤਾਂ ਨੂੰ ਪੁਲਿਸ ਦਸਤਿਆਂ ਵਿਚ ਸ਼ਾਮਲ ਕਰਨ ਦੀ ਮੰਗ ਜ਼ੋਰ-ਸ਼ੋਰ ਨਾਲ ਉਠੀ ਹੈ। ਦੇਸ਼ ਭਰ ਵਿਚ 2011 ਦੌਰਾਨ ਔਰਤਾਂ ਵਿਰੁੱਧ ਜੁਰਮ ਦੀਆਂ 2,28,650 ਵਾਰਦਾਤਾਂ ਹੋਈਆਂ ਜਿਨ੍ਹਾਂ ਵਿਚੋਂ 24,206 ਬਲਾਤਕਾਰ ਦੀਆਂ ਹਨ। ਉੱਤਰ ਪ੍ਰਦੇਸ਼ ਵਿਚ 2586 ਮਹਿਲਾ ਪੁਲਿਸ ਮੁਲਾਜ਼ਮ ਹਨ ਜੋ ਕੁੱਲ ਗਿਣਤੀ 1,73,341 ਦਾ ਸਿਰਫ 1.49 ਫੀਸਦੀ ਬਣਦਾ ਹੈ।

ਆਂਧਰਾ ਪ੍ਰਦੇਸ਼ ਵਿਚ 2031 ਮਹਿਲਾ ਪੁਲਿਸ ਮੁਲਾਜ਼ਮ ਹਨ। ਇਹ ਮੁਲਾਜ਼ਮਾਂ ਦੀ ਕੁੱਲ ਗਿਣਤੀ 89,325 ਦਾ 2.27 ਫੀਸਦੀ ਹੈ। ਬਿਹਾਰ ਵਿਚ 1485 ਔਰਤਾਂ ਪੁਲਿਸ ਵਿਚ ਸ਼ਾਮਲ ਹਨ ਜਦੋਂਕਿ ਇਥੇ ਮੁਲਾਜ਼ਮਾਂ ਦੀ ਕੁੱਲ ਨਫਰੀ 67,964 ਹੈ। ਮੱਧ ਪ੍ਰਦੇਸ਼ ਜਿੱਥੇ 2011 ਦੌਰਾਨ ਜਬਰ-ਜਨਾਹ ਦੀਆਂ ਸਭ ਤੋਂ ਵੱਧ ਵਾਰਦਾਤਾਂ ਹੋਈਆਂ, ਵਿਚ 3010 ਮਹਿਲਾ ਪੁਲਿਸ ਮੁਲਾਜ਼ਮ ਹਨ। ਇਹ ਕੁੱਲ ਗਿਣਤੀ 76,506 ਦਾ 3.93 ਫੀਸਦੀ ਬਣਦਾ ਹੈ।

ਇਸ ਪੱਖੋਂ ਮਹਾਰਾਸ਼ਟਰ, ਤਾਮਿਲਨਾਡੂ ਤੇ ਚੰਡੀਗੜ੍ਹ ਦੀ ਸਥਿਤੀ ਬਿਹਤਰ ਹੈ। ਮਹਾਰਾਸ਼ਟਰ ਵਿਚ ਕੁੱਲ 1,34,696 ਪੁਲਿਸ ਮੁਲਾਜ਼ਮਾਂ ਵਿਚੋਂ 14.89 ਫੀਸਦੀ ਜਾਂ 20,062 ਔਰਤਾਂ ਹਨ। ਤਾਮਿਲਨਾਡੂ ਵਿਚ 95,745 ਵਿਚੋਂ 10,118 ਔਰਤਾਂ ਤੇ ਚੰਡੀਗੜ੍ਹ ਵਿਚ 7308 ਵਿਚੋਂ 985 ਔਰਤਾਂ ਸ਼ਾਮਲ ਹਨ। ਦਿੱਲੀ ਵਿਚ 75,169 ਮੁਲਾਜ਼ਮਾਂ ਵਿਚੋਂ 5356 ਔਰਤਾਂ ਹਨ।




ਐਸ. ਅਸ਼ੋਕ ਭੌਰਾ

# ਚੰਨਾ ਮੈਂ ਸੀਗੀ ਕੱਚ ਦੇ ਗਲਾਸ ਵਰਗੀ...

*ਨੀਹਾਂ ਪੁੱਟਣ ਵੇਲੇ ਕਿਸੇ ਨੂੰ ਨਹੀਂ ਪਤਾ ਸੀ ਕਿ ਇਥੇ ਤਾਜ ਮਹਿਲ ਬਣਨ ਲੱਗਾ ਹੈ। ਜਦੋਂ ਸਾਜ਼ ਸੁਰ ਕੀਤੇ ਜਾ ਰਹੇ ਹੋਣ ਤਾਂ ਆਮ ਬੰਦਾ ਖਿਝ ਕੇ ਕਹੀ ਜਾਂਦੈ, 'ਆਹ ਕੀ ਕਰੀ ਜਾਂਦੈ।'...ਤੇ ਧਮਾਲ ਪੈਣ ਵੇਲੇ ਇਹੋ ਲੋਕ ਲੱਕ 'ਤੇ ਹੱਥ ਰੱਖ ਦੂਹਰੇ ਹੋ ਕੇ ਨੱਚ ਰਹੇ ਹੁੰਦੇ ਹਨ।...ਤੇ ਕਈ ਵਾਰ ਕੀੜਿਆਂ ਵਿਚਾਰਿਆਂ ਨੂੰ ਪਤਾ ਹੀ ਨਹੀਂ ਲਗਦਾ ਕਿ ਤਾਣਾ ਰੇਸ਼ਮ ਦਾ ਬੁਣਨ ਲੱਗੇ ਹਨ। ਜਿਹੜੀ ਬਾਤ ਮੈਂ ਥੋੜੇ ਅੱਗੇ ਪਾਉਣ ਲੱਗਾ ਹਾਂ, ਉਹਦਾ ਹੁੰਗਾਰਾ ਲੰਬਾ ਹੋ ਜਾਣ ਦੀ ਆਸ ਹੈ, ਪਰ ਇਹ ਵਾਅਦਾ ਜ਼ਰੂਰ ਕਰਦਾ ਹਾਂ ਕਿ ਨੀਹਾਂ ਭਰਨ ਵੇਲੇ ਸ਼ਾਇਦ ਤੁਹਾਨੂੰ ਕੁਝ ਅਕੇਵਾਂ ਮਹਿਸੂਸ ਹੋਵੇਗਾ। ਅੱਗੇ ਚੱਲ ਕੇ ਉਨਾ ਹੀ ਸੁਆਦ ਆਵੇਗਾ, ਜਿਵੇਂ ਸਰਦੀਆਂ ਵਿਚ ਦੇਸੀ ਘਿਓ ਦੀਆਂ ਅਲਸੀ ਵਾਲੀਆਂ ਪਿੰਨੀਆਂ ਸੁਆਦ ਨਾਲ ਤਾਕਤ ਵੀ ਦੇਈ ਜਾਂਦੀਆਂ ਹਨ, ਤੇ ਮੇਰੀ ਇਸ ਗੱਲ ਨਾਲ ਸਹਿਮਤ ਹੁੰਦਿਆਂ ਸਹੀ ਪਾ ਦਿਓਗੇ ਕਿ ਕਈ ਗਾਉਣ ਵਾਲੇ ਗਾਉਣ ਤੋਂ ਵੱਧ ਕੁਝ ਵੀ ਨਹੀਂ ਸਨ। ਇਸ ਲਈ ਥੋੜ੍ਹਾ ਠਹਿਰ ਕੇ ਜਿਨ੍ਹਾਂ ਨਾਂਵਾਂ ਨੂੰ ਤੁਸੀਂ ਝੁਕ ਕੇ ਸਲਾਮਾਂ ਕਰਦੇ ਰਹੇ ਹੋ, ਜਦੋਂ ਉਨ੍ਹਾਂ ਦੇ ਸਿੱਧੀਆਂ ਗਿੱਟੇ ਗੋਡਿਆਂ 'ਚ ਵੱਜਣਗੀਆਂ ਤਾਂ ਸੋਚੋਗੇ ਕਿ ਇਹ ਸੁਰ 'ਚ ਗਾਉਂਦੇ ਹੀ ਰਹੇ ਹਨ, ਆਪ ਸੁਰ 'ਚ ਨਹੀਂ ਹੋ ਸਕੇ; ਤੇ ਬਹੁਤਿਆਂ ਨੇ ਇਨਸਾਨੀਅਤ ਦੀ ਵੀਹੀ 'ਚੋਂ ਲੰਘਣ ਦਾ ਯਤਨ ਹੀ ਨਹੀਂ ਕੀਤਾ। ਮੈਂ ਵੀ ਪੁਰਾਣੇ ਸਾਜ਼ਾਂ ਨੂੰ ਨਵੇਂ ਯੁੱਗ 'ਚ ਸੁਰ ਕਰਨ ਲੱਗਾ ਹਾਂ...ਬੜੀ ਦੇਰ ਬਾਅਦ। ਇਸੇ ਲਈ ਹਾਲ ਦੀ ਘੜੀ ਮੇਰੇ ਨਾਲ ਥੋੜ੍ਹਾ ਧੀਮੀ ਗਤੀ ਵਿਚ ਚੱਲਣਾ ਪਵੇਗਾ। ਆਸ ਕਰਾਂਗਾ ਹੱਥ ਵਧਾ ਕੇ ਰੱਖੋਗੇ।*

ਬਚਪਨ 'ਚੋਂ ਨਿਕਲ ਕੇ ਜਦੋਂ ਜ਼ੋਰ ਅਤੇ ਜਵਾਨੀ ਦਾ ਨਸ਼ਾ ਚੜ੍ਹਦਾ ਹੈ ਤਾਂ ਬੰਦਾ ਸੋਚਦੈ, ਜ਼ਿੰਦਗੀ ਦਾ ਸੁਆਦ ਹੀ ਹੁਣ ਆਉਣ ਲੱਗਾ ਹੈ; ਪਰ ਸਿਆਣੇ ਮਾਂ-ਬਾਪ ਜਦੋਂ ਘੰਢ ਫੁੱਟਣ ਨਾਲ ਆਵਾਜ਼ ਬਦਲਦੀ ਸੁਣਦੇ ਹਨ ਤਾਂ ਥੋੜ੍ਹਾ ਉਦਾਸ ਹੋ ਜਾਂਦੇ ਹਨ ਕਿ ਫੁੱਲਾਂ ਦੀ ਸੇਜ 'ਚੋਂ ਨਿਕਲ ਕੇ ਇਹ ਪੂਰੇ ਦਾ ਪੂਰਾ ਚਿੰਤਾਵਾਂ ਤੇ ਫਿਕਰਾਂ ਦੀ ਕੰਡਿਆਲੀ ਤਾਰ ਵਿਚ ਫਸ ਕੇ ਸਾਰੀ ਉਮਰ ਗ੍ਰਿਹਿਸਥ ਦੇ ਲੀੜੇ ਪੜਵਾਉਂਦਾ ਰਹੇਗਾ। ਅਮੀਰਾਂ ਤੇ ਗਰੀਬਾਂ ਦੇ ਬੱਚਿਆਂ ਅੰਦਰ ਪਹਿਨਣ, ਖਾਣ ਤੇ ਰਹਿਣ-ਸਹਿਣ ਦਾ ਫਰਕ ਹੋ ਸਕਦਾ ਹੈ, ਪਰ ਸੋਚ ਲਗਭਗ ਇਕੋ ਜਿਹੀ ਹੁੰਦੀ ਹੈ।

ਇਕ ਅਮੀਰ ਦਾ ਬੱਚਾ ਦੂਜੇ ਨੂੰ ਦੱਸ ਰਿਹਾ ਸੀ, "ਕੱਲ੍ਹ ਮੇਰਾ ਡੈਡੀ ਸ਼ਹਿਰੋਂ ਗੁਲਾਬ ਜਾਮਣਾਂ ਲੈ ਕੇ ਆਇਆ ਸੀ।" ਗਰੀਬ ਦਾ ਬੱਚਾ ਬੋਲਿਆ, "ਸ਼ਹਿਰ ਜਾਣ ਦੀ ਕੀ ਲੋੜ ਸੀ, ਕੱਲ੍ਹ ਨੂੰ ਆਪਣੇ ਡੈਡੀ ਨੂੰ ਲੈ ਕੇ ਸਾਡੇ ਘਰ ਆਈਂ, ਜਿੰਨੇ ਮਰਜ਼ੀ ਗੁਲਾਬ ਤੋੜ ਲਿਓ ਤੇ ਭਾਪਾ ਮੇਰਾ ਜਾਮਣਾਂ ਝਾੜ ਕੇ ਤੇਰਾ ਪੱਲਾ ਭਰ ਦਊ।"

...ਤੇ ਜ਼ਿੰਦਗੀ ਦੇ ਭਿੰਨ-ਭਿੰਨ ਵਰਤਾਰੇ ਤੋਂ ਨਾਵਾਕਿਫ ਦੋਵੇਂ ਬੱਚੇ ਬਚਪਨ ਦੀ ਰਾਮ ਲੀਲ੍ਹਾ ਖੇਡਦਿਆਂ ਗਲਵੱਕੜੀ ਹੋ ਗਏ। ਕਈ ਬੰਦੇ ਆਪਣੇ ਨਾਂ ਨਾਲ ਗੋਤ ਜੋੜ ਕੇ ਫੰਨੇ ਖਾਂ ਬਣਨ ਦੀ ਕੋਸ਼ਿਸ਼ ਕਰਦੇ ਹਨ। ਕਈਆਂ ਨੇ ਗੱਲ ਇਥੋਂ ਹੀ ਸ਼ੁਰੂ ਕਰਨੀ ਹੁੰਦੀ ਹੈ, 'ਮੈਂ ਸੰਧੂਆਂ 'ਚੋਂ ਹਾਂ।' ਦੂਜਾ ਕਹੇਗਾ, 'ਮੈਂ ਸਰਮਿਆਂ 'ਚੋਂ' ਅਤੇ ਤੀਜਾ ਵੀ ਗੱਲ ਮੁਕਾ ਦਿੰਦੈ, 'ਮੈਂ ਗਿੱਲਾਂ 'ਚੋਂ ਹਾਂ।' ਅਸਲ ਵਿਚ ਇਨ੍ਹਾਂ ਨਾਲੋਂ ਵੀ ਵੱਧ ਇਨਸਾਨਾਂ ਵਾਲੀ ਜਮਾਂਬੰਦੀ ਵਿਚ ਨਾਂ ਦਰਜ ਕਰਵਾਉਣ ਦੀ ਲੋੜ ਹੁੰਦੀ ਐ। ਦਰਅਸਲ ਲੋਭ ਲਾਲਚ, ਭਰਮ ਤੇ ਹਉਮੈ ਦੀਆਂ ਸਾਰੀਆਂ ਬਿਮਾਰੀਆਂ ਬਚਪਨ ਤੋਂ ਬਾਅਦ ਹੀ ਇਕੋ ਵੇਲੇ ਹੱਲਾ ਕਰਦੀਆਂ ਹਨ।

ਰਸੂਲ ਹਮਜ਼ਾਤੋਵ ਭਾਵੇਂ ਲੱਖ ਕਹੇ ਕਿ ਚਾਲੀਆਂ ਸਾਲਾਂ ਦੀ ਉਮਰ ਵਿਚ ਜਿਸ ਬੰਦੇ ਕੋਲ ਟਕਾ ਨਹੀਂ, ਉਹ ਅਮੀਰ ਨਹੀਂ ਹੋ ਸਕਦਾ; ਪਰ ਜਿਸ ਨੇ ਇੰਨਾ ਕੁ ਸਮਾਂ ਸੰਗੀਤ ਨਾਲ ਸੰਗੀਤ ਦੀ ਦੁਨੀਆਂ ਵਿਚ ਗਹਿਗੱਚ ਹੋ ਕੇ ਗੁਜ਼ਾਰਿਆ ਹੋਵੇ, ਉਹ ਭਾਗਾਂ ਵਾਲਾ ਹੋਵੇਗਾ। ਉਂਜ ਵੀ ਖਿਡਾਰੀਆਂ ਨਾਲੋਂ ਰੈਫਰੀ ਜਾਂ ਅੰਪਾਇਰ ਦਾ ਸਤਿਕਾਰ ਕੁਝ ਜ਼ਿਆਦਾ ਹੀ ਰਿਹਾ ਹੈ। ਇਸੇ ਲਈ ਵਿਸਲਾਂ ਮੈਂ ਵਜਾਵਾਂਗਾ ਤੇ ਖੇਡ ਦਾ ਅਨੰਦ ਤੁਸੀਂ ਲਿਓ। ਮੈਂ ਤਾਂ ਇਸ ਖੇਤਰ 'ਚ ਬਚਪਨ 'ਚ ਦਾਖਲ ਹੋਇਆ ਸੀ, ਜਾਣੀ 'ਬੀਅ' ਤੋਂ ਦਰਖਤ ਬਣ ਗਿਆ ਹਾਂ, ਪਰ ਕਈ ਗਾਇਕ ਤਾਂ ਬਹੁਤ ਵੱਡੇ ਬਣੇ ਪਰ...ਨਹੀਂ ਬਣ ਸਕੇ।...ਤੇ ਇਹੋ ਝੋਰਾ ਮੈਨੂੰ ਵੀ ਰਿਹੈ। ਪੀਣ ਵਾਲੇ ਜਾਣਦੇ ਹਨ ਕਿ ਓਲਡ ਵਾਈਨ ਜਾਂ ਓਲਡ ਵਿਸਕੀ ਗੋਲਡ ਵੀ ਹੁੰਦੀਆਂ ਹਨ। ਇਸੇ ਕਰ ਕੇ ਸੋਚਦਾ ਹਾਂ, ਪੁਰਾਣੀਆਂ ਬਾਤਾਂ ਨਵੇਂ ਯੁੱਗ ਵਿਚ ਸੁਆਦਲੀਆਂ ਬਹੁਤ ਲੱਗਣਗੀਆਂ।

ਮੇਰੀ ਜਨਮ ਭੋਇੰ ਪੋਡੂ ਹੈ। ਪਹਿਲਾਂ ਇਹ ਪਿੰਡ ਜਲੰਧਰ ਜ਼ਿਲ੍ਹੇ ਵਿਚ ਸੀ, ਫਿਰ ਨਵਾਂ ਸ਼ਹਿਰ 'ਚ ਆ ਗਿਆ। ਅੱਜਕੱਲ੍ਹ ਸ਼ਹੀਦ ਭਗਤ ਸਿੰਘ ਨਗਰ ਵਿਚ ਹੈ- ਪਿੰਡ ਭੌਰਾ। ਮੈਂ ਵੀ ਪਹਿਲਾਂ ਆਪਣੇ ਨਾਂ ਨਾਲ ਗੋਤ ਲਾਇਆ ਸੀ 'ਸਰੋਆ'। ਕੁਝ ਚਿਰ ਇਓਂ ਮੇਰੇ ਨਾਂ ਨਾਲ ਅਖਬਾਰਾਂ ਵਿਚ ਛਪਦਾ ਵੀ ਰਿਹਾ, ਫਿਰ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਧੂ ਸਿੰਘ ਭੌਰਾ ਦੇ ਨਾਂ ਤੋਂ ਪ੍ਰੇਰਿਤ ਅਤੇ ਪ੍ਰਭਾਵਿਤ ਹੋ ਕੇ ਆਪਣੇ ਨਾਂ ਨਾਲ ਪਿੰਡ ਦਾ ਨਾਂ ਜੋੜ ਲਿਆ ਤੇ ਹਾਲਾਤ ਹੁਣ ਇਹ ਨੇ ਕਿ ਸਾਰਾ ਪਿੰਡ ਹੀ ਜੱਟ ਗੋਤਾਂ ਦੀ ਨਹੀਂ, ਭੌਰਾ ਤਖੱਲਸ ਦੀ ਵਰਤੋਂ ਹੀ ਕਰਦਾ ਹੈ।

ਪਿੰਡ ਦੀ ਨਿਸ਼ਾਨਦੇਹੀ ਵੀ ਕਰਵਾ ਹੀ ਦਿੰਦਾ ਹਾਂ। ਜਦੋਂ ਕਦੇ ਜਲੰਧਰ ਤੋਂ ਅਨੰਦਪੁਰ ਸਾਹਿਬ ਜਾਣ ਦਾ ਮੌਕਾ ਲੱਗੇ, ਤਾਂ ਧਿਆਨ ਰੱਖਿਓ, ਬੰਗਾ ਤੋਂ ਅੱਗੇ ਤੇ ਗੜ੍ਹਸ਼ੰਕਰ ਤੋਂ ਪਹਿਲਾਂ ਬਾਬਾ ਸੇਵਾ ਸਿੰਘ ਦਾ ਪਿੰਡ ਆਵੇਗਾ-ਨੌਰਾ ਤੇ ਅੱਗੇ ਇਕ ਕਿਲੋਮੀਟਰ 'ਤੇ ਲੱਗਾ ਬੋਰਡ ਦੱਸੇਗਾ-ਭੌਰਾ। ਇਹ ਇਕ ਕਿਲੋਮੀਟਰ 'ਤੇ ਖੱਬੇ ਹੱਥ ਹੈ। ਸੱਤ ਪੱਕੀਆਂ ਸੜਕਾਂ ਇਸ ਪਿੰਡ ਨੂੰ ਇਲਾਕੇ ਨਾਲ ਜੋੜਦੀਆਂ ਹਨ ਤੇ ਪਿੰਡ ਦੇ ਇਕ ਹੱਥ ਸ਼ਹੀਦ ਭਗਤ ਸਿੰਘ ਦੇ ਨਾਨਕਿਆਂ ਦਾ ਪਿੰਡ ਮੋਰਾਂਵਾਲੀ ਹੈ। ਅੱਜਕੱਲ੍ਹ ਇਹ ਪਿੰਡ ਸ਼ਹਿਰਾਂ ਵਰਗਾ ਹੈ ਤੇ ਅੰਦਰ ਵੜ ਕੇ ਦੇਖੋਗੇ ਤਾਂ ਪੱਕੀਆਂ ਗਲੀਆਂ ਨਾਲੀਆਂ, ਵਿਦੇਸ਼ੀ ਧਨ ਨਾਲ ਬਣੀਆਂ ਆਲੀਸ਼ਾਨ ਇਮਾਰਤਾਂ ਕਈ ਵਾਰ ਸ਼ਹਿਰ ਨੂੰ ਵੀ ਮਾਤ ਪਾਉਂਦੀਆਂ ਹਨ। ਫਿਲਹਾਲ ਆਬਾਦੀ ਸਾਢੇ ਕੁ ਪੰਜ ਹਜ਼ਾਰ ਹੈ ਪਰ ਲੋਕ ਸੁਚੇਤ ਹੋਣ ਕਰ ਕੇ ਇਸ ਦੇ ਜ਼ਿਆਦਾ ਵਧਣ ਦੀ ਉਮੀਦ ਨਹੀਂ ਹੈ। ਨਸ਼ਿਆਂ 'ਚ ਹੁਣ ਇਸ ਪਿੰਡ ਦੇ ਲੋਕ ਵੀ ਗੁੱਟ ਰਹਿਣ ਲੱਗ ਪਏ ਹਨ।



*ਇਹ ਫੋਟੋ ਉਸ ਵਕਤ ਦੀ ਹੈ ਜਦੋਂ ਮੈਂ ਬਚਪਨ ਵਿਚ ਹੀ ਸਕੂਲੀ ਵਿਦਿਆ ਦੇ ਨਾਲ ਸਾਹਿਤ ਤੇ ਸੰਗੀਤ ਵੱਲ ਖੁੱਲ੍ਹਦੀ ਖਿੜਕੀ ਵੱਲ ਖਿਸਕ ਗਿਆ। ਇਹ 1977 ਦੀ ਤਸਵੀਰ ਹੈ ਜਦੋਂ ਮੈਂ ਨੌਵੀਂ ਵਿਚ ਪੜ੍ਹਦਾ ਸਾਂ।*

ਮੈਂ ਹਮੇਸ਼ਾ ਇਸ ਗੱਲ ਨੂੰ ਖੁਸ਼ਕਿਸਮਤੀ ਨਾਲ ਲਿਆ ਕਿ ਮੈਂ ਦਿਹਾੜੀਦਾਰ ਅਨਪੜ੍ਹ ਬਾਪ ਰਾਮ ਦਿੱਤਾ ਦਾ ਪੁੱਤਰ ਹਾਂ, ਪਰ ਚਾਰ ਭਰਾਵਾਂ ਤੇ ਦੋ ਭੈਣਾਂ ਵਿਚ ਸਭ ਤੋਂ ਛੋਟਾ ਹੋਣ ਕਾਰਨ ਲਾਡਲਾ ਤਾਂ ਸੀ, ਪਰ ਢਾਈ ਕੁ ਸਾਲ ਦਾ ਸਾਂ ਜਦੋਂ ਬਾਪ ਤੁਰ ਗਿਆ ਤੇ ਮੇਰੇ ਵਾਂਗ ਫਿਰ ਸਾਰਾ ਟੱਬਰ ਮਾਂ ਦੀ ਮਮਤਾ 'ਚੋਂ ਜ਼ਿੰਦਗੀ ਲੱਭਣ ਦਾ ਸੰਘਰਸ਼ ਕਰਨ ਲੱਗ ਪਿਆ। ਮੁਕੱਦਰਾਂ ਵਾਲਾ ਆਪਣੇ ਆਪ ਨੂੰ ਹੋਰ ਵੀ ਇਸ ਕਰ ਕੇ ਮੰਨਦਾ ਹਾਂ ਕਿ ਪਿੰਡ ਦੇ ਵੱਡੇ ਲੋਕ ਕਈ ਵਾਰ ਆਪਣੀ ਪਛਾਣ ਇਥੋਂ ਸ਼ੁਰੂ ਕਰਦੇ ਹਨ ਕਿ ਅਸ਼ੋਕ ਸਾਡੇ ਪਿੰਡ ਦਾ ਹੈ ਤੇ ਆਲੇ-ਦੁਆਲੇ ਦੇ ਪਿੰਡਾਂ ਵਾਲੇ ਕਹਿੰਦੇ ਹਨ- 'ਅਸੀਂ ਅਸ਼ੋਕ ਦੇ ਇਲਾਕੇ 'ਚੋਂ ਹਾਂ।' ਵੱਖਰੀ ਗੱਲ ਹੈ ਕਿ ਹਾਲਾਤ ਨੇ ਧੱਕੇ ਦੇ ਕੇ ਮੈਨੂੰ ਮੇਰੇ ਪੁੱਤਰਾਂ ਤੇ ਪਤਨੀ ਸਮੇਤ ਪਿੰਡੋਂ ਕੱਢ ਲਿਆਂਦਾ ਹੈ।

ਸਿਆਣੇ ਬੰਦੇ ਕਹਿੰਦੇ ਨੇ ਕਿ ਹਾਲਾਤ ਹੀ ਦੱਸਦੇ ਨੇ, ਮੀਂਹ ਪਵੇਗਾ ਜਾਂ ਨ੍ਹੇਰੀ ਆਵੇਗੀ, ਜਾਂ ਫਿਰ ਗਿੱਧਾ ਪਵੇਗਾ ਜਾਂ ਵੈਣ ਪੈਣਗੇ। ਤੇ ਵਕਤ ਦੀ ਸੁਰ ਨਾਲ ਇਕ ਸੁਰ ਹੋ ਕੇ ਹੀ ਸ਼ਖਸੀਅਤ ਉਸਰਦੀ ਹੈ। ਮੇਰਾ ਖਿਆਲ ਹੈ ਕਿ ਜਿਹੜੇ ਲੋਕ ਬੰਦੇ ਦੀ ਯੋਗਤਾ ਦੇਖ ਕੇ ਸੁਭਾਅ ਪਰਖਦੇ ਹਨ, ਉਹ ਮਕੈਨੀਕਲ ਇੰਜੀਨੀਅਰ ਸੁਣ ਕੇ ਕਹਿਣਗੇ- ਖੁਸ਼ਕ ਜਿਹਾ ਮਸ਼ੀਨੀ ਬੰਦਾ ਹੋਊ, ਤੇ ਜਿਨ੍ਹਾਂ ਨੂੰ ਮੇਰੇ ਕਾਗਜ਼ੀ ਸਰਟੀਫਿਕੇਟਾਂ ਬਾਰੇ ਕੋਈ ਜਾਣਕਾਰੀ ਨਹੀਂ, ਉਹ ਸੋਚਣਗੇ ਮਰਾਸੀਆਂ ਦਾ ਮੁੰਡਾ ਹੋਊ। ਕਰੀਬ ਦੋ ਦਹਾਕੇ ਜਿਨ੍ਹਾਂ ਨੇ ਮੇਰੇ ਦਰਸ਼ਨ ਟੈਲੀਵਿਜ਼ਨ 'ਤੇ ਹੀ ਕੀਤੇ, ਉਹ ਕਹਿੰਦੇ ਸੀ ਦੂਰਦਰਸ਼ਨ ਦਾ ਮੁਲਾਜ਼ਮ ਹੈ। ਅਖ਼ਬਾਰਾਂ ਪੜ੍ਹਨ ਵਾਲੇ ਸੋਚਦੇ ਰਹੇ ਕਿ ਇਹ ਫੁੱਲ ਟਾਈਮ ਇਹੋ ਕੰਮ ਕਰਦੈ। ਜਿਨ੍ਹਾਂ ਨੂੰ ਇਹ ਪਤਾ ਸੀ ਕਿ ਅਸ਼ੋਕ 'ਮਾਹਟਰ' ਲੱਗਾ ਹੋਇਐ, ਉਹ ਹੈਰਾਨ ਸਨ ਕਿ 'ਮਾਹਟਰ' ਦੇ ਸੱਦੇ 'ਤੇ ਗਵਰਨਰ ਵੀ ਆਈ ਜਾਂਦੇ ਨੇ, ਤੇ ਸਿੱਖਿਆ ਵਿਭਾਗ ਪੰਜਾਬ ਨੂੰ ਅਖੀਰ ਤੱਕ ਇਹ ਯਕੀਨ ਹੀ ਨਹੀਂ ਆਇਆ ਕਿ ਇਹ ਬੰਦਾ ਸਾਡੇ ਕੋਲ ਸਤਾਈ ਸਾਲ ਨੌਕਰੀ ਵੀ ਕਰ ਗਿਐ।...ਤੇ ਜਿਸ ਸੰਗੀਤ ਦੇ ਖੇਤਰ ਵਿਚ ਮੈਂ ਤਿੰਨ ਦਹਾਕੇ ਤੋਂ ਵੱਧ ਸਮਾਂ ਗੁਜ਼ਾਰਿਆ, ਜਿਹਨੂੰ ਕਈ ਲੋਕ ਕੰਜਰਖਾਨਾ ਵੀ ਦੱਸਦੇ ਰਹੇ ਹਨ, ਜਦੋਂ ਵਿਆਹ ਦੀ ਰੁੱਤੇ ਕਈ ਰਿਸ਼ਤੇ ਆਏ ਤਾਂ ਇਕ ਥਾਂ ਭਾਨੀਮਾਰ ਇਹ ਵੀ ਕਹਿਣ ਗਏ ਕਿ ਮੁੰਡਾ ਤਾਂ ਨੱਚਣ-ਗਾਉਣ ਵਾਲੀਆਂ 'ਚ ਰਹਿੰਦੈ। ਤੁਹਾਡੀ ਕੁੜੀ ਕਿੱਥੇ ਰੱਖੂ।...ਤੇ ਪੰਜਾਬ ਦੇ ਮਾੜੇ ਹਾਲਾਤ 'ਚ ਸਿਸ਼ਤਾਂ ਦੀ ਸੰਗੀਨ ਤੇ ਡਰਾਉਣੀ ਛਾਂ ਹੇਠੋਂ ਮੈਂ ਬੜਾ ਔਖਾ ਨਿਕਲਿਆ।

ਅਸਲ ਵਿਚ ਮੇਰੇ ਅੰਦਰ ਦੋ ਮਨੁੱਖ ਤੀਗੜਦੇ ਰਹੇ ਹਨ। ਪਹਿਲਾ ਇਹ ਕਿ ਮੈਂ ਉਸ ਤਰ੍ਹਾਂ ਦਾ ਕਹਾਣੀਕਾਰ ਪੰਜਾਬੀ ਖੇਤਰ ਵਿਚ ਬਣਨਾ ਚਾਹੁੰਦਾ ਸੀ ਜਿਵੇਂ ਮੁਨਸ਼ੀ ਪ੍ਰੇਮ ਚੰਦ ਦਾ ਸਥਾਨ ਹਿੰਦੀ ਕਹਾਣੀ 'ਚ ਹੈ। ਇਸੇ ਲਈ ਸੰਤ ਸਿੰਘ ਸੇਖੋਂ ਦੀਆਂ ਲੱਤਾਂ ਬੜੀਆਂ ਘੁੱਟੀਆਂ। ਸ਼ਾਇਰੀ ਦੀ ਬਹਿਰ ਮੈਂ ਨੌਵੀਂ 'ਚ ਪੜ੍ਹਦੇ ਨੇ ਪਿੰਗਲ ਪੜ੍ਹ ਕੇ ਸਿੱਖ ਲਈ ਤੇ ਗਜ਼ਲ ਵੀ ਲਿਖਣ ਲੱਗ ਪਿਆ ਸੀ, ਪਰ ਮੈਨੂੰ ਸ਼ਿਵ ਜਾਂ ਪਾਤਰ ਬਣਨ ਦਾ ਭਰਮ ਨਹੀਂ ਸੀ। ਗੀਤਕਾਰੀ 'ਚ ਦੇਵ ਥਰੀਕਿਆਂ ਵਾਲਾ ਬਣਨ ਦਾ ਚਾਅ ਗੋਡੇ-ਗੋਡੇ ਚੜ੍ਹਿਆ ਰਿਹਾ। ਲਿਖਣ ਦੇ ਸ਼ੁਰੂਆਤੀ ਦੌਰ ਵਿਚ 'ਜਗਬਾਣੀ', 'ਅਜੀਤ' ਤੇ 'ਪੰਜਾਬੀ ਟ੍ਰਿਬਿਊਨ' ਨੇ ਮੇਰੀਆਂ ਕਹਾਣੀਆਂ ਉਦੋਂ ਛਾਪੀਆਂ ਜਦੋਂ ਹਾਲੇ ਮੈਂ ਦਸਵੀਂ ਤੋਂ ਵੀ ਪਿਛਾਂਹ ਸਾਂ ਤੇ ਕੁਲਵੰਤ ਸਿੰਘ ਵਿਰਕ ਦੀ 'ਦੁੱਧ ਦਾ ਛੱਪੜ', ਕਰਤਾਰ ਸਿੰਘ ਦੁੱਗਲ ਦੀ 'ਕਰਾਮਾਤ' ਵਰਗੀਆਂ ਕਹਾਣੀਆਂ ਵੀ ਨਹੀਂ ਪੜ੍ਹੀਆਂ ਸਨ, ਪਰ ਨਾਲ-ਨਾਲ ਲੁੱਚ-ਗੜੁੱਚ ਪੁੱਠੇ ਸਿੱਧੇ ਗੀਤ ਲਿਖਣ ਲੱਗ ਪਿਆ ਸਾਂ; ਇਸ ਵਹਿਮ ਨਾਲ ਕਿ ਲੋਕ ਰਾਤੋ-ਰਾਤ ਮੈਨੂੰ ਜਾਨਣ ਲੱਗ ਪੈਣਗੇ।

ਸੰਗੀਤ ਨਾਲ ਹਰ ਮਨੁੱਖ ਦਾ ਸਬੰਧ ਹੈ। ਵੱਖਰੀ ਗੱਲ ਹੈ ਕਿ ਕਈ ਲੋਕਾਂ ਨੂੰ ਇਸ ਗੱਲ ਨਾਲ ਇਸ਼ਕ ਕਰਨ ਦਾ ਚਾਅ ਹੀ ਨਹੀਂ ਉਠਦਾ। ਸੰਗੀਤ ਦਾ ਦੀਵਾ ਹਰ ਕਿਸੇ ਦੀ ਜ਼ਿੰਦਗੀ ਵਿਚ ਬਲਦਾ ਹੈ, ਪਰ ਇਸ ਦੀ ਆਰਤੀ ਉਤਾਰਨੀ ਕਿਸੇ-ਕਿਸੇ ਨੂੰ ਹੀ ਆਉਂਦੀ ਹੈ। ਮੈਂ ਇਸ ਦੀ ਜੋਤ ਹਰ ਵੇਲੇ ਜਗਾ ਕੇ ਰੱਖੀ ਹੈ ਤੇ ਸੰਗੀਤ ਦਾ ਪ੍ਰਸਾਦ ਕਰੀਬ ਤਿੰਨ ਦਹਾਕੇ ਵੰਡਦਾ ਰਿਹਾ ਹਾਂ। ਸਾਰੇ ਮੰਨਦੇ ਨੇ ਕਿ ਮਹਾਂਭਾਰਤ ਸਿਆਣੇ ਲੋਕਾਂ ਦੀ ਮੂਰਖਾਂ ਵਾਲੀ ਕਹਾਣੀ ਹੈ, ਪਰ ਪੰਜਾਬੀ ਗਾਇਕੀ ਤੇ ਸੰਗੀਤ ਦੇ ਜਿਸ ਮਹਾਂਭਾਰਤ 'ਚੋਂ ਮੈਂ ਪਾਤਰ ਬਣ ਕੇ ਗੁਜ਼ਰਿਆ ਹਾਂ, ਉਹਦੀ ਗੱਲ ਕਰਦਿਆਂ ਕਈ ਵਾਰ ਮਹਿਸੂਸ ਹੁੰਦਾ ਹੈ, ਮੁੰਦਰਾਂ ਤਾਂ ਅਸਲੀ ਸਨ ਪਰ ਕੰਨ ਨਕਲੀ ਲਗਦੇ ਰਹੇ। ਦਰੋਪਦੀ ਕਾਰਵਾਂ ਨੇ ਨਹੀਂ, ਪਾਂਡਵਾਂ ਨੇ ਹੀ ਨਿਰਵਸਤਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਮਹਾਂਖੇਤਰ ਵਿਚ ਵਿਚਰਦਿਆਂ ਹੀ ਪਤਾ ਲੱਗਾ ਕਿ ਸੀ ਤਾਂ ਖਰਬੂਜਾ, ਪਰ ਵਿਚੋਂ ਬੀਅ ਪਤਾ ਨਹੀਂ ਕਰੇਲੇ ਦੇ ਕਿਵੇਂ ਨਿਕਲ ਆਏ? ਇਸ ਖਿੱਤੇ 'ਚ ਰਹਿ ਕੇ ਹੀ ਅਹਿਸਾਸ ਹੋਇਆ ਕਿ ਭਾਈ ਗੁਰਦਾਸ ਨੇ ਸ਼ਾਇਦ 'ਮਦ ਵਿਚ ਰਿੱਧਾ ਪਾ ਕੇ ਕੁੱਤੇ ਦਾ ਮਾਸ' ਅਕ੍ਰਿਤਘਣ ਲੋਕਾਂ ਬਾਰੇ ਸਤਰਾਂ ਇਸ ਕਰ ਕੇ ਲਿਖੀਆਂ ਹੋਣ ਕਿ ਇਹ ਸ਼ਾਇਦ ਇਸ ਖਿੱਤੇ ਦੇ ਲੋਕਾਂ 'ਤੇ ਵੱਧ ਢੁਕਵੀਆਂ ਸਾਬਤ ਹੋਣਗੀਆਂ।

ਖ਼ੈਰ! ਥੋੜ੍ਹਾ ਪਿੱਠ-ਭੂਮੀ ਵੱਲ ਮੁੜਦੇ ਹਾਂ। ਸਾਡੇ ਇਲਾਕੇ 'ਚ ਜਾਡਲੇ ਦੇ ਮਲੂਕ ਚੰਦ ਪਾਗਲ ਦੇ ਡਰਾਮੇ ਬੜੇ ਮਸ਼ਹੂਰ ਸਨ ਤੇ ਰਵਿਦਾਸ ਲੀਲ੍ਹਾ ਵੀ ਉਹ ਬਹੁਤ ਪਿਆਰੀ ਖੇਡਦਾ ਸੀ। ਮੇਰਾ ਸਭ ਤੋਂ ਵੱਡਾ ਭਰਾ ਨਸੀਬ ਚੰਦ ਉਦਾਂ ਦਾ ਹੀ ਸੀ, ਜਿੱਦਾਂ ਦੇ ਸੁਭਾਅ ਦੇ ਫੌਜੀ ਹੁੰਦੇ ਹੀ ਹਨ, ਪਰ ਦੂਜੇ ਨੰਬਰ ਵਾਲਾ ਅਮਰੀਕ ਪਹਿਲਾਂ ਤੋਂ ਹੀ ਸੰਤ ਸੁਭਾਅ ਦਾ ਤੇ ਹੁਣ ਤੱਕ ਗਿਆਨੀ ਧਿਆਨੀ ਹੀ ਹੈ। ਉਹਦਾ ਸਫ਼ਰ ਹਾਲੇ ਤੱਕ ਵੀ ਗੁਰੂ ਘਰ ਤੋਂ ਅੱਗੇ ਨਹੀਂ ਜਾਂਦਾ। ਅਨਪੜ੍ਹ ਹੋਣ ਦੇ ਬਾਵਜੂਦ ਉਹਨੂੰ ਜਾਨੀ ਚੋਰ, ਨਲ-ਦਮਯੰਤੀ, ਰਾਜਾ ਰਸਾਲੂ ਦੀਆਂ ਕਹਾਣੀਆਂ ਜ਼ੁਬਾਨੀ ਯਾਦ ਸਨ ਤੇ ਮੇਰੀਆਂ ਦੋਵੇਂ ਭੈਣਾਂ ਕਮਲਾ ਤੇ ਪਰਮਿੰਦਰ ਗਰਮੀਆਂ ਵਿਚ ਕਦੇ-ਕਦੇ, ਪਰ ਸਰਦੀਆਂ ਵਿਚ ਤਕਰੀਬਨ ਹਰ ਰਾਤ ਨੂੰ ਰਜਾਈ 'ਚ ਬੈਠ ਕੇ ਸਾਂਝੇ ਟੱਬਰ ਵਿਚ ਕਦੇ ਬਾਤਾਂ ਤੇ ਕਦੇ ਅਜਿਹੀਆਂ ਕਹਾਣੀਆਂ ਸੁਣਦੇ। ਘਰ ਵਿਚ ਸਭ ਤੋਂ ਛੋਟਾ ਹੋਣ ਕਰ ਕੇ ਹੁੰਗਾਰਾ ਮੇਰੀਆਂ ਭੈਣਾਂ ਦਿੰਦੀਆਂ, ਪਰ ਸੁਣਦਾ ਮੈਂ ਵੀ। ਕਈ ਵਾਰ ਭਰਾ ਆਨਾ-ਕਾਨੀ ਕਰਦਾ ਤਾਂ ਬੇਬੇ ਬੁਝਾਰਤਾਂ ਨਾਲ ਸੌਣ ਤੋਂ ਪਹਿਲਾਂ ਦਾ ਸੰਗੀਤਕ ਮਾਹੌਲ ਬਣਾ ਦਿੰਦੀ।

ਡਰਾਮੇ, ਰਾਮ ਲੀਲ੍ਹਾ, ਨਕਲਾਂ ਮੇਰੇ ਉਕਤ ਭਰਾ ਨੇ ਮੈਨੂੰ ਦਸ-ਦਸ ਕੋਹ 'ਤੇ ਮੋਢਿਆਂ ਉਤੇ ਬਿਠਾ ਕੇ ਪੈਦਲ ਚੱਲ ਕੇ ਦਿਖਾਈਆਂ। ਉਦੋਂ ਨਹੀਂ ਲਗਦਾ ਸੀ ਕਿ ਮੇਰਾ ਇਹ ਭਰਾ ਕਿਸੇ ਅਜਿਹੇ ਮਕਾਨ ਦੀ ਨੀਂਹ ਰੱਖ ਰਿਹੈ ਜਿਸ ਦੀਆਂ ਦੀਵਾਰਾਂ ਦੀ ਚਿਣਾਈ ਤੇ ਲਿਪਾਈ ਮੈਂ ਬਾਅਦ ਵਿਚ 'ਕੱਲਾ ਹੀ ਕਰਾਂਗਾ। ਪਤਾ ਤਾਂ ਮੈਨੂੰ ਬਾਅਦ 'ਚ ਲੱਗਾ ਕਿ ਚੰਗੀਆਂ ਕਿਤਾਬਾਂ ਚੋਰੀ ਕਰਨ ਵਿਚ ਕੋਈ ਹਰਜ ਨਹੀਂ ਹੁੰਦਾ, ਪਰ ਪਤਾ ਨਹੀਂ ਮੈਂ ਕਿਵੇਂ ਛੇਵੀਂ ਵਿਚ ਪੜ੍ਹਦੇ ਨੇ ਲਾਗਲੇ ਪਿੰਡ ਮਾਹਿਲ ਗਹਿਲਾਂ ਦੇ ਦੁਸਹਿਰੇ ਤੋਂ ਕਮਜ਼ੋਰ ਨਜ਼ਰ ਵਾਲੇ ਇਕ ਬਜ਼ੁਰਗ ਦੀ ਦੁਕਾਨ ਤੋਂ 'ਜ਼ਿੰਦਗੀ ਬਿਲਾਸ' ਚੋਰੀ ਕਰ ਲਿਆ ਤੇ ਕੁਝ ਦਿਨਾਂ ਬਾਅਦ ਸਾਡੇ ਪਿੰਡ ਸਿੰਬਲ ਮਜਾਰੇ ਵਾਲੇ ਗਿਆਨੀ ਮਹਿੰਗਾ ਸਿੰਘ ਦਾ ਜਦੋਂ ਡਰਾਮਾ ਖੇਡਿਆ ਗਿਆ, ਤਾਂ ਸਾਰੀ ਟੀਮ ਸਾਡੇ ਬਾਹਰਲੇ ਘਰ ਠਹਿਰੀ। ਮੈਨੂੰ ਪਤਾ ਸੀ ਕਿ ਇਨ੍ਹਾਂ ਨੇ ਰਾਤ ਨੂੰ ਅਠਿਆਨੀ ਨੂੰ ਕਿੱਸੇ ਵੇਚੇ ਸਨ ਗੀਤਾਂ ਵਾਲੇ, ਤੇ ਜਦੋਂ ਸਵੇਰ ਨੂੰ ਸਾਡੇ ਘਰਾਂ ਲਾਗੇ ਚਲਦੇ ਹਲਟ 'ਤੇ ਡਰਾਮੇ ਵਾਲੀ ਸਾਰੀ ਟੀਮ ਨਹਾਉਣ ਚੱਲੀ ਤਾਂ ਮੈਨੂੰ 'ਕਾਕਾ ਸਾਡੇ ਸਾਮਾਨ ਦੀ ਰਾਖੀ ਕਰੀਂ' ਕਹਿ ਕੇ ਉਨ੍ਹਾਂ ਤਾਂ ਮੈਨੂੰ ਇਮਾਨਦਾਰ ਸਮਝਿਆ, ਪਰ ਮੈਂ ਫਿਰ 'ਕਿੱਸਿਆਂ ਦਾ ਚੋਰ' ਬਣ ਗਿਆ। ਉਨ੍ਹਾਂ ਦੇ ਇਕ ਬੈਗ 'ਚੋਂ ਮੈਂ ਚਾਰ ਕਿੱਸੇ ਕੱਢ ਕੇ ਲੁਕੋ ਲਏ ਤੇ ਚਾਲੀ ਸਾਲ ਬੀਤਣ ਦੇ ਬਾਵਜੂਦ ਹਾਲੇ ਤੀਕਰ ਸੰਭਾਲੇ ਪਏ ਹਨ। ਮਹਿੰਦਰ ਸਿੰਘ ਪਰਦੇਸੀ ਦੇ ਲਿਖੇ ਇਨ੍ਹਾਂ ਧਾਰਮਿਕ ਭਜਨਾਂ 'ਚੋਂ ਹਾਲੇ ਵੀ ਮੈਨੂੰ ਕੁਝ ਸਤਰਾਂ ਚੇਤੇ ਹਨ:

ਚੰਗੇ ਕੰਮ ਕਰ ਬੰਦਿਆ,
ਏਥੇ ਚਾਰ ਦਿਨਾਂ ਦਾ ਰਹਿਣਾ,
ਕ੍ਰਿਸ਼ਨ ਮੁਰਾਰੀ ਨੇ
ਫੜ ਕੇ ਕੇਸਾਂ ਤੋਂ ਪਟਕਾਉਣਾ...।

ਰੰਗਾਂ ਵਾਲੀ ਹੋਲੀ ਮੈਂ ਕਦੇ ਨਹੀਂ ਖੇਡੀ, ਪਰ ਸੰਗੀਤ ਦੀ ਹੋਲੀ ਵਿਚ ਅਗਲਾ ਰੰਗ ਮੇਰੇ 'ਤੇ ਇਹ ਪਿਆ ਕਿ ਸਾਡੇ ਪਿੰਡ ਦਾ ਬਜ਼ੁਰਗ ਮੰਗਲ ਸਿੰਘ ਸੀ ਤਾਂ ਕੋਰੇ ਕਾਗਜ਼ ਵਰਗਾ ਅਨਪੜ੍ਹ, ਪਰ ਉਹ ਢਾਡੀ ਅਮਰ ਸਿੰਘ ਸ਼ੌਂਕੀ ਦੇ ਗੀਤ ਬੜੀ ਰੀਝ ਨਾਲ ਗਾਉਂਦਾ ਸੀ। ਆਥਣੇ ਬੇਈਂ ਕਿਨਾਰੇ ਡੰਗਰ ਚਾਰਦੇ ਗੱਭਰੂਆਂ ਨੇ ਉਹਨੂੰ ਗਾਉਣ ਲਈ ਆਖਣਾ, ਪਰ ਉਹ ਛੇਤੀ ਕੀਤੇ ਮੰਨਦਾ ਨਹੀਂ ਸੀ। ਤੇ ਅਸੀਂ ਤਾਇਆ ਤਾਇਆ ਕਹਿ ਕੇ ਉਹ ਨੂੰ ਮਨਾ ਲੈਂਦੇ। ਸ਼ੁਰੂ ਹੋਣ ਦੀ ਦੇਰ ਸੀ, ਫਿਰ ਉਹ ਹਟਦਾ ਆਪਣੀ ਮਰਜ਼ੀ ਨਾਲ ਹੀ ਸੀ:

ਸੱਜਣੀ ਹੱਸ ਕੇ ਹੱਸ ਕੇ ਬੋਲ...
ਜਾਂ
ਦੋ ਤਾਰਾ ਵੱਜਦਾ ਵੇ...
ਜਾਂ
ਛੋਟੇ ਲਾਲ ਦੇ ਪਿਆਰੇ...

ਉਹਨੇ ਫਿਰ ਇਕੋ ਸਾਹੇ ਗਾ ਕੇ ਹੀ ਸਾਹ ਲੈਣਾ। ਮੁੰਡੀਰ ਨੇ ਮੰਗਲ ਸਿਹੁੰ ਦਾ ਨਾਂ 'ਸੱਜਣੀ' ਪਾ ਲਿਆ ਸੀ ਤੇ ਲੰਘਦੇ ਵੜਦੇ ਨੂੰ ਜਦੋਂ 'ਸੱਜਣੀ ਆ ਗਈ' ਕਹਿਣਾ ਤਾਂ ਉਹਨੇ ਮਣ-ਮਣ ਪੱਕੀਆਂ ਗਾਲਾਂ ਕੱਢਣੀਆਂ। ਇਹ ਬਜ਼ੁਰਗ ਹੁਣ ਸਾਡੇ ਵਿਚਕਾਰ ਨਹੀਂ ਰਿਹਾ। ਇਸ ਗੱਲ ਦਾ ਮੈਂ ਜ਼ਿਕਰ ਅੱਗੇ ਚੱਲ ਕੇ ਕਰਾਂਗਾ ਕਿ ਇਸੇ ਬਜ਼ੁਰਗ ਨੇ ਮੈਨੂੰ ਸ਼ੌਂਕੀ ਮੇਲਾ ਲਾਉਣ ਲਈ ਸਪੇਰੇ ਵਾਂਗ ਕੀਲ ਲਿਆ ਸੀ।

ਇਕ ਵਾਰ ਸਾਡੇ ਪਿੰਡ ਬਿਮਲਾ ਨਾਂ ਦੀ ਗਾਉਣ ਵਾਲੀ ਆਈ ਤਾਂ ਰੁੜਕੇ ਵਾਲੇ ਜੱਟਾਂ ਨੇ ਉਹਨੂੰ ਹਵੇਲੀ ਪੱਕੇ ਤੌਰ 'ਤੇ ਹੀ ਰੱਖ ਲਿਆ। ਸੁਨੱਖੀ ਹੋਣ ਕਰ ਕੇ ਜੱਟ ਉਹ ਸ਼ੁਦਾਈ ਜਿਹੇ ਹੋ ਗਏ ਤੇ ਰੋਜ਼ ਆਥਣੇ ਉਨ੍ਹਾਂ ਦੀ ਹਵੇਲੀ ਅਖਾੜਾ ਲੱਗਣਾ। ਭਲੇ ਦਿਨ ਗੈਸ ਲੈਂਪ ਜਗਣੇ ਤੇ ਸਾਰੇ ਪਿੰਡ ਨੇ ਕਣਕ ਵੱਢਦਿਆਂ, ਹਾੜ੍ਹੀ ਸੰਭਾਲਦਿਆਂ ਰਾਤ ਚਾਵਾਂ ਨਾਲ ਗੁਜ਼ਰਨੀ। ਇਹ ਵੀ ਗੱਲ ਸੱਚੀ ਹੈ ਕਿ ਸਾਡੇ ਪਿੰਡ ਦਾ ਇਕ ਬੋਲਾ ਜਿਹਨੂੰ ਬਤਨਾ ਆਂਹਦੇ ਸਨ, ਗਾਇਕਾ ਬਿਮਲਾ ਦੇ ਵਿਯੋਗ 'ਚ ਪਾਗਲ ਹੋ ਗਿਆ ਸੀ। ਸਾਰੇ ਪੈਸੇ ਲੁਟਾ 'ਤੇ। ਜਦੋਂ ਕਿਤੇ ਬੋਲੇ ਨੇ ਗਲੀ 'ਚੋਂ ਲੰਘਣਾ ਤਾਂ ਛੋਕਰ-ਖੇਲ ਨੇ ਛੇੜ ਦੇਣਾ-'ਆ ਗਈ ਬੋਲਿਆ ਬਿਮਲਾ।' ਬਿਮਲਾ ਨਾ ਪਤਾ ਨਹੀਂ ਉਹਨੂੰ ਕਿਵੇਂ ਸੁਣ ਜਾਂਦਾ ਸੀ, ਉਹਨੇ ਗੁੱਸੇ 'ਚ ਆ ਕੇ ਗਾਲਾਂ ਕੱਢਣੀਆਂ, "ਸਾਲਿਓ, ਕਿੱਥੇ ਐ? ਤੁਹਾਡੀ ਮਾਸੀ, ਭੂਆ ਲਗਦੀ ਐ ਕੰਜਰ ਦਿਓ...ਕੁੱਤਿਓ ਸਾਲਿਓ। ਇਕ ਦਿਨ ਬਿਮਲਾ ਘਰ ਨਾ ਲਿਆਂਦੀ ਤਾਂ ਬੋਲਾ ਨਾ ਕਿਹੋ।" ਉਦੋਂ ਮੈਂ ਸੱਤਵੀਂ 'ਚ ਪੜ੍ਹਦਾ ਸੀ। ਇਨ੍ਹਾਂ ਗੱਲਾਂ ਦਾ ਤਾਂ ਮੈਨੂੰ ਬਹੁਤਾ ਇਲਮ ਨਹੀਂ ਸੀ ਪਰ ਸਕੂਲੋਂ ਆ ਕੇ ਹਾਣੀਆਂ ਨਾਲ ਰੁੜਕੀਆਂ ਦੀ ਹਵੇਲੀ ਚਲੇ ਜਾਣਾ ਤੇ ਗੱਲਾਂ ਕਰਨੀਆਂ, "ਆਹ ਐ ਬਿਮਲਾ ਜਿਹਦੀ ਰਾਤ ਨੂੰ ਗਾਉਂਦੀ ਹੁੰਦੀ ਐ।" ਜੋਗਿੰਦਰ ਨੇ ਕਹਿਣਾ, "ਮਾੜੀ ਧੀਤੀ ਨਹੀਂ ਗਾ ਸਕਦੀ। ਗਾਉਣਾ ਸੋਹਣੀਆਂ ਨੂੰ ਹੀ ਆਉਂਦੈ।" ਤੇ ਫਾਂਟਾਂ ਵਾਲਾ ਪਜਾਮਾ ਪਾ ਕੇ ਲੱਕ 'ਤੇ ਇਕ ਹੱਥ ਰੱਖ ਟੇਡਾ ਜਿਹਾ ਹੋ ਕੇ ਬਿਮਲਾ ਹੀ ਦੇਖੀ ਜਾਣੀ, "ਓ ਨਿੰਮਿਆ, ਭੱਜ ਕੇ ਆ, ਸਾਲਿਆ ਦੇਖ ਅਹੁ ਰੋਟੀ ਕਿੱਦਾਂ ਖਾਂਦੀ ਐ।" ਸਾਥੋਂ 2-3 ਸਾਲ ਵੱਡੇ ਲਫੰਗੇ ਜਿਹੇ ਬਿੱਕਰ ਨੇ ਕਹਿਣਾ, "ਢੋਲਕੀਆਂ ਬਾਜੇ ਵਾਲੇ ਚੰਗੇ ਆ ਸਾਲੇ, ਜਿਨ੍ਹਾਂ ਨਾਲ ਹਰ ਵੇਲੇ ਰਹਿੰਦੀ ਐ।"

ਅਸਲ ਵਿਚ ਇਹ ਸਾਰਾ ਕੁਝ ਉਵੇਂ ਸੀ ਜਿਵੇਂ ਕਿਸੇ ਨਵੇਂ ਰੰਗਰੂਟ ਨੂੰ ਸਰਹੱਦ 'ਤੇ ਜਾਣ ਤੋਂ ਪਹਿਲਾਂ ਔਖੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਸੱਚ ਤਾਂ ਇਹ ਵੀ ਸੀ ਕਿ ਪੰਜਾਬੀ ਗਾਇਕੀ 'ਚ ਦਾਖਲ ਹੋਣ ਦਾ ਇਹ ਮੇਰਾ ਐਂਟਰੈਂਸ ਟੈਸਟ ਹੋ ਰਿਹਾ ਸੀ ਜਿਵੇਂ ਨੱਚਣ ਤੋਂ ਪਹਿਲਾਂ ਝਾਂਜਰਾਂ ਗਿੱਟੇ ਦੁਆਲੇ ਬੰਨ੍ਹਣ ਦਾ ਜੁਗਾੜ ਹੋ ਰਿਹਾ ਹੋਵੇ।




*ਜਲੰਧਰ-ਸ੍ਰੀ ਅਨੰਦਪੁਰ ਸਾਹਿਬ ਮਾਰਗ 'ਤੇ ਬੰਗਾ-ਗੜ੍ਹਸ਼ੰਕਰ ਦਰਮਿਆਨ ਮੇਰੇ ਪਿੰਡ ਦੀ ਨਿਸ਼ਾਨਦੇਹੀ ਕਰਵਾਉਂਦਾ ਹੈ ਇਹ ਸਰਕਾਰੀ ਬੋਰਡ*

(ਚਲਦਾ)

# ਰਿਧਿ ਸਿਧਿ ਅਵਰਾ ਸਾਦ

**ਗੁਰਮਤਿ ਵਿਚਾਰ**



ਡਾ. ਗੁਰਨਾਮ ਕੌਰ, ਕੈਨੇਡਾ

ਅੱਜ ਕਲ੍ਹ ਤਰ੍ਹਾਂ ਤਰ੍ਹਾਂ ਦੇ ਸਾਧਾਂ-ਸੰਤਾਂ, ਤਾਂਤ੍ਰਿਕਾਂ ਦਾ ਬੋਲ-ਬਾਲਾ ਹੈ। ਕੈਨੇਡਾ ਦੀਆਂ ਅਖ਼ਬਾਰਾਂ ਵਿਚ ਖ਼ਬਰਾਂ ਅਤੇ ਸਾਹਿਤਕ ਸਮੱਗਰੀ ਨਾਲੋਂ ਇਨ੍ਹਾਂ ਬਾਬਿਆਂ ਦੇ ਇਸ਼ਤਿਹਾਰ ਵੱਧ ਲੱਗੇ ਹੁੰਦੇ ਹਨ। ਕੀ ਹਿੰਦੂ, ਕੀ ਸਿੱਖ-ਸਭ ਆਪਣੀਆਂ ਔਕੜਾਂ ਦਾ ਹੱਲ ਲੱਭਣ ਲਈ ਇਨ੍ਹਾਂ ਵੱਲ ਤੁਰੇ ਹੁੰਦੇ ਹਨ। ਹਰ ਇੱਕ ਬਾਰੇ ਇਹੀ ਲਿਖਿਆ ਹੁੰਦਾ ਹੈ ਕਿ ਇਸ ਬਾਬੇ ਜਾਂ ਬਾਬੀ ਤੋਂ ਵੱਧ ਹੋਰ ਕੋਈ ਰਿਧੀ ਅਤੇ ਸਿੱਧੀ ਦਾ ਮਾਲਕ ਹੋ ਹੀ ਨਹੀਂ ਸਕਦਾ। ਇਸ ਲੇਖ ਦਾ ਮਕਸਦ ਇਸੇ ਤੱਥ ਵੱਲ ਝਾਤ ਮਾਰਨਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਾਂ ਸਿੱਖ ਧਰਮ ਚਿੰਤਨ ਦਾ ਇਸ ਪਾਸੇ ਕੀ ਨਜ਼ਰੀਆ ਹੈ? 'ਰਿਧਿ' ਸ਼ਬਦ ਦਾ ਮੂਲ ਸੰਸਕ੍ਰਿਤ ਭਾਸ਼ਾ ਹੈ ਅਤੇ ਇਸ ਦੇ ਕਈ ਅਰਥ ਹਨ। ਰਿਧਿ ਹਿੰਦੂ ਦੇਵਤੇ ਗਣੇਸ਼ ਦੀ ਪਤਨੀ ਦਾ ਨਾਂ ਹੈ। ਹਿੰਦੂ ਦੇਵੀ ਲਕਸ਼ਮੀ ਨੂੰ ਵੀ 'ਰਿਧਿ' ਆਖਦੇ ਹਨ। ਨੇਪਾਲ ਦੀ ਇੱਕ ਰਾਣੀ ਦਾ ਨਾਂ ਵੀ ਰਿਧਿ ਹੈ ਅਤੇ ਜਾਦੂ ਰਾਹੀਂ ਪੈਦਾ ਕੀਤੇ ਇੱਕ ਭੂਤ ਨੂੰ ਵੀ ਰਿਧਿ ਆਖਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ 'ਰਿਧਿ' ਦਾ ਅਰਥ 'ਬਿਭੂਤੀ, ਸੰਪਦਾ' ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ 'ਰਿਧਿ' ਸ਼ਬਦ ਇਸੇ ਅਰਥ ਵਿਚ ਆਇਆ ਹੈ। ਵੈਸੇ ਵੀ ਹਿੰਦੂ ਵਿਚਾਰਧਾਰਾ ਅਨੁਸਾਰ ਲਕਸ਼ਮੀ ਨੂੰ ਧੰਨ-ਸੰਪਦਾ ਦੀ ਦੇਵੀ ਮੰਨਿਆ ਜਾਂਦਾ ਹੈ ਅਤੇ ਇਸ ਨੂੰ ਸ਼ਿਵਜੀ ਦੀ ਅਰਧੰਗਨੀ ਕਰਕੇ ਜਾਣਿਆ ਜਾਂਦਾ ਹੈ। ਇਸ ਲਈ ਸ਼ੈਵ ਮੱਤ ਵਿਚ ਸ਼ਿਵ ਦੇ ਨਾਲ-ਨਾਲ ਸ਼ਕਤੀ (ਲਕਸ਼ਮੀ) ਦੀ ਵੀ ਪੂਜਾ ਕੀਤੀ ਜਾਂਦੀ ਹੈ। ਸ਼ਿਵ ਮਹਾਂ ਪੁਰਾਣ ਦੇ ਕੈਲਾਸ਼-ਸੰਹਿਤਾ ਵਿਚ ਸ਼ੈਵ ਮੱਤ ਦੀ ਵਿਆਖਿਆ ਕਰਦਿਆਂ ਸੁਰਿੰਦਰਨਾਥ ਦਾਸਗੁਪਤਾ ਨੇ ਦੱਸਿਆ ਹੈ ਕਿ ਵੇਦਾਂ ਵਿਚ ਬ੍ਰਹਮ ਸਤ-ਚਿੱਤ ਅਤੇ ਅਨੰਦ ਦਾ ਇਕੱਤਵ ਹੈ ਜੋ ਅਲਿੰਗ ਹੈ। ਇਸ ਦਾ ਅਲਿੰਗ (ਨਿਊਟਰਲ) ਚਰਿਤਰ ਇਸ ਦੇ ਪੁਰਸ਼ ਹੋਣ ਦਾ ਪ੍ਰਤੀਕ ਹੈ ਜਿਸ ਦਾ ਸੁਭਾਅ 'ਪ੍ਰਕਾਸ਼ਮਈ' ਹੈ। ਸਤਿ-ਚਿੱਤ-ਅਨੰਦ ਦੇ ਇਕੱਤਵ ਦੀ ਸੁਚੇਤਨਾ ਇਸਤਰੀ ਹਿੱਸੇ ਦੀ ਪ੍ਰਤੀਕ ਹੈ। ਇਸ ਤਰ੍ਹਾਂ ਪੁਰਸ਼ ਅਤੇ ਇਸਤਰੀ ਦੋਹਾਂ ਦਾ ਸੁਭਾਅ 'ਪ੍ਰਕਾਸ਼ਮਈ' ਅਤੇ ਚੇਤਨਾ ਹੈ ਅਤੇ ਇਹ ਦੋਵੇਂ ਮਿਲ ਕੇ ਸ੍ਰਿਸ਼ਟੀ ਰਚਨਾ ਦਾ ਕਾਰਨ ਬਣਦੇ ਹਨ।

ਉਪਰੋਕਤ ਵਿਦਵਾਨ ਇਸ ਦੀ ਵਿਆਖਿਆ ਕਰਦੇ ਹੋਏ ਲਿਖਦਾ ਹੈ ਕਿ ਸ਼ਿਵ ਅਤੇ ਸ਼ਕਤੀ ਜਦੋਂ ਮਿਲ ਜਾਂਦੇ ਹਨ ਤਾਂ ਇਹ ਪਰਮ-ਸ਼ਕਤੀ ਬਣ ਜਾਂਦੇ ਹਨ ਜਿਸ ਨੂੰ ਪਰਾ-ਸ਼ਕਤੀ ਕਹਿੰਦੇ ਹਨ। ਪਰਾ-ਸ਼ਕਤੀ ਤੋਂ ਚਿੱਤ-ਸ਼ਕਤੀ, ਇਸ ਤੋਂ ਸ਼ਕਤੀ ਜਾਂ ਅਨੰਦ-ਸ਼ਕਤੀ ਅਤੇ ਅੱਗੇ ਇਸ ਤੋਂ ਇੱਛਾ-ਸ਼ਕਤੀ ਪੈਦਾ ਹੁੰਦੀ ਹੈ। ਇੱਛਾ-ਸ਼ਕਤੀ ਤੋਂ ਗਿਆਨ-ਸ਼ਕਤੀ ਅਤੇ ਕਿਰਿਆ-ਸ਼ਕਤੀ ਪੈਦਾ ਹੁੰਦੀ ਹੈ। ਇਸ ਸ਼ਿਵ-ਸ੍ਰੰਖਲਾ ਵਿਚ ਪਹਿਲੀ ਕੜੀ ਸ਼ਿਵ-ਤੱਤਵ ਦੀ ਹੈ। ਸੰਸਾਰ ਅਤੇ ਆਤਮਾਵਾਂ ਸ਼ਿਵ ਨਾਲ ਪੂਰਨ ਤੌਰ 'ਤੇ ਤੱਦ-ਰੂਪ ਹਨ ਅਤੇ ਅਜਿਹਾ ਗਿਆਨ ਮੁਕਤੀ ਪ੍ਰਾਪਤੀ ਵੱਲ ਲੈ ਜਾਂਦਾ ਹੈ। ਸ਼ਕਤੀ ਨੂੰ ਮਹਾਂਦੇਵੀ ਕਿਹਾ ਗਿਆ ਹੈ ਜੋ ਕਿ ਮਹਾਂਦੇਵ ਨਾਲ ਸਬੰਧਤ ਹੈ ਅਤੇ ਇਸ ਵਿਚਾਰਧਾਰਾ ਅਨੁਸਾਰ ਸਾਰੀ ਸ੍ਰਿਸ਼ਟੀ ਇਨ੍ਹਾਂ ਦੋਹਾਂ ਦਾ ਪ੍ਰਗਟਾਵਾ ਹੈ।

ਇਸ ਵਿਚਾਰਧਾਰਾ ਅਨੁਸਾਰ ਸ਼ਕਤੀ ਅਤੇ ਸ਼ਿਵ ਨੂੰ ਇੱਕ ਦੂਸਰੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਹਿੰਦੂ ਤਾਂਤ੍ਰਿਕ ਮੱਤਾਂ ਅਤੇ ਬੋਧੀ ਤਾਂਤ੍ਰਿਕਾਂ ਅਨੁਸਾਰ ਇਸ ਸ਼ਕਤੀ ਦੀ ਪ੍ਰਾਪਤੀ ਹੀ 'ਰਿਧਿ' ਪ੍ਰਾਪਤੀ ਹੈ। 'ਤਾਰਾਤੰਤ੍ਰ' ਗ੍ਰੰਥ, ਜਿਸ ਦੀ ਰਚਨਾ ਬਾਰੇ ਕੋਈ ਸਹੀ ਤਾਰੀਖ ਨਹੀਂ ਮਿਥੀ ਜਾ ਸਕੀ, ਨੂੰ ਹਿੰਦੂ ਅਤੇ ਬੋਧੀ-ਦੋਹਾਂ ਧਰਮਾਂ ਦੇ ਤਾਂਤ੍ਰਿਕ ਮੰਨਦੇ ਹਨ। ਇਸ ਗ੍ਰੰਥ ਵਿਚ ਪਾਰਬਤੀ (ਜਿਸ ਨੂੰ ਸ਼ਿਵ ਦੀ ਸ਼ਕਤੀ ਮੰਨਿਆ ਹੈ) ਦੀ ਪ੍ਰਾਪਤੀ ਨੂੰ 'ਸਿਧਿ' ਵੀ ਕਿਹਾ ਗਿਆ ਹੈ। ਇੱਕ ਹੋਰ ਥਾਂ ਹਿੰਦੂ ਅਤੇ ਬੋਧੀ ਤਾਂਤ੍ਰਿਕ ਮੱਤ ਦੀ ਵਿਰਾਸਤ ਨਿਸ਼ਚਿਤ ਕਰਦਿਆਂ ਕਿਹਾ ਹੈ ਕਿ ਜਦੋਂ ਸਾਧਨਾ (ਜੋਗ-ਕਿਰਿਆ) ਰਾਹੀਂ ਮੰਤਰ ਸ਼ਕਤੀ ਜਾਗ ਪੈਂਦੀ ਹੈ ਤਾਂ ਪ੍ਰਧਾਨ ਦੇਵਤਾ ਉਜਾਗਰ ਹੁੰਦਾ ਹੈ ਅਤੇ ਜਦੋਂ ਪੂਰਨ ਮੰਤਰ-ਸਿੱਧੀ ਪ੍ਰਾਪਤ ਹੋ ਜਾਂਦੀ ਹੈ ਤਾਂ ਦੇਵਤਾ ਜੋ ਕਿ 'ਸਚਿਦਾਨੰਦ' ਹੈ, ਪ੍ਰਗਟ ਹੁੰਦਾ ਹੈ।

'ਰਿਧਿ' ਦੇ ਨਾਲ ਹੀ ਦੂਸਰਾ ਸੰਕਲਪ 'ਸਿਧਿ' ਦਾ ਹੈ, ਜਿਸ ਦਾ ਮੂਲ ਵੀ ਸੰਸਕ੍ਰਿਤ ਭਾਸ਼ਾ ਵਿਚ ਹੈ। ਇਸ ਦੇ ਅਰਥ ਨਿਪੁੰਨਤਾ, ਹੁਨਰ, ਸੰਪੂਰਣਤਾ, ਪੂਰਨ ਪ੍ਰਾਪਤੀ, ਸਫ਼ਲਤਾ ਆਦਿ ਕੀਤੇ ਜਾਂਦੇ ਹਨ। ਇਸ ਦਾ ਅਰਥ ਮੁਕਤੀ, ਸਾਧਨਾ ਰਾਹੀਂ ਪੂਰਨ ਪਵਿੱਤਰਤਾ ਅਤੇ ਜਾਦੂਮਈ ਤਰੀਕੇ ਨਾਲ ਪਰਾ-ਕੁਦਰਤੀ ਸ਼ਕਤੀਆਂ ਦੀ ਪ੍ਰਾਪਤੀ ਮੰਨਿਆ ਗਿਆ ਹੈ। ਪਰਾ-ਕੁਦਰਤੀ ਸ਼ਕਤੀਆਂ ਦੀ ਪ੍ਰਾਪਤੀ ਵਿਚ ਅੱਠ ਸਿੱਧੀਆਂ ਦਾ ਜ਼ਿਕਰ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਵੀ ਇਸ ਦੇ ਕਈ ਅਰਥ ਕੀਤੇ ਹਨ ਜਿਵੇਂ ਕਰਾਮਾਤ, ਅਲੌਕਿਕ ਸ਼ਕਤੀ, ਕਾਮਯਾਬੀ, ਮੁਕਤਿ, ਬੁੱਧਿ, ਸੰਪਦਾ, ਵਿਜਯ ਵਿਚ ਅੱਠ ਸੰਖਿਆ ਬੋਧਕ ਸ਼ਬਦ ਆਦਿ।

ਅਸ਼ਟ ਸਿਧਿ ਦਾ ਵਰਣਨ ਕਰਦਿਆਂ ਭਾਈ ਸਾਹਿਬ ਨੇ ਲਿਖਿਆ ਹੈ, "ਅਠ ਸ਼ਕਤੀਆਂ, ਯੋਗਾਦਿ ਸਾਧਨਾ ਦਵਾਰਾ ਪ੍ਰਾਪਤ ਹੋਈਆਂ ਅੱਠ ਕਰਾਮਾਤਾਂ-1. ਅਣਿਮਾ-ਬਹੁਤ ਛੋਟਾ ਹੋ ਜਾਣਾ, 2. ਮਹਿਮਾ-ਵੱਡਾ ਹੋ ਜਾਣਾ, 3. ਗਰਿਮਾ-ਭਾਰੀ ਹੋ ਜਾਣਾ, 4. ਲਘਿਮਾ-ਹੌਲਾ ਹੋ ਜਾਣਾ, 5. ਪ੍ਰਾਪਿਤ-ਮਨਵਾਂਛਿਤ ਵਸਤੂ ਹਾਸਿਲ ਕਰ ਲੈਣੀ, 6. ਪ੍ਰਾਕਾਮਯ-ਸਭ ਦੇ ਮਨ ਦੀ ਜਾਣ ਲੈਣੀ, 7. ਈਸ਼ਿਤਾ-ਆਪਣੀ ਇੱਛਾ ਅਨੁਸਾਰ ਸਭ ਨੂੰ ਪ੍ਰੇਰਨਾ, 8. ਵਸ਼ਿਤਾ-ਸਭ ਨੂੰ ਕਾਬੂ ਕਰ ਲੈਣਾ।"

ਰਿਧਿ ਦੀ ਤਰ੍ਹਾਂ ਸਿਧਿ ਦਾ ਸਬੰਧ ਵੀ ਹਿੰਦੂ ਅਤੇ ਬੁੱਧ ਧਰਮ ਦੇ ਤਾਂਤ੍ਰਿਕ ਮੱਤਾਂ ਨਾਲ ਹੈ। ਸ਼ੈਵ-ਮੱਤ ਵਿਚ ਪਸ਼ੂਪਤ-ਸੂਤਰ ਦਾ ਵਿਸ਼ਲੇਸ਼ਣ ਕਰਦਿਆਂ ਵਿਦਵਾਨ ਅਗੇਹਾਨੰਦ ਭਾਰਤੀ ਨੇ 'ਸਿਧਿ' ਦਾ ਸਬੰਧ 'ਬਲ' ਨਾਲ ਜੋੜਿਆ ਹੈ। ਉਸ ਨੇ ਲਿਖਿਆ ਹੈ ਕਿ ਜਦੋਂ ਦੁਸ਼ਮਣਾਂ ਨੂੰ ਜਿੱਤਣਾ ਹੁੰਦਾ ਹੈ ਤਾਂ 'ਬਲ' ਦਾ ਪ੍ਰਸ਼ਨ ਕੁਦਰਤੀ ਤੌਰ 'ਤੇ ਪੈਦਾ ਹੁੰਦਾ ਹੈ। ਇਸ ਬਲ ਨੂੰ ਅਲੱਗ-ਅਲੱਗ ਸਥਿਤੀਆਂ ਅਤੇ ਹਾਲਾਤ ਵਿਚ ਵਰਤਣਾ ਹੁੰਦਾ ਹੈ। ਇਸ ਵਿਚ ਪਹਿਲੀ ਅਵਸਥਾ ਉਹ ਹੈ ਜਦੋਂ ਕੋਈ ਆਪਣੇ ਆਪ ਨੂੰ ਪਸ਼ੂਪਤ ਮੱਤ ਦਾ ਸਦਸਯ ਦੱਸਦਾ ਹੈ ਅਤੇ ਪਿੰਡੇ 'ਤੇ ਵਿਭੂਤ ਆਦਿ ਮਲਦਾ ਅਤੇ ਰਾਖ 'ਤੇ ਲੇਟਦਾ ਹੈ। ਦੂਸਰੀ ਅਵਸਥਾ ਵਿਚ ਉਹ ਪਸ਼ੂਪਤ-ਮੱਤ ਦਾ ਧਾਰਨੀ ਹੋਣ 'ਤੇ ਆਪਣੇ ਆਪ ਨੂੰ ਲੋਕਾਂ ਤੋਂ ਛੁਪਾਉਂਦਾ ਹੈ ਅਤੇ ਇੱਕ ਬ੍ਰਾਹਮਣ ਦੀ ਤਰ੍ਹਾਂ ਵਰਤਦਾ ਹੈ। ਤੀਸਰੀ ਅਵਸਥਾ ਹੈ, ਜਦੋਂ ਉਹ ਆਪਣੀਆਂ ਇੰਦਰੀਆਂ ਨੂੰ ਪੂਰੀ ਤਰ੍ਹਾਂ ਵੱਸ ਕਰ ਲੈਂਦਾ ਹੈ। ਅਗਲੀ ਅਵਸਥਾ ਵਿਚ ਉਸ ਅੰਦਰੋਂ ਹਰ ਤਰ੍ਹਾਂ ਦੀ ਖਿੱਚ ਖਤਮ ਹੋ ਜਾਂਦੀ ਹੈ। ਇਸ ਵਿਚ ਪਸ਼ੂਪਤ-ਮੱਤ ਦੇ ਧਾਰਨੀ ਦਾ ਖਾਸ ਕਿਸਮ ਦਾ ਵਰਤਾਓ ਸ਼ਾਮਲ ਹੈ ਜਿਵੇਂ ਪਾਗਲ ਆਦਮੀ ਦੀ ਤਰ੍ਹਾਂ ਗਾਉਣਾ ਤੇ ਨੱਚਣਾ। ਇਸ ਵਿਚ ਆਖਰੀ ਪੜਾਅ ਸਿਧਿ ਦਾ ਪੜਾਅ ਹੈ, ਆਖਰੀ ਮੁਕਤੀ ਦਾ ਪੜਾਅ ਹੈ।

ਇੱਕ ਹੋਰ ਥਾਂ ਸ਼ੈਵ-ਮੱਤ ਦੇ ਵਿਚਾਰਾਂ ਦਾ ਵੇਰਵਾ ਦਿੰਦਿਆਂ ਦੱਸਿਆ ਗਿਆ ਹੈ ਕਿ ਸ਼ੈਵ-ਮੱਤ ਦੇ ਕੁੱਝ ਧਾਰਨੀਆਂ ਅਨੁਸਾਰ ਮੁਕਤੀ ਪ੍ਰਾਪਤੀ ਵਿਚ ਆਤਮਾ ਨੂੰ ਜਾਦੂਈ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ ਅਤੇ ਮੁਕਤ-ਆਦਮੀ ਦੈਵੀ ਸੁਭਾ ਅਤੇ ਗੁਣ ਪ੍ਰਾਪਤ ਕਰ ਲੈਂਦੇ ਹਨ ਅਤੇ ਇਸ ਦੀ ਵਰਤੋਂ ਕਰਦੇ ਹਨ, ਜਿਸ ਨੂੰ ਸਿਧਿ ਕਹਿੰਦੇ ਹਨ। ਜੋਗੀਆਂ ਅਤੇ ਸਿੱਧਾਂ ਦੀਆਂ ਇਸ ਕਿਸਮ ਦੀਆਂ ਸ਼ਕਤੀਆਂ ਦੇ ਪ੍ਰਦਰਸ਼ਨ ਦੀਆਂ ਕਈ ਕਹਾਣੀਆਂ ਮਿਲਦੀਆਂ ਹਨ, ਖਾਸ ਕਰਕੇ ਗੋਰਖਨਾਥ ਵਰਗੇ ਜੋਗੀਆਂ ਦੀਆਂ। ਬੋਧੀ ਤਾਂਤ੍ਰਿਕਾਂ ਅਨੁਸਾਰ ਬੀਜ ਮੰਤਰ ਦੇ ਜਾਪ ਰਾਹੀਂ ਹਰ ਤਰ੍ਹਾਂ ਦੀਆਂ ਸਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ।

ਇਸ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਹਿੰਦੂ ਅਤੇ ਬੋਧੀ ਤਾਂਤ੍ਰਿਕਾਂ, ਜੋਗੀਆਂ ਅਨੁਸਾਰ ਸਿਧਿ ਅਧਿਆਤਮਕ ਪ੍ਰਾਪਤੀ ਦੀ ਆਖ਼ਰੀ ਪਉੜੀ ਵੀ ਹੈ, ਅਧਿਆਤਮਕ ਸਫਲਤਾ ਵੀ ਹੈ ਜਿਸ ਦੀ ਪ੍ਰਾਪਤੀ ਨਾਲ ਮਨੁੱਖ ਵਿਚ ਵੱਖ ਵੱਖ ਤਰ੍ਹਾਂ ਦੀਆਂ ਚਮਤਕਾਰੀ ਸ਼ਕਤੀਆਂ ਪ੍ਰਗਟ ਹੋ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਆਮ ਤੌਰ 'ਤੇ ਸਸਤੇ ਸਾਧਨ ਵਜੋਂ ਵਰਤਿਆ ਜਾਂਦਾ ਰਿਹਾ ਹੈ। ਇਸ ਲੇਖ ਦਾ ਮਕਸਦ ਇਹ ਦੇਖਣਾ ਹੈ ਕਿ ਸਿੱਖ ਧਰਮ ਚਿੰਤਨ ਅਨੁਸਾਰ 'ਰਿਧਿ ਸਿਧਿ' ਦਾ ਸੰਕਲਪ ਕੀ ਹੈ ਅਤੇ ਸਿੱਖ ਚਿੰਤਨ ਦਾ ਪਰੰਪਰਕ ਸੰਕਲਪ ਪ੍ਰਤੀ ਕੀ ਰਵੱਈਆ ਹੈ? ਸਿੱਖ ਚਿੰਤਨ ਵਿਚ ਰਿਧਿ ਸਿਧਿ ਦੀ ਵਰਤੋਂ ਵੱਖ ਵੱਖ ਸੰਦਰਭਾਂ ਵਿਚ ਹੋਈ ਹੈ। ਇਸ ਦਾ ਇੱਕ ਸੰਦਰਭ ਭਾਰਤੀ ਤਾਂਤ੍ਰਿਕ ਪਰੰਪਰਾਵਾਂ (ਸ਼ੈਵ, ਬੁੱਧ ਅਤੇ ਹਿੰਦੂ) ਦਾ ਹੈ, ਦੂਸਰਾ ਸੰਦਰਭ ਅਧਿਆਤਮਕ ਪ੍ਰਾਪਤੀ ਦੀ ਉਚਤਾ ਦਾ ਹੈ ਜੋ ਇੱਕ ਗੁਰਸਿੱਖ ਨੂੰ ਪ੍ਰਾਪਤ ਹੁੰਦੀ ਹੈ ਅਤੇ ਇਸ ਉਚਤਾ ਨੂੰ ਪ੍ਰਾਪਤ ਕਰਨ ਦਾ ਸਾਧਨ ਕੀ ਹੈ? ਇਸ ਵਿਚ ਰਿਧਿ ਸਿਧਿ ਅਕਾਲ ਪੁਰਖ ਦਾ ਨਾਮ ਹੈ, ਆਪ ਹਰਿ ਹੈ ਜਿਸ ਨਾਲ ਮਨੁੱਖ ਨੇ ਇੱਕਸੁਰ ਹੋਣਾ ਹੈ। ਇਹ ਉਚਤਮ ਪ੍ਰਾਪਤੀ ਉਸ ਨਾਲ ਮੇਲ ਹੈ।

ਸਿੱਖ ਧਰਮ ਅਨੁਸਾਰ ਮਨੁੱਖ ਦੀ ਜ਼ਿੰਦਗੀ ਦਾ ਉਦੇਸ਼ ਕੀ ਹੈ, ਆਦਰਸ਼ ਕੀ ਹੈ, ਇਸ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ ਪਹਿਲਾਂ ਜਪੁਜੀ ਵਿਚ ਹੀ ਕੀਤਾ ਹੈ,

> ਕਿਵ ਸਚਿਆਰਾ ਹੋਈਐ
> ਕਿਵ ਕੂੜੈ ਤੁਟੈ ਪਾਲਿ॥

ਗੁਰੂ ਨਾਨਕ ਨੇ ਪ੍ਰਸ਼ਨ ਰੱਖਿਆ ਹੈ ਕਿ ਮਨੁੱਖ 'ਸਚਿਆਰ' ਕਿਸ ਤਰ੍ਹਾਂ ਹੋਵੇ ਅਤੇ ਉਸ ਦੇ ਅੰਦਰੋਂ ਕੂੜ ਦੀ ਕੰਧ ਕਿਸ ਤਰ੍ਹਾਂ ਟੁੱਟੇ? ਜਿਸ ਨਾਲ ਸਚਿਆਰ ਬਣ ਸਕੇ ਅਤੇ ਵਾਹਿਗੁਰੂ ਦੇ ਸਨਮੁੱਖ ਹੋ ਸਕੇ, ਇਹ ਇੱਕ ਪ੍ਰਸ਼ਨ ਹੈ ਜਿਸ ਰਾਹੀਂ ਸਿੱਖ ਧਰਮ ਦਰਸ਼ਨ ਦਾ ਆਦਰਸ਼ ਮਨੁੱਖ ਦੇ ਸਾਹਮਣੇ ਰੱਖਿਆ ਹੈ। ਇਸ ਦਾ ਉਤਰ ਵੀ ਗੁਰੂ ਨਾਨਕ ਸਾਹਿਬ ਨੇ ਨਾਲ ਹੀ ਦੇ ਦਿੱਤਾ ਹੈ,

> ਹੁਕਮਿ ਰਜਾਈ ਚਲਣਾ
> ਨਾਨਕ ਲਿਖਿਆ ਨਾਲਿ॥

ਅਰਥਾਤ ਉਸ ਅਕਾਲ ਪੁਰਖ ਦੇ ਹੁਕਮ ਨੂੰ ਬੁੱਝਣਾ ਜੋ ਮਨੁੱਖ ਦੇ ਅੰਦਰ ਹੀ ਨਿਹਿਤ ਹੈ ਅਤੇ ਉਸ ਦਾ ਅਨੁਸਾਰੀ ਹੋ ਕੇ ਚੱਲਣਾ। ਹੁਣ ਅਗਲਾ ਪ੍ਰਸ਼ਨ ਹੈ ਕਿ ਜੇ ਉਸ ਦੇ ਹੁਕਮ ਦਾ ਅਨੁਸਾਰੀ ਹੋ ਕੇ ਚੱਲਣਾ ਹੈ ਤਾਂ ਫਿਰ ਕਰਾਮਾਤੀ ਸ਼ਕਤੀਆਂ ਪ੍ਰਾਪਤ ਕਰਨੀਆਂ ਅਤੇ ਉਨ੍ਹਾਂ ਦੀ ਵਰਤੋਂ ਕਰਨੀ ਤਾਂ ਹੁਕਮ ਅਦੂਲੀ ਹੋ ਜਾਵੇਗੀ, ਰਿਧੀਆਂ ਸਿੱਧੀਆਂ ਤਾਂ ਫਿਰ 'ਅਵਰਾ ਸਾਦ' ਹੋ ਜਾਣਗੀਆਂ। ਦੋਵੇਂ ਗੱਲਾਂ 'ਹੁਕਮ' ਦਾ ਅਨੁਸਾਰੀ ਹੋਣਾ ਅਤੇ ਰਿਧਿ ਸਿਧਿ ਦੀ ਪ੍ਰਾਪਤੀ-ਇਕੱਠੀਆਂ ਕਿਵੇਂ ਚੱਲਣਗੀਆਂ? 'ਯੋਗ' ਜਾਂ ਜੋਗ ਦਰਸ਼ਨ ਦਾ ਆਸ਼ਾ ਵੀ ਬ੍ਰਹਮ ਜਾਂ ਮਹੇਸ਼ਵਰ ਨਾਲ ਇੱਕ-ਮਿੱਕ ਹੋਣਾ ਹੈ। ਜੋਗ ਸੰਸਕ੍ਰਿਤ ਦੇ ਸ਼ਬਦ 'ਯੋਗ' ਦਾ ਪੰਜਾਬੀ ਰੂਪ ਹੈ ਜਿਸ ਦਾ ਅਰਥ ਹੀ ਜੋੜ ਦੇਣਾ, ਇਕੱਠੇ ਕਰ ਦੇਣਾ ਹੈ। ਗੁਰੂ ਨਾਨਕ ਆਗਮਨ ਤੱਕ ਜੋਗੀਆਂ ਦੇ ਬਹੁਤ ਸਾਰੇ ਤਾਂਤ੍ਰਿਕ ਫਿਰਕੇ ਹੋਂਦ ਵਿਚ ਆ ਚੁੱਕੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਧਿਐਨ ਤੋਂ ਇਹ ਭਲੀ ਭਾਂਤ ਵਿਦਿਤ ਹੋ ਜਾਂਦਾ ਹੈ ਕਿ ਉਦੋਂ ਜੋਗ ਧਰਮ ਬਹੁਤ ਪ੍ਰਚਲਿਤ ਸੀ ਅਤੇ ਆਪਣੇ ਅਸਲੀ ਮਕਸਦ ਤੋਂ ਖੁੰਝ ਕੇ ਜੋਗ ਦੇ ਵੱਖ ਵੱਖ ਚਿੰਨ੍ਹਾਂ ਦੇ ਦਿਖਾਵੇ ਵਿਚ ਹੀ ਫਸ ਕੇ ਰਹਿ ਗਿਆ ਸੀ। ਜੋਗ ਸੰਪਰਦਾਵਾਂ ਦਾ ਮੁੱਖ ਆਸ਼ਾ ਰਿਧਿ ਸਿਧਿ ਦੀ ਪ੍ਰਾਪਤੀ ਅਰਥਾਤ ਕਰਾਮਾਤੀ ਸ਼ਕਤੀਆਂ ਦੀ ਪ੍ਰਾਪਤੀ ਅਤੇ ਉਨ੍ਹਾਂ ਦੇ ਦਿਖਾਵੇ ਤੱਕ ਹੀ ਮਹਿਦੂਦ ਹੋ ਗਿਆ ਸੀ ਅਤੇ ਆਪਣੇ ਅਸਲੀ ਟੀਚੇ ਤੋਂ ਲਾਂਭੇ ਹੋ ਗਿਆ ਸੀ।

ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਜੋਗੀਆਂ ਦੇ ਚਿੰਨ੍ਹਾਂ ਨੂੰ ਲੈ ਕੇ ਹੀ ਸਪੱਸ਼ਟ ਕੀਤਾ ਹੈ ਕਿ ਜੋਗ ਮੱਤ ਦੀ ਤਰ੍ਹਾਂ ਸਿਰਫ ਬਾਹਰੀ ਚਿੰਨ੍ਹ ਧਾਰਨ ਕਰਨ ਨਾਲ ਹੀ ਮਨੁੱਖ ਪਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦਾ, ਉਸ ਨਾਲ ਮਿਲਾਪ ਨਹੀਂ ਕਰ ਸਕਦਾ। ਸਚਿਆਰ ਹੋਣ ਲਈ ਮਨੁੱਖ ਨੂੰ ਆਪਣੇ ਅੰਦਰ ਸਦਾਚਾਰਕ ਗੁਣ ਪੈਦਾ ਕਰਨੇ ਪੈਂਦੇ ਹਨ ਜੋ ਮਨੁੱਖ ਦੇ ਅੰਦਰੋਂ ਕੂੜ ਦੀ ਕੰਧ ਨੂੰ ਹਟਾ ਕੇ ਸੱਚ ਨਾਲ ਇੱਕ-ਮਿੱਕ ਕਰਦੇ ਹਨ, ਪਰਮਾਤਮਾ ਨਾਲ ਜੋੜਦੇ ਹਨ।

ਇਥੇ ਜੋਗੀਆਂ ਦੇ ਸਬੰਧ ਵਿਚ ਗੁਰੂ ਨਾਨਕ ਦੇਵ ਜੀ ਨੇ 'ਰਿਧਿ ਸਿਧਿ' ਨੂੰ 'ਅਵਰਾ ਸਾਦ' ਕਿਹਾ ਹੈ ਜੋ ਇੱਕ ਜੋਗੀ ਨੂੰ ਕਰਾਮਾਤਾਂ ਵਿਚ ਫਸਾ ਕੇ ਉਸ ਨੂੰ ਆਪਣੇ ਅਸਲੀ ਨਿਸ਼ਾਨੇ ਤੋਂ ਲਾਂਭੇ ਕਰ ਦਿੰਦਾ ਹੈ। ਇਸ ਲਈ ਜੀਵ ਅਤੇ ਅਕਾਲ ਪੁਰਖ ਵਿਚ ਵਿੱਥ ਮਿਟਾਉਣ ਲਈ ਜ਼ਰੂਰੀ ਹੈ ਕਿ ਮਨੁੱਖ ਆਪਣੇ ਅੰਦਰ ਪਰਮਾਤਮਾ ਦੀ ਸਰਬ-ਵਿਆਪਕਤਾ ਦਾ ਗਿਆਨ ਅਤੇ ਦਇਆ ਆਦਿ ਗੁਣ ਪੈਦਾ ਕਰੇ। ਕਰਾਮਾਤਾਂ ਦਾ ਸਹਾਰਾ ਛੱਡ ਕੇ ਆਪਣੇ ਆਪ ਨੂੰ ਇੱਕ ਅਕਾਲ ਪੁਰਖ ਨਾਲ ਜੋੜੇ। ਗੁਰੂ ਨਾਨਕ ਸਾਹਿਬ ਨੇ ਧਰਮ ਨੂੰ ਕਰਾਮਾਤੀ ਕਰਮ-ਕਾਂਡ ਨਾਲੋਂ ਤੋੜ ਕੇ ਸਦਾਚਾਰਕ ਗੁਣਾਂ ਨਾਲ ਜੋੜਿਆ,

> ਭੁਗਤਿ ਗਿਆਨੁ ਦਇਆ ਭੰਡਾਰਣਿ
> ਘਟਿ ਘਟਿ ਵਾਜਹਿ ਨਾਦ॥
> ਆਪਿ ਨਾਥੁ ਨਾਥੀ ਸਭ ਜਾ ਕੀ
> ਰਿਧਿ ਸਿਧਿ ਅਵਰਾ ਸਾਦ॥ (ਪੰਨਾ 6)

ਅੱਗੇ ਚੱਲ ਕੇ 'ਸਿਰੀ ਰਾਗੁ' ਵਿਚ ਗੁਰੂ ਨਾਨਕ ਦੇਵ ਸਪੱਸ਼ਟ ਕਰਦੇ ਹਨ ਕਿ ਇੱਕ ਪੁਜਿਆ ਹੋਇਆ ਜੋਗੀ ਹੋਣਾ, ਜੋਗ-ਸ਼ਕਤੀ ਰਾਹੀਂ ਕਰਾਮਾਤੀ ਸ਼ਕਤੀਆਂ 'ਰਿਧਿ ਸਿਧਿ' ਦਾ ਧਾਰਨੀ ਹੋਣਾ ਅਤੇ ਕਰਾਮਾਤੀ ਸ਼ਕਤੀਆਂ ਦਾ ਦਿਖਾਵਾ ਮਨੁੱਖ ਦੀ ਪਰਮਾਤਮਾ ਨਾਲੋਂ ਵਿੱਥ ਪਾਉਣ ਦਾ ਕਾਰਨ ਵੀ ਬਣ ਸਕਦਾ ਹੈ। ਇਸ ਲਈ ਵੱਡੇ ਤੋਂ ਵੱਡਾ ਜੋਗੀ ਹੋ ਕੇ ਵੀ ਮਨੁੱਖ ਨੂੰ ਪਰਮਾਤਮਾ ਦੇ ਨਾਮ ਸਿਮਰਨ ਪ੍ਰਤੀ ਸੁਚੇਤ ਰਹਿਣ ਦੀ ਜ਼ਰੂਰਤ ਹੈ। ਮਨੁੱਖ ਦੀ ਜ਼ਿੰਦਗੀ ਦਾ ਅਸਲੀ ਮਕਸਦ, ਅਸਲੀ ਟੀਚਾ ਪਰਮਾਤਮਾ ਦੇ ਨਾਮ ਵਿਚ ਜੁੜੇ ਰਹਿਣਾ ਹੈ ਨਾ ਕਿ ਕਰਾਮਾਤੀ ਸ਼ਕਤੀਆਂ ਦੀ ਪ੍ਰਾਪਤੀ।

> ਸਿਧ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
> ਗੁਪਤੁ ਪਰਗਟੁ ਹੋਇ ਬੈਸਾ
> ਲੋਕੁ ਰਾਖੈ ਭਾਉ॥
> ਮਤੁ ਦੇਖਿ ਭੂਲਾ ਵੀਸਰੈ
> ਤੇਰਾ ਚਿਤਿ ਨ ਆਵੈ ਨਾਉ॥3॥
> (ਪੰਨਾ 14)

ਤੀਸਰੇ ਪਾਤਿਸ਼ਾਹ ਗੁਰੂ ਅਮਰਦਾਸ ਨੇ 'ਰਿਧਿ ਸਿਧਿ' ਨੂੰ ਮੋਹ ਕਿਹਾ ਹੈ, ਜਿਸ ਦਾ ਸਬੰਧ ਮਨੁੱਖ ਦੇ ਮਨ ਨਾਲ ਹੈ, ਪਰਮਾਤਮਾ ਦੀ ਪ੍ਰਾਪਤੀ ਨਾਲ ਨਹੀਂ ਹੈ। ਗੁਰੂ ਸਾਹਿਬ ਨੇ ਸਪੱਸ਼ਟ ਕੀਤਾ ਹੈ ਕਿ ਮਨ ਦੇ ਹਠ ਨਾਲ ਕਰਮ ਕਰਨੇ (ਹਠ ਕਰਮ ਦਾ ਸਬੰਧ ਵੀ ਜੋਗ ਪਰੰਪਰਾ ਨਾਲ ਹੈ) ਮਹਿਜ ਭੇਖ ਬਣ ਜਾਂਦੇ ਹਨ ਜੋ ਮਨੁੱਖ ਨੂੰ ਭਰਮ ਵਿਚ ਪਾਈ ਰੱਖਦੇ ਹਨ। ਜਿੱਥੇ ਭਰਮ ਹੈ, ਸੰਦੇਹ ਹੈ ਉਥੇ ਪਰਮਾਤਮਾ ਨਾਲ 'ਜੋਗ' ਕਿਵੇਂ ਹੋ ਸਕਦਾ ਹੈ? ਰਿਧਿ ਅਤੇ ਸਿਧਿ ਦੀ ਪ੍ਰਾਪਤੀ ਵੀ ਮੋਹ ਹੈ ਜੋ ਮਨ ਨੂੰ ਅਕਾਲ ਪੁਰਖ ਵੱਲੋਂ ਹਟਾ ਕੇ ਹੋਰ ਪ੍ਰਾਪਤੀਆਂ ਵੱਲ ਪ੍ਰੇਰਦਾ ਹੈ (ਗੁਰਮਤਿ ਅਨੁਸਾਰ 'ਮੋਹ' ਇੱਕ ਵਿਕਾਰ ਹੈ ਜੋ ਮਨ ਨੂੰ ਵਿਚਲਿਤ ਕਰਦਾ ਹੈ)। ਵਾਹਿਗੁਰੂ ਦੇ ਨਾਮ ਦੀ ਪ੍ਰਾਪਤੀ ਲਈ ਹਠ ਕਰਮਾਂ ਅਤੇ ਰਿਧਿ ਸਿਧਿ-ਦੋਹਾਂ ਦਾ ਤਿਆਗ ਕਰਕੇ ਸਤਿਗੁਰੂ ਦੀ ਸੇਵਾ ਵਿਚ ਲੱਗਣਾ ਚਾਹੀਦਾ ਹੈ। ਸੇਵਾ ਰਾਹੀਂ ਅਗਿਆਨ ਰੂਪੀ ਅੰਧੇਰਾ ਦੂਰ ਹੁੰਦਾ ਹੈ ਅਤੇ ਗਿਆਨ ਦੇ ਪ੍ਰਕਾਸ਼ ਰਾਹੀਂ ਮਨ ਵਿਚ ਨਾਮ ਪ੍ਰਗਟ ਹੁੰਦਾ ਹੈ। ਇਸ ਤਰ੍ਹਾਂ ਮਨੁੱਖ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ,

> ਮਨਹਠਿ ਕਿਨੈ ਨ ਪਾਇਓ
> ਸਭ ਥਕ ਕਰਮ ਕਮਾਇ॥
> ਮਨਹਠਿ ਭੇਖ ਕਰਿ ਭਰਮਦੇ
> ਦੁਖੁ ਪਾਇਆ ਦੂਜੈ ਭਾਇ॥
> ਰਿਧਿ ਸਿਧਿ ਸਭੁ ਮੋਹੁ ਹੈ
> ਨਾਮੁ ਨ ਵਸੈ ਮਨਿ ਆਇ॥
> ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ
> ਅਗਿਆਨੁ ਅੰਧੇਰਾ ਜਾਇ॥
> ਨਾਮੁ ਰਤਨੁ ਘਰਿ ਪਰਗਟੁ ਹੋਆ
> ਨਾਨਕ ਸਹਜਿ ਸਮਾਇ॥ (ਪੰਨਾ 593)

#

## ਸਤਿਗੁਰ ਪਾਸਿ ਬੇਨੰਤੀਆ...

**ਗੁਰਬਾਣੀ ਗਿਆਨ**

> ਰਾਗੁ ਸੂਹੀ ਮਹਲਾ ੫ ਘਰੁ ੬
> ਸਤਿਗੁਰ ਪਾਸਿ ਬੇਨੰਤੀਆ
> ਮਿਲੈ ਨਾਮੁ ਆਧਾਰਾ॥
> ਤੁਠਾ ਸਚਾ ਪਾਤਿਸਾਹੁ
> ਤਾਪੁ ਗਇਆ ਸੰਸਾਰਾ॥੧॥
> ਭਗਤਾ ਕੀ ਟੇਕ ਤੂੰ ਸੰਤਾ ਕੀ ਓਟ
> ਤੂੰ ਸਚਾ ਸਿਰਜਨਹਾਰਾ॥੧॥ ਰਹਾਉ॥
> ਸਚੁ ਤੇਰੀ ਸਾਮਗਰੀ
> ਸਚੁ ਤੇਰਾ ਦਰਬਾਰਾ॥
> ਸਚੁ ਤੇਰੇ ਖਾਜੀਨਿਆ
> ਸਚੁ ਤੇਰਾ ਪਾਸਾਰਾ॥੨॥
> ਤੇਰਾ ਰੂਪੁ ਅਗੰਮੁ ਹੈ
> ਅਨੂਪੁ ਤੇਰਾ ਦਰਸਾਰਾ॥
> ਹਉ ਕੁਰਬਾਣੀ ਤੇਰਿਆ ਸੇਵਕਾ
> ਜਿਨ ਹਰਿ ਨਾਮੁ ਪਿਆਰਾ॥੩॥
> ਸਭੇ ਇਛਾ ਪੂਰੀਆ
> ਜਾ ਪਾਇਆ ਅਗਮ ਅਪਾਰਾ॥
> ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ
> ਤੇਰਿਆ ਚਰਣਾ ਕਉ ਬਲਿਹਾਰਾ॥੪॥

ਗੁਰਦੇਵ ਜੀ ਪ੍ਰਭੂ ਦੀ ਉਸਤਤ ਕਰਦੇ ਹਨ ਕਿ ਹੇ ਸੰਸਾਰ ਨੂੰ ਬਣਾਉਣ ਵਾਲੇ ਅਤੇ ਸਦਾ ਹੀ ਰਹਿਣ ਵਾਲੇ ਪ੍ਰਭੂ! ਤੇਰਾ ਸਿਮਰਨ ਹੀ ਤੇਰੇ ਭਗਤਾਂ ਦੀ ਟੇਕ, ਭਾਵ ਸਹਾਰਾ ਹੈ ਅਤੇ ਸਿਮਰਨ ਹੀ ਸੰਤਾਂ ਦੀ ਓਟ, ਭਾਵ ਆਸਰਾ ਹੈ। ਹੇ ਮਿਹਰਬਾਨ ਪ੍ਰਭੂ! ਮੈਂ ਤਾਂ ਸਦਾ ਹੀ ਗੁਰੂ ਕੋਲ ਬੇਨਤੀ ਕਰਦਾ ਹਾਂ ਕਿ ਮੈਨੂੰ ਪਰਮੇਸ਼ਵਰ ਦਾ ਨਾਮ ਮਿਲ ਜਾਵੇ। ਮੈਨੂੰ ਉਸੇ ਦਾ ਹੀ ਸਹਾਰਾ ਹੈ। ਸੱਚਾ ਪਾਤਸ਼ਾਹ, ਭਾਵ ਸਦਾ ਹੀ ਰਹਿਣ ਵਾਲਾ ਪ੍ਰਭੂ ਜਿਸ ਜੀਵ 'ਤੇ ਵੀ ਤੁਠੇ, ਭਾਵ ਮਿਹਰਬਾਨ ਹੋ ਜਾਵੇ, ਉਸੇ ਨੂੰ ਹੀ ਨਾਮ ਦੀ ਦਾਤ ਮਿਲਦੀ ਹੈ ਅਤੇ ਸੰਸਾਰ ਦੇ ਵਿਕਾਰਾਂ ਦੇ ਬੰਧਨਾਂ ਵਾਲਾ ਤਾਪ ਭੀ ਸਦਾ ਲਈ ਮੁੱਕ ਜਾਂਦਾ ਹੈ।

> ਸਚੁ ਤੇਰੀ ਸਾਮਗਰੀ
> ਸਚੁ ਤੇਰਾ ਦਰਬਾਰਾ॥
> ਸਚੁ ਤੇਰੇ ਖਾਜੀਨਿਆ
> ਸਚੁ ਤੇਰਾ ਪਾਸਾਰਾ॥੨॥

ਹੇ ਮੇਰੇ ਮਿਹਰਬਾਨ ਪ੍ਰਭੂ ਜੀਉ! ਤੇਰਾ ਜੋ ਸਚਾ ਦਰਬਾਰ ਹੈ, ਉਹ ਸਦਾ ਹੀ ਅਟੱਲ ਰਹਿੰਦਾ ਹੈ ਅਤੇ ਉਸ ਵਿਚ ਕਦੀ ਵੀ ਕੋਈ ਅਦਲਾ-ਬਦਲੀ ਨਹੀਂ ਹੁੰਦੀ। ਉਹ ਜੈਸਾ ਸੀ, ਹਮੇਸ਼ਾ ਉਹੋ ਜਿਹਾ ਹੀ ਰਹਿੰਦਾ ਹੈ। ਹੇ ਮੇਰੇ ਪ੍ਰਭ ਜੀਉ! ਤੇਰੇ ਘਰ ਦੇ ਜੋ ਖ਼ਜ਼ਾਨੇ ਹਨ, ਉਹ ਵੀ ਹਮੇਸ਼ਾ ਭਰੇ ਰਹਿੰਦੇ ਹਨ। ਤੇਰੇ ਘਰ ਵਿਚ ਜੋ ਸਮੱਗਰੀ, ਭਾਵ ਪਦਾਰਥ ਜਾਂ ਵਸਤੂ ਹਨ, ਉਹ ਵੀ ਸਭ ਸਦਾ ਲਈ ਭਰਪੂਰ ਭਰੇ ਰਹਿੰਦੇ ਹਨ, ਕਦੀ ਵੀ ਘਟਦੇ ਨਹੀਂ ਅਤੇ ਸਚੁ ਤੇਰਾ ਪਾਸਾਰਾ, ਭਾਵ ਇਹ ਜੋ ਤੇਰਾ ਬਣਾਇਆ ਹੋਇਆ ਜਗਤ ਹੈ, ਇਹ ਭੀ ਸੱਚ ਹੈ ਅਤੇ ਤੇਰੇ ਬਣਾਏ ਹੋਏ ਨਿਯਮ ਭੀ ਅਟੱਲ ਹਨ।

> ਤੇਰਾ ਰੂਪੁ ਅਗੰਮੁ ਹੈ
> ਅਨੂਪੁ ਤੇਰਾ ਦਰਸਾਰਾ॥
> ਹਉ ਕੁਰਬਾਣੀ ਤੇਰਿਆ ਸੇਵਕਾ
> ਜਿਨ ਹਰਿ ਨਾਮੁ ਪਿਆਰਾ॥੩॥

ਹੇ ਮਿਹਰਾਂ ਦੇ ਮਾਲਕ ਮਿਹਰਬਾਨ ਪ੍ਰਭੂ ਜੀਉ! ਤੇਰਾ ਰੂਪ ਕੈਸਾ ਹੈ। ਅਗੰਮੁ, ਭਾਵ ਅਪਹੁੰਚ ਹੈ ਜਿਸ ਤੱਕ ਸਾਡੀ ਜੀਵਾਂ ਦੀ ਕਦੀ ਪਹੁੰਚ ਹੋ ਹੀ ਨਹੀਂ ਸਕਦੀ। ਤੂੰ ਸੰਸਾਰ ਦੀ ਪਹੁੰਚ ਤੋਂ ਪਰ੍ਹੇ ਹੈਂ। ਅਨੂਪੁ ਤੇਰਾ ਦਰਸਾਰਾ, ਭਾਵ ਤੇਰਾ ਦੀਦਾਰ ਬੇਮਿਸਾਲ ਹੈ, ਅਨੋਖਾ ਹੈ। ਉਹ ਵੇਖਿਆ ਹੀ ਜਾ ਸਕਦਾ ਹੈ, ਪਰ ਉਸ ਬਾਰੇ ਕੁਝ ਆਖਿਆ ਨਹੀਂ ਜਾ ਸਕਦਾ, ਕਿਉਂਕਿ ਤੇਰੇ ਜੈਸਾ ਤਾਂ ਬਸ ਤੂੰ ਆਪ ਹੀ ਹੈਂ; ਦੂਜਾ ਕੋਈ ਹੋਰ ਹੈ ਹੀ ਨਹੀਂ। ਮੇਰੇ ਪ੍ਰਭੂ ਜੀਉ! ਮੈਂ ਤੇਰੇ ਉਨ੍ਹਾਂ ਸੇਵਕਾਂ ਤੋਂ ਬਲਿਹਾਰ ਜਾਂਦਾ ਹਾਂ ਅਤੇ ਵਾਰੀ ਸਦਕੇ ਜਾਂਦਾ ਹਾਂ, ਜਿਨ੍ਹਾਂ ਨੂੰ ਤੇਰਾ ਹਰਿ ਨਾਮੁ, ਭਾਵ ਨਾਮ ਸਿਮਰਨ ਪਿਆਰਾ ਲੱਗਦਾ ਹੈ।

> ਸਭੇ ਇਛਾ ਪੂਰੀਆ
> ਜਾ ਪਾਇਆ ਅਗਮ ਅਪਾਰਾ॥
> ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ
> ਤੇਰਿਆ ਚਰਣਾ ਕਉ ਬਲਿਹਾਰਾ॥੪॥

ਗੁਰਦੇਵ ਪਿਤਾ ਜੀ ਅਗੰਮੀ ਵਿਸਮਾਦ ਵਿਚ ਜੁੜੇ ਬੈਠੇ ਹਨ-ਹੇ ਮੇਰੇ ਪਹੁੰਚ ਤੋਂ ਪਰ੍ਹੇ ਅਪਹੁੰਚ ਪ੍ਰਭੂ ਜੀਉ! ਹੇ ਮੇਰੇ ਬੇਅੰਤ ਪ੍ਰਭੂ ਜੀਉ!! ਜਦੋਂ ਤੂੰ ਕਿਸੇ ਵੱਡਭਾਗੇ ਜੀਵ ਨੂੰ ਮਿਲ ਪੈਂਦਾ ਹੈਂ, ਭਾਵ ਤੁਠ ਪੈਂਦਾ ਹੈਂ ਤਾਂ ਉਸ ਜੀਵ ਦੀਆਂ ਸਾਰੀਆਂ ਇੱਛਾਵਾਂ, ਭਾਵ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਕੋਈ ਤ੍ਰਿਸ਼ਨਾ ਬਾਕੀ ਨਹੀਂ ਬਚਦੀ, ਤੇ ਨਾ ਹੀ ਕੋਈ ਕਮੀ ਰਹਿ ਜਾਂਦੀ ਹੈ। ਹੇ ਮੇਰੇ ਜਗਤ ਦੇ ਪਾਲਣਹਾਰ ਮਿਹਰਬਾਨ ਪ੍ਰਭੂ ਜੀਉ! ਮੈਂ ਤੇਰੇ ਸੋਹਣੇ ਚਰਨਾਂ ਤੋਂ ਬਲਿਹਾਰ ਸਦਕੇ ਜਾਂਦਾ ਹਾਂ। ਹੇ ਪ੍ਰਭ ਜੀਉ! ਜਿਸ ਜੀਵ ਨੂੰ ਤੇਰੀ ਮਿਹਰ ਸਦਕਾ ਗੁਰੂ ਨਾਨਕ ਮਿਲ ਪਿਆ, ਸਮਝੋ ਉਹਨੂੰ ਤੇਰਾ ਮਿਲਾਪ ਹੋ ਗਿਆ।

ਆਉ ਗੁਰੂ ਪਿਆਰਿਉ, ਸ਼ਬਦ ਗੁਰੂ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

*ਸਾਲ 1972 ਵਾਲੀ ਮੋਗਾ ਮੂਵਮੈਂਟ ਦੀ ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਅਹਿਮੀਅਤ ਹੈ। ਇਸ ਬਾਰੇ ਬਿੱਕਰ ਸਿੰਘ ਕੰਮੇਆਣਾ ਨੇ ਲਹਿਰ ਵਿਚ ਖੁਦ ਆਪਣੀ ਸ਼ਮੂਲੀਅਤ ਦੇ ਆਧਾਰ 'ਤੇ ਢੁਕਵੀਂ ਜਾਣਕਾਰੀ ਦਿੱਤੀ ਹੈ। ਵਿਦਿਆਰਥੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਦੀ ਸਥਾਪਨਾ ਦਰਸ਼ਨ ਸਿੰਘ ਬਾਗੀ ਅਤੇ ਪ੍ਰੋ. ਭੁਪਿੰਦਰ ਸਿੰਘ ਦੇ ਉਦਮ ਨਾਲ ਇਸ ਲਹਿਰ ਤੋਂ 5 ਸਾਲ ਪਹਿਲਾਂ 1967 'ਚ ਹੋਈ ਸੀ। ਇਸੇ ਜਥੇਬੰਦੀ ਦੀ ਅਗਵਾਈ ਹੇਠ 1968 ਦੌਰਾਨ ਵਿਦਿਆਰਥੀਆਂ ਨੇ ਸਥਾਪਤੀ ਦੇ ਵਿਰੋਧ ਵਿਚ ਪੰਜਾਬ ਪੱਧਰ ਦੀ ਵਡੀ ਹੜਤਾਲ ਕੀਤੀ ਸੀ। ਇਹ ਸੰਘਰਸ਼ ਵੀ ਵਡੀ ਲਹਿਰ ਬਣ ਗਿਆ ਸੀ ਅਤੇ ਇਸ ਨੇ ਵੀ ਬੜੀ ਤੇਜ਼ੀ ਨਾਲ ਰਾਜ ਦੀਆਂ ਸਭ ਅਹਿਮ ਵਿਦਿਅਕ ਸੰਸਥਾਵਾਂ ਨੂੰ ਆਪਣੀ ਗ੍ਰਿਫਤ ਵਿਚ ਲੈ ਲਿਆ ਸੀ। ਅਸੀਂ ਉਸ ਸਮੇਂ ਦੇ ਨੇਤਾਵਾਂ ਦਰਸ਼ਨ ਸਿੰਘ ਬਾਗੀ ਅਤੇ ਇੰਦਰਜੀਤ ਬਿੱਟੂ ਨੂੰ ਬਿੱਕਰ ਸਿੰਘ ਵਾਲੇ ਲੇਖ ਦੀ ਤਰਜ਼ 'ਤੇ ਕੁਝ ਲਿਖ ਭੇਜਣ ਦੀ ਬੇਨਤੀ ਕੀਤੀ ਸੀ, ਪਰ ਉਨ੍ਹਾਂ ਵੱਲੋਂ ਆਪੋ ਆਪਣੇ ਕਾਰਨਾਂ ਕਰ ਕੇ ਨਾਂਹ ਕਰ ਦੇਣ 'ਤੇ ਅਸੀਂ ਗੁਰਦਿਆਲ ਸਿੰਘ ਬੱਲ ਨੂੰ ਨਿੱਜੀ ਯਾਦਾਂ ਦੇ ਆਧਾਰ 'ਤੇ ਕੁਝ ਲਿਖਣ ਨੂੰ ਆਖਿਆ ਜੋ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਪਹਿਲੀ ਕਿਸ਼ਤ ਵਿਚ 1968 ਦੀ ਹੜਤਾਲ ਦੇ ਆਗੂ ਸ਼ਮਸ਼ੇਰ ਸਿੰਘ ਸ਼ੇਰੀ ਤੇ ਪੀ.ਐਸ.ਯੂ. ਦੀ ਸਥਾਪਨਾ ਬਾਰੇ ਮੁਢਲੀ ਵਾਕਫੀ ਹੈ। -ਸੰਪਾਦਕ।*

# ਪੀ.ਐਸ.ਯੂ. ਦੀ ਸਥਾਪਨਾ ਤੇ 1968 ਦਾ ਇਨਕਲਾਬੀ ਵਰ੍ਹਾ

ਬਿੱਕਰ ਬਾਈ ਨੇ 'ਪੰਜਾਬ ਟਾਈਮਜ਼' ਵਿਚ ਸਾਲ 1972 ਦੀ ਮੋਗਾ ਮੂਵਮੈਂਟ ਨੂੰ ਚੇਤੇ ਕਰ ਕੇ ਚੰਗਾ ਉਦਮ ਕੀਤਾ ਹੈ। ਪੰਜਾਬ ਦੇ ਇਤਿਹਾਸ ਅੰਦਰ ਸਾਲ 1972 ਤੋਂ 1982 ਤੱਕ ਦਾ ਉਹ ਦਹਾਕਾ ਸੀ ਜਿਸ ਵਿਚ ਵਿਦਿਆਰਥੀਆਂ ਅਤੇ ਨੌਜਵਾਨਾਂ ਨੇ ਪੀ.ਐਸ.ਯੂ. ਦੇ ਵੱਖ-ਵੱਖ ਧੜਿਆਂ, ਐਸ.ਐਫ.ਆਈ., ਏ.ਆਈ.ਐਸ.ਐਫ., ਨੌਜਵਾਨ ਭਾਰਤ ਸਭਾ ਅਤੇ ਅਜਿਹੇ ਹੀ ਹੋਰ ਸੰਗਠਨਾਂ ਹੇਠ ਲਾਮਬੰਦ ਹੋ ਕੇ ਜਾਤੀ ਵਿਤਕਰੇ ਅਤੇ ਕਿਸੇ ਵੀ ਕਿਸਮ ਦੀ ਬੇਇਨਸਾਫੀ ਤੋਂ ਰਹਿਤ ਸਮਾਜੀ ਵਿਵਸਥਾ ਦੇ ਖੁਆਬ ਨੂੰ ਅਮਲੀ ਰੂਪ

**ਗੁਰਦਿਆਲ ਸਿੰਘ ਬੱਲ**
**ਫੋਨ: 91-98150-85277**

ਦੇਣ ਲਈ ਸੰਘਰਸ਼ ਲਾਮਬੰਦ ਕੀਤੇ। ਇਨ੍ਹਾਂ ਨੌਜਵਾਨ/ਵਿਦਿਆਰਥੀ ਸੰਗਠਨਾਂ ਦੇ ਵੱਖ-ਵੱਖ ਇਜਲਾਸਾਂ ਜਾਂ ਇਨ੍ਹਾਂ ਵੱਲੋਂ ਪ੍ਰਕਾਸ਼ਤ ਅਖਬਾਰਾਂ ਰਸਾਲਿਆਂ ਦੇ ਪੰਨਿਆਂ 'ਤੇ ਮੋਟੀ ਜਿਹੀ ਨਜ਼ਰ ਮਾਰਿਆਂ ਪਤਾ ਲੱਗ ਜਾਂਦਾ ਹੈ ਕਿ ਇਨ੍ਹਾਂ ਦੇ ਉਪਰਾਲੇ ਸਾਲ 1914 ਦੇ ਗਦਰੀਆਂ ਦੇ ਰੂਹੇ-ਰਵਾਂ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਇਨਕਲਾਬੀ ਵਿਰਸੇ ਦੇ ਪ੍ਰਮਾਣਕ ਵਾਰਸ ਸ਼ਹੀਦ ਭਗਤ ਸਿੰਘ ਦੇ ਆਦਰਸ਼ਾਂ ਦੀ ਨਿਰੰਤਰਤਾ ਵਿਚ ਸਨ। ਮੋਗਾ ਮੂਵਮੈਂਟ ਪੰਜਾਬੀ ਨੌਜਵਾਨਾਂ ਦੇ ਅਜਿਹੇ ਰੌਅ ਦਾ ਨਿਰਸੰਦੇਹ ਸਿਖਰ ਸੀ, ਪਰ ਇਸ ਸਿਖਰ ਦੀ ਬੁਨਿਆਦ ਸਾਲ 1967 ਦੀਆਂ ਉਨ੍ਹਾਂ ਵਿਦਿਆਰਥੀ ਸਰਗਰਮੀਆਂ ਵਿਚ ਨਿਹਿਤ ਸੀ ਜੋ ਉਨ੍ਹਾਂ ਸਮਿਆਂ ਦੇ ਦੋ ਬੜੇ ਹੀ ਬੁੱਧੀਮਾਨ ਵਿਦਿਆਰਥੀ ਨੇਤਾਵਾਂ-ਦਰਸ਼ਨ ਸਿੰਘ ਬਾਗੀ ਤੇ ਪ੍ਰੋ: ਭੁਪਿੰਦਰ ਸਿੰਘ ਦੀ ਅਗਵਾਈ ਹੇਠ ਚੱਲੀਆਂ ਅਤੇ ਜਿਨ੍ਹਾਂ ਦਾ ਪ੍ਰਚੰਡ ਜਲਵਾ 1968 'ਚ ਸ਼ਮਸ਼ੇਰ ਸਿੰਘ ਸ਼ੇਰੀ ਵਰਗੇ ਦੰਤ ਕਥਾਈ ਵਿਦਿਆਰਥੀ ਆਗੂ ਦੀ ਅਗਵਾਈ ਹੇਠ ਗੌਰਮਿੰਟ ਕਾਲਜ, ਲੁਧਿਆਣਾ ਦੇ ਪ੍ਰਿੰਸੀਪਲ ਭਾਰਦਵਾਜ ਦੇ 'ਤਾਨਾਸ਼ਾਹ ਰਵੱਈਏ' ਵਿਰੁਧ ਉਠੇ ਅਤੇ ਫਿਰ ਪੰਜਾਬ ਭਰ ਵਿਚ ਫੈਲ ਗਏ ਰੋਹ ਦੇ ਰੂਪ ਵਿਚ ਸਾਹਮਣੇ ਆਇਆ।

ਦਰਅਸਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਕੈਂਪਸ ਵਿਚ 'ਲਾਲ ਹਵਾ' 1962-64 ਦੇ ਸਾਲਾਂ ਦੌਰਾਨ 'ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ' ਦੇ ਲੇਖਕ ਭਾਅ ਜੀ ਦਲਬੀਰ ਸਿੰਘ ਦੇ ਪੱਤਰਕਾਰੀ ਵਿਭਾਗ ਵਿਚ ਦਾਖਲਾ ਲੈ ਲੈਣ ਨਾਲ ਹੀ ਚੱਲਣੀ ਸ਼ੁਰੂ ਹੋ ਗਈ ਸੀ। ਉਸ ਸਮੇਂ ਕਿਸੇ ਦੇ ਸੁਪਨਿਆਂ ਵਿਚ ਵੀ ਨਹੀਂ ਹੋਣਾ ਕਿ ਇਸੇ ਦਲਬੀਰ ਸਿੰਘ ਨੇ ਸੰਤ ਭਿੰਡਰਾਂਵਾਲਾ ਦੇ ਪੰਜਾਬ ਦੇ ਸਿਆਸੀ ਸੀਨ 'ਤੇ ਨਮੂਦਾਰ ਹੁੰਦਿਆਂ ਹੀ ਉਨ੍ਹਾਂ ਦਾ ਮੁੱਖ ਸਲਾਹਕਾਰ ਬਣ ਜਾਣਾ ਹੈ। ਪੀ.ਐਸ.ਯੂ. ਇਸੇ ਦਲਬੀਰ ਸਿੰਘ ਨੇ ਸਾਲ 1964 ਵਿਚ ਕਾਇਮ ਕੀਤੀ ਸੀ। ਦਲਬੀਰ ਤੋਂ ਤੁਰੰਤ ਪਿਛੋਂ ਉਸ ਦਾ ਉਨ੍ਹਾਂ ਦਿਨਾਂ ਦਾ ਅਜ਼ੀਜ਼ ਡਾ. ਪਿਆਰੇ ਮੋਹਣ ਸ਼ਰਮਾ ਵਿਦਿਆਰਥੀ ਲਹਿਰ ਦੀ ਰੂਹੇ-ਰਵਾਂ ਬਣਿਆ ਰਿਹਾ। ਬਾਗੀ ਤੇ ਭੁਪਿੰਦਰ ਸਿੰਘ ਨਾਲ ਰਜਿੰਦਰ ਢੀਂਡਸਾ, ਅਮਰਜੀਤ ਸਿੰਘ ਪਰਾਗ, ਪਿਛੋਂ ਆ ਕੇ ਨਕਸਲੀਆਂ ਦੇ ਚਾਰੂ ਧੜੇ ਦਾ ਆਗੂ ਦਇਆ ਸਿੰਘ ਅਤੇ ਹਾਕਮ-ਬੈਰਾਗੀ ਧੜੇ ਵਿਚ ਸਰਗਰਮ ਹੋਣ ਵਾਲਾ ਤਰਲੋਚਨ ਗਰੇਵਾਲ ਸਾਰੇ ਇਕੱਠੇ ਇਕੋ ਐਕਸਿਸ ਤੇ ਸਰਗਰਮ ਸਨ। ਪ੍ਰੋ. ਹਰਭਜਨ ਸੋਹੀ ਦਾ ਵੀ ਇਸੇ ਸਰਕਲ ਵਿਚ ਨਿਰੰਤਰ ਆਉਣ ਜਾਣ ਸੀ।

ਬਿੱਕਰ ਬਾਈ ਦੇ ਲੇਖ ਪੜ੍ਹਦਿਆਂ ਮੈਨੂੰ ਬੜੀ ਸ਼ਿੱਦਤ ਨਾਲ ਇਹ ਅਹਿਸਾਸ ਵਾਰ-ਵਾਰ ਹੁੰਦਾ ਰਿਹਾ ਕਿ ਮੋਗਾ ਮੂਵਮੈਂਟ ਨਾਲ ਜੁੜੇ ਵਿਸ਼ੇਸ਼ ਇਤਿਹਾਸਕ ਦਹਾਕੇ ਜਾਂ ਸਥਾਪਤੀ ਵਿਰੋਧੀ ਰੌਂਅ ਦੀਆਂ ਜੜ੍ਹਾਂ ਨੂੰ ਜੇਕਰ ਸਮਝਣਾ ਹੈ ਤਾਂ ਦਰਸ਼ਨ ਬਾਗੀ ਅਤੇ ਉਸ ਦੇ ਸਾਥੀਆਂ ਦੀ ਅਗਵਾਈ ਹੇਠ ਚਲੇ 1968 ਦੇ ਵਿਦਿਆਰਥੀ ਅੰਦੋਲਨ ਨੂੰ ਚਿਤਾਰਨਾ ਜ਼ਰੂਰੀ ਹੋਵੇਗਾ। ਦਰਸ਼ਨ ਬਾਗੀ ਅਤੇ ਭੁਪਿੰਦਰ ਸਿੰਘ ਪੰਜਾਬ ਯੂਨੀਵਰਸਿਟੀ ਵਿਚ ਸਮਾਜ ਸ਼ਾਸਤਰ ਦੇ ਵਿਦਿਆਰਥੀ ਸਨ ਅਤੇ 1967 'ਚ ਇਥੋਂ ਹੀ ਇਨ੍ਹਾਂ ਦੋਹਾਂ ਨੇ ਪੰਜਾਬ ਦੇ ਕਾਲਜ ਵਿਦਿਆਰਥੀਆਂ ਵਿਚ ਇਨਕਲਾਬੀ ਸਮਾਜਵਾਦੀ ਜਮਹੂਰੀ ਸੰਵੇਦਨਾ ਦੀ ਜਾਗ ਲਾਉਣ ਅਤੇ ਉਨ੍ਹਾਂ ਨੂੰ ਪੀ.ਐਸ.ਯੂ. ਦੇ ਝੰਡੇ ਹੇਠ ਲਾਮਬੰਦ ਕਰਨ ਦੀ ਮੁਹਿੰਮ ਅਰੰਭੀ ਸੀ। ਸ਼ਮਸ਼ੇਰ ਸਿੰਘ ਸ਼ੇਰੀ ਇਸੇ ਸਾਲ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਅਰਥ ਸ਼ਾਸਤਰ ਦੀ ਐਮ.ਏ. ਦਾ ਪਹਿਲੇ ਸਾਲ ਦਾ ਵਿਦਿਆਰਥੀ ਸੀ ਅਤੇ ਉਸ ਨੇ ਬਾਗੀ ਅਤੇ ਭੁਪਿੰਦਰ ਸਿੰਘ ਦੀ ਪ੍ਰੇਰਨਾ ਹੇਠ ਦੋ-ਚਾਰ ਦਿਨਾਂ ਵਿਚ ਹੀ ਸੰਗਠਨ ਦੀ ਤਕੜੀ ਇਕਾਈ ਉਸਾਰ ਲਈ ਸੀ। ਮੈਂ ਖੁਦ ਉਸ ਸਾਲ ਗੌਰਮਿੰਟ ਕਾਲਜ, ਸਠਿਆਲਾ ਦਾ ਵਿਦਿਆਰਥੀ ਸਾਂ। ਬਘੇਲ ਸਿੰਘ ਬੱਲ ਅਤੇ ਸੁਰਿੰਦਰ ਸਿੰਘ ਚਹਿਲ ਦੀਆਂ ਕੋਸ਼ਿਸ਼ਾਂ ਸਦਕਾ ਸਾਡੇ ਕਾਲਜ ਵਿਚ ਸਾਹਿਤ ਅਧਿਐਨ ਅਤੇ ਸਮਾਜਵਾਦੀ ਵਿਚਾਰਾਂ ਵਿਚ ਦਿਲਚਸਪੀ ਲੈਣ ਵਾਲਾ ਵਿਦਿਆਰਥੀਆਂ ਦਾ ਤਕੜਾ ਸਰਕਲ ਪਹਿਲਾਂ ਹੀ ਹੋਂਦ ਵਿਚ ਆ ਚੁੱਕਾ ਸੀ। ਗੁਰਦੇਵ ਸਿੰਘ ਸਠਿਆਲਾ, ਮੰਗਲ ਸਿੰਘ ਦਨਿਆਲ, ਪ੍ਰਿਥੀਪਾਲ ਸਿੰਘ ਪੰਨੂ, ਕੁਲਬੀਰ ਸਿੰਘ ਹੁੰਦਲ, ਕਰਨੈਲ ਸਿੰਘ ਰੰਧਾਵਾ, ਗਿਆਨ ਗੋਰਾਇਆ, ਜਰਮਨਜੀਤ ਸਿੰਘ ਆਦਿ ਵਿਦਿਆਰਥੀ ਇਸ ਸਰਕਲ ਦੇ ਅਹਿਮ ਮੈਂਬਰ ਸਨ। ਕਰਨੈਲ ਸਿਰੇ ਦਾ ਆਦਰਸ਼ਵਾਦੀ ਸੀ ਅਤੇ ਆਪਣੀਆਂ ਅਨੇਕ ਸਿਫਤਾਂ ਕਾਰਨ ਕਾਲਜ 'ਚ ਦਾਖਲੇ ਦੇ ਪਹਿਲੇ ਸਾਲ ਹੀ ਸਰਬਪ੍ਰਵਾਨਤ ਆਗੂ ਵਜੋਂ ਉਭਰ ਆਇਆ ਸੀ। ਸ਼ੁਰੂ ਸ਼ੁਰੂ ਵਿਚ ਉਸ ਦੇ ਵਿਚਾਰਾਂ ਉਪਰ ਰਵਾਇਤੀ ਦੇਸ਼ ਭਗਤੀ ਦਾ ਰੰਗ ਭਾਰੂ ਸੀ ਅਤੇ ਸਮਾਜਵਾਦੀ ਵਿਚਾਰਧਾਰਾ ਵੱਲ ਮੈਂ ਖੁਦ ਉਹਨੂੰ ਵੱਡੀ ਘਾਲਣਾ ਨਾਲ ਪ੍ਰੇਰਿਆ ਸੀ। ਦਰਸ਼ਨ ਬਾਗੀ ਤੇ ਸ਼ੇਰੀ ਦੇ ਸੰਪਰਕ ਵਿਚ ਅਸੀਂ ਇਕੱਠੇ ਹੀ ਆਏ ਸਾਂ। ਸਾਲ 1968 ਦੀਆਂ ਛੁੱਟੀਆਂ ਦੌਰਾਨ ਕਰਨੈਲ ਨੇ 'ਕਮਿਊਨਿਸਟ ਮੈਨੀਫੈਸਟੋ' ਤੇ ਹੋਰ ਮੁੱਢਲੀਆਂ ਕਿਰਤਾਂ ਧਿਆਨ ਨਾਲ ਪੜ੍ਹੀਆਂ ਜਿਸ ਦੇ ਨਤੀਜੇ ਵਜੋਂ ਉਸ ਦੀ ਮਾਰਕਸੀ ਅਕੀਦ ਹੋਰ ਵੀ ਪੱਕੇ ਪੈਰੀਂ ਆ ਗਈ।

ਐਨ ਇਨ੍ਹਾਂ ਦਿਨਾਂ ਵਿਚ ਮਾਸਟਰ ਬਘੇਲ ਸਿੰਘ ਹੋਰਾਂ ਦੀ ਪ੍ਰੇਰਨਾ ਨਾਲ ਮੈਂ ਮਹਾਨ ਰੂਸੀ ਲੇਖਕ ਫਿਓਦੋਰ ਦਾਸਤੋਵਸਕੀ ਦਾ ਨਾਵਲ 'ਦਾ ਈਡੀਅਟ' ਪੜ੍ਹ ਲਿਆ। 1968-69 ਦੇ ਸੈਸ਼ਨ ਲਈ ਕਾਲਜ ਵਾਪਸ ਆਉਣ ਤੱਕ ਕਰਨੈਲ ਦੀ ਖਾੜਕੂ ਮਾਰਕਸਵਾਦੀ ਚੇਤਨਾ ਪੂਰੀ ਤਰ੍ਹਾਂ ਪ੍ਰਚੰਡ ਹੋ ਚੁੱਕੀ ਸੀ। ਦੂਜੇ ਪਾਸੇ ਮੇਰੇ ਮਨ ਅੰਦਰ ਜੀਵਨ ਨੂੰ ਚੰਗੇਰਾ ਬਣਾਉਣ ਲਈ ਇਨਸਾਨੀ ਦਖਲ ਦੀ ਸਮਰਥਾ ਅਤੇ ਸਾਰਥਿਕਤਾ ਬਾਰੇ ਗਹਿਰੇ ਸ਼ੰਕੇ ਪੈਦਾ ਹੋ ਗਏ ਅਤੇ ਕਿਸੇ ਕਿਸਮ ਦੀ ਵੀ ਸਰਗਰਮੀ ਪ੍ਰਤੀ ਉਦਾਸੀਨਤਾ ਭਾਰੂ ਹੋ ਗਈ, ਪਰ ਇਹ 1968 ਦੀਆਂ ਗੱਲਾਂ ਹਨ। ਸਾਲ 1967 ਵਿਚ ਅਜੇ ਐਸਾ ਨਹੀਂ ਸੀ। ਇਸ ਵਰ੍ਹੇ ਸ਼ੇਰੀ ਨੇ ਖਾਲਸਾ ਕਾਲਜ ਵਿਚ ਦਾਖਲਾ ਲਿਆ ਅਤੇ ਪੂਰੇ ਜ਼ਿਲ੍ਹੇ ਦੇ ਕਾਲਜਾਂ ਅੰਦਰ ਖਾੜਕੂ ਵਿਦਿਆਰਥੀ ਸਰਗਰਮੀਆਂ ਦਾ ਗਾਹ ਹੀ ਪਾ ਦਿੱਤਾ। ਵਿਦਿਆਰਥੀਆਂ ਦੀ ਕਿਸੇ ਵੀ ਮੰਗ ਜਾਂ ਜਾਇਜ਼ ਸ਼ਿਕਾਇਤ ਮਿਲਦੇ ਸਾਰ ਸਾਡੇ ਮਿੱਤਰ ਕੰਵਲਜੀਤ ਸਿੰਘ ਸੰਧੂ ਜਾਂ ਸੁੱਚਾ ਸਿੰਘ ਰੰਧਾਵਾ, ਫਤਿਹਗੜ੍ਹ ਚੂੜੀਆਂ ਨੂੰ ਨਾਲ ਲੈ ਕੇ ਸ਼ੇਰੀ ਇਕ ਤਰ੍ਹਾਂ ਨਾਲ ਇਕੱਲਿਆਂ ਹੀ ਖਾਲਸਾ ਕਾਲਜ ਦਾ ਮੁੱਖ ਗੇਟ ਬੰਦ ਕਰ ਕੇ ਹੜਤਾਲ ਕਰਵਾ ਦਿੰਦਾ। ਉਸ ਦੀ ਅਗਵਾਈ ਜਾਂ ਆਗੂ ਰੋਲ ਬਾਰੇ ਪੂਰੇ ਸੈਸ਼ਨ ਦੌਰਾਨ ਕਦੀ ਕਿਸੇ ਨੇ ਕੋਈ ਇਤਰਾਜ਼ ਉਠਾਇਆ ਹੀ ਨਹੀਂ ਸੀ। ਜ਼ਿਲ੍ਹੇ ਅੰਦਰ ਅਸੀਂ ਸਾਰੇ ਸ਼ੇਰੀ ਦੇ ਸਰਗਰਮ ਸਹਿਯੋਗੀ ਸਾਂ। ਬੇਸ਼ਕ ਇਸ ਪਿੱਛੇ ਵਿਚਾਰਧਾਰਕ ਤੱਦੀ ਨਾਲੋਂ ਜਜ਼ਬਾਤੀ ਸਾਂਝ ਦਾ ਕਾਰਕ ਵਧੇਰੇ ਤਕੜਾ ਸੀ। ਸਾਡੇ ਸਭਨਾਂ ਨਾਲ, ਖਾਸ ਕਰ ਕੇ ਕੰਵਲ ਨਾਲ, ਸ਼ਮਸ਼ੇਰ ਨੇ ਮਾਲਵਾ ਛੱਡ ਕੇ ਅੰਮ੍ਰਿਤਸਰ ਸ਼ਹਿਰ ਆਉਂਦਿਆਂ ਹੀ ਸਕੇ ਭਰਾਵਾਂ ਵਰਗੀ ਸਾਂਝ ਪਾ ਲਈ ਹੋਈ ਸੀ। ਦਰਸ਼ਨ ਸਿੰਘ ਬਾਗੀ ਅਤੇ ਭੁਪਿੰਦਰ ਸਿੰਘ ਨੇ ਇਸੇ ਵਰ੍ਹੇ ਬਹੁਤ ਹੀ ਮਿਹਨਤ ਨਾਲ ਪੰਜਾਬ ਪੱਧਰ ਤੇ ਜੋ ਪੰਜਾਬ ਸਟੂਡੈਂਟਸ ਯੂਨੀਅਨ ਨਾਂ ਦੀ ਜਥੇਬੰਦੀ ਖੜ੍ਹੀ ਕੀਤੀ, ਉਸ ਦਾ ਪ੍ਰਧਾਨ ਅੰਮ੍ਰਿਤਸਰ ਜ਼ਿਲ੍ਹੇ ਦੇ ਸੁਰਿੰਦਰ ਸਿੰਘ ਚਹਿਲ ਨੂੰ ਥਾਪਿਆ ਗਿਆ ਸੀ। ਸੁਰਿੰਦਰ ਚਹਿਲ ਉਂਜ ਤਾਂ ਸ਼ਮਸ਼ੇਰ ਨਾਲੋਂ ਹਰ ਪੱਖੋਂ ਸੀਨੀਅਰ ਸੀ, ਪਰ ਅਮਲੀ ਸਰਗਰਮੀ



*ਦਰਸ਼ਨ ਬਾਗੀ 1968 ਦੀ ਵਿਦਿਆਰਥੀ ਹੜਤਾਲ ਤੋਂ ਤਿੰਨ ਦਹਾਕੇ ਬਾਅਦ ਕੈਨੇਡਾ ਤੋਂ ਵਤਨ ਵਾਪਸੀ ਸਮੇਂ ਗੁਰਦਿਆਲ ਬੱਲ ਦੇ ਨਾਲ।*

ਜਾਂ ਪਹਿਲਕਦਮੀ ਦੇ ਮਾਮਲੇ ਵਿਚ ਪ੍ਰਧਾਨ ਨੇ ਵੀ ਸ਼ੇਰੀ ਦੀ ਸਰਦਾਰੀ ਕਬੂਲੀ ਹੋਈ ਸੀ। ਸੁਰਿੰਦਰ ਚਹਿਲ ਦੀ ਰਿਹਾਇਸ਼ ਉਸ ਸਾਲ ਜਲੰਧਰ-ਅੰਮ੍ਰਿਤਸਰ ਸੜਕ 'ਤੇ ਪੈਂਦੇ ਕਸਬੇ ਟਾਂਗਰਾ ਸੀ ਅਤੇ ਸਾਲ ਦੇ ਅਖੀਰ ਵਿਚ ਸ਼ੇਰੀ ਨੇ ਇਮਤਿਹਾਨ ਦੀ ਤਿਆਰੀ ਲਈ ਰਹਿਣਾ ਵੀ ਸੁਰਿੰਦਰ ਦੇ ਕੋਲ ਆ ਕੇ ਹੀ ਸ਼ੁਰੂ ਕਰ ਦਿੱਤਾ ਸੀ। ਦੋ ਤਿੰਨ ਵਾਰ ਮੈਂ ਖੁਦ ਉਨ੍ਹਾਂ ਨਾਲ ਠਹਿਰਦਾ ਰਿਹਾ ਸਾਂ। ਮੈਨੂੰ ਯਾਦ ਹੈ, ਮੈਂ ਉਨ੍ਹਾਂ ਨੂੰ ਅਰਥ ਸ਼ਾਸਤਰ ਦੇ ਪੇਪਰਾਂ ਦੀ ਤਿਆਰੀ ਕਰਦਿਆਂ ਤਾਂ ਕਦੀ ਵੇਖਿਆ ਨਹੀਂ ਸੀ। ਗੁਰੀਲਾ ਰਣਨੀਤੀ ਦੇ ਫਰਾਂਸੀਸੀ ਸਿਧਾਂਤਕਾਰ ਰੈਗਿਸ ਡੈਬਰੇ ਦੀ 'ਰੈਵੋਲਿਊਸ਼ਨ ਇਨ ਰੈਵੋਲਿਊਸ਼ਨ' ਨਾਂ ਦੀ ਪੈਂਗੂਇਨ ਵਾਲਿਆਂ ਦੀ ਕਿਤਾਬ ਉਨ੍ਹੀਂ ਦਿਨੀਂ ਨਵੀਂ-ਨਵੀਂ ਆਈ ਸੀ। ਕਿਊਬਨ ਇਨਕਲਾਬੀ ਆਗੂ ਚੀ ਗੁਵੇਰਾ ਦੀ ਹੱਤਿਆ ਨੂੰ ਅਜੇ 2-4 ਮਹੀਨੇ ਹੀ ਹੋਏ ਸਨ। ਇਕ ਵਾਰ ਸ਼ੇਰੀ ਅਤੇ ਸੁਰਿੰਦਰ ਸਾਰੀ ਰਾਤ ਹੀ ਡੈਬਰੇ ਦੀ ਕਿਤਾਬ ਵਿਚਲੇ ਗੁਰੀਲਾ ਸਿਧਾਂਤਾਂ ਬਾਰੇ ਹੀ ਚਰਚਾ ਕਰਦੇ ਰਹੇ ਅਤੇ ਇਕ ਮਿੰਟ ਵੀ ਨਾ ਸੁੱਤੇ। ਗੁਵੇਰਾ ਦਾ 'ਸਮਾਜਵਾਦੀ ਨਿਜ਼ਾਮ ਅੰਦਰ ਮਨੁੱਖ' ਸਿਰਲੇਖ ਹੇਠਲਾ ਲੇਖ ਸ਼ੇਰੀ ਅਤੇ ਸੁਰਿੰਦਰ ਦੋਵਾਂ ਲਈ ਮਨਭਾਉਂਦੀ ਕ੍ਰਿਤ ਸੀ। ਦੋਵਾਂ ਦਾ ਜੀ ਕਰਦਾ ਸੀ ਕਿ ਉਨ੍ਹਾਂ ਦੇ ਜੇ ਵਸ ਵਿਚ ਹੋਵੇ ਤਾਂ ਉਹ ਉਸ ਲੇਖ ਦੀ ਕਾਪੀਆਂ ਸਾਈਕਲੋਸਟਾਈਲ ਕਰ ਕੇ ਦੁਨੀਆਂ ਭਰ ਵਿਚ ਹਰ ਮਰਦ ਔਰਤ ਤੱਕ ਪਹੁੰਚਾ ਦੇਣ। ਉਨ੍ਹੀਂ ਦਿਨੀਂ ਅਮਰੀਕੀ ਗਲਬੇ ਤੋਂ ਮੁਕਤੀ ਲਈ ਵੀਅਤਨਾਮ ਦੀ ਜੰਗ ਪੂਰੇ ਸਿਖਰ 'ਤੇ ਸੀ। ਯਾਸਰ ਅਰਾਫਾਤ ਦੀ ਅਗਵਾਈ ਹੇਠ ਫਲਸਤੀਨੀ ਮੁਕਤੀ ਮੋਰਚਾ ਵੀ ਅਜੇ ਸਮਾਜਵਾਦੀ ਆਦਰਸ਼ਾਂ ਲਈ ਪ੍ਰਤੀਬੱਧ ਸੀ ਅਤੇ ਸਭ ਤੋਂ ਵੱਡੀ ਗੱਲ ਇਹ ਸੀ ਕਿ ਚੀਨ ਦੇ ਸਭਿਆਚਾਰਕ ਇਨਕਲਾਬ ਦੇ ਵਰਤਾਰੇ ਨੇ ਇਨਸਾਨੀ ਸਵੈਮਾਣ ਦੀ ਬਹਾਲੀ ਲਈ ਚਾਹਤ ਰੱਖਣ ਵਾਲੇ ਦੁਨੀਆਂ ਭਰ ਦੇ ਹਰ ਹੋਸ਼ਮੰਦ ਇਨਸਾਨ ਦੀ ਸੋਚ 'ਤੇ ਛਾਉਣੀਆਂ ਪਾਈਆਂ ਹੋਈਆਂ ਸਨ। ਸੁਰਿੰਦਰ ਚਹਿਲ ਅਤੇ ਸ਼ਮਸ਼ੇਰ ਦੋਵੇਂ ਹੀ ਸਭਿਆਚਾਰਕ ਇਨਕਲਾਬ ਦੀ ਮਿੱਥ ਤੋਂ ਪੂਰੀ ਤਰ੍ਹਾਂ ਪ੍ਰਭਾਵਤ ਸਨ। ਚੀ ਗੁਵੇਰਾ ਨੇ 'ਥਾਂ ਥਾਂ ਉਤੇ ਵੀਅਤਨਾਮ ਬਣਾ ਦਿਓ' ਸਿਰਲੇਖ ਹੇਠ ਲੇਖ ਲਿਖ ਕੇ ਦੁਨੀਆਂ ਭਰ ਦੇ ਮਜ਼ਲੂਮ ਲੋਕਾਂ ਨੂੰ ਅਮਰੀਕੀ ਮਹਾਂਸ਼ਕਤੀ ਵਿਰੁਧ ਅੰਤਿਮ ਲੜਾਈ ਛੇੜ ਦੇਣ ਦਾ ਸੱਦਾ ਦਿੱਤਾ ਸੀ। ਸੁਰਿੰਦਰ ਚਹਿਲ ਪ੍ਰੇਰਨਾ ਦੇ ਸਰੋਤ ਵਜੋਂ ਇਸ ਨਾਅਰੇ ਨੂੰ ਮੰਨਦਾ ਸੀ, ਪਰ ਇਸ ਨੂੰ ਅਮਲੀ ਰੂਪ ਦੇਣ ਵਿਚ ਜ਼ਮੀਨੀ ਹਕੀਕਤਾਂ ਬਾਰੇ ਉਸ ਦੇ ਮਨ ਅੰਦਰ ਸ਼ੰਕੇ ਸਨ। ਇਸ ਦੇ ਉਲਟ ਸ਼ਮਸ਼ੇਰ ਦੇ ਮਨ ਵਿਚ ਸ਼ੰਕਿਆਂ ਦੀ ਉਕਾ ਹੀ ਕੋਈ ਗੁੰਜਾਇਸ਼ ਨਹੀਂ ਸੀ। ਉਸ ਦਾ ਦ੍ਰਿੜ ਵਿਸ਼ਵਾਸ ਸੀ ਕਿ ਕਾਰਲ ਮਾਰਕਸ ਦੀ ਸਿਧਾਂਤਕ ਘਾਲਣਾ ਅਤੇ ਲੈਨਿਨ ਤੇ ਮਾਓ ਦੇ ਅਮਲਾਂ ਤੋਂ ਪਿਛੋਂ ਕਿਸੇ ਸ਼ੰਕੇ ਦੀ ਗੁੰਜਾਇਸ਼ ਹੀ ਨਹੀਂ ਸੀ। ਇਨਸਾਨ ਵਿਚ ਇਨਕਲਾਬੀ ਇਮਾਨਦਾਰੀ ਤੇ ਇੱਛਾ ਹੋਵੇ ਸਹੀ-ਥਾਂ ਥਾਂ ਤੇ ਵੀਅਤਨਾਮ ਬਣਾਉਣ ਵਿਚ ਕੋਈ ਦਿੱਕਤ ਹੀ ਨਹੀਂ ਸੀ। ਸੁਰਿੰਦਰ ਚਹਿਲ ਨੂੰ ਡਰ ਲੱਗਣ ਲੱਗ ਪਿਆ ਸੀ ਕਿ ਅਜਿਹਾ ਕਰ ਸਕਣਾ ਸ਼ਾਇਦ ਸੰਭਵ ਨਹੀਂ ਸੀ। ਇਸ ਲਈ ਅਜਿਹੇ ਨੁਕਤਿਆਂ 'ਤੇ ਮਤਭੇਦਾਂ ਨੂੰ ਲੈ ਕੇ ਸੁਰਿੰਦਰ ਤੇ ਸ਼ੇਰੀ ਵਿਚਾਲੇ ਕਦੀ ਕਦੀ ਸਖਤ ਤਕਰਾਰ ਵੀ ਸ਼ੁਰੂ ਹੋ ਗਏ ਸਨ।

ਸਾਲ 1968 ਦੇ ਸਿਆਲੀ ਦਿਨਾਂ ਦੀ ਗੱਲ ਹੈ, ਸ਼ੇਰੀ ਕੰਵਲ ਦੇ ਨਾਲ ਮੈਨੂੰ ਮਿਲਣ ਲਈ ਪਿੰਡ ਆਇਆ ਹੋਇਆ ਸੀ। ਲੋਹੜੀ ਦੀ ਠੰਢੀ ਰਾਤ ਸੀ। ਕੰਵਲ ਨੇ ਜਾਰਜ ਆਰਵੈਲ ਦਾ ਅੰਨ੍ਹੇ ਕਮਿਊਨਿਸਟ ਵਿਰੋਧ ਵਿਚ ਲਿਖਿਆ '1984' ਨਾਂ ਦਾ ਨਾਵਲ ਕਿਤੇ ਤਾਜ਼ਾ ਹੀ ਪੜ੍ਹਿਆ ਸੀ। ਸ਼ੇਰੀ ਨੂੰ ਨਾਵਲ ਦੀ ਕਹਾਣੀ ਸਿਰੇ ਦੀ ਊਲ-ਜਲੂਲ ਲੱਗੀ ਸੀ। ਉਸ ਦਿਨ ਉਸ ਨੇ ਸ਼ਰਤ ਲਾਈ ਕਿ ਸਾਲ 1984 ਤੱਕ ਜਾਂਦਿਆਂ ਦੁਨੀਆਂ ਦੀ ਹੋਣੀ ਹਰ ਹਾਲ ਵਿਚ ਸੰਵਰ ਜਾਵੇਗੀ। ਸੰਸਾਰ ਦਾ ਨਕਸ਼ਾ ਉਵੇਂ ਨਹੀਂ ਬਣੇਗਾ ਜਿਵੇਂ ਜਾਰਜ ਆਰਵੈਲ ਨੇ ਆਪਣੇ ਨਾਵਲ ਵਿਚ 'ਬਕ' ਮਾਰੀ ਸੀ। ਬਲਕਿ ਇਹ ਨਕਸ਼ਾ ਉਸ ਤਰ੍ਹਾਂ ਦਾ ਸੁੰਦਰ ਹੋਵੇਗਾ ਜਿਵੇਂ ਕਿ ਚੇਅਰਮੈਨ ਮਾਓ ਦੀ 'ਸਭਿਆਚਾਰਕ ਕ੍ਰਾਂਤੀ' ਵਿਚ ਸਰਗਰਮ ਰੈਡ ਗਾਰਡ ਚਿਤਵ ਰਹੇ ਸਨ! ਜ਼ਿੰਦਗੀ ਦਾ ਕਾਇਆ ਕਲਪ ਲਈ ਅਜਿਹੀ ਸੁਪਨਸਾਜ਼ੀ ਦੇ ਬਾਵਜੂਦ ਸ਼ਮਸ਼ੇਰ ਨੇ ਐਮ.ਏ. ਅਰਥਸ਼ਾਸਤਰ ਪਹਿਲੇ ਸਾਲ ਦਾ ਇਮਤਿਹਾਨ ਪਾਸ ਕੀਤਾ ਅਤੇ ਵਾਪਸ ਜ਼ਿਲ੍ਹਾ ਸੰਗਰੂਰ ਵਿਚ ਆਪਣੇ ਪਿੰਡ ਚਲਾ ਗਿਆ। ਉਸ ਦੀ ਉਸ ਰਾਤ ਦੀ ਪੇਸ਼ੀਨਗੋਈ ਅੱਜ ਵੀ ਸਾਨੂੰ ਭੁੱਲੀ ਨਹੀਂ ਹੈ।

ਉਨ੍ਹਾਂ ਦਿਨਾਂ ਵਿਚ ਚੀ ਗੁਵੇਰਾ ਜਾਂ ਮਾਓ ਦੇ ਵਿਚਾਰਾਂ ਤੋਂ ਇਸ ਤਰ੍ਹਾਂ ਪ੍ਰੇਰਨਾ ਲੈਣ ਵਾਲੇ ਸ਼ਮਸ਼ੇਰ ਸ਼ੇਰੀ, ਸੁਰਿੰਦਰ ਚਹਿਲ ਜਾਂ ਉਨ੍ਹਾਂ ਦੇ ਰਹਿਨੁਮਾ ਦਰਸ਼ਨ ਬਾਗੀ ਅਤੇ ਭੁਪਿੰਦਰ ਸਿੰਘ ਇਕੱਲੇ-ਦੁਕੱਲੇ ਵਿਅਕਤੀ ਨਹੀਂ ਸਨ, ਸਗੋਂ ਜਪਾਨ ਤੋਂ ਲੈ ਕੇ ਮੈਕਸੀਕੋ ਅਤੇ ਇਟਲੀ ਤੋਂ ਲੈ ਕੇ ਕੋਲੰਬੀਆ ਤੱਕ ਪੂਰੀ ਦੁਨੀਆਂ ਦੀ ਨੌਜਵਾਨ ਪੀੜ੍ਹੀ ਨੂੰ ਹੀ ਇਨਸਾਨ ਦੀ ਅਜ਼ਮਤ ਦੀ ਬਹਾਲੀ ਵਾਲੀ ਵਿਚਾਰਧਾਰਾ ਜਾਂ ਅਜਿਹੇ 'ਮਸੀਹੀ' ਖੁਆਬਾਂ ਨੇ ਆਪਣੀ ਗ੍ਰਿਫਤ ਵਿਚ ਲਿਆ ਹੋਇਆ ਸੀ। ਇਸ ਵਰਤਾਰੇ ਦੀ ਸਿਖਰ ਉਸ ਸਾਲ, ਯਾਨਿ ਮਈ 1968 'ਚ ਉਦੋਂ ਸਾਹਮਣੇ ਆਈ ਜਦੋਂ ਵਿਦਿਆਰਥੀ ਆਗੂ ਕੋਹਨ ਬੇਨੀ ਦੀ ਅਗਵਾਈ ਹੇਠ ਨੌਜਵਾਨਾਂ ਨੇ ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਸਥਾਪਤੀ ਦੇ ਨੁਮਾਇੰਦਿਆਂ, ਸੰਸਥਾਵਾਂ ਅਤੇ ਰਵਾਇਤੀ ਕਦਰਾਂ ਕੀਮਤਾਂ ਦੇ ਵਿਰੋਧ ਵਿਚ ਆਪਣੀ ਹੀ ਕਿਸਮ ਦੇ ਇਨਕਲਾਬ ਦਾ ਬਿਗਲ ਵਜਾ ਦਿੱਤਾ। ਆਪਣੀ ਹੀ ਕਿਸਮ ਦੇ ਇਸ ਵਿਲੱਖਣ ਇਨਕਲਾਬ ਦੀ ਸ਼ੁਰੂਆਤ ਮੈਨੂੰ ਚੰਗੀ ਤਰ੍ਹਾਂ ਤਾਂ ਯਾਦ ਨਹੀਂ, ਸ਼ਾਇਦ ਯੂਨੀਵਰਸਿਟੀ 'ਚ ਪੜ੍ਹਦੇ ਕੁੜੀਆਂ-ਮੁੰਡਿਆਂ ਵੱਲੋਂ ਇਕ-ਦੂਜੇ ਦੇ ਹੋਸਟਲਾਂ ਵਿਚ ਦਿਨ-ਰਾਤ ਖੁੱਲ੍ਹੇਆਮ ਆਉਣ-ਜਾਣ, ਇਕੱਠਿਆਂ ਰਹਿਣ ਦੇ 'ਪਵਿੱਤਰ ਬੁਨਿਆਦੀ ਜਮਹੂਰੀ ਹੱਕ' ਦੀ ਮੰਗ ਨੂੰ ਲੈ ਕੇ ਹੋਈ ਸੀ ਅਤੇ ਫਿਰ ਇਕ ਦਮ ਜੰਗਲ ਦੀ ਅੱਗ ਵਾਂਗ ਹਰ ਤਰ੍ਹਾਂ ਦੇ ਅਨਿਆਂ, ਤਰਕਹੀਣਤਾ ਤੇ ਸਥਾਪਤੀ ਦੀ ਹਰੇਕ ਸੰਸਥਾ ਵਿਰੁੱਧ ਰੋਹ ਬਣ ਕੇ ਫੈਲ ਗਿਆ ਸੀ।

ਸੋ, ਇਹ ਸੀ ਉਹ ਇਤਿਹਾਸਕ ਮਰਹਲਾ ਤੇ ਨੌਜਵਾਨ ਪੀੜ੍ਹੀ ਦਾ ਬਾਗੀ ਰੌਂਅ ਜਿਸ ਦੇ ਪਿਛੋਕੜ 'ਚ ਸ਼ਮਸ਼ੇਰ ਸਿੰਘ ਸ਼ੇਰੀ ਐਮ.ਏ. ਦੇ ਦੂਜੇ ਸਾਲ ਵਿਚ ਦਾਖਲੇ ਲਈ ਸਾਡੇ ਕੋਲ ਪੁਜਾ। ਸ. ਬਿਸ਼ਨ ਸਿੰਘ ਸਮੁੰਦਰੀ ਦੰਤ ਕਥਾਈ ਕਿਸਮ ਦਾ ਕਦਾਵਰ ਪ੍ਰਿੰਸੀਪਲ ਸੀ ਅਤੇ ਮਾਝੇ ਦੇ ਵਿਦਿਆਰਥੀਆਂ ਲਈ ਫਾਦਰ ਫਿਗਰ ਸੀ। ਇਹ ਉਸ ਨੂੰ ਹੀ ਪਤਾ ਸੀ ਕਿ 1967-68 ਦੇ ਸੈਸ਼ਨ ਦੌਰਾਨ ਸ਼ੇਰੀ ਵਰਗੀ ਤੂਤ ਕਿਸਮ ਦੀ ਸ਼ੈਅ ਨਾਲ ਕਿਸ ਜੁਗਤ ਨਾਲ ਨਿਭਿਆ ਸੀ। ਅਗਲੇ ਵਰ੍ਹੇ ਉਹ ਉਸ ਨੂੰ ਦਾਖਲਾ ਦੇਣ ਲਈ ਉਕਾ ਹੀ ਤਿਆਰ ਨਹੀਂ ਸੀ। ਸ਼ੇਰੀ ਤੇ ਕੰਵਲ ਦਾਖਲੇ ਲਈ ਕਲਰਕਾਂ ਕੋਲ ਗਏ ਤਾਂ ਉਨ੍ਹਾਂ ਅੱਗੋਂ ਆਪਣੀ ਬੇਵਸੀ ਪ੍ਰਗਟਾ ਦਿੱਤੀ। ਫਿਰ ਦੋਵੇਂ 'ਇਕੱਲੇ' ਹੀ ਪ੍ਰਿੰ. ਸਮੁੰਦਰੀ ਦੀ ਅਦਾਲਤ 'ਚ ਜਾ ਹਾਜ਼ਰ ਹੋਏ। ਪ੍ਰਿੰ. ਸਮੁੰਦਰੀ ਨੇ ਸ਼ੇਰੀ ਨੂੰ ਵਿੰਹਦਿਆਂ ਹੀ ਉਠ ਕੇ ਗਲੇ ਨਾਲ ਲਾਇਆ ਅਤੇ ਨਾਲ ਹੀ ਆਪਣਾ ਫੈਸਲਾ ਸੁਣਾ ਦਿੱਤਾ ਕਿ ਉਸ ਨੇ ਹੀ ਰੱਬ-ਰੱਬ ਕਰਦਿਆਂ ਬੜੀ ਮੁਸ਼ਕਿਲ ਨਾਲ ਪਿਛਲਾ ਸੈਸ਼ਨ ਟਪਾਇਆ ਸੀ, ਅੱਗਿਓਂ ਉਸ ਨੇ ਉਸ ਨੂੰ ਕਾਲਜ ਵਿਚ ਦਾਖਲਾ ਨਹੀਂ ਦੇਣਾ। ਕੰਵਲ ਅਨੁਸਾਰ 'ਬਾਪ-ਬੇਟੇ' ਦੀ ਉਸ ਮਿਲਣੀ ਦੇ ਸੀਨ ਯਾਦ ਆਉਂਦਿਆਂ ਅੱਜ ਤੱਕ ਵੀ ਹਾਸਾ ਨਿਕਲ ਜਾਂਦਾ ਹੈ। ਸਮੁੰਦਰੀ ਬਾਬਾ ਕਹੀ ਜਾ ਰਿਹਾ ਸੀ ਕਿ ਸ਼ਮਸ਼ੇਰ ਉਸ ਦਾ ਪੁੱਤਰ ਹੈ, ਉਹ ਖਾਲਸਾ ਕਾਲਜ ਤੋਂ ਬਿਨਾਂ ਪੰਜਾਬ ਦੇ ਕਿਸੇ ਕਾਲਜ ਵੱਲ ਵੀ ਉਂਗਲੀ ਕਰੇ-ਉਹ ਖੁਦ ਜਾ ਕੇ ਉਸ ਨੂੰ ਉਸੇ ਕਾਲਜ ਅੰਦਰ ਦਾਖਲ ਕਰਵਾ ਦੇਵੇਗਾ, ਪਰ ਆਪਣੇ ਕਾਲਜ ਵਿਚ ਉਸ ਨੂੰ ਦਾਖਲਾ ਦੇਣ ਤੋਂ ਉਸ ਦੇ ਹੱਥ ਖੜ੍ਹੇ ਸਨ। ਸਮੁੰਦਰੀ ਬਾਬਾ ਬਹੁੜੀ ਕਰੀ ਜਾ ਰਿਹਾ ਸੀ।

(ਚੱਲਦਾ)

# ਇਹ ਸਿੱਲ੍ਹੇ ਨੈਣ ਬੜਾ ਕੁਝ ਕਹਿਣ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ: 916-273-2856
www.boparaisudhar.com

ਦਾਜ ਦੇ ਲੋਭੀਆਂ ਵੱਲੋਂ ਧੀਆਂ ਦੇ ਮਾਪਿਆਂ ਗਲ ਪਾਇਆ ਜਾਂਦਾ ਦਾਜ ਦਾ ਫਾਹਾ ਤੇ ਧੀਆਂ ਦੀ ਮਾਪਿਆਂ ਵਿਰੁਧ ਕੀਤੀ ਜਾਂਦੀ ਬਗਾਵਤ ਅਤੇ ਵਿਹਲੇ ਮਸ਼ਟੰਡਿਆਂ ਵੱਲੋਂ ਕੁੜੀਆਂ ਦੀ ਸ਼ਰ੍ਹੇਆਮ ਕੀਤੀ ਜਾਂਦੀ ਖਿੱਚਾ-ਧੂਹੀ ਹੀ ਭਰੂਣ ਹੱਤਿਆ ਨੂੰ ਜਨਮ ਦਿੰਦੀ ਹੈ। ਕੁੜੀਆਂ ਅੱਜ ਕਿਸੇ ਪੱਖੋਂ ਵੀ ਮੁੰਡਿਆਂ ਨਾਲੋਂ ਘੱਟ ਨਹੀਂ। ਇਨ੍ਹਾਂ ਨੇ ਹਰ ਖੇਤਰ ਵਿਚ ਆਪਣਾ ਨਾਮ ਰੌਸ਼ਨ ਕੀਤਾ ਹੈ; ਚਾਹੇ ਜਾਇਜ਼ ਖੇਤਰ ਦੀ ਵੱਡੀ ਪ੍ਰਾਪਤੀ ਹੋਵੇ ਤੇ ਚਾਹੇ ਨਾਜਾਇਜ਼ ਖੇਤਰ ਦੀ ਕੋਈ ਘਿਨਾਉਣੀ ਘਟਨਾ। ਪਿਛਲੇ ਸਮੇਂ ਤੋਂ 'ਪੰਜਾਬ ਦੀ ਧੀ' ਅਖਵਾਉਂਦੀ ਇਕ ਗਾਇਕਾ ਨੇ ਨੌਜਵਾਨ ਵਰਗ ਨੂੰ ਦੋਗਾਣਿਆਂ ਦੀ ਲੱਚਰਪਣੇ ਵਾਲੀ ਐਸੀ ਥਾਲੀ ਪਰੋਸੀ ਹੈ ਜੋ ਨਸ਼ਿਆਂ ਨਾਲੋਂ ਵੀ ਵੱਧ ਘਾਤਕ ਨਿਕਲੀ ਹੈ। ਪੰਜਾਬ ਦੀ ਇਸ ਧੀ ਨੇ ਆਪਣੇ ਬੈਂਕ ਖਾਤੇ ਤਾਂ ਭਰ ਲਏ ਹੋਣਗੇ ਪਰ ਕਈਆਂ ਦੇ ਚੁੱਲ੍ਹੇ ਦੀ ਅੱਗ ਦੇ ਨਾਲ ਘਰ ਦੇ ਚਿਰਾਗ ਵੀ ਬੁਝਾ ਦਿੱਤੇ। ਚਲੋ ਖੈਰ! ਹੁਣ ਜਿਹੜੀ ਧੀ ਦੀ ਕਹਾਣੀ ਲਿਖਣ ਲੱਗਿਆਂ, ਉਸ ਨੇ ਸ਼ਰਮ ਦੀ ਦਹਿਲੀਜ਼ ਤੋਂ ਐਸਾ ਕਦਮ ਅੱਗੇ ਪੁੱਟਿਆ ਜੋ ਬੇਸ਼ਰਮੀ ਦੀ ਦਲਦਲ ਵਿਚ ਫਸਦਾ ਗਿਆ।

ਦਿੱਲੀ ਦਾ ਰਹਿਣ ਵਾਲਾ ਟੀਟੂ ਸਿੰਘ ਬਿਜ਼ਨੈਸ ਵੀਜ਼ਾ ਲੈ ਕੇ ਅਮਰੀਕਾ ਪਹੁੰਚ ਗਿਆ। ਮਹੀਨਾ ਭਰ ਯਾਰਾਂ-ਦੋਸਤਾਂ ਕੋਲੋਂ ਡਾਲਰ ਬਣਾਉਣ ਦੇ ਤਰੀਕੇ ਲੱਭਦਾ ਰਿਹਾ। ਸਭ ਨੇ ਆਪੋ-ਆਪਣੀ ਸਲਾਹ ਦਿੱਤੀ। ਉਸ ਦੇ ਇਕ ਰਿਸ਼ਤੇਦਾਰ ਨੇ ਕਿਹਾ ਕਿ 'ਭਾਈ, ਤੇਰੇ ਬੱਚੇ ਨਿਆਣੇ ਹਨ, ਪਿੱਛੇ ਮੁੜ ਜਾਹ। ਇਥੇ ਪੱਕਾ ਹੋਣਾ ਬਹੁਤ ਔਖਾ ਹੈ।' ਟੀਟੂ ਨੂੰ ਰਿਸ਼ਤੇਦਾਰ ਦੀ ਗੱਲ ਕੁਨੀਨ ਵਰਗੀ ਲੱਗੀ। ਉਸ ਨੇ ਅਮਰੀਕਾ ਰਹਿਣ ਦੀ ਕਸਮ ਖਾ ਲਈ। ਵਕੀਲ ਲੱਭ ਕੇ ਅਸਾਈਲਮ ਕੇਸ ਕਰ ਦਿੱਤਾ। ਚਾਰ ਮਹੀਨਿਆਂ ਬਾਅਦ ਟੀਟੂ ਸਿੰਘ ਦਾ ਕੇਸ ਪਾਸ ਹੋ ਗਿਆ। ਲੱਡੂਆਂ ਦਾ ਡੱਬਾ ਲੈ ਕੇ ਉਹ ਆਪਣੇ ਰਿਸ਼ਤੇਦਾਰ ਕੋਲ ਚੱਲਿਆ ਗਿਆ ਤੇ ਕਿਹਾ, "ਭਾ ਜੀ! ਦੇਖੋ ਟੀਟੂ ਸਿੰਘ ਅਮਰੀਕਾ ਵਿਚ ਪੱਕਾ ਹੋ ਗਿਆ। ਹੁਣ ਬੱਚੇ ਵੀ ਆਉਣਗੇ ਤੇ ਘਰਵਾਲੀ ਵੀ ਆਵੇਗੀ ਤੇ ਟੀਟੂ ਸਿੰਘ ਬਿਜ਼ਨੈਸ ਵੀ ਲਵੇਗਾ। ਤੁਸੀਂ ਮੂੰਹ ਮਿੱਠਾ ਕਰੋ ਜੀ।"

"ਟੀਟੂ ਸਿੰਘ! ਅਜੇ ਤੁਸੀਂ ਸੇਰ ਵਿਚੋਂ ਪੂਣੀ ਵੀ ਨਹੀਂ ਕੱਤੀ, ਅੱਗੇ ਦੇਖੋ ਕੀ ਹੁੰਦਾ ਹੈ।" ਰਿਸ਼ਤੇਦਾਰ ਹੰਢਿਆ ਹੋਇਆ ਬੰਦਾ ਸੀ। ਉਸ ਨੇ ਭਵਿੱਖ ਦੀਆਂ ਔਕੜਾਂ ਵੱਲ ਇਸ਼ਾਰਾ ਕਰਦਿਆਂ ਹੀ ਇਹ ਗੱਲ ਕਹੀ ਸੀ।

ਛੇਤੀ ਹੀ ਟੀਟੂ ਸਿੰਘ ਦੀ ਘਰਵਾਲੀ ਮਨਵੀਰ ਕੌਰ, ਵੱਡੀ ਧੀ ਪੂਨਮ ਅਤੇ ਛੋਟਾ ਪੁੱਤਰ ਅਜੀਵੀਰ ਅਮਰੀਕਾ ਪਹੁੰਚ ਗਏ। ਟੀਟੂ ਸਿੰਘ ਦਿੱਲੀ ਸ਼ਹਿਰ ਦਾ ਘੁੰਮਿਆ ਹੋਇਆ ਬਿਜ਼ਨੈਸਮੈਨ ਸੀ। ਉਹ ਛੇਤੀ ਹੀ ਅਮਰੀਕਾ ਦੇ ਤੌਰ ਤਰੀਕੇ ਸਮਝ ਗਿਆ। ਦੋਵੇਂ ਬੱਚੇ ਸਕੂਲ ਪੜ੍ਹਨ ਭੇਜ ਦਿੱਤੇ। ਆਪ ਦੋਵਾਂ ਨੇ ਦਿੱਲੀ ਨਿਵਾਸੀ ਬਿਕਰਮ ਸਿੰਘ ਦੇ 'ਸੈਵਨ ਅਲੈਵਨ' ਵਿਚ ਜੌਬ ਲੱਭ ਲਈ। ਬਿਕਰਮ ਸਿੰਘ ਛੇ ਮਹੀਨੇ ਇੱਥੇ ਤੇ ਛੇ ਮਹੀਨੇ ਦਿੱਲੀ ਰਹਿੰਦਾ। ਚਾਰੇ ਸਟੋਰਾਂ 'ਤੇ ਮੈਨੇਜਰ ਹੀ ਕੰਮ ਚਲਾਉਂਦੇ। ਟੀਟੂ ਸਿੰਘ ਹੋਰਾਂ ਨੇ ਵੀ ਛੇਤੀ ਹੀ ਬਿਕਰਮ ਸਿੰਘ ਦੇ ਦਿਲ ਵਿਚ ਥਾਂ ਬਣਾ ਲਈ ਤੇ ਤਿੰਨ ਸਾਲ ਬਾਅਦ 'ਸੈਵਨ ਅਲੈਵਨ' ਹੀ ਆਪਣਾ ਬਣਾ ਲਿਆ। ਬਿਕਰਮ ਸਿੰਘ ਨੇ ਕਿਹਾ, "ਟੀਟੂ ਸਿੰਘ, ਆਹ ਕੀ ਕੀਤਾ।" ਟੀਟੂ ਸਿੰਘ ਕਹਿੰਦਾ, "ਜੋ ਤੁਸੀਂ ਸੱਤ ਸਾਲ ਪਹਿਲਾਂ ਕੀਤਾ ਸੀ।" ਦਿੱਲੀ ਵਾਲਾ ਦਿੱਲੀ ਵਾਲੇ ਕੋਲੋਂ ਲੁੱਟਿਆ ਗਿਆ। ਹੁਣ ਬਿਕਰਮ ਸਿੰਘ ਦਿੱਲੀ ਹਫ਼ਤੇ ਲਈ ਹੀ ਜਾਂਦਾ ਤੇ ਲੋਕਾਂ ਨੂੰ ਕਹਿੰਦਾ, "ਮਕਾਨ ਤੇ ਦੁਕਾਨ ਸੁੰਨੇ ਨਹੀਂ ਛੱਡਣੇ ਚਾਹੀਦੇ।"

ਕਈ ਵਾਰ ਬੰਦੇ ਨੂੰ ਧਨ ਲੋੜੋਂ ਵੱਧ ਵੀ ਮਿਲ ਜਾਵੇ ਤਾਂ ਉਹ ਆਪਣੇ ਅੰਦਰ ਇਹ ਭਰਮ ਪਾਲ ਲੈਂਦਾ ਹੈ ਕਿ ਇਹ ਮੇਰੀ ਸਿਆਣਪ ਨੂੰ ਭਾਗ ਲੱਗੇ ਨੇ। ਇਉਂ ਨਹੀਂ ਪਤਾ ਕਿ ਗੁਬਾਰਾ ਜ਼ਿਆਦਾ ਫੁੱਲ ਕੇ ਆਪਣੇ ਮੂੰਹ 'ਤੇ ਹੀ ਸੱਟ ਮਾਰਦਾ ਹੈ। ਟੀਟੂ ਸਿੰਘ ਜਿਸ ਕੰਮ ਨੂੰ ਹੱਥ ਪਾਉਂਦਾ, ਜਾਂ ਜੋ ਵੀ ਕੋਈ ਸੌਦਾ ਕਰਦਾ, ਉਹ ਸੋਨੇ 'ਤੇ ਸੁਹਾਗਾ ਹੁੰਦਾ। ਟੀਟੂ ਸਿੰਘ ਦਾ ਨਾਂ ਹੌਲੀ-ਹੌਲੀ ਚਮਕਣ ਲੱਗਾ। ਬੱਚਿਆਂ ਨੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖ ਕੇ ਭੰਗੜੇ ਪਾਉਣੇ ਸ਼ੁਰੂ ਕਰ ਦਿੱਤੇ। ਪੂਨਮ ਕਾਲਜ ਚਲੀ ਗਈ। ਦਾਖਲੇ ਦੇ ਨਾਲ ਹੀ ਇਸ਼ਕ ਦੀ ਖੇਡ ਸ਼ੁਰੂ ਕਰ ਦਿੱਤੀ। ਇਸ਼ਕ ਦੀਆਂ ਗੁੱਡੀਆਂ ਅਸਮਾਨੀ ਉਡਣ ਲੱਗੀਆਂ। ਪੈਸੇ ਦੀ ਖੁੱਲ੍ਹੀ ਡੋਰ। ਨਾ ਡਰ, ਨਾ ਕੋਈ ਖਤਰਾ। ਪੂਨਮ ਆਪਣੇ ਪ੍ਰੇਮੀ ਨਾਲ ਦਿਨ-ਰਾਤ ਬਾਹਰ ਰਹਿਣ ਲੱਗੀ। ਮੁਟਿਆਰ ਧੀ ਦਾ ਰਾਤ ਨੂੰ ਘਰੋਂ ਬਾਹਰ ਰਹਿਣਾ ਖਤਰੇ ਦੀ ਘੰਟੀ ਹੁੰਦਾ ਹੈ ਪਰ ਟੀਟੂ ਸਿੰਘ ਦੇ ਡਾਲਰਾਂ ਨਾਲ ਕੰਨ ਬੋਲੇ ਹੋ ਚੁੱਕੇ ਸਨ। ਉਸ ਨੂੰ ਕੁਝ ਸੁਣਾਈ ਨਾ ਦਿੰਦਾ। ਮਾਂ ਨੂੰ ਕੁੜੀ ਦੇ ਚਾਲ-ਚਲਨ 'ਤੇ ਸ਼ੱਕ ਹੋਇਆ ਤਾਂ ਅੱਗਿਓਂ ਪੂਨਮ ਕਹਿ ਦਿੰਦੀ ਕਿ ਮੈਂ ਤਾਂ ਆਪਣੀ ਸਹੇਲੀ ਦੇ ਘਰ ਠਹਿਰ ਜਾਂਦੀ ਹਾਂ। ਪੂਨਮ ਕਾਲਜ ਦੀ ਪੜ੍ਹਾਈ ਘੱਟ ਕਰਦੀ ਪਰ ਰਾਤ ਨੂੰ ਪ੍ਰੇਮੀ ਨੂੰ ਮਿਲਣਾ ਨਾ ਭੁੱਲਦੀ। ਪੜ੍ਹਾਈ ਦਾ ਨਤੀਜਾ ਤਾਂ ਅਜੇ ਆਉਣਾ ਬਾਕੀ ਸੀ, ਪੂਨਮ ਨੇ ਪ੍ਰੇਮੀ ਵੱਲੋਂ ਦਿੱਤੀ 'ਡਿਗਰੀ' ਦੀ ਖੁਸ਼ਖਬਰੀ ਮਾਂ ਨੂੰ ਸੁਣਾ ਦਿੱਤੀ। ਮਾਂ ਸੁਣ ਕੇ ਸੁੰਨ ਹੋ ਗਈ, "ਕੰਜਰੀਏ, ਤੂੰ ਆਹ ਸਹੇਲੀ ਨੂੰ ਮਿਲਣ ਜਾਂਦੀ ਸੀ।"

ਪੂਨਮ ਨੇ ਕਿਹਾ, "ਮਾਂ ਅਸੀਂ ਜਲਦੀ ਹੀ ਵਿਆਹ ਕਰਵਾ ਲੈਣਾ ਹੈ। ਤੁਸੀਂ ਫਿਕਰ ਨਾ ਕਰੋ।"

"ਨੀ, ਸਾਨੂੰ ਮਿਲਾ ਤਾਂ ਸਹੀ ਕੌਣ ਹੈ? ਜਿਸ ਨੇ ਤੈਨੂੰ ਆਪਣੇ ਜਾਦੂ ਵਿਚ ਫਸਾ ਲਿਐ।"

"ਮਾਂ, ਉਹ ਪੰਜਾਬ ਤੋਂ ਹੈ, ਮੇਰੇ ਨਾਲ ਪੜ੍ਹਦਾ ਹੈ। ਉਸ ਦੇ ਪਿਤਾ ਜੀ ਵੱਡੇ ਬਿਜ਼ਨੈਸਮੈਨ ਹਨ। ਉਹ ਵੀ ਵਿਆਹ ਲਈ ਰਾਜ਼ੀ ਹੈ।" ਧੀ ਦੀ ਗੱਲ ਸੁਣ ਕੇ ਮਾਂ ਨੂੰ ਆਸ ਦੀ ਕਿਰਨ ਦਿਖਾਈ ਦਿੱਤੀ ਕਿ ਇੱਜ਼ਤ ਮਿੱਟੀ ਵਿਚ ਮਿਲਣ ਤੋਂ ਬਚ ਜਾਵੇਗੀ। ਪੂਨਮ ਨੇ ਬੜੇ ਚਾਵਾਂ ਨਾਲ ਪ੍ਰੇਮੀ ਨੂੰ ਘਰ ਲਿਆਂਦਾ। ਮਾਂ ਤੇ ਟੀਟੂ ਸਿੰਘ ਨੇ ਪੁੱਛ-ਪੜਤਾਲ ਕੀਤੀ ਪਰ ਪ੍ਰੇਮੀ ਸਿਹਰਾ ਬੰਨ੍ਹ ਕੇ ਆਉਣ ਨੂੰ ਰਾਜ਼ੀ ਨਾ ਹੋਇਆ, ਸਗੋਂ ਉਲਟਾ ਕਹਿੰਦਾ, "ਅੰਕਲ, ਇਹ ਕਿਹੜਾ ਮੇਰੇ ਕੋਲ ਰੋਜ਼ ਰੁਕਦੀ ਸੀ, ਕਦੇ-ਕਦੇ ਇਹ ਬੰਟੀ ਤੇ ਲੱਕੀ ਹੋਣਾਂ ਨਾਲ ਵੀ ਚਲੀ ਜਾਂਦੀ ਸੀ।" ਟੀਟੂ ਸਿੰਘ ਨੂੰ ਗੁੱਸਾ ਆਇਆ ਕਿ ਤੂੰ ਮੇਰੀ ਧੀ ਨੂੰ ਜੀ.ਟੀ. ਰੋਡ ਵਾਲੀ ਸਮਝਦਾ ਹੈਂ। ਇਸ ਤੋਂ ਪਹਿਲਾਂ ਕਿ ਟੀਟੂ ਸਿੰਘ ਕੁਝ ਕਰ ਬੈਠਦਾ, ਪ੍ਰੇਮੀ ਦੌੜ ਗਿਆ।

ਪੂਨਮ ਨੇ ਮੁੰਡੇ ਨੂੰ ਜਨਮ ਦਿੱਤਾ। ਉਹ ਕਾਲਜ ਤੋਂ ਤਾਂ ਕੋਈ ਡਿਗਰੀ ਨਾ ਲੈ ਸਕੀ ਪਰ ਜਵਾਨੀ ਦੀ ਕੀਤੀ ਵੱਡੀ ਗਲਤੀ ਨੇ ਬੁੱਕਲ ਵਿਚ ਡਿਗਰੀ ਪਾ ਦਿੱਤੀ। ਟੀਟੂ ਸਿੰਘ ਦੀ ਮੁੱਛ ਥੋੜ੍ਹੀ ਜਿਹੀ ਥੱਲੇ ਨੂੰ ਹੋ ਗਈ। ਪੂਨਮ ਲਈ ਸਾਰਾ ਦਿਨ ਘਰ ਰਹਿਣਾ ਜੇਲ੍ਹ ਬਰਾਬਰ ਸੀ। ਹੌਲੀ-ਹੌਲੀ ਉਹ ਵੀ ਮਾਂ ਨਾਲ ਸਟੋਰ 'ਤੇ ਜਾਣ ਲੱਗੀ ਕਿ ਸ਼ਾਇਦ ਕੰਮ ਕਰਦੀ ਨੂੰ ਦਿਲ 'ਤੇ ਲੱਗੀ ਸੱਟ ਦੀ ਰੜਕ ਘੱਟ ਪਊ। ਦਿਨਾਂ ਨੇ ਹਫਤੇ ਬਦਲਦਿਆਂ ਨਵਾਂ ਸਾਲ ਲੈ ਆਂਦਾ। ਨਵੇਂ ਸਾਲ 'ਤੇ ਫਿਰ ਪੂਨਮ ਨੇ ਆਪਣੇ ਹਾਣ ਦੀ ਉਮਰ ਦੇ ਮੁੰਡੇ ਨਾਲ ਫੋਨ ਨੰਬਰ ਵਟਾ ਲਿਆ। ਮੁਲਾਕਾਤਾਂ ਨਾਲ ਦਿਲ ਵੱਟ ਗਏ। ਪੂਨਮ ਫਿਰ ਤਿੱਤਲੀ ਬਣ ਉਡਣ ਲੱਗੀ। ਪੂਨਮ ਦਾ ਨਵਾਂ ਪ੍ਰੇਮੀ ਨਵੀ ਸੋਹਣਾ ਸੁਨੱਖਾ ਤਾਂ ਬਹੁਤ ਸੀ, ਪਰ ਉਸ ਦੀ ਜੇਬ ਗਰੀਨ ਕਾਰਡ ਤੋਂ ਖਾਲੀ ਸੀ। ਪੂਨਮ ਅੱਗੇ ਉਸ ਨੇ ਇਸ ਘਾਟ ਨੂੰ ਆਉਣ ਨਾ ਦਿੱਤਾ। ਪੂਨਮ ਨੇ ਵੀ ਨਵੀ ਤੋਂ ਆਪਣੀ ਲਵ-ਸਟੋਰੀ ਲੁਕਾਈ ਰੱਖੀ। ਦੋਵੇਂ ਪਾਸਿਆਂ ਤੋਂ ਝੂਠ ਦੀ ਨੀਂਹ 'ਤੇ ਪਿਆਰ ਦਾ ਮਹਿਲ ਉਸਰਨ ਲੱਗਿਆ। ਦੋ ਸਾਲ ਦੋਵੇਂ ਖੰਡ-ਖੀਰ ਹੁੰਦੇ ਰਹੇ। ਅਖੀਰ ਟੀਟੂ ਸਿੰਘ ਨੂੰ ਪਤਾ ਲੱਗ ਗਿਆ ਕਿ ਧੀ ਉਹੀ ਗਲਤੀ ਦੁਬਾਰਾ ਕਰ ਰਹੀ ਹੈ। ਉਸ ਨੇ ਨਵੀ ਨੂੰ ਬੁਲਾ ਕੇ ਪੁੱਛਿਆ ਕਿ ਤੂੰ ਮੇਰੀ ਧੀ ਨਾਲ ਵਿਆਹ ਕਰਵਾਏਂਗਾ ਕਿ ਨਹੀਂ? ਨਵੀ ਝੱਟ ਮੰਨ ਗਿਆ। ਗੱਲ ਅਗਾਂਹ ਤੁਰਦੀ, ਜਦ ਨੂੰ ਪਿੰਡ ਨਵੀ ਦਾ ਬਾਪ ਪੂਰਾ ਹੋ ਗਿਆ। ਨਵੀ ਤਾਂ ਜਾ ਨਹੀਂ ਸੀ ਸਕਦਾ, ਉਸ ਨੇ ਪੂਨਮ ਨੂੰ ਆਪਣੇ ਪਿੰਡ ਭੇਜ ਦਿੱਤਾ। ਪੂਨਮ ਦਾ ਵੀ ਪਿੰਡ ਵਾਲਿਆਂ ਨੇ ਬਹੁਤ ਸਤਿਕਾਰ ਕੀਤਾ। ਨਵੀ ਨੇ ਪਿਤਾ ਦੀ ਅੰਤਿਮ ਅਰਦਾਸ ਤੋਂ ਬਾਅਦ ਪੂਨਮ ਨੂੰ ਆਪਣੇ ਪਿਆਰ ਦਾ ਵਾਸਤਾ ਪਾ ਕੇ ਆਪਣੇ ਛੋਟੇ ਭਰਾ ਕੋਮਲ ਨਾਲ ਫਰਜ਼ੀ ਵਿਆਹ ਕਰਵਾ ਕੇ ਲਿਆਉਣ ਲਈ ਮਨਾ ਲਿਆ। ਪੂਨਮ, ਕੋਮਲ ਨਾਲ ਵਿਆਹ ਕਰਵਾ ਕੇ ਵਾਪਸ ਆ ਗਈ। ਬਾਕੀ ਪੇਪਰਾਂ ਦਾ ਕੰਮ ਨਵੀ ਨੇ ਆਪ ਕਰਵਾ ਲਿਆ।

ਛੇ ਮਹੀਨਿਆਂ ਬਾਅਦ ਕੋਮਲ ਅਮਰੀਕਾ ਆ ਗਿਆ। ਨਵੀ ਪੂਨਮ ਨੂੰ ਆਪਣੇ ਨਾਲ ਹੀ ਰੱਖਦਾ। ਉਹ ਆਪ ਦੋਵੇਂ ਭਰਾ ਕੰਮ 'ਤੇ ਜਾਂਦੇ ਅਤੇ ਪੂਨਮ ਕੰਮ-ਕਾਜ ਕਰ ਕੇ ਮਾਂ ਦੇ ਘਰ ਆਪਣੇ ਪੁੱਤ ਕੋਲ ਆ ਜਾਂਦੀ। ਕੋਮਲ ਨੇ ਸਿਟੀਜ਼ਨਸ਼ਿਪ ਹਾਸਲ ਕਰ ਲਈ। ਹੁਣ ਪੂਨਮ ਨੇ ਨਵੀ ਨੂੰ ਵਿਆਹ ਕਰਵਾਉਣ ਲਈ ਜ਼ੋਰ ਲਾਉਣਾ ਸ਼ੁਰੂ ਕੀਤਾ। ਨਵੀ ਅੱਜ-ਭਲਕ ਦਾ ਲਾਰਾ ਲਾਉਂਦਾ ਗਿਆ। ਨਵੀ ਸਿਹਰੇ ਬੰਨ੍ਹਣ ਲਈ ਤਿਆਰ ਹੋਣ ਹੀ ਵਾਲਾ ਸੀ ਕਿ ਉਸ ਦਾ ਗਰੀਨ ਕਾਰਡ ਆ ਗਿਆ। ਹੁਣ ਉਸ ਨੂੰ ਪੂਨਮ ਰਾਹ ਪਈ ਪਾਟੀ ਲੀਰ ਵਰਗੀ ਲੱਗਦੀ ਜਿਹੜੀ ਹਰ ਇਕ ਦੇ ਪੈਰਾਂ ਵਿਚ ਵੱਜਦੀ ਫਿਰਦੀ ਸੀ। ਗਰੀਨ ਕਾਰਡ ਦੀ ਖੁਸ਼ੀ ਵਿਚ ਨਵੀ ਨੇ ਘਰ ਨਿੱਕੀ ਜਿਹੀ ਪਾਰਟੀ ਰੱਖ ਲਈ। ਨੇੜੇ ਦੇ ਸੰਗੀ-ਸਾਥੀ ਸੱਦ ਲਏ। ਪੂਨਮ ਦੀ ਮਾਂ ਵੀ ਪੂਨਮ ਦਾ ਮੁੰਡਾ ਲੈ ਕੇ ਪਹੁੰਚ ਗਈ। ਸੱਚ ਦੀ ਵਲਟੋਹੀ ਤੋਂ ਝੂਠ ਦਾ ਢੱਕਣ ਚੁੱਕਿਆ ਗਿਆ, ਜਦੋਂ ਨਵੀ ਨੇ ਮੁੰਡੇ ਨੂੰ ਦੇਖ ਕੇ ਉਸ ਬਾਰੇ ਪੁੱਛਿਆ। ਮਾਂ ਨੇ ਸਭ ਕੁਝ ਨਵੀ ਨੂੰ ਦੱਸ ਦਿੱਤਾ। ਉਤਲੇ ਮਨੋਂ ਗੁੱਸੇ ਹੁੰਦਾ ਹੋਇਆ ਨਵੀ ਅੰਦਰੋਂ ਹੱਸ ਰਿਹਾ ਸੀ ਕਿ ਇਸ ਮੁੰਡੇ ਨੂੰ ਸਬੂਤ ਬਣਾ ਕੇ ਉਹ ਝੂਠੇ ਪਿਆਰ ਦੇ ਕੇਸ ਵਿਚੋਂ ਬਰੀ ਹੋ ਜਾਵੇਗਾ। ਫਿਰ ਪਿੰਡ ਜਾ ਕੇ ਮਨਮਰਜ਼ੀ ਦਾ ਵਿਆਹ ਕਰਵਾ ਆਵੇਗਾ। ਮਾਂ ਨੂੰ ਵੀ ਕੀ ਪਤਾ ਸੀ ਕਿ ਚਲਾਕ ਬਾਪ ਦੀ ਧੀ ਝੂਠ ਦੀ ਅੱਗ ਨਾਲ ਪਿਆਰ ਦੀਆਂ ਰੋਟੀਆਂ ਸੇਕ ਰਹੀ ਸੀ। ਫਿਰ ਮਾਂ ਨੇ ਧੀ ਦੀ ਗਲਤੀ ਜੱਗ ਕੋਲੋਂ ਲੁਕੋ ਕੇ ਮੁੱਠੀ ਵਿਚ ਘੁੱਟ ਲਈ। ਨਵੀ ਤੇ ਕੋਮਲ ਨੇ ਤਾਂ ਛਾਉਣੀ ਹੀ ਬਦਲ ਕੇ ਦੂਜੀ ਸਟੇਟ ਵਿਚ ਤਬਦੀਲ ਕਰ ਲਈ। ਦੋਵੇਂ ਭਰਾ ਵਾਰੀ-ਵਾਰੀ ਜਾ ਕੇ ਇੰਡੀਆ ਵਿਆਹ ਕਰਵਾ ਆਏ।

ਇਕ ਦਿਨ ਟੀਟੂ ਸਿੰਘ ਦਾ ਰਿਸ਼ਤੇਦਾਰ ਕਹਿਣ ਲੱਗਾ, "ਸੁਣਾ ਬਾਈ, ਕਿਵੇਂ ਚਲਦਾ ਕਬੀਲਦਾਰੀ ਦਾ ਚਰਖਾ।" ਟੀਟੂ ਸਿੰਘ ਕੁਝ ਕਹਿੰਦਾ, ਪਰ ਅੱਖਾਂ ਦੇ ਹੰਝੂਆਂ ਨੇ ਸਭ ਕੁਝ ਸੱਚ ਬਿਆਨ ਕਰ ਦਿੱਤਾ। ਉਂਜ ਵੀ ਦੁੱਖਾਂ ਦਾ ਪਿਆਲਾ ਛਲਕਣ ਲੱਗਿਆ ਹਮਦਰਦੀ ਦਾ ਬੁੱਲਾ ਹੀ ਉਡੀਕਦਾ ਹੁੰਦਾ ਹੈ। ਟੀਟੂ ਸਿੰਘ ਨੇ ਰਿਸ਼ਤੇਦਾਰ ਤੋਂ ਧੀ ਦੇ ਭਵਿੱਖ ਦਾ ਫਿਕਰ ਕਰਦਿਆਂ ਪੁੱਛਿਆ ਕਿ ਹੁਣ ਕੀ ਕਰਨਾ ਚਾਹੀਦਾ ਹੈ?

"ਟੀਟੂ ਸਿੰਘ ਜੀ, ਧੀ ਦਾ ਤਾਂ ਤੁਸੀਂ ਇੰਡੀਆ ਜਾ ਕੇ ਵਿਆਹ ਕਰ ਦੇਵੋਗੇ, ਪਰ ਉਸ ਦੀ ਔਲਾਦ ਨੂੰ ਕਿਸੇ ਨੇ ਵੀ ਹਿੱਕ ਨਾਲ ਨਹੀਂ ਲਾਉਣਾ। ਆਪਣੀ ਧੀ ਨੂੰ ਪੁੱਛੋ ਕਿ ਉਹ ਕੀ ਕਰਨਾ ਚਾਹੁੰਦੀ ਹੈ?" ਰਿਸ਼ਤੇਦਾਰ ਨੇ ਵੀ ਹਨੇਰੇ ਵਿਚ ਤੀਰ ਚਲਾਉਂਦਿਆਂ ਕਿਹਾ।

ਸਮਾਂ ਬੀਤਦਾ ਗਿਆ। ਪੂਨਮ ਨੇ ਘਰ ਵਸਾਉਣ ਦਾ ਉਪਰਾਲਾ ਤਾਂ ਕੋਈ ਕੀਤਾ ਨਹੀਂ, ਹੱਥ ਸ਼ਰਾਬ ਦਾ ਪਿਆਲਾ ਫੜ ਲਿਆ। ਉਸ ਦੀ ਰੱਸਾ ਚੱਬਣ ਵਾਲੀ ਆਦਤ ਗਈ ਨਹੀਂ ਸੀ। ਤਾਸ਼ ਦੇ ਪੱਤਿਆਂ ਵਾਂਗ ਖਿਡਾਰੀ ਬਦਲਦੀ ਗਈ, ਪਰ ਆਪ ਸ਼ਰਮ ਦੀ ਡੱਬੀ ਵਿਚ ਦੁਬਾਰਾ ਨਾ ਪਈ। ਟੀਟੂ ਸਿੰਘ ਸ਼ਰਮ ਨਾਲ ਦਿਨੋ-ਦਿਨ ਟੁੱਟਦਾ ਗਿਆ। ਚਾਵਾਂ ਨਾਲ ਲਿਆ ਬਿਜ਼ਨੈਸ ਰੋ ਕੇ ਵੇਚਿਆ। ਜ਼ਿੰਦਗੀ ਵਿਚ ਬਿਕਰਮ ਸਿੰਘ ਵਰਗੇ ਮਾਲਕ ਘੱਟ ਮਿਲਦੇ ਹਨ। ਪੈਸੇ ਨਾਲ ਇੱਜ਼ਤ ਖਰੀਦੀ ਨਹੀਂ ਜਾਂਦੀ, ਪਰ ਇੱਜ਼ਤ ਨਾਲ ਪੈਸਾ ਬਣਾਇਆ ਜਾ ਸਕਦਾ ਹੈ। ਹੁਣ ਟੀਟੂ ਸਿੰਘ ਨੂੰ ਬੱਸ ਇਕੋ ਆਸ ਹੈ ਕਿ ਅਜੀਵੀਰ ਇੱਜ਼ਤ ਨਾਲ ਡਿਗਰੀ ਹਾਸਲ ਕਰ ਲਵੇ। ਉਸ ਨੂੰ ਡਾਲਰ ਕਮਾਉਣ ਨਾਲੋਂ ਹੁਣ ਪੁੱਤ ਬਚਾਉਣ ਦਾ ਜ਼ਿਆਦਾ ਫਿਕਰ ਹੈ। ਦੋਵੇਂ ਪਤੀ-ਪਤਨੀ ਬਿਨਾਂ ਧੀ-ਜਵਾਈ ਤੋਂ ਦੋਹਤੇ ਨੂੰ ਸਾਂਭੀ ਜਾਂਦੇ ਹਨ। ਕਈਆਂ ਨੇ ਸੌਦਾ ਤਾਂ ਖਰਬੂਜ਼ਿਆਂ ਦਾ ਕੀਤਾ ਹੁੰਦਾ ਹੈ, ਪਰ ਝੋਲੇ ਵਿਚੋਂ ਕੌੜ ਤੁੰਮੇ ਨਿਕਲ ਆਉਂਦੇ ਨੇ।

# ਪੰਜਾਬ, ਪੰਜਾਬੀ ਤੇ ਪੰਜਾਬੀਅਤ

ਕਿਰਪਾਲ ਕੌਰ
ਫੋਨ: 815-356-9535

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਭਾਵ ਪੰਜਾਬੀ ਸੱਭਿਆਚਾਰ, ਇਹ ਸ਼ਬਦ ਟੀ.ਵੀ. ਦੇ ਪੰਜਾਬੀ ਚੈਨਲਾਂ 'ਤੇ ਅਕਸਰ ਸੁਣਨ ਨੂੰ ਮਿਲਦੇ ਹਨ। ਜਦੋਂ ਵੀ ਕੋਈ ਨਵਾਂ ਗਾਇਕ ਆਪਣੀ ਐਲਬਮ ਬਾਰੇ ਗੱਲ ਕਰਦਾ ਹੈ ਤਾਂ ਉਹ ਦੱਸਦਾ ਹੈ ਕਿ ਉਸ ਦਾ ਆਪਣੀ ਮਾਂ ਬੋਲੀ ਪੰਜਾਬੀ ਅਤੇ ਆਪਣੇ ਸੱਭਿਆਚਾਰ ਨਾਲ ਬਹੁਤ ਪਿਆਰ ਹੈ, ਮਾਣ ਹੈ ਉਸ ਨੂੰ ਕਿ ਉਹ ਪੰਜਾਬੀ ਹੈ। ਬੜੀ ਖੁਸ਼ੀ ਹੁੰਦੀ ਹੈ ਇਹ ਸ਼ਬਦ ਸੁਣ ਕੇ, ਪਰ ਜਦੋਂ ਉਹਦਾ ਕੋਈ ਗਾਣਾ ਸੁਣੀਂਦਾ ਅਤੇ ਵੀਡੀਓ ਦੇਖੀਦਾ ਹੈ ਤਾਂ ਨਿਰਾਸ਼ਾ ਹੁੰਦੀ ਹੈ। ਭਾਸ਼ਾ ਅਸ਼ਲੀਲ ਤੇ ਜੀਪਾਂ ਵਿਚ ਬੈਠੇ ਮੁੰਡੇ ਹੱਥਾਂ ਵਿਚ ਬੰਦੂਕਾਂ ਤੇ ਬੋਤਲਾਂ ਨਾਲ ਦਿਸਦੇ ਹਨ; ਨਾਲ ਹੀ ਲੜਕੀਆਂ ਬੇਹੂਦਾ ਪਹਿਰਾਵੇ ਵਿਚ ਦਿਸਦੀਆਂ ਹਨ। ਕਈ ਵਾਰ ਪੱਬ ਜਾਂ ਬਾਰ ਦੇ ਦ੍ਰਿਸ਼ਾਂ 'ਚ ਲੜਕੀਆਂ ਵੀ ਗਲਾਸ ਫੜੀ ਘੁੰਮਦੀਆਂ ਨਜ਼ਰੀ ਪੈਂਦੀਆਂ ਹਨ। ਹੋਰ ਵੀ ਬਹੁਤ ਕੁਝ ਦਿਖਾਇਆ ਜਾ ਰਿਹਾ ਹੈ ਜੋ ਸਾਡੇ ਸਭਿਆਚਾਰ ਨਾਲ ਮੇਲ ਨਹੀਂ ਖਾਂਦਾ। ਕਈ ਵਾਰ ਗਾਣਾ ਤਾਂ ਕਹਿ ਰਿਹਾ ਹੁੰਦਾ ਹੈ 'ਘੱਗਰਾ ਤੇਰਾ ਵੀਹ ਗਜ਼ ਦਾ' ਪਰ ਕੁੜੀ ਦੇ ਗਲ ਅਤੇ ਤੇੜ ਦੇ ਕੱਪੜੇ ਇਕ ਗਜ਼ ਤੋਂ ਵੀ ਘੱਟ ਦੇ ਹੁੰਦੇ ਹਨ।

ਗੱਲ ਇਹ ਨਹੀਂ ਕਿ ਸਾਰੇ ਗਾਣੇ ਇਸ ਤਰ੍ਹਾਂ ਦੇ ਹਨ, ਮੇਰਾ ਉਨ੍ਹਾਂ ਗੀਤਕਾਰਾਂ ਤੇ ਗਾਇਕਾਂ ਅੱਗੇ ਸਿਰ ਝੁਕਦਾ ਹੈ ਜੋ ਪੰਜਾਬ ਬੋਲੀ ਤੇ ਪੰਜਾਬ ਦੇ ਸੁਹਜ-ਸ਼ਿੰਗਾਰ ਤੇ ਪੰਜਾਬੀ ਪਹਿਰਾਵੇ ਨੂੰ ਮਾਣ ਬਖਸ਼ਦੇ ਹਨ। ਫਿਕਰ ਤਾਂ ਉਨ੍ਹਾਂ ਤੋਂ ਹੈ ਜਿਹੜੇ ਅਸ਼ਲੀਲਤਾ ਦੀਆਂ ਹੱਦਾਂ ਪਾਰ ਕਰ ਰਹੇ ਹਨ। ਦੁੱਧ ਦੇ ਭਰੇ ਘੜੇ ਵਿਚ ਕਾਂਜੀ ਦੀਆਂ ਕੁਝ ਬੂੰਦਾਂ ਹੀ ਉਸ ਨੂੰ ਫਟਾ ਦਿੰਦੀਆਂ ਹਨ।

ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ। ਅੱਜ ਭਾਵੇਂ ਪੰਜਾਬ ਲੀਰੋ-ਲੀਰ ਹੋ ਚੁੱਕਾ ਹੈ, ਦਰਿਆਵਾਂ ਦੇ ਕਿਨਾਰੇ ਵੀ ਖੁਰ ਚੁੱਕੇ ਹਨ, ਪਰ ਪੰਜਾਬੀ ਸੱਭਿਆਚਾਰ ਦੀਆਂ ਜੜ੍ਹਾਂ ਪੂਰੇ ਪੰਜ ਦਰਿਆਵਾਂ ਦੇ ਸਿੰਜੇ ਪੰਜਾਬ ਵਿਚ ਹੀ ਹਨ। ਅਸੀਂ ਆਪਣੇ ਪਿਛੋਕੜ ਦੀ ਅਮੀਰੀ, ਆਪਣੇ ਗੁਰੂਆਂ, ਸੰਤਾਂ, ਸੂਫ਼ੀਆਂ ਤੇ ਫਕੀਰਾਂ, ਹੀਰ-ਰਾਂਝੇ ਜਿਹੇ ਪ੍ਰੇਮੀਆਂ ਦੀ ਧਰਤੀ ਨੂੰ ਕੀ ਬਣਾ ਰਹੇ ਹਾਂ ਜਿਥੇ ਮਨੁੱਖੀ ਪਿਆਰ ਸਦਾ ਕਾਮ ਤੋਂ ਉਪਰ ਉਠ ਕੇ ਕੇਵਲ ਪਿਆਰ ਦਾ ਸੁਨੇਹਾ ਦਿੰਦਾ ਸੀ। ਇਸ ਧਰਤੀ ਦੇ ਵਾਸੀਆਂ ਦਾ ਕਿੱਤਾ ਖੇਤੀ ਹੈ। ਖੁੱਲ੍ਹੇ ਦਿਲ, ਕਿਰਤੀ ਤੇ ਕਾਮੇ, ਸੱਚੇ ਤੇ ਬਹਾਦਰ, ਲੋੜ ਪੈਣ 'ਤੇ ਦੇਸ਼ ਨੂੰ ਪਹਿਲੀ ਕਤਾਰ ਵਿਚ ਲਿਆਉਣਾ ਪੰਜਾਬੀਆਂ ਦੇ ਹਿੱਸੇ ਰਿਹਾ। ਗੋਲੀ ਹਮੇਸ਼ਾ ਛਾਤੀ ਵਿਚ ਖਾਧੀ, ਪਿੱਠ 'ਤੇ ਝਰੀਟ ਨਹੀਂ ਪੈਣ ਦਿੱਤੀ।

ਪੰਜਾਬੀ ਬੋਲੀ ਤੇ ਭਾਸ਼ਾ ਵੀ ਖੁੱਲ੍ਹੇ ਸੁਭਾਅ ਦੀ ਮਾਲਕ ਹੈ। ਕਿਸੇ ਵੀ ਭਾਸ਼ਾ ਦਾ ਕੋਈ ਸ਼ਬਦ ਚੰਗਾ ਲੱਗਾ, ਅਪਨਾ ਲਿਆ। ਕੋਈ ਸ਼ਬਦ ਕਿਤੇ ਰੁਲਦਾ ਮਿਲਿਆ, ਗਲੇ ਲਾ ਲਿਆ। ਹਮਲਾਵਰਾਂ ਦੇ ਅਰਬੀ, ਫਾਰਸੀ ਦੇ ਸ਼ਬਦ ਵੀ ਆਪਣੀ ਮਾਲਾ ਵਿਚ ਪਰੋ ਲਏ। ਦੂਜੀਆਂ ਭਾਰਤੀ ਭਾਸ਼ਾਵਾਂ-ਸੰਸਕ੍ਰਿਤ, ਪਾਲੀ, ਮਗਧੀ, ਬ੍ਰਿਜ, ਗੁਜਰਾਤੀ ਅਤੇ ਮਾਰਵਾੜੀ ਦੇ ਸ਼ਬਦ ਵੀ ਆਪਣੇ ਅੰਦਰ ਸਮੋ ਲਏ। ਸਾਡੇ ਗੁਰੂਆਂ ਨੇ ਪੰਜਾਬੀ ਨੂੰ ਭਾਗ ਲਾਏ। ਗੁਰੂ ਗ੍ਰੰਥ ਸਾਹਿਬ ਪੰਜਾਬੀ ਭਾਸ਼ਾ ਵਿਚ ਲਿਖਿਆ ਗਿਆਨ ਦਾ ਭੰਡਾਰ ਹੈ। ਪੰਜਾਬੀ ਸਾਹਿਤ-ਗਦ ਤੇ ਪਦ ਅੱਜ ਸਿਖਰਾਂ ਛੂਹ ਰਿਹਾ ਹੈ।

ਸੱਭਿਆਚਾਰ ਦਾ ਅਰਥ ਹੈ-ਉਸ ਖਿੱਤੇ ਦੇ ਲੋਕਾਂ ਦਾ ਰਹਿਣ-ਸਹਿਣ, ਖਾਣ-ਪੀਣ, ਪਹਿਰਾਵਾ, ਪਰਿਵਾਰਕ ਸਬੰਧ, ਘਰਾਂ ਦੀ ਬਣਤਰ, ਸਜਾਵਟ, ਦਸਤਕਾਰੀ, ਦਿਨ-ਦਿਹਾਰ, ਵਿਆਹ, ਖੁਸ਼ੀ-ਗਮੀ ਤੇ ਨੱਚਣ-ਗਾਉਣ; ਪਰ ਅੱਜ ਅਸੀਂ ਸਿਰਫ ਨੱਚਣ ਗਾਉਣ ਨੂੰ ਸੱਭਿਆਚਾਰ ਬਣਾ ਧਰਿਆ ਹੈ। ਦੁੱਖ ਦੀ ਗੱਲ ਇਹ ਹੈ ਕਿ ਅਸੀਂ ਆਪਣੇ ਨੱਚਣ-ਗਾਉਣ ਵਿਚ ਵੀ ਸੱਭਿਅਕ ਨਹੀਂ ਰਹੇ। ਸੱਭਿਅਕ ਦਾ ਅਰਥ ਹੈ-ਸੁਚੱਜਾ, ਅਰਥਾਤ ਜੋ ਕੰਮ ਸਾਡੀਆਂ ਨੈਤਿਕ ਤੇ ਸਮਾਜਕ ਹੱਦਾਂ ਦੇ ਅਨੁਕੂਲ ਹੋਵੇ। ਆਚਾਰ ਦਾ ਅਰਥ ਹੈ ਸਾਡਾ ਵਿਹਾਰ। ਇਉਂ ਸੱਭਿਆਚਾਰ ਦਾ ਅਰਥ ਹੋਇਆ, 'ਸਾਡਾ ਉਹ ਵਿਹਾਰ ਜੋ ਸਾਡੀਆਂ ਸਮਾਜਕ ਤੇ ਨੈਤਿਕ ਹੱਦਾਂ ਦੇ ਅੰਦਰ ਰਹਿੰਦਿਆਂ ਹੋਵੇ।'

ਕਦੇ ਸਮਾਂ ਸੀ, ਪ੍ਰਾਹੁਣਿਆਂ ਦਾ ਮਾਣ-ਸਤਿਕਾਰ ਕਰਨਾ, ਲੋੜਵੰਦ ਦੀ ਮਦਦ ਕਰਨੀ, ਪਿੰਡ ਵਿਚ ਖੁਸ਼ੀ-ਗਮੀ ਦੇ ਮੌਕੇ ਸਾਰਾ ਪਿੰਡ ਇਕ ਹੁੰਦਾ। ਕਿਸੇ ਇਕ ਘਰ ਦੀ ਧੀ ਪੂਰੇ ਪਿੰਡ ਦੀ ਧੀ ਭੈਣ ਹੁੰਦੀ, ਧੀਆਂ ਤੇ ਨੂੰਹਾਂ ਪਿੰਡ ਦੀ ਇੱਜ਼ਤ ਹੁੰਦੀਆਂ। ਵਿਆਹ-ਸ਼ਾਦੀਆਂ ਮੌਕੇ ਸ਼ਗਨ ਮਨਾਉਣੇ, ਗੀਤ ਗਾਉਣੇ ਤੇ ਕੰਮ ਕਰਨਾ ਸਾਡਾ ਆਮ ਵਿਹਾਰ ਸੀ। ਕੁੜੀਆਂ ਤੇ ਮੁੰਡਿਆਂ ਦੇ ਵਿਆਹਾਂ ਦੇ ਗੀਤ ਅਲੱਗ ਹੁੰਦੇ। ਰਿਸ਼ਤੇਦਾਰਾਂ ਨਾਲ ਆਪਸੀ ਸਾਂਝ ਵੀ ਇਨ੍ਹਾਂ ਗੀਤਾਂ 'ਚੋਂ ਝਲਕਦੀ। ਗੀਤ ਵਿਆਹ ਤੋਂ ਬਹੁਤ ਦਿਨ ਪਹਿਲਾਂ ਸ਼ੁਰੂ ਹੋ ਜਾਂਦੇ। ਰਲ ਕੇ ਕੰਮ ਕਰਨਾ ਤੇ ਗੀਤ ਗਾਉਣੇ। ਸ਼ਾਮ ਨੂੰ ਕੰਮ ਤੋਂ ਵਿਹਲੀਆਂ ਹੋ ਕੇ ਪੰਜਾਬਣਾਂ ਜਦ 'ਕੱਠੀਆਂ ਬੈਠ ਉਚੀ ਹੇਕ ਵਾਲੇ ਗੀਤ ਗਾਉਂਦੀਆਂ, ਸਾਰਾ ਵਾਤਾਵਰਣ ਹੀ ਝੂਮ ਉਠਦਾ।

ਵਿਆਹ ਮੌਕੇ ਨਾਨਕੇ ਤੇ ਦਾਦਕਿਆਂ ਵਿਚ ਗੀਤਾਂ ਰਾਹੀਂ ਇਕ-ਦੂਜੇ ਨੂੰ ਨੀਵਾਂ ਦਿਖਾਉਣ ਦਾ ਮੁਕਾਬਲਾ ਸ਼ੁਰੂ ਹੋ ਜਾਂਦਾ। ਮਸ਼ਕਰੀਆਂ ਤੇ ਮਖੌਲ ਵੀ ਗੀਤਾਂ ਰਾਹੀਂ ਹੁੰਦੇ। ਇਨ੍ਹਾਂ ਗੀਤਾਂ ਨੂੰ ਸਿੱਠਣੀਆਂ ਕਿਹਾ ਜਾਂਦਾ। ਕੋਈ ਗੁੱਸਾ ਨਹੀਂ ਸੀ ਕਰਦਾ। ਸੋਹਣੇ ਸੂਟਾਂ ਵਿਚ ਸਜੀਆਂ ਪੰਜਾਬਣਾਂ ਨੇ ਜਦ ਸਿਰ ਉਪਰ ਗੋਟੇ ਵਾਲੇ ਦੁਪੱਟੇ ਲੈ ਕੇ ਫਿਰਨਾ ਤਾਂ ਇਸ ਤਰ੍ਹਾਂ ਲਗਣਾ ਜਿਵੇਂ ਰੱਬ ਦੇ ਨੰਦਨ ਵਣ ਦੀਆਂ ਤਿਤਲੀਆਂ ਹੋਣ। ਗਿੱਧਾ ਪਾਉਂਦਿਆਂ ਨੱਚ-ਨੱਚ ਕੇ ਵਿਹੜਾ ਪੁੱਟ ਦੇਣਾ।

ਸਮਾਂ ਬਦਲ ਗਿਆ ਹੈ। ਹੱਥੀਂ ਕਰਨ ਵਾਲੇ ਕੰਮ ਹੁਣ ਮਸ਼ੀਨਾਂ 'ਤੇ ਹੁੰਦੇ ਹਨ। ਆਟਾ, ਵੇਸਣ ਤੇ ਮਸਾਲੇ ਪਿਸੇ-ਪਿਸਾਏ ਮਿਲਦੇ ਹਨ। ਇਹੀ ਨਹੀਂ, ਹੁਣ ਤਾਂ ਵਿਆਹ ਕਰਨ ਲਈ ਮੈਰਿਜ ਪੈਲੇਸ ਤੇ ਨਾਲ ਹੀ ਕੇਟਰਿੰਗ ਦਾ ਇੰਤਜ਼ਾਮ ਹੈ। ਲੋੜ ਹੈ ਕੇਵਲ ਆਰਡਰ ਦੇਣ ਦੀ। ਕੱਪੜੇ ਵੀ ਸਿਲੇ-ਸਿਲਾਏ ਜਾ ਕੇ ਪਸੰਦ ਕਰੋ, ਨਾਪ ਦੇਖੋ, ਸਭ ਕੰਮ ਪੂਰਾ। ਜੇਬ ਵਿਚ ਧਨ ਦੀ ਲੋੜ ਹੈ। ਜ਼ਰਾ ਸੋਚ ਕੇ ਦੇਖੋ, ਸਾਨੂੰ ਇਸ ਸੌਖ ਨੇ ਕਿੰਨਾ ਇਕੱਲੇ ਕਰ ਦਿੱਤਾ ਹੈ। ਕਿਸੇ ਸਾਕ, ਮਿੱਤਰ ਦੀ ਲੋੜ ਹੀ ਨਹੀਂ ਰਹਿ ਗਈ। ਕਿੱਥੇ ਸਾਰੇ 'ਕੱਠੇ ਹੋ ਕੇ ਸ਼ਗਨ ਮਨਾ ਕੇ ਵਿਆਹ ਦੇ ਕੰਮ ਕਰਦੇ ਸਨ, ਹੁਣ ਤਾਂ 'ਕੱਲੇ ਬੈਠੇ ਡਾਇਰੀ ਕੱਢ ਕੇ ਦੇਖ ਲਵੋ, ਸਾਰੇ ਆਰਡਰ ਚਲੇ ਗਏ। ਗਾਉਣ-ਵਜਾਉਣ ਲਈ ਵੀ ਕਿਰਾਏ ਦੇ ਬੰਦੇ। ਕਿਰਾਏ 'ਤੇ ਜਾਗੋ ਕੱਢਣ ਵਾਲੇ ਆ ਜਾਣਗੇ।

ਸਾਡਾ ਸੱਭਿਆਚਾਰ ਨਿਘਾਰ ਵੱਲ ਜਾ ਰਿਹਾ ਹੈ। ਕਿੱਥੇ ਸਾਡੇ ਗੀਤਾਂ ਦੀ ਸਾਫ-ਸੁਥਰੀ ਭਾਸ਼ਾ, ਸਾਫ-ਸੁਥਰੇ ਵਿਚਾਰ! ਹਰ ਗੱਲ ਸ਼ਰਮ-ਹਯਾ ਦੇ ਪਰਦੇ ਵਿਚ ਢੱਕ ਕੇ ਕੀਤੀ ਜਾਂਦੀ ਸੀ। ਕਿਸੇ ਵਿਆਹੁੰਦੜ ਦਾ ਪਤੀ ਪਰਦੇਸ ਚਲਾ ਗਿਆ ਜਾਂ ਫੌਜ ਵਿਚੋਂ ਮੁੜ ਆਇਆ ਨਹੀਂ; ਨਾਲ ਦੀਆਂ ਵਿਆਹੀਆਂ ਦੇ ਗੋਦੀ ਬਾਲ ਹਨ, ਉਹ ਆਪਣੇ ਮਨ ਦੇ ਵਿਚਾਰਾਂ ਨੂੰ ਇਉਂ ਪ੍ਰਗਟ ਕਰਦੀ ਹੈ...ਉਹ ਸੱਸ ਨੂੰ ਦੱਸਦੀ ਹੈ ਕਿ ਉਹਦੇ ਨਾਲ ਦੀਆਂ ਦੇ ਗੋਦੀ ਬਾਲ ਹਨ, ਤੂੰ ਵੀ ਆਪਣੇ ਪੁੱਤਰ ਨੂੰ ਬੁਲਾ ਲੈ..."ਮਿੱਟੀ ਦਾ ਬਾਵਾ ਬਣਾਉਂਦੀ ਹਾਂ...ਝੱਗਾ ਪਾਉਂਦੀ ਹਾਂ...ਨਾ ਰੋ ਮਿੱਟੀ ਦਿਆ ਬਾਵਿਆ...ਵੇ ਤੇਰਾ ਪਿਓ ਪਰਦੇਸੀ।"...ਉਹ ਘਰਦਿਆਂ ਨੂੰ ਮਹਿਸੂਸ ਕਰਵਾਉਂਦੀ ਹੈ ਕਿ ਉਸ ਨੂੰ ਹੁਣ ਬੁਲਾ ਲਵੋ।

ਹੁਣ ਦਾ ਸੰਤਾਪ ਇਹ ਹੈ ਕਿ ਕੰਨਾਂ ਨੂੰ ਸੁਣਨ ਲਈ ਲੱਚਰ ਗੀਤ ਵੱਜਦੇ ਹਨ, ਅੱਖੀਂ ਵੇਖਣ ਲਈ ਅੱਧ-ਨੰਗੇ ਸਰੀਰ ਹਨ। ਸ਼ਰਾਬ ਦੇ ਨਸ਼ੇ ਵਿਚ ਕੁੜੀਆਂ-ਮੁੰਡਿਆਂ ਦੇ ਟੋਲੇ ਘੁੰਮਦੇ ਦਿਸਦੇ ਹਨ। ਲੋਕ ਆਪਣੀ ਮਾਂ ਬੋਲੀ ਤੋਂ ਮੁਨਕਰ ਹੋ ਰਹੇ ਨੇ। ਅੱਜ ਤਾਂ ਕੋਈ ਰਿਸ਼ਤਾ ਵੀ ਨਹੀਂ ਬਚਿਆ ਜਿਸ 'ਤੇ ਭਰੋਸਾ ਕੀਤਾ ਜਾ ਸਕੇ! ਬਾਪ-ਬੇਟੀ ਅਤੇ ਭੈਣ-ਭਰਾ ਤੱਕ ਦੇ ਰਿਸ਼ਤੇ ਨਹੀਂ ਬਚੇ! ਕਿਸ ਅੱਗੇ ਅਰਜੋਈ ਕੀਤੀ ਜਾਵੇ? ਸਾਡੇ ਗੁਰੂਆਂ ਨੇ ਬਹੁਤ ਪਹਿਲਾਂ ਸਾਨੂੰ ਸੁਚੇਤ ਕੀਤਾ ਸੀ ਪਰ ਅਸੀਂ ਮੰਨਦੇ ਨਹੀਂ, "ਬਾਬਾ ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥"

ਪੰਜਾਬੀਆਂ ਨੇ ਹਰੀ ਕ੍ਰਾਂਤੀ ਲਿਆਂਦੀ, ਚਿੱਟੀ ਕ੍ਰਾਂਤੀ ਲਿਆਂਦੀ, ਹੁਣ ਵੀ ਪੰਜਾਬੀ ਨੌਜਵਾਨ ਨੂੰ ਹੀ ਉਠਾ ਕੇ ਹੰਭਲਾ ਮਾਰਨਾ ਪਵੇਗਾ। ਨਸ਼ਿਆਂ ਦੀ ਹਨੇਰੀ ਰੋਕਣੀ ਪਵੇਗੀ ਅਤੇ ਲੱਚਰ ਗੀਤ ਤੇ ਨੰਗੇਜ਼ ਉਤੇ ਵੀ ਪਾਬੰਦੀ ਲਾਉਣੀ ਹੋਵੇਗੀ। ਮੁੜ ਚਰਿੱਤਰ ਨਿਰਮਾਣ ਕਰਨਾ ਹੋਵੇਗਾ। ਅੱਜ ਆਚਰਨ ਸੋਧਣ ਦੀ ਕ੍ਰਾਂਤੀ ਦੀ ਲੋੜ ਹੈ।

# ਭਗਤ ਸਿੰਘ ਦੇ ਦਸਤਾਵੇਜ਼ਾਂ ਦੀ ਦਾਸਤਾਨ

***ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਖਸੀਅਤ ਦਾ ਉਭਰਵਾਂ ਪੱਖ ਹੁਣ ਤੱਕ ਬੰਬ ਅਤੇ ਪਿਸਤੌਲ ਨੂੰ ਹੀ ਸਮਝਿਆ ਜਾਂਦਾ ਰਿਹਾ ਹੈ। ਇਨ੍ਹਾਂ ਇਨਕਲਾਬਪਸੰਦਾਂ ਨਾਲ ਸਬੰਧਤ ਅਜਿਹੇ ਬਹੁਤ ਸਾਰੇ ਦਸਤਾਵੇਜ਼ ਹਨ ਜਿਹੜੇ ਉਨ੍ਹਾਂ ਦੇ ਬੌਧਿਕ ਪੱਖਾਂ ਨੂੰ ਉਜਾਗਰ ਕਰਦੇ ਹਨ। ਇਹ ਦਸਤਾਵੇਜ਼ ਭਗਤ ਸਿੰਘ ਦੀ ਸ਼ਹਾਦਤ ਤੋਂ ਦਹਾਕਿਆਂ ਬਾਅਦ ਲੋਕਾਂ ਦੇ ਸਾਹਮਣੇ ਆਏ ਹਨ ਅਤੇ ਹੁਣ ਵੀ ਆ ਰਹੇ ਹਨ। ਇਨ੍ਹਾਂ ਦਾ ਮੁਤਾਲਾ ਸੂਹ ਦਿੰਦਾ ਹੈ ਕਿ ਉਹ ਆਪਣੇ ਸਮੇਂ ਦੀ ਮੂੰਹਜ਼ੋਰ ਸਿਆਸਤ ਨਾਲ ਕਿਸ ਤਰ੍ਹਾਂ ਅਤੇ ਕਿੰਨੇ ਵੇਗ ਨਾਲ ਦੋ-ਚਾਰ ਹੋ ਰਹੇ ਸਨ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਨ੍ਹਾਂ ਦਸਤਾਵੇਜ਼ਾਂ ਬਾਰੇ ਉਚੇਚੀ ਰਿਪੋਰਟ ਤਿਆਰ ਕੀਤੀ ਹੈ ਜਿਸ ਵਿਚ ਇਨ੍ਹਾਂ ਦਸਤਾਵੇਜ਼ਾਂ ਅਤੇ ਇਨ੍ਹਾਂ ਵਿਚ ਭਰੀ ਊਰਜਾ ਬਾਰੇ ਨੁਕਤੇ ਉਭਾਰੇ ਗਏ ਹਨ। -ਸੰਪਾਦਕ***



**ਵਿਸ਼ੇਸ਼ ਰਿਪੋਰਟ**
**ਬੂਟਾ ਸਿੰਘ**
**ਫੋਨ: 91-94634-74342**

## ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ

"ਬੰਬ ਤੇ ਪਿਸਤੌਲ ਇਨਕਲਾਬ ਨਹੀਂ ਲਿਆਉਂਦੇ। ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤਿੱਖੀ ਹੁੰਦੀ ਹੈ।" ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਇਹ ਕਥਨ ਮੁਲਕ ਦੀ ਜਵਾਨੀ ਨੂੰ ਦਹਿਸ਼ਤਪਸੰਦੀ ਦੇ ਰੁਝਾਨ ਤੋਂ ਮੁਕਤ ਕਰਨ ਦਾ ਸੁਚੇਤ ਯਤਨ ਸੀ ਜੋ ਆਪਣੇ ਵਤਨ ਦੇ ਗਲੋਂ ਅੰਗਰੇਜ਼ ਸਾਮਰਾਜਵਾਦੀਆਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਲਾਹੁਣ ਲਈ ਕੁਝ ਵੀ ਕਰ ਗੁਜ਼ਰਨ ਲਈ ਉਤਾਰੂ ਸਨ। ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਖ਼ੁਦ ਬੇਕਿਰਕ ਵਿਚਾਰਧਾਰਕ ਸੰਘਰਸ਼ ਦੇ ਅਮਲ ਜ਼ਰੀਏ 'ਰੋਮਾਂਟਿਕ ਵਿਚਾਰਵਾਦੀ ਇਨਕਲਾਬੀ' ਤੋਂ 'ਵਿਗਿਆਨਕ ਇਨਕਲਾਬੀ' ਦੇ ਉਚਤਮ ਵਿਕਾਸ ਪੜਾਅ 'ਤੇ ਪਹੁੰਚੇ ਸਨ। ਉਨ੍ਹਾਂ ਨੇ ਆਜ਼ਾਦੀ ਦੀ ਜੱਦੋਜਹਿਦ ਵਿਚਲੀ ਦਹਿਸ਼ਤਪਸੰਦੀ ਦੀ ਵਿਰਾਸਤ ਨਾਲੋਂ ਸੁਚੇਤ ਰੂਪ 'ਚ ਤੋੜ-ਵਿਛੋੜਾ ਕੀਤਾ ਅਤੇ ਵਿਸ਼ਾਲ ਮਿਹਨਤਕਸ਼ ਅਵਾਮ ਨੂੰ ਇਸ ਜੱਦੋਜਹਿਦ ਅੰਦਰ ਹਰਕਤ 'ਚ ਲਿਆਉਣ ਦੀ ਰਾਜਸੀ ਜ਼ਰੂਰਤ ਡੂੰਘੀ ਸ਼ਿੱਦਤ ਨਾਲ ਮਹਿਸੂਸ ਕੀਤੀ। ਉਨ੍ਹਾਂ ਵਲੋਂ ਬੁਲੰਦ ਕੀਤੇ 'ਇਨਕਲਾਬ ਜ਼ਿੰਦਾਬਾਦ!' ਤੇ 'ਸਾਮਰਾਜਵਾਦ ਮੁਰਦਾਬਾਦ!' ਦੇ ਨਾਅਰੇ ਮੁਕੰਮਲ ਯੁੱਗ ਪਲਟਾਊ ਪ੍ਰੋਗਰਾਮ ਦੇ ਪ੍ਰਤੀਕ ਸਨ।

## ਸ਼ਹੀਦਾਂ ਦੀਆਂ ਚਾਰ ਅਹਿਮ ਲਿਖਤਾਂ

ਅੱਜ ਵੀ ਇਨ੍ਹਾਂ ਸ਼ਹੀਦਾਂ ਦਾ ਮੌਤ ਨੂੰ ਮਖੌਲਾਂ ਕਰਨ ਵਾਲੇ ਸੂਰਮਿਆਂ ਵਾਲਾ ਇਕਤਰਫ਼ਾ ਬਿੰਬ ਹੀ ਛਾਇਆ ਹੋਇਆ ਹੈ, ਖ਼ਾਸ ਕਰ ਕੇ ਭਗਤ ਸਿੰਘ ਦਾ ਹੈਟ ਵਾਲਾ ਬਿੰਬ; ਪਰ ਬਦਕਿਸਮਤੀ ਨਾਲ ਇਨ੍ਹਾਂ ਇਨਕਲਾਬੀਆਂ ਦੇ ਬੌਧਿਕ ਪੱਖ ਨੂੰ ਸਮਝਣ ਦੇ ਯਤਨ ਬਹੁਤ ਘੱਟ ਹੋਏ ਹਨ। ਦੋ ਸਾਲ ਦੀ ਜੇਲ੍ਹ ਜ਼ਿੰਦਗੀ (8 ਅਪ੍ਰੈਲ 1929 ਤੋਂ 23 ਮਾਰਚ 1931) ਦੌਰਾਨ ਉਨ੍ਹਾਂ ਨੇ ਹਾਸਲ ਵਸੀਲਿਆਂ ਸਹਾਰੇ ਡੂੰਘਾ ਅਧਿਐਨ ਹੀ ਨਹੀਂ ਕੀਤਾ, ਸਗੋਂ ਆਪਣੇ ਵਿਚਾਰਾਂ ਨੂੰ ਬਾਕਾਇਦਾ ਦਸਤਾਵੇਜ਼ੀ ਰੂਪ ਵੀ ਦਿੱਤਾ ਸੀ। ਇਹ ਸਾਰੇ ਇਤਿਹਾਸਕ ਦਸਤਾਵੇਜ਼ ਅਜੇ ਵੀ ਪੂਰੇ ਹਾਸਲ ਨਹੀਂ ਹੋਏ। ਇਨ੍ਹਾਂ ਵਿਚੋਂ ਭਗਤ ਸਿੰਘ ਦੀਆਂ ਲਿਖੀਆਂ ਚਾਰ ਅਹਿਮ ਲਿਖਤਾਂ ਇਹ ਦੱਸੀਆਂ ਜਾਂਦੀਆਂ ਹਨ: ਸਮਾਜਵਾਦ ਦਾ ਵਿਚਾਰ, ਸਵੈ-ਜੀਵਨੀ, ਭਾਰਤ ਵਿਚ ਇਨਕਲਾਬੀ ਲਹਿਰ ਦਾ ਇਤਿਹਾਸ ਅਤੇ ਮੌਤ ਦੇ ਬੂਹੇ 'ਤੇ। ਇਹ ਸ਼ਹੀਦ ਭਗਤ ਸਿੰਘ ਡਿਫ਼ੈਂਸ ਕਮੇਟੀ ਦੀ ਸਕੱਤਰ ਅਤੇ ਜਲੰਧਰ ਤੋਂ ਕਾਂਗਰਸ ਦੀ ਕਾਰਕੁਨ ਕੁਮਾਰੀ ਲੱਜਾਵਤੀ ਜੋ ਅਕਸਰ ਹੀ ਇਨ੍ਹਾਂ ਇਨਕਲਾਬੀਆਂ ਦੇ ਮੁਕੱਦਮੇ ਦੀ ਪੈਰਵਾਈ ਦੇ ਸਿਲਸਿਲੇ ਵਿਚ ਜੇਲ੍ਹ 'ਚ ਆਉਂਦੀ-ਜਾਂਦੀ ਰਹਿੰਦੀ ਸੀ, ਰਾਹੀਂ ਜੇਲ੍ਹ ਵਿਚੋਂ ਸਮਗਲ ਹੋ ਕੇ ਬਾਹਰ ਤਾਂ ਆ ਗਈਆਂ ਸਨ, ਪਰ ਕਿਹਾ ਜਾਂਦਾ ਹੈ ਕਿ ਇਕ ਇਨਕਲਾਬੀ ਤੋਂ ਦੂਜੇ ਅਤੇ ਫਿਰ ਇਸ ਤੋਂ ਅੱਗੇ ਤੁਰਦਿਆਂ ਆਖ਼ਿਰ ਇਹ ਪੁਲਿਸ ਦੇ ਹੱਥ ਲੱਗਣ ਦੇ ਡਰੋਂ ਨਸ਼ਟ ਕਰ ਦਿੱਤੀਆਂ ਗਈਆਂ। ਉਂਜ, ਬਾਕੀ ਲਿਖਤਾਂ ਲੱਭ ਕੇ ਕਿਤਾਬੀ ਰੂਪ 'ਚ ਮੁਹੱਈਆ ਕਰਾਉਣ ਦੇ ਯਤਨ ਵੀ ਤਸੱਲੀਬਖ਼ਸ਼ ਨਹੀਂ ਹੋਏ। ਇਨ੍ਹਾਂ ਦਾ ਸੰਪਾਦਨ ਕਰਨ ਵਾਲੀਆਂ ਵੱਖ-ਵੱਖ ਸ਼ਖਸੀਅਤਾਂ ਦੀ ਜਾਣਕਾਰੀ ਤੇ ਪਸੰਦ ਦੇ ਹਿਸਾਬ ਨਾਲ ਵੱਖ-ਵੱਖ ਸਮੇਂ ਕੁਝ ਚੋਣਵੀਆਂ ਲਿਖਤਾਂ ਹੀ ਛਪਦੀਆਂ ਰਹੀਆਂ।

### ਭਗਤ ਸਿੰਘ ਖੋਜ ਕਮੇਟੀ ਦਾ ਹੰਭਲਾ

ਪਹਿਲੀ ਵਾਰ 1985 ਵਿਚ ਪ੍ਰੋਫੈਸਰ ਜਗਮੋਹਣ ਸਿੰਘ ਹੋਰਾਂ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ ਖੋਜ ਕਮੇਟੀ ਵੱਲੋਂ ਬਹੁਤ ਸਾਰੀਆਂ ਲਿਖਤਾਂ ਨੂੰ ਕਿਤਾਬੀ ਰੂਪ ਦਿੱਤਾ ਗਿਆ। ਇਹ ਸੰਗ੍ਰਹਿ ਬੇਸ਼ਕ ਅਧੂਰਾ ਸੀ, ਪਰ ਇਸ ਜ਼ਰੀਏ ਬਹੁਤ ਸਾਰੀਆਂ ਅਹਿਮ ਲਿਖਤਾਂ ਇਕ ਥਾਂ ਇਕੱਠੀਆਂ ਕਰ ਕੇ ਛਾਪੀਆਂ ਗਈਆਂ। ਫਿਰ 1994 ਵਿਚ ਭੁਪਿੰਦਰ ਹੂਜਾ ਦੇ ਯਤਨਾਂ ਨਾਲ ਭਗਤ ਸਿੰਘ ਦੀ ਜੇਲ੍ਹ ਨੋਟਬੁੱਕ ਛਾਪੀ ਗਈ। ਇਹ ਰੋਜ਼ਨਾਮਚਾ ਕਿਸਮ ਦੀ ਕੋਈ ਰਵਾਇਤੀ ਡਾਇਰੀ ਨਹੀਂ ਹੈ। ਇਹ ਸ਼ਹੀਦ ਭਗਤ ਸਿੰਘ ਵਲੋਂ ਜੇਲ੍ਹ ਵਿਚ ਕੀਤੇ ਡੂੰਘੇ ਅਧਿਐਨ 'ਤੇ ਆਧਾਰਤ ਵੇਰਵਿਆਂ ਅਤੇ ਟਿੱਪਣੀਆਂ ਦਾ ਦਸਤਾਵੇਜ਼ ਹੈ। ਨਿਸ਼ਚੇ ਹੀ ਇਹ ਬਹੁਤ ਦਿਲਚਸਪ ਵੀ ਹੈ ਅਤੇ ਬਹੁਤ ਅਹਿਮ ਵੀ। ਇਹ ਦਸਤਾਵੇਜ਼ ਸ਼ਹੀਦ ਦੇ ਵਿਚਾਰਾਂ ਬਾਰੇ ਖੜ੍ਹੇ ਹੋਏ ਬਹੁਤ ਸਾਰੇ ਵਿਚਾਰਧਾਰਕ ਭੁਲੇਖੇ ਦੂਰ ਕਰਨ ਵਿਚ ਵੀ ਸਹਾਈ ਹੁੰਦਾ ਹੈ।

## ਆਜ਼ਾਦੀ, ਕੌਮੀ ਮੁੜ-ਉਸਾਰੀ ਅਤੇ ਸੁਭਾਸ਼ ਚੰਦਰ ਬੋਸ



"ਮੌਜੂਦਾ ਦੌਰ ਸਾਡੀ ਲਹਿਰ ਦਾ ਸਾਮਰਾਜ ਵਿਰੋਧੀ ਪੜਾਅ ਹੈ। ਇਸ ਪੜਾਅ 'ਚ ਸਾਡਾ ਮੁੱਖ ਕਾਰਜ ਸਾਮਰਾਜਵਾਦ ਦਾ ਖ਼ਾਤਮਾ ਕਰਨਾ ਅਤੇ ਭਾਰਤੀ ਲੋਕਾਂ ਲਈ ਕੌਮੀ ਆਜ਼ਾਦੀ ਹਾਸਲ ਕਰਨਾ ਹੈ। ਆਜ਼ਾਦੀ ਆਉਣ 'ਤੇ ਕੌਮੀ ਮੁੜ-ਉਸਾਰੀ ਦਾ ਪੜਾਅ ਸ਼ੁਰੂ ਹੋਵੇਗਾ ਅਤੇ ਇਹ ਸਾਡੀ ਲਹਿਰ ਦਾ ਸਮਾਜਵਾਦੀ ਪੜਾਅ ਹੋਵੇਗਾ। ਸਾਡੀ ਲਹਿਰ ਦੇ ਮੌਜੂਦਾ ਪੜਾਅ ਵਿਚ, ਖੱਬੇਪੱਖੀ ਉਹ ਹੋਣਗੇ ਜੋ ਸਾਮਰਾਜਵਾਦ ਨਾਲ ਸਮਝੌਤਾ ਰਹਿਤ ਲੜਾਈ ਲੜਨਗੇ। ਜੋ ਸਾਮਰਾਜਵਾਦ ਵਿਰੁੱਧ ਸੰਘਰਸ਼ 'ਚ ਡਾਵਾਂਡੋਲ ਅਤੇ ਥਿੜ੍ਹਕਣ ਦਿਖਾਉਂਦੇ ਹਨ-ਜਿਨ੍ਹਾਂ ਦੀ ਰੁਚੀ ਇਸ ਨਾਲ ਸਮਝੌਤੇਬਾਜ਼ੀ ਦੀ ਹੈ-ਉਹ ਕਿਸੇ ਵੀ ਤਰ੍ਹਾਂ ਖੱਬੇਪੱਖੀ ਨਹੀਂ ਹੋ ਸਕਦੇ। ਸਾਡੀ ਲਹਿਰ ਦੇ ਅਗਲੇ ਪੜਾਅ ਵਿਚ ਖੱਬਾਵਾਦ ਅਤੇ ਸਮਾਜਵਾਦ ਸਮਾਨਅਰਥੀ ਹੋਣਗੇ-ਪਰ ਇਸ ਪੜਾਅ ਉਤੇ 'ਖੱਬਪੱਖੀ' ਅਤੇ 'ਸਾਮਰਾਜਵਾਦ ਵਿਰੋਧੀ' ਲਫ਼ਜ਼ ਇਕੋ ਅਰਥ ਵਿਚ ਬਦਲ ਬਦਲ ਕੇ ਇਸਤੇਮਾਲ ਹੁੰਦੇ ਰਹਿਣਗੇ।"

***-ਸੁਭਾਸ਼ ਚੰਦਰ ਬੋਸ***
***(19 ਮਾਰਚ 1940 ਰਾਮਗੜ੍ਹ ਕਾਨਫਰੰਸ 'ਚ ਪ੍ਰਧਾਨਗੀ ਤਕਰੀਰ)***

## ਨੌਜਵਾਨ ਸਿਆਸੀ ਕਾਰਕੁਨਾਂ ਦੇ ਨਾਂ ਖ਼ਤ

ਇਸੇ ਤਰ੍ਹਾਂ ਦੀ ਕਥਾ ਇਕ ਹੋਰ ਅਹਿਮ ਇਤਿਹਾਸਕ ਦਸਤਾਵੇਜ਼ ਦੀ ਹੈ ਜੋ 'ਨੌਜਵਾਨ ਸਿਆਸੀ ਕਾਰਕੁਨਾਂ ਦੇ ਨਾਂ ਖ਼ਤ' ਵਜੋਂ ਮਸ਼ਹੂਰ ਹੈ। ਇਹ ਸ਼ਹੀਦ ਭਗਤ ਸਿੰਘ ਵੱਲੋਂ ਜੇਲ੍ਹ ਦੀ ਕਾਲ ਕੋਠੜੀ ਵਿਚ, ਫਾਂਸੀ ਦਿੱਤੇ ਜਾਣ ਤੋਂ ਪੰਜਾਹ ਦਿਨ ਪਹਿਲਾਂ ਲਿਖਿਆ ਗਿਆ ਸੀ। ਇਸ ਉੱਪਰ 2 ਫਰਵਰੀ 1931 ਦੀ ਤਾਰੀਕ ਦਾ ਇੰਦਰਾਜ ਹੈ। ਇਸ ਦਸਤਾਵੇਜ਼ ਦੇ ਦੋ ਹਿੱਸੇ ਹਨ: ਪਹਿਲਾ ਹਿੱਸਾ ਖ਼ਤ ਦੇ ਰੂਪ ਵਿਚ ਹੈ ਅਤੇ ਦੂਜੇ ਹਿੱਸੇ ਵਿਚ 'ਸਾਡੇ ਲਈ ਮੌਕਾ', 'ਗਾਂਧੀਵਾਦ', 'ਦਹਿਸ਼ਤਵਾਦ', 'ਇਨਕਲਾਬ', 'ਪ੍ਰੋਗਰਾਮ' ਅਤੇ 'ਇਨਕਲਾਬੀ ਪਾਰਟੀ' ਦੇ ਸਿਰਲਖਾਂ ਹੇਠ ਟਿੱਪਣੀਆਂ ਦਰਜ ਹਨ। ਇਸ ਦਾ ਵੀ ਸਿਰਫ਼ ਖ਼ਤ ਵਾਲਾ ਹਿੱਸਾ ਹੀ ਉਸ ਵਕਤ ਦੀ 'ਕੌਮੀ ਪ੍ਰੈੱਸ' ਵਿਚ ਛਪਿਆ, ਉਹ ਵੀ ਉਹ ਹਵਾਲੇ ਹਟਾਉਣ ਤੋਂ ਪਿੱਛੋਂ ਜਿਨ੍ਹਾਂ ਵਿਚ ਕਾਂਗਰਸ ਦੀ ਲੀਡਰਸ਼ਿਪ ਦੀ ਤਿੱਖੀ ਆਲੋਚਨਾ ਕੀਤੀ ਗਈ ਸੀ। ਇਹ 29 ਮਾਰਚ 1931 ਨੂੰ ਲਾਹੌਰ ਤੋਂ ਛਪਦੇ 'ਪੀਪਲ' ਨਾਂ ਦੇ ਰਸਾਲੇ ਵਿਚ ਇਸ ਦੇ ਸੰਪਾਦਕ ਫ਼ਿਰੋਜ਼ ਚੰਦ ਵਲੋਂ ਛਾਪਿਆ ਗਿਆ ਸੀ ਜਿਸ ਨੂੰ ਸ਼ੁਰੂ ਕਰਨ ਵਾਲਾ ਲਾਲਾ ਲਾਜਪਤ ਰਾਏ ਸੀ। ਮੁਕੰਮਲ ਦਸਤਾਵੇਜ਼ ਫਿਰ ਵੀ ਦੁਰਲੱਭ ਹੀ ਬਣਿਆ ਰਿਹਾ। ਇਸੇ ਦੌਰਾਨ, ਪੱਛਮੀ ਬੰਗਾਲ ਦੀ ਹਕੂਮਤ ਵਲੋਂ 1995 ਵਿਚ ਆਪਣੇ ਪੁਰਾਤਤਵ ਵਿਭਾਗ ਦੇ ਸਮੁੱਚੇ ਪੁਲਿਸ ਰਿਕਾਰਡ ਨੂੰ ਪੰਜ ਜਿਲਦਾਂ ਵਿਚ 'ਬੰਗਾਲ ਵਿਚ ਦਹਿਸ਼ਤਵਾਦ' ਦੇ ਨਾਂ ਹੇਠ ਛਾਪਿਆ ਗਿਆ। ਪਹਿਲੀ ਜਿਲਦ ਵਿਚ 1905 ਤੋਂ ਲੈ ਕੇ 1939 ਤੱਕ ਦੀਆਂ 'ਦਹਿਸ਼ਤਪਸੰਦ ਕਾਰਵਾਈਆਂ' ਦੇ ਦਸਤਾਵੇਜ਼ਾਂ ਦਾ ਸੰਗ੍ਰਹਿ ਛਾਪਿਆ ਗਿਆ। ਇਸ ਦਾ ਸੰਪਾਦਨ ਆਮੀਆ ਕੇ. ਸਮੰਤਾ ਨੇ ਕੀਤਾ। ਇਸ ਜਿਲਦ ਵਿਚ ਭਗਤ ਸਿੰਘ ਦਾ 2 ਫਰਵਰੀ 1931 ਵਾਲਾ ਮੁਕੰਮਲ ਦਸਤਾਵੇਜ਼ ਵੀ ਸ਼ਾਮਲ ਕੀਤਾ ਗਿਆ।



***ਭਗਤ ਸਿੰਘ ਵੱਲੋਂ ਤਆਰ ਕੀਤੀ ਗਦਰੀ ਜੁਝਾਰੂਆਂ ਦੀ ਲਿਸਟ***

ਰਿਕਾਰਡ ਤੋਂ ਪਤਾ ਲਗਦਾ ਹੈ ਕਿ ਇਹ ਦਸਤਾਵੇਜ਼ ਕਲਕੱਤਾ ਪੁਲਿਸ ਵਲੋਂ ਬੰਗਾਲੀ ਇਨਕਲਾਬੀ ਸ੍ਰੀਮਤੀ ਬਿਮਲਾ ਪ੍ਰਤਿਭਾ ਦੇਵੀ ਨੂੰ 3 ਅਕਤੂਬਰ 1931 ਨੂੰ ਗ੍ਰਿਫ਼ਤਾਰ ਕਰਨ ਸਮੇਂ ਉਸ ਦੇ ਘਰੋਂ ਬਰਾਮਦ ਕੀਤਾ ਗਿਆ ਸੀ। ਇਸ ਦਾ ਖ਼ੁਲਾਸਾ ਸੀ.ਈ.ਐੱਸ. ਫੇਅਰਵੈਦਰ ਵਲੋਂ ਕੀਤਾ ਗਿਆ ਜੋ 1939-43 ਦਰਮਿਆਨ ਕਲਕੱਤਾ ਪੁਲਿਸ ਦੇ ਕਮਿਸ਼ਨਰ ਰਹੇ ਸਨ। ਉਸ ਨੇ ਆਪਣੀ ਖ਼ੁਫ਼ੀਆ ਪੁਲਿਸ ਰਿਪੋਰਟ ਵਿਚ 'ਬੰਗਾਲ ਵਿਚ ਸਾਂਝੇ ਮੁਹਾਜ਼ ਦੀ ਲਹਿਰ ਦੇ ਵਿਕਾਸ ਬਾਰੇ ਟਿੱਪਣੀਆਂ' ਦੇ ਨਾਂ ਹੇਠ 1936 ਵਿਚ ਇਹ ਖ਼ੁਲਾਸਾ ਕੀਤਾ। ਇਸ ਰਿਪੋਰਟ ਵਿਚ ਉਸ ਨੇ ਆਪਣੀ ਟਿੱਪਣੀ ਵੀ ਸ਼ਾਮਲ ਕੀਤੀ ਜੋ ਪਹਿਲੀ ਨਵੰਬਰ 1933 ਨੂੰ ਲਿਖੀ ਗਈ ਸੀ। ਟਿੱਪਣੀ ਵਿਚ ਉਸ ਨੇ ਕਿਹਾ, "ਮੇਰਾ ਪੱਕਾ ਯਕੀਨ ਹੈ ਕਿ ਇਸ ਵਕਤ ਸਾਰੀਆਂ ਇਨਕਲਾਬੀ ਤਾਕਤਾਂ ਇਸ ਪ੍ਰੋਗਰਾਮ (ਸ਼ਹੀਦ ਭਗਤ ਸਿੰਘ ਦੇ ਲਿਖੇ) ਵਿਚ ਉਲੀਕੀ ਸੇਧ ਅਨੁਸਾਰ ਕੰਮ ਕਰ ਰਹੀਆਂ ਹਨ।"

## ਪੰਜਾਬੀ ਤੇ ਬੰਗਾਲੀ ਇਨਕਲਾਬਪਸੰਦ

ਭਗਤ ਸਿੰਘ ਹੋਰੀਂ ਅਤੇ ਬੰਗਾਲ ਦੇ ਇਨਕਲਾਬੀ ਮਿਲ-ਜੁਲ ਕੇ ਕੰਮ ਕਰਦੇ ਸਨ, ਪਰ ਹਾਲੇ ਵੀ ਇਹ ਭੇਤ ਖੁੱਲ੍ਹਣਾ ਬਾਕੀ ਸੀ ਕਿ ਇਹ ਦਸਤਾਵੇਜ਼ ਬੰਗਾਲ ਕਿਵੇਂ ਪਹੁੰਚਿਆ? ਇਸ ਦਾ ਖ਼ੁਲਾਸਾ 1986 ਵਿਚ ਕਾਮਰੇਡ ਰਾਮ ਚੰਦਰ ਦੀਆਂ ਨੌਜਵਾਨ ਭਾਰਤ ਸਭਾ ਅਤੇ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ/ਆਰਮੀ ਬਾਰੇ ਯਾਦਾਂ ਛਪਣ ਨਾਲ ਹੋਇਆ।

ਇਨ੍ਹਾਂ ਇਨਕਲਾਬੀਆਂ ਨੇ ਜੋ ਪਹਿਲੀ ਖੁੱਲ੍ਹੀ ਸਿਆਸੀ ਜਥੇਬੰਦੀ 'ਨੌਜਵਾਨ ਭਾਰਤ ਸਭਾ' ਬਣਾਈ ਸੀ, ਕਾਮਰੇਡ ਰਾਮ ਚੰਦਰ ਉਸ ਦੇ ਪ੍ਰਧਾਨ ਸਨ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਪਹਿਲੇ ਸਕੱਤਰ। ਰਾਮ ਚੰਦਰ ਨੇ ਇਨ੍ਹਾਂ ਯਾਦਾਂ ਵਿਚ ਸਫ਼ਾ 173 ਉੱਪਰ ਭਗਤ ਸਿੰਘ ਦੇ ਇਸ ਖ਼ਤ ਦਾ ਵੇਰਵਾ ਦਿੱਤਾ: "...ਇਹ ਚੁੱਪ-ਚੁਪੀਤੇ ਕੰਮ ਕਰਦੇ ਰਹਿਣ ਵਾਲੇ ਤੇ ਵਧੀਆ ਇਨਕਲਾਬੀ ਜਸਵੰਤ ਸਿੰਘ ਨੇ ਮੈਨੂੰ ਲਿਆ ਕੇ ਦਿੱਤਾ ਸੀ।... ...ਮੈਂ ਇਹ ਖ਼ਤ ਸੁਭਾਸ਼ ਦੀ ਨੌਜਵਾਨ ਭਾਰਤ ਸਭਾ ਪ੍ਰਤੀ ਪੂਰੀ ਵਚਨਬਧਤਾ ਹਾਸਲ ਕਰਨ ਲਈ ਉਸ ਦੇ ਹਵਾਲੇ ਕਰ ਦਿੱਤਾ। ਸੁਭਾਸ਼ ਨੇ ਕਰਾਚੀ ਵਿਖੇ ਨੌਜਵਾਨ ਸੈਸ਼ਨ (ਇੰਡੀਅਨ ਨੈਸ਼ਨਲ ਕਾਂਗਰਸ ਦੇ ਸੈਸ਼ਨ 25 ਮਾਰਚ 1931 ਦੌਰਾਨ ਇਥੇ ਨੌਜਵਾਨਾਂ ਦੇ ਸੈਸ਼ਨ) ਤੋਂ ਪਿੱਛੋਂ ਮੈਨੂੰ ਇਹ ਖ਼ਤ ਮੋੜਨ ਦਾ ਵਾਅਦਾ ਕੀਤਾ। ਆਪਣੇ ਵਾਅਦੇ ਮੁਤਾਬਿਕ ਉਸ ਨੇ ਮੇਰੀ ਭਾਲ ਕੀਤੀ, ਪਰ ਮੈਨੂੰ ਕਰਾਚੀ ਵਿਚ ਗ੍ਰਿਫ਼ਤਾਰ ਕਰ ਲੈਣ ਕਾਰਨ ਉਹ ਮੈਨੂੰ ਖ਼ਤ ਵਾਪਸ ਨਹੀਂ ਕਰ ਸਕਿਆ ਅਤੇ ਫਿਰ ਇਸ ਦਾ ਕੋਈ ਥਹੁ ਪਤਾ ਨਹੀਂ ਲੱਗਿਆ।"

ਇਸ ਤਰ੍ਹਾਂ ਇਹ ਖ਼ਤ ਸੁਭਾਸ਼ ਚੰਦਰ ਬੋਸ ਰਾਹੀਂ ਕਲਕੱਤਾ ਪੁੱਜ ਗਿਆ ਅਤੇ ਉੱਥੋਂ ਸ੍ਰੀਮਤੀ ਬਿਮਲਾ ਪ੍ਰਤਿਭਾ ਦੇਵੀ ਦੇ ਘਰੋਂ ਪੁਲਿਸ ਦੇ ਹੱਥ ਲੱਗ ਗਿਆ। ਉਹ 'ਸੇਧ' ਕੀ ਸੀ ਜਿਸ ਦਾ ਜ਼ਿਕਰ ਪੁਲਿਸ ਕਮਿਸ਼ਨਰ ਫੇਅਰਵੈਦਰ ਨੇ ਆਪਣੀ ਖ਼ੁਫ਼ੀਆ ਰਿਪੋਰਟ ਵਿਚ ਕੀਤਾ ਸੀ। ਭਗਤ ਸਿੰਘ ਦੇ ਲਿਖੇ ਪ੍ਰੋਗਰਾਮ ਵਿਚ ਉਸ ਵੇਲੇ ਦੀ 'ਕੌਮੀ ਲਹਿਰ' ਜਿਸ ਨੂੰ ਗਾਂਧੀਵਾਦ ਕਹਿਣਾ ਬਿਹਤਰ ਹੋਵੇਗਾ, ਦਾ ਸਿਆਸੀ ਵਿਸ਼ਲੇਸ਼ਣ ਕਰਦਿਆਂ ਸਪਸ਼ਟ ਕਿਹਾ ਗਿਆ ਸੀ ਕਿ ਜੇ ਇਸ ਵਿਚ ਇਨਕਲਾਬੀ ਰੂਹ ਫੂਕ ਕੇ ਇਸ ਨੂੰ ਇਸ ਦੇ ਹਸ਼ਰ ਤੋਂ ਨਾ ਬਚਾਇਆ ਗਿਆ ਤਾਂ ਇਹ ਖੜੋਤ ਦਾ ਸ਼ਿਕਾਰ ਹੋ ਜਾਵੇਗੀ। ਇਸ ਨੂੰ ਇਸ ਦੇ ਖ਼ੈਰ-ਖਵਾਹਾਂ ਤੋਂ ਲਾਜ਼ਮੀ ਬਚਾਉਣਾ ਪਵੇਗਾ।

ਫੇਅਰਵੈਦਰ ਵਲੋਂ ਜ਼ਿਕਰ ਕੀਤੀਆਂ 'ਇਨਕਲਾਬੀ ਤਾਕਤਾਂ' ਕਿਹੜੀਆਂ ਸਨ? ਇਹ ਉਸ ਵਕਤ ਉੱਭਰ ਰਹੇ ਸਾਂਝੇ ਮੋਰਚੇ ਵਿਚ ਸ਼ਾਮਲ ਤਾਕਤਾਂ ਵੱਲ ਇਸ਼ਾਰਾ ਸੀ। ਆਜ਼ਾਦੀ ਦੀ ਲਹਿਰ ਨੂੰ ਗਾਂਧੀਵਾਦੀ ਜਕੜ 'ਚੋਂ ਕੱਢ ਕੇ ਬਸਤੀਵਾਦ ਵਿਰੁੱਧ ਫ਼ੈਸਲਾਕੁਨ ਲੜਾਈ ਵਿਚ ਬਦਲਣ ਦੇ ਸਾਂਝੇ ਯਤਨਾਂ ਦਾ ਸਿੱਟਾ ਸੀ। ਸੁਭਾਸ਼ ਚੰਦਰ ਬੋਸ ਵੱਲੋਂ ਜਥੇਬੰਦ ਕੀਤਾ ਗਿਆ ਸਾਂਝਾ ਮੋਰਚਾ ਜਿਸ ਵਿਚ ਬੰਗਾਲ ਦਾ ਫਾਰਵਾਰਡ ਬਲਾਕ, ਬਾਬਾ ਸੋਹਣ ਸਿੰਘ ਭਕਨਾ ਤੇ ਗ਼ਦਰੀ ਬਾਬਿਆਂ ਵਲੋਂ ਬਿਹਾਰ ਦੇ ਇਨਕਲਾਬੀ ਕਿਸਾਨ ਆਗੂ ਸਵਾਮੀ ਸਹਿਜਾਨੰਦ ਸਰਸਵਤੀ ਨਾਲ ਮਿਲ ਕੇ ਬਣਾਈ ਕਿਰਤੀ ਕਿਸਾਨ ਪਾਰਟੀ, ਕਮਿਊਨਿਸਟ ਅਤੇ ਕਾਂਗਰਸ ਸੋਸ਼ਲਿਸਟ ਸ਼ਾਮਲ ਸਨ। 'ਕਾਂਗਰਸ ਸੋਸ਼ਲਿਸਟ' ਨੌਜਵਾਨ ਭਾਰਤ ਸਭਾ ਦੇ ਸਾਬਕਾ ਮੈਂਬਰਾਂ ਦਾ ਬਣਾਇਆ ਮੰਚ ਸੀ। ਸੁਭਾਸ਼ ਚੰਦਰ ਬੋਸ ਵਲੋਂ ਕਾਂਗਰਸ ਦੀ ਅੰਗਰੇਜ਼ਾਂ ਨਾਲ ਸਮਝੌਤੇਬਾਜ਼ੀ ਦੀ ਰਵਾਇਤੀ ਸੇਧ ਦੇ ਉਲਟ ਬਸਤੀਵਾਦ ਵਿਰੁੱਧ ਸਮਝੌਤਾ ਰਹਿਤ ਜੱਦੋਜਹਿਦ ਦੀ ਰਾਜਸੀ ਸੇਧ ਅਪਣਾਈ ਗਈ। ਇਹ ਸ਼ਹੀਦ ਭਗਤ ਸਿੰਘ ਹੋਰਾਂ ਦੇ 'ਇਨਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜਵਾਦ ਮੁਰਦਾਬਾਦ' ਦੇ ਮੁੱਖ ਨਾਅਰਿਆਂ ਦੇ ਪੂਰੀ ਤਰ੍ਹਾਂ ਅਨੁਸਾਰੀ ਸੀ। ਇਨ੍ਹਾਂ ਨਾਅਰਿਆਂ ਪਿੱਛੇ ਕੰਮ ਕਰਦੇ ਵਿਚਾਰਾਂ ਦਾ ਅਸਰ ਸੁਭਾਸ਼ ਚੰਦਰ ਬੋਸ ਦੀ ਸੋਚ ਅੰਦਰ ਵੀ ਉੱਘੜਵੇਂ ਰੂਪ ਵਿਚ ਦਿਖਾਈ ਦੇ ਰਿਹਾ ਸੀ। 19 ਮਾਰਚ 1940 ਨੂੰ ਰਾਮਗੜ੍ਹ ਬਿਹਾਰ ਵਿਖੇ ਸਮਝੌਤੇਬਾਜ਼ੀ ਵਿਰੁੱਧ ਸਰਵ ਭਾਰਤੀ ਕਾਨਫਰੰਸ ਵਿਚ ਪ੍ਰਧਾਨਗੀ ਤਕਰੀਰ ਕਰਦਿਆਂ ਉਨ੍ਹਾਂ ਕਿਹਾ, "ਇਸ ਕਾਨਫਰੰਸ ਦਾ ਮਨਸ਼ਾ ਮੁਲਕ ਦੀਆਂ ਕੁਲ ਸਾਮਰਾਜਵਾਦ ਵਿਰੋਧੀ ਤਾਕਤਾਂ 'ਤੇ ਕੇਂਦਰਤ ਕਰਨਾ ਹੈ ਜੋ ਸਾਮਰਾਜਵਾਦ ਨਾਲ ਸਮਝੌਤੇ ਦਾ ਵਿਰੋਧ ਕਰਨ ਲਈ ਦ੍ਰਿੜ ਹਨ।"

ਇਉਂ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਵਿਚਾਰਧਾਰਕ ਸੰਘਰਸ਼ ਆਜ਼ਾਦੀ ਦੀ ਲਹਿਰ ਵਿਚ ਪਾਲਾਬੰਦੀ ਕਰਨ 'ਚ ਅਹਿਮ ਭੂਮਿਕਾ ਨਿਭਾਅ ਰਿਹਾ ਸੀ। ਜੇ ਇਹ ਅਹਿਮ ਦਸਤਾਵੇਜ਼ ਉਸੇ ਵਕਤ ਮੁਕੰਮਲ ਰੂਪ 'ਚ ਇਨਕਲਾਬੀ ਦੇਸ਼ ਭਗਤ ਸਫ਼ਾਂ ਤੱਕ ਪਹੁੰਚ ਜਾਂਦਾ, ਇਸ ਨੇ ਕਾਂਗਰਸ ਦੇ ਸਮਝੌਤੇਬਾਜ਼ੀ ਦੇ ਰੁਝਾਨ ਵਿਰੁੱਧ ਵਿਚਾਰਧਾਰਕ ਜੱਦੋਜਹਿਦ ਵਿਚ ਅਹਿਮ ਹਥਿਆਰ ਬਣ ਜਾਣਾ ਸੀ। ਤਰਾਸਦੀ ਦੀ ਇੰਤਹਾ ਇਹ ਹੈ ਕਿ 1947 ਦੀ ਸੱਤਾ ਬਦਲੀ ਤੋਂ ਚਾਰ ਦਹਾਕੇ ਬਾਅਦ ਤੱਕ ਵੀ ਇਹ ਅਹਿਮ ਦਸਤਾਵੇਜ਼ ਗੁੰਮਨਾਮੀ ਹੀ ਹੰਢਾਉਂਦਾ ਰਿਹਾ।

# ਆਫੀਆ ਸਦੀਕੀ ਦਾ ਜਹਾਦ

ਕਿਸ਼ਤ ਗਿਆਰਵੀਂ



*1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਉਹ ਅਮਰੀਕਾ ਵਿਚ ਪੜ੍ਹੀ; ਪਹਿਲਾਂ ਡਾਕਟਰ ਤੇ ਫਿਰ ਜਹਾਦੀ ਬਣੀ। ਇਹ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ।*

## ਤੁਸੀਂ ਪੜ੍ਹ ਚੁਕੇ ਹੋ...

**ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ ਤੇ ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਆਪਣੇ ਭਰਾ ਮੁਹੰਮਦ ਅਲੀ ਕੋਲ ਅਮਰੀਕਾ ਪੁੱਜ ਗਈ। ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਸ ਦੀ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੀ ਕਿ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਹੋਵੇ। ਉਹ ਬੋਸਟਨ ਦੀ ਪ੍ਰਸਿੱਧ ਸੰਸਥਾ ਮੈਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਆਪਣੀ ਲਿਆਕਤ ਕਰ ਕੇ ਛੇਤੀ ਹੀ ਮਕਬੂਲ ਹੋ ਗਈ। ਉਥੇ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ। ਜਹਾਦੀਆਂ ਦਾ ਨਾਅਰਾ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਵਾਪਸੀ ਵੇਲੇ ਉਹ ਅਤਿਅੰਤ ਉਤਸ਼ਾਹ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਜ਼ੋਰ ਪਾਉਣ 'ਤੇ ਉਸ ਦਾ ਨਿਕਾਹ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਉਹ ਵੀ ਉਸ ਕੋਲ ਅਮਰੀਕਾ ਪੁੱਜ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ। ਆਫੀਆ ਪਾਕਿਸਤਾਨ ਪਰਤ ਗਈ ਅਤੇ ਅਮਜਦ ਨੂੰ ਵੀ ਸੱਦ ਲਿਆ। ਜਹਾਦ ਬਾਰੇ ਦੋਹਾਂ ਵਿਚਕਾਰ ਪਾੜਾ ਲਗਾਤਾਰ ਵਧਣ ਲੱਗ ਪਿਆ।...ਹੁਣ ਅੱਗੇ ਪੜ੍ਹੋ....**

ਅਮਜਦ ਅਮਰੀਕਾ ਆ ਤਾਂ ਗਿਆ ਪਰ ਉਸ ਦਾ ਆਫੀਆ ਅਤੇ ਬੱਚਿਆਂ ਤੋਂ ਬਿਨਾਂ ਜ਼ਰਾ ਵੀ ਦਿਲ ਨਹੀਂ ਲੱਗਦਾ ਸੀ। ਦਿਨ ਵੇਲੇ ਤਾਂ ਕੰਮ 'ਤੇ ਹੋਣ ਕਰ ਕੇ ਵਕਤ ਔਖਾ-ਸੌਖਾ ਲੰਘ ਜਾਂਦਾ, ਪਰ ਰਾਤ ਵੇਲੇ ਉਸ ਨੂੰ ਘਰ ਖਾਣ ਨੂੰ ਆਉਂਦਾ। ਕਦੇ ਉਸ ਨੂੰ ਬੱਚਿਆਂ ਦੀਆਂ ਕਿਲਕਾਰੀਆਂ ਸੁਣਦੀਆਂ ਅਤੇ ਕਦੇ ਆਫੀਆ ਇੱਧਰ-ਉਧਰ ਤੁਰੀ ਫਿਰੀ ਦਿਸਦੀ। ਇੱਕ ਦਿਨ ਰਾਤ ਵੇਲੇ ਫੋਨ ਆਇਆ। ਫੋਨ ਉਸ ਦੀ ਅੰਮੀ ਦਾ ਸੀ। ਅਮਜਦ ਦੇ ਫੋਨ ਚੁੱਕਦਿਆਂ ਹੀ ਜ਼ਾਹਿਰਾ ਖਾਂ ਬੋਲੀ, "ਬੇਟੇ, ਮੈਨੂੰ ਪਤਾ ਐ ਕਿ ਤੂੰ ਇਸ ਵੇਲੇ ਕਿਨ੍ਹਾਂ ਹਾਲਾਤ 'ਚੋਂ ਲੰਘ ਰਿਹਾ ਹੋਵੇਂਗਾ, ਪਰ ਇਸ ਸਭ ਦੀ ਮੈਂ ਈ ਜ਼ਿੰਮੇਵਾਰ ਆਂ।"



**ਹਰਮਹਿੰਦਰ ਚਹਿਲ**
**ਫੋਨ: 703-362-3239**
e-mail: chahals57@yahoo.com

"ਅੰਮੀ ਅਜਿਹੀ ਗੱਲ ਨ੍ਹੀਂ ਐ। ਨਾਲੇ ਤੂੰ ਕਿਉਂ ਆਪਣੇ ਆਪ ਨੂੰ ਦੋਸ਼ ਦਿੰਨੀ ਐਂ?"

"ਕਿਉਂਕਿ ਆਫੀਆ ਮੇਰੀ ਹੀ ਪਸੰਦ ਐ। ਮੈਂ ਹੀ ਤੇਰੇ ਲਈ ਇਸ ਨੂੰ ਚੁਣਿਆ ਸੀ। ਪਤਾ ਨ੍ਹੀਂ ਕੀ ਗੱਲ ਹੋ ਗਈ। ਇਹ ਤਾਂ ਬਹੁਤ ਜ਼ਹੀਨ ਕੁੜੀ ਸੀ। ਮੈਨੂੰ ਤਾਂ ਸਮਝ ਨ੍ਹੀਂ ਆਉਂਦੀ ਕਿ ਇਸ ਨੂੰ ਹੋ ਕੀ ਗਿਆ ਐ।"

"ਅੰਮੀ ਤੂੰ ਐਵੇਂ ਫਿਕਰ ਨਾ ਕਰ।"

ਇੰਨਾ ਕਹਿ ਕੇ ਅਮਜਦ ਸੋਚਣ ਲੱਗਿਆ ਕਿ ਉਸ ਦੀ ਮਾਂ ਨੇ ਤਾਂ ਆਫੀਆ ਨੂੰ ਕੁਝ ਦੇਰ ਜਾਂ ਕੁਝ ਦਿਨਾਂ ਲਈ ਹੀ ਵੇਖਿਆ ਹੋਵੇਗਾ ਪਰ ਉਹ ਤਾਂ ਕਿੰਨੇ ਹੀ ਸਾਲਾਂ ਤੋਂ ਉਸ ਦੇ ਨਾਲ ਰਹਿੰਦਾ ਆ ਰਿਹਾ ਐ। ਤੇ ਕੀ ਉਹ ਖੁਦ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਹੈ? ਉਧਰ ਅਮਜਦ ਨੂੰ ਫੋਨ 'ਤੇ ਚੁੱਪ ਜਿਹਾ ਹੋਇਆ ਵੇਖ ਕੇ ਜ਼ਾਹਿਰਾ ਖਾਂ ਬੋਲੀ, "ਅਮਜਦ ਬੇਟੇ, ਤੂੰ ਮੇਰੀ ਗੱਲ ਸੁਣ ਰਿਹਾ ਐਂ ਨਾ?"

"ਹਾਂ ਹਾਂ ਅੰਮੀ, ਤੂੰ ਗੱਲ ਕਰ। ਮੇਰਾ ਧਿਆਨ ਤੇਰੀਆਂ ਗੱਲਾਂ 'ਚ ਈ ਐ।"

ਜ਼ਾਹਿਰਾ ਖਾਂ ਦੁਬਾਰਾ ਬੋਲਣ ਲੱਗੀ ਪਰ ਅਮਜਦ ਦਾ ਧਿਆਨ ਫਿਰ ਆਫੀਆ ਵੱਲ ਚਲਾ ਗਿਆ। ਉਹ ਮਨ 'ਚ ਖਿਆਲ ਆਇਆ, 'ਆਫੀਆ ਨਾਈਨ ਅਲੈਵਨ ਤੋਂ ਪਿੱਛੋਂ ਇੱਕ ਦਮ ਇੰਨਾ ਡਰ ਕਿਉਂ ਗਈ ਸੀ। ਉਹ ਕਿਉਂ ਖੜ੍ਹੇ ਪੈਰ ਭੱਜ ਜਾਣ ਲਈ ਕਾਹਲੀ ਪੈ ਗਈ ਸੀ। ਫਿਰ ਉਥੇ ਜਾ ਕੇ ਉਹ ਹੋਰ ਈ ਤਰ੍ਹਾਂ ਦੀਆਂ ਸਕੀਮਾਂ ਬਣਾਉਣ ਲੱਗੀ। ਸਿੱਧਾ ਈ ਜਹਾਦੀਆਂ ਨਾਲ ਜਾ ਮਿਲਣ ਦੀਆਂ ਗੱਲਾਂ ਕਰਨ ਲੱਗ ਪਈ। ਨਾਲੇ ਉਹ ਦੱਸ ਰਹੀ ਸੀ ਕਿ ਸਾਡੇ ਨਿਕਾਹ ਤੋਂ ਪਹਿਲਾਂ ਵੀ ਐਫ.ਬੀ.ਆਈ. ਵਾਲੇ ਉਸ ਨੂੰ ਲੱਭ ਰਹੇ ਸਨ। ਇਹ ਤਾਂ ਖੈਰ ਹੋ ਸਕਦਾ ਐ ਕਿ ਉਸ ਦੇ ਚੈਰਿਟੀ ਦੇ ਕੰਮ ਦੇ ਸਬੰਧ 'ਚ ਉਹ ਇਸ ਨਾਲ ਕੋਈ ਗੱਲਬਾਤ ਕਰਨ ਆਏ ਹੋਣਗੇ।' ਉਸ ਦੇ ਮਨ 'ਚ ਚੱਲਦੀ ਗੱਲ ਵਿਚਕਾਰ ਹੀ ਰਹਿ ਗਈ ਜਦੋਂ ਉਧਰੋਂ ਉਸ ਦੀ ਮਾਂ ਦੀ ਉਚੀ ਆਵਾਜ਼ ਆਈ, "ਬੇਟੇ ਤੂੰ ਇਉਂ ਕਰ ਕਿ ਇੱਕ ਵਾਰ ਆਫੀਆ ਨੂੰ ਫੋਨ ਕਰ ਕੇ ਕਹਿ ਦੇ ਕਿ ਉਹ ਤੇਰੇ ਕੋਲ ਆ ਜਾਵੇ। ਔਰਤ ਨੂੰ ਕਈ ਵਾਰੀ ਮਾਨਸਿਕ ਕਾਰਨਾਂ ਕਰ ਕੇ ਬਹੁਤ ਸਾਰੇ ਹਾਲਾਤ 'ਚੋਂ ਗੁਜ਼ਰਨਾ ਪੈਂਦਾ ਐ। ਹੁਣ ਉਹ ਠੀਕ ਹੋ ਚੁੱਕੀ ਹੋਵੇਗੀ। ਤੂੰ ਮੇਰਾ ਪੁੱਤਰ ਉਸ ਨੂੰ ਆਪਣੇ ਕੋਲ ਬੁਲਾ ਲੈ। ਅੱਲਾ ਸਭ ਠੀਕ ਕਰ ਦੇਵੇਗਾ।"

ਮਾਂ ਨੇ ਨਸੀਹਤਾਂ ਦੇ ਕੇ ਫੋਨ ਕੱਟ ਦਿੱਤਾ, ਪਰ ਅਮਜਦ ਦਾ ਮਨ ਫਿਰ ਤੋਂ ਪਹਿਲਾਂ ਚੱਲ ਰਹੀਆਂ ਸੋਚਾਂ ਵੱਲ ਚਲਾ ਗਿਆ। ਉਸ ਨੂੰ ਇੱਕ ਨਵਾਂ ਈ ਖਿਆਲ ਆਇਆ ਤੇ ਉਹ ਸੋਚਣ ਲੱਗਾ, 'ਕਿਤੇ ਆਫੀਆ ਇਹ ਸਭ ਡਰਾਮਾ ਤਾਂ ਨ੍ਹੀਂ ਕਰ ਰਹੀ। ਹੋ ਸਕਦਾ ਐ ਕਿ ਉਹ ਮੈਥੋਂ ਵੱਖ ਹੋਣਾ ਚਾਹੁੰਦੀ ਹੋਵੇ ਤੇ ਸਿਰਫ ਬਹਾਨੇ ਘੜ ਰਹੀ ਹੋਵੇ ਤਾਂ ਕਿ ਮੈਂ ਉਸ ਦੀ ਗੱਲ ਤੋਂ ਇਨਕਾਰ ਕਰ ਦਿਆਂ ਤੇ ਉਸ ਨੂੰ ਵੱਖ ਹੋਣ ਦਾ ਬਹਾਨਾ ਮਿਲ ਜਾਵੇ। ਹਾਂ ਇਹੀ ਹੈ। ਲੱਗਦਾ ਐ ਕਿ ਉਹ ਮੇਰੇ ਨਾਲ ਖੁਸ਼ ਨ੍ਹੀਂ ਐ। ਉਂਜ ਉਸ ਦੇ ਵਿਹਾਰ ਤੋਂ ਤਾਂ ਲੱਗਦੈ ਕਿ ਉਹ ਮੈਨੂੰ ਬਹੁਤ ਪਿਆਰ ਕਰਦੀ ਐ ਪਰ ਹੋ ਸਕਦੈ ਕਿ ਇਹ ਸਭ ਵਿਖਾਵਾ ਈ ਹੋਵੇ।'

ਖੈਰ! ਕੁਝ ਵੀ ਸੀ, ਉਸ ਨੇ ਆਪਣੀ ਮਾਂ ਦੀ ਗੱਲ ਮੰਨਦਿਆਂ ਆਫੀਆ ਨੂੰ ਫੋਨ ਕਰਨ ਦਾ ਮਨ ਬਣਾ ਲਿਆ। ਉਧਰ ਆਫੀਆ ਦਾ ਅੱਬਾ ਵੇਖ ਰਿਹਾ ਸੀ ਕਿ ਅਮਜਦ ਦੇ ਜਾਣ ਪਿੱਛੋਂ, ਆਫੀਆ ਦਾ ਚਿਹਰਾ ਮੁਰਝਾਏ ਫੁੱਲ ਵਰਗਾ ਹੋ ਗਿਆ ਸੀ। ਉਸ ਨੇ ਢੰਗ ਨਾਲ ਖਾਣਾ ਪੀਣਾ ਛੱਡ ਦਿੱਤਾ ਸੀ। ਸਾਰਾ ਦਿਨ ਉਦਾਸ ਬੈਡ 'ਤੇ ਪਈ ਰਹਿੰਦੀ। ਸੁਲੇਹ ਸਦੀਕੀ ਸਭ ਸਮਝਦਾ ਸੀ। ਉਸ ਨੇ ਆਫੀਆ ਨੂੰ ਕੋਲ ਬੁਲਾਇਆ ਤੇ ਉਸ ਦੇ ਸਿਰ 'ਤੇ ਹੱਥ ਫੇਰਦਾ ਬੋਲਿਆ, "ਬੇਟੀ, ਮੈਂ ਜ਼ਿਆਦਾ ਕੁਛ ਨ੍ਹੀਂ ਕਹਾਂਗਾ; ਬੱਸ ਇੰਨਾ ਈ ਐ ਕਿ ਔਰਤ ਦਾ ਪਹਿਲਾ ਫਰਜ਼ ਆਪਣਾ ਪਰਿਵਾਰ ਬਚਾਉਣਾ ਹੁੰਦਾ ਐ। ਤੁਹਾਡੇ ਵਿਚਕਾਰ ਸਿਰਫ ਤਣਾਅ ਐ, ਹੋਰ ਕੁਛ ਨ੍ਹੀਂ। ਮੈਂ ਤੈਨੂੰ ਸਲਾਹ ਦਿਆਂਗਾ ਕਿ ਤੂੰ ਅਮਜਦ ਕੋਲ ਚਲੀ ਜਾ।"

"ਪਰ ਅੱਬੂ ਉਸ ਨੇ ਤਾਂ ਜਾ ਕੇ ਇੱਕ ਵਾਰ ਵੀ ਮੈਨੂੰ ਫੋਨ ਨ੍ਹੀਂ ਕੀਤਾ?"

"ਬੇਟੀ, ਕਈ ਵਾਰ ਇਨਸਾਨ ਕੰਮ ਵਿਚ ਉਲਝ ਜਾਂਦਾ ਹੈ ਤੇ...। ਉਹ ਗੱਲ ਕਰ ਹੀ ਰਿਹਾ ਸੀ ਕਿ ਫੋਨ ਖੜਕ ਪਿਆ। ਉਸ ਨੇ ਫੋਨ ਉਠਾਉਂਦਿਆਂ 'ਹੈਲੋ' ਕਹੀ ਤਾਂ ਉਸ ਦੇ ਚਿਹਰੇ 'ਤੇ ਰੌਣਕ ਆ ਗਈ। ਉਹ ਫੋਨ ਆਫੀਆ ਵੱਲ ਕਰਦਾ ਬੋਲਿਆ, "ਲੈ ਗੱਲ ਕਰ, ਅਮਜਦ ਦਾ ਫੋਨ ਐ।"

ਆਫੀਆ ਚਹਿਕ ਉਠੀ ਤੇ ਦੂਜੇ ਕਮਰੇ 'ਚ ਜਾ ਕੇ ਗੱਲ ਕਰਨ ਲੱਗੀ। ਅੱਧੇ ਘੰਟੇ ਪਿੱਛੋਂ ਫੋਨ ਬੰਦ ਕਰਦੀ ਉਹ ਬਾਹਰ ਨਿਕਲੀ ਤਾਂ ਉਸ ਦਾ ਚਿਹਰਾ ਗੁਲਾਬ ਦੇ ਫੁੱਲ ਵਾਂਗ ਖਿੜਿਆ ਹੋਇਆ ਸੀ। ਉਸ ਨੇ ਉਸੇ ਵੇਲੇ ਟਿਕਟਾਂ ਬੁੱਕ ਕਰਨ ਲਈ ਕਹਿ ਦਿੱਤਾ ਤੇ ਤੀਜੇ ਦਿਨ ਬੱਚਿਆਂ ਨੂੰ ਲੈ ਕੇ ਉਹ ਅਮਰੀਕਾ ਦੇ ਬੋਸਟਨ ਲੋਗਨ ਇੰਟਰਨੈਸ਼ਨਲ ਏਅਰਪੋਰਟ 'ਤੇ ਜਾ ਉਤਰੀ। ਅਮਜਦ ਅੱਗੇ ਉਸ ਨੂੰ ਲੈਣ ਆਇਆ ਹੋਇਆ ਸੀ। ਉਹ ਘਰ ਪਹੁੰਚ ਗਏ। ਘਰੇ ਪੁੱਜ ਕੇ ਆਫੀਆ ਦਾ ਚਿਹਰਾ ਇੱਕ ਦਮ ਬਦਲ ਗਿਆ ਤੇ ਉਹ ਗੁੱਸੇ 'ਚ ਕੰਬਣ ਲੱਗੀ।

"ਤੂੰ ਮੈਨੂੰ ਇੰਨੇ ਦਿਨ ਫੋਨ ਵੀ ਨਾ ਕੀਤਾ। ਤੂੰ ਆਪਣੇ ਆਪ ਨੂੰ ਸਮਝਿਆ ਕੀ ਐ?" ਉਹ ਉਚੀ ਬੋਲਦੀ ਅਮਜਦ ਦੇ ਗਲਾਮੇ ਨੂੰ ਚੰਬੜ ਗਈ। ਇੱਧਰ ਉਧਰ ਖਿੱਚਦੀ ਉਹ ਉਸ ਦੀ ਛਾਤੀ 'ਚ ਮੁੱਕੀਆਂ ਮਾਰਨ ਲੱਗੀ। ਅਮਜਦ ਨੇ ਬਿਲਕੁਲ ਵਿਰੋਧ ਨਾ ਕੀਤਾ। ਆਖਰ ਆਫੀਆ ਥੱਕ ਗਈ ਤੇ ਮੁੱਕੀਆਂ ਮਾਰਨੀਆਂ ਛੱਡ ਕੇ ਅਮਜਦ ਦੀ ਛਾਤੀ ਨਾਲ ਚੰਬੜ ਗਈ। ਅਮਜਦ ਨੇ ਉਸ ਦੁਆਲੇ ਬਾਂਹ ਵਲ ਲਈ। ਆਫੀਆ ਇੰਨਾ ਰੋਈ ਕਿ ਅਮਜਦ ਦਾ ਕਮੀਜ਼ ਭਿੱਜ ਗਿਆ। ਉਸ ਦੀਆਂ ਅੱਖਾਂ 'ਚ ਵੀ ਅੱਥਰੂ ਸਿੰਮ ਆਏ। ਇਸ ਦੇ ਨਾਲ ਹੀ ਉਸ ਦੇ ਮਨ ਵਿਚਲਾ ਉਹ ਖਿਆਲ ਕਿ ਸ਼ਾਇਦ ਆਫੀਆ ਬਹਾਨੇ ਨਾਲ ਉਸ ਕੋਲੋਂ ਤਲਾਕ ਚਾਹੁੰਦੀ ਐ, ਕਾਫੂਰ ਵਾਂਗ ਉਡ ਗਿਆ।

ਉਧਰ, ਅਫਗਾਨਿਸਤਾਨ 'ਚ ਅਮਰੀਕਾ ਦੀ ਅਤਿਵਾਦ ਖਿਲਾਫ ਲੜੀ ਜਾ ਰਹੀ ਜੰਗ ਲੰਬੀ ਹੋ ਰਹੀ ਸੀ। ਤਾਲਿਬਾਨ ਸਰਕਾਰ ਤਾਂ ਪੰਜ-ਛੇ ਹਫਤਿਆਂ ਵਿਚ ਹੀ ਢਹਿ-ਢੇਰੀ ਹੋ ਗਈ ਸੀ, ਪਰ ਉਸਾਮਾ ਬਿਨ-ਲਾਦਿਨ ਅਤੇ ਉਸ ਦੀ ਜਥੇਬੰਦੀ 'ਅਲ-ਕਾਇਦਾ' ਤੋਰਾ ਬੋਰਾ ਪਹਾੜੀਆਂ ਦੇ ਪਿੱਛੋਂ ਦੀ ਹੁੰਦੀ ਪਾਕਿਸਤਾਨ ਵੱਲ ਨਿਕਲ ਗਈ ਸੀ। ਉਥੇ ਜਾ ਕੇ ਉਨ੍ਹਾਂ ਕਰਾਚੀ ਵਿਚ ਅੱਡੇ ਜਮਾਉਣੇ ਸ਼ੁਰੂ ਕਰ ਦਿੱਤੇ। ਅਮਰੀਕਾ ਸਮਝ ਗਿਆ ਸੀ ਕਿ ਅਫਗਾਨਿਸਤਾਨ 'ਚ ਕੱਚੇ ਘਰਾਂ ਜਾਂ ਖੁਸ਼ਕ ਪਹਾੜਾਂ 'ਤੇ ਬੰਬ ਸੁੱਟਣੇ ਬੇਕਾਰ ਹਨ। ਜਿਨ੍ਹਾਂ ਨੂੰ ਫੜਨ ਲਈ ਇਹ ਕੁਝ ਕੀਤਾ ਗਿਆ ਸੀ, ਉਹ ਤਾਂ ਸਭ ਬਚ ਕੇ ਨਿਕਲ ਗਏ। ਇਸ ਕਰ ਕੇ ਅਮਰੀਕਾ, ਲੜਾਈ ਦਾ ਮੁਹਾਜ਼ ਅਫਗਾਨਿਸਤਾਨ ਤੋਂ ਇਰਾਕ ਵੱਲ ਮੋੜਨ ਲਈ ਤਿਆਰ ਹੋਣ ਲੱਗ ਪਿਆ।

ਤੋਰਾ ਬੋਰਾ ਪਹਾੜੀਆਂ 'ਚੋਂ ਭੱਜੇ ਅਲ-ਕਾਇਦਾ ਮੈਂਬਰਾਂ ਨੂੰ ਸੰਭਾਲਣ ਵਾਲੇ ਪਾਕਿਸਤਾਨ 'ਚ ਬਥੇਰੇ ਬੈਠੇ ਸਨ। ਇਨ੍ਹਾਂ 'ਚ ਸਭ ਤੋਂ ਵੱਧ ਸਰਗਰਮ ਬਲੋਚੀ ਪਰਿਵਾਰ ਸੀ। ਰਮਜ਼ੀ ਯੂਸਫ ਜੋ 1993 ਦੇ ਨਾਰਥ ਟਾਵਰ ਵਾਲੇ ਬੰਬ ਧਮਾਕੇ ਦਾ ਦੋਸ਼ੀ ਸੀ, ਇਸੇ ਪਰਿਵਾਰ ਤੋਂ ਸੀ। ਇਸ ਪਰਿਵਾਰ ਦੇ ਮੋਢੀ ਦਾ ਨਾਂ ਖਾਲਿਦ ਸ਼ੇਖ ਮੁਹੰਮਦ ਸੀ ਜਿਸ ਨੂੰ ਸਾਰੇ ਉਸ ਦੇ ਨਿੱਕ-ਨੇਮ ਯਾਨਿ ਕੇ.ਐਸ.ਐਮ. ਨਾਲ ਬੁਲਾਉਂਦੇ ਸਨ। ਜੋ ਲੋਕ ਅਲ-ਕਾਇਦਾ ਮੈਂਬਰਾਂ ਨੂੰ ਸੰਭਾਲਣ 'ਚ ਲੱਗੇ ਹੋਏ ਸਨ, ਉਨ੍ਹਾਂ ਵਿਚ ਔਰਤਾਂ ਦਾ ਗਰੁੱਪ ਵੀ ਸੀ। ਆਫੀਆ ਦੀ ਮਾਂ ਇਸਮਤ ਵੀ ਇਸੇ ਗਰੁੱਪ 'ਚ ਕੰਮ ਕਰ ਰਹੀ ਸੀ। ਇੰਨਾ ਹੀ ਨਹੀਂ, ਸਗੋਂ ਅਲ ਬਲੋਚੀ ਪਰਿਵਾਰ ਦੇ ਕਈ ਮੈਂਬਰ ਉਸ ਦੇ ਘਰ ਮਹਿਮਾਨ ਬਣ ਕੇ ਠਹਿਰ ਵੀ ਚੁੱਕੇ ਸਨ। ਜਦੋਂ ਅਫਗਾਨਿਸਤਾਨ ਵਿਚੋਂ ਨਿਕਲੇ ਅਲ-ਕਾਇਦਾ ਮੈਂਬਰਾਂ ਨੂੰ ਚੰਗੀ ਤਰ੍ਹਾਂ ਸੰਭਾਲ ਲਿਆ ਗਿਆ ਤਾਂ ਕੇ.ਐਸ.ਐਮ. ਆਪਣੀ ਅਗਲੀ ਸਕੀਮ 'ਤੇ ਕੰਮ ਕਰਨ ਲੱਗਿਆ। ਉਹ ਚਾਹੁੰਦਾ ਸੀ ਕਿ ਜਦੋਂ ਤੱਕ ਅਮਰੀਕਾ 9/11 ਵਾਲੀ ਸੱਟ 'ਚੋਂ ਉਭਰੇ, ਉਦੋਂ ਨੂੰ ਇਸ ਤੋਂ ਵੀ ਵੱਡਾ ਝਟਕਾ ਦਿੱਤਾ ਜਾਵੇ। ਇਸ ਦੂਜੇ ਹਮਲੇ ਲਈ ਕੇ.ਐਸ.ਐਮ. ਨੇ ਅਜਿਹੇ ਬੰਦਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਜਿਹੜੇ ਪਹਿਲਾਂ ਈ ਅਮਰੀਕਾ 'ਚ ਰਹਿ ਰਹੇ ਸਨ। ਇਸ ਦੇ ਲਈ ਉਸ ਨੇ ਅਮਰੀਕਾ ਵਿਚਲੇ ਆਪਣੇ ਸੰਪਰਕਾਂ ਰਾਹੀਂ ਅਜਿਹੇ ਬੰਦਿਆਂ ਦੀ ਭਰਤੀ ਸ਼ੁਰੂ ਕਰ ਦਿੱਤੀ। ਇਨ੍ਹਾਂ ਨਵੇਂ ਰੰਗਰੂਟਾਂ 'ਚ ਹੋਜ਼ੇ ਪਦੀਲਾ ਨਾਂ ਦਾ ਅਮਰੀਕਨ ਵੀ ਸੀ। ਉਹ ਫਲੋਰਿਡਾ ਦਾ ਰਹਿਣ ਵਾਲਾ ਸੀ ਅਤੇ ਕਿਸੇ ਵੱਡੇ ਗੈਂਗ ਦਾ ਮੈਂਬਰ ਰਿਹਾ ਸੀ। ਉਸ ਨੂੰ ਸਮਝਾ-ਬੁਝਾ ਕੇ ਮੁਸਲਮਾਨ ਬਣਾਇਆ ਗਿਆ ਤੇ ਫਿਰ ਅਲ-ਕਾਇਦਾ 'ਚ ਲਿਆਂਦਾ ਗਿਆ। ਟਰੇਨਿੰਗ ਲਈ ਉਸ ਨੂੰ ਪਾਕਿਸਤਾਨ ਲੈ ਗਏ। ਇਸ ਤਰ੍ਹਾਂ ਅਗਾਂਹ ਤੋਂ ਅਗਾਂਹ ਕੇ.ਐਸ.ਐਮ. ਨੂੰ ਹੋਰ ਬੰਦੇ ਮਿਲਦੇ ਗਏ ਜਿਹੜੇ ਉਸ ਦੇ ਕੰਮ 'ਚ ਸਹਾਈ ਹੋ ਸਕਦੇ ਸਨ।

ਹੋਜ਼ੇ ਪਦੀਲਾ ਨੂੰ ਇਸ ਪਾਸੇ ਲਿਆਉਣ ਵਾਲਾ ਐਡਮ ਹੁਸੈਨ ਸੀ ਜਿਹੜਾ ਬੈਨੇਵੋਲੈਂਸ ਇੰਟਰਨੈਸ਼ਨਲ ਵਿਚ ਕੰਮ ਕਰਦਾ ਸੀ। ਐਡਮ ਹੁਸੈਨ ਅੱਗੇ ਸੁਲੇਮਾਨ ਅਹਿਮਰ ਨੂੰ ਜਾਣਦਾ ਸੀ। ਸੁਲੇਮਾਨ ਦੀ ਆਫੀਆ ਨਾਲ ਜਾਣ-ਪਛਾਣ ਸੀ। ਉਸੇ ਕਾਰਨ ਹੀ ਆਫੀਆ ਬੈਨੇਵੋਲੈਂਸ ਦੇ ਇੱਕ ਹੋਰ ਸਰਗਰਮ ਮੈਂਬਰ ਅਦਨਾਨ ਸ਼ੁਕਰੀਜੁਮਾ ਦੇ ਸੰਪਰਕ 'ਚ ਆਈ ਸੀ। ਆਫੀਆ ਦੇ ਅਮਰੀਕਾ ਮੁੜ ਆਉਣ ਨਾਲ ਸਾਰਿਆਂ 'ਚ ਫਿਰ ਤੋਂ ਤਾਲਮੇਲ ਹੋਣ ਲੱਗਿਆ। ਜਾਅਲੀ ਈ-ਮੇਲਾਂ ਜ਼ਰੀਏ ਜਾਂ ਹੋਰ ਲੁਕਵੇਂ ਢੰਗਾਂ ਨਾਲ ਇਹ ਲੋਕ ਆਪਸ ਵਿਚ ਰਾਬਤਾ ਬਣਾਈ ਰਖਦੇ ਸਨ।

ਜਦੋਂ ਆਫੀਆ ਵਾਪਸ ਆਈ ਤਾਂ ਉਹ ਕਈ ਦਿਨ ਬਹੁਤ ਵਧੀਆ ਮਜਾਜ਼ 'ਚ ਰਹੀ। ਉਹ ਅਮਜਦ ਨਾਲ ਬੜੀ ਮੁਹੱਬਤ ਨਾਲ ਪੇਸ਼ ਆਉਂਦੀ। ਅਮਜਦ ਨੂੰ ਲੱਗਾ ਕਿ ਉਸ ਵਿਚ ਤਬਦੀਲੀ ਆ ਰਹੀ ਹੈ। ਉਹ ਖੁਸ਼ ਸੀ। ਇਸੇ ਖੁਸ਼ੀ ਕਾਰਨ ਉਹ ਅਗਲੇ ਐਤਵਾਰ ਬੱਚਿਆਂ ਨੂੰ ਲੈ ਕੇ ਇਕ ਮਹਿੰਗੇ ਹੋਟਲ ਵਿਚ ਰਾਤ ਠਹਿਰਨ ਲਈ ਚਲਾ ਗਿਆ। ਉਥੇ ਜਾਂਦਿਆਂ ਹੀ ਆਫੀਆ ਭੜਕ ਉਠੀ, "ਅਮਜਦ ਤੈਨੂੰ ਸ਼ਰਮ ਆਉਣੀ ਚਾਹੀਦੀ ਐ। ਅਫਗਾਨਿਸਤਾਨ ਵਰਗੇ ਮੁਲਕਾਂ 'ਚ ਸਾਡੇ ਮੁਸਲਮਾਨ ਭਰਾ ਗਰੀਬੀ ਨਾਲ ਮਰ ਰਹੇ ਨੇ ਤੇ ਤੈਨੂੰ ਅੱਯਾਸ਼ੀ ਦੀ ਪਈ ਐ।"



*ਖਾਲਿਦ ਸ਼ੇਖ ਮੁਹੰਮਦ (ਐਨ ਖੱਬੇ) ਪਹਿਲੀ ਮਾਰਚ 2003 ਨੂੰ ਕਰਾਚੀ ਵਿਚ ਫੜੇ ਜਾਣ ਮੌਕੇ। ਵਿਚਕਾਰ ਅਦਨਾਨ ਸ਼ੁਕਰੀਜੁਮਾ ਅਤੇ ਸੱਜੇ ਅਬੂ ਜ਼ੁਬੈਦ।*

"ਆਫੀਆ ਅੱਯਾਸ਼ੀ ਵਾਲੀ ਇਸ ਵਿਚ ਕੀ ਗੱਲ ਐ। ਮੇਰੀ ਕਮਾਈ ਦੇ ਪੈਸੇ ਨੇ। ਮੈਂ ਕਿਸੇ ਗਲਤ ਥਾਂ 'ਤੇ ਨ੍ਹੀਂ ਖਰਚ ਕਰ ਰਿਹਾ। ਮੈਂ ਆਪਣੇ ਪਰਿਵਾਰ ਦੀ ਖੁਸ਼ੀ ਲਈ ਇਹ ਖਰਚ ਕਰ ਰਿਹਾਂ। ਇਹ ਮੇਰਾ ਹੱਕ ਵੀ ਐ ਕਿ ਹਲਾਲ ਦੀ ਕਮਾਈ ਨਾਲ ਆਪਣੇ ਬੱਚਿਆਂ ਨੂੰ ਜ਼ਰਾ ਬਾਹਰ ਘੁਮਾ ਫਿਰਾ ਦਿਆਂ।"

"ਤੈਨੂੰ ਕਦੇ ਸਮਝ ਨ੍ਹੀਂ ਆ ਸਕਦੀ। ਮੈਂ ਇੱਥੇ ਨ੍ਹੀਂ ਰਹਿਣਾ। ਚੱਲ ਘਰੇ ਵਾਪਸ ਚੱਲੀਏ।"

ਆਫੀਆ ਉਥੇ ਨਾ ਰੁਕੀ ਤੇ ਅਮਜਦ ਨੂੰ ਨਾਲ ਲੈ ਕੇ ਘਰ ਮੁੜ ਕੇ ਹੀ ਸਾਹ ਲਿਆ। ਅਮਜਦ ਪ੍ਰੇਸ਼ਾਨ ਹੋ ਗਿਆ। ਉਸ ਨੇ ਸੋਚਿਆ ਸੀ ਕਿ ਪੁਰਾਣੀਆਂ ਕੁੜਿੱਤਣਾਂ ਭੁੱਲ ਕੇ ਨਵੀਂ ਜ਼ਿੰਦਗੀ ਸ਼ੁਰੂ ਕਰੇਗਾ, ਪਰ ਆਫੀਆ ਉਥੇ ਹੀ ਅਟਕੀ ਹੋਈ ਸੀ। ਫਿਰ ਕੁਝ ਦਿਨਾਂ ਪਿੱਛੋਂ ਅਮਜਦ ਨੇ ਉਸ ਨੂੰ ਕਿਹਾ ਕਿ ਬੱਚਿਆਂ ਨੂੰ ਹੁਣ ਸਕੂਲ ਭੇਜਣ ਦਾ ਵੇਲਾ ਹੈ। ਹੁਣ ਤੋਂ ਇਹ ਪ੍ਰੀ-ਸਕੂਲ ਵਰਗੀਆਂ ਕਲਾਸਾਂ ਵਿਚ ਜਾਣ ਲੱਗਣਗੇ, ਫਿਰ ਹੀ ਕਿਤੇ ਜਾ ਕੇ ਦੂਜੇ ਸਕੂਲ ਜਾਣ ਦੇ ਕਾਬਲ ਹੋਣਗੇ, ਪਰ ਆਫੀਆ ਨੇ ਜੁਆਬ ਦਿੱਤਾ ਕਿ ਅਜੇ ਉਹ ਉਨ੍ਹਾਂ ਨੂੰ ਸਕੂਲ ਨਹੀਂ ਭੇਜੇਗੀ। ਉਹ ਘਰੇ ਹੀ ਉਨ੍ਹਾਂ ਨੂੰ ਧਾਰਮਿਕ ਸਿੱਖਿਆ ਦੇਵੇਗੀ। ਅਮਜਦ ਮਨ ਮਸੋਸ ਕੇ ਰਹਿ ਗਿਆ। ਕੁਝ ਦਿਨਾਂ ਪਿੱਛੋਂ ਅਮਜਦ ਇੱਕ ਦਿਨ ਛੇਤੀ ਘਰ ਆਇਆ ਤਾਂ ਉਹ ਬੜਾ ਹੈਰਾਨ ਹੋਇਆ। ਆਫੀਆ ਟੀ.ਵੀ. 'ਤੇ ਉਹ ਕੁਝ ਵੇਖ ਰਹੀ ਸੀ ਜੋ ਜੰਗ ਦੇ ਮੈਦਾਨ ਵਿਚ ਹੋ ਰਿਹਾ ਸੀ। ਆਲੇ-ਦੁਆਲੇ ਮਾਰ-ਮਰਾਈ ਹੋ ਰਹੀ ਸੀ। ਨੇੜੇ ਹੀ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ। ਅਮਜਦ ਤੋਂ ਇਹ ਸਭ ਵੇਖ ਨਾ ਹੋਇਆ, ਪਰ ਜਦੋਂ ਉਸ ਨੇ ਵੇਖਿਆ ਕਿ ਆਫੀਆ ਨੇ ਬੱਚਿਆਂ ਨੂੰ ਵੀ ਆਪਣੇ ਕੋਲ ਹੀ ਬਿਠਾਇਆ ਹੋਇਆ ਹੈ ਤਾਂ ਉਸ ਦੇ ਸਬਰ ਦਾ ਪਿਆਲਾ ਛਲਕ ਪਿਆ। ਉਹ ਗੁੱਸੇ 'ਚ ਬੋਲਿਆ, "ਆਫੀਆ ਇਹ ਕੀ ਐ?"

"ਕਿਉਂ ਕੀ ਹੋਇਆ? ਜੋ ਸੱਚ ਐ, ਉਹ ਸੱਚ ਐ। ਫਿਰ ਉਸ ਨੂੰ ਵੇਖਣ ਵਿਚ ਕੀ ਹਰਜ ਐ।"

"ਗੱਲ ਇਹ ਨ੍ਹੀਂ ਐ। ਗੱਲ ਇਹ ਐ ਕਿ ਤੂੰ ਭੋਰਾ ਭਰ ਦੇ ਬੱਚਿਆਂ ਨੂੰ ਇੰਨੀਆਂ ਖਤਰਨਾਕ ਘਟਨਾਵਾਂ ਵਿਖਾ ਰਹੀ ਐਂ। ਇਨ੍ਹਾਂ ਦੇ ਮਨ 'ਤੇ ਕੀ ਅਸਰ ਪਊਗਾ।"

"ਮੈਂ ਤਾਂ ਚਾਹੁੰਨੀ ਆਂ ਕਿ ਇਨ੍ਹਾਂ ਦੇ ਮਨ 'ਤੇ ਅਸਰ ਪਵੇ; ਤਾਂ ਕਿ ਇਹ ਵੱਡੇ ਹੋ ਕੇ ਤੇਰੇ ਵਾਂਗੂੰ ਅਮਰੀਕਨ ਭਗਤ ਨਾ ਬਣਨ।"

"ਇਹ ਸਹੀ ਨ੍ਹੀਂ ਐ। ਨਾਲੇ ਮੈਂ ਅਮਰੀਕਨ ਭਗਤ ਬਣਨ ਵਾਲੀ ਕੀ ਗੱਲ ਕਰ ਦਿੱਤੀ?"

"ਤੈਨੂੰ ਆਪਣੇ ਨੌਕਰੀ ਕਰਨ ਅਤੇ ਪੈਸੇ ਬਣਾਉਣ ਤੱਕ ਮਤਲਬ ਐ। ਤੈਨੂੰ ਇਸ ਗੱਲ ਨਾਲ ਕੋਈ ਸਰੋਕਾਰ ਨ੍ਹੀਂ ਕਿ ਆਲੇ-ਦੁਆਲੇ ਮੁਸਲਮਾਨਾਂ ਨਾਲ ਕੀ ਹੋ ਰਿਹਾ ਐ।"

"ਹੁਣ ਮੁਸਲਮਾਨਾਂ ਨਾਲ ਕੀ ਵੱਖਰਾ ਹੋਣ ਲੱਗ ਪਿਆ, ਤੂੰ ਜੋ ਅੱਜ ਇੰਨੀ ਸੰਜੀਦਾ ਹੋਈ ਬੈਠੀ ਐਂ?"

"ਅਮਰੀਕਾ, ਇਰਾਕ 'ਤੇ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਐ।"

"ਇਹ ਤਾਂ ਇੱਕ ਦਿਨ ਹੋਣਾ ਈ ਸੀ।"

"ਕਿਉਂ? ਕਿਉਂ ਹੋਣਾ ਸੀ ਇਹ ਇੱਕ ਦਿਨ? ਸਿਰਫ ਇਸੇ ਕਰ ਕੇ ਕਿ ਅਮਰੀਕਾ ਦੁਨੀਆਂ 'ਚ ਸਭ ਤੋਂ ਵੱਧ ਤਾਕਤਵਰ ਐ?" ਆਫੀਆ ਦੀ ਤਿਉੜੀ ਚੜ੍ਹ ਗਈ।

"ਨ੍ਹੀਂ ਇਹ ਗੱਲ ਨ੍ਹੀਂ ਐ। ਤੂੰ ਯਾਦ ਕਰ, ਜਦੋਂ 1991 'ਚ ਪਹਿਲੀ ਇਰਾਕ ਜੰਗ 'ਡੈਜ਼ਰਟ ਸਟੌਰਮ' ਖਤਮ ਹੋਈ ਸੀ ਤਾਂ ਜੰਗਬੰਦੀ ਅਹਿਦਨਾਮੇ ਵਿਚ ਇਹ ਮੱਦ ਸ਼ਾਮਲ ਸੀ ਕਿ ਇਰਾਕ ਆਪਣੇ ਬਾਇਲੋਜੀਕਲ ਅਤੇ ਕੈਮੀਕਲ ਹਥਿਆਰ ਖਤਮ ਕਰੇਗਾ, ਪਰ ਉਹ ਉਸ ਨੇ ਖਤਮ ਨ੍ਹੀਂ ਕੀਤੇ ਅਤੇ ਨਾ ਹੀ ਕਰਨਾ ਚਾਹੁੰਦਾ ਐ।"

"ਜਦੋਂ ਇਰਾਕ ਨੇ ਕਹਿ ਦਿੱਤਾ ਐ ਕਿ ਉਸ ਕੋਲ ਇਸ ਕਿਸਮ ਦੇ ਹਥਿਆਰ ਹੈ ਹੀ ਨ੍ਹੀਂ ਤਾਂ ਗੱਲ ਖਤਮ ਹੋ ਜਾਣੀ ਚਾਹੀਦੀ ਐ।"

"ਉਹ ਝੂਠ ਬੋਲ ਰਿਹਾ ਐ। ਉਸ ਕੋਲ

ਇਹ ਸਾਰੇ ਹਥਿਆਰ ਹੈਗੇ ਨੇ।"

"ਤੇਰੇ ਕੋਲ ਕੀ ਸਬੂਤ ਐ?"

"ਇਹ ਤਾਂ ਤੈਨੂੰ ਵੀ ਪਤਾ ਈ ਐ ਕਿ ਇਰਾਨ-ਇਰਾਕ ਜੰਗ ਅੱਠ-ਦਸ ਸਾਲ ਚਲਦੀ ਰਹੀ, ਪਰ ਜਦੋਂ ਖਤਮ ਹੋਣ 'ਤੇ ਆਈ ਤਾਂ ਇੱਕ ਦਿਨ 'ਚ ਹੀ ਖਤਮ ਹੋ ਗਈ। ਅਜਿਹਾ ਪਤੈ ਕਿਉਂ ਹੋਇਆ ਸੀ?"

"ਕਿਉਂ?"

"ਕਿਉਂਕਿ ਇਰਾਕ ਨੇ ਲੜਾਈ ਦੇ ਮੈਦਾਨ 'ਚ ਕੈਮੀਕਲ ਹਥਿਆਰਾਂ ਦੀ ਵਰਤੋਂ ਕੀਤੀ ਸੀ। ਹਜ਼ਾਰਾਂ ਇਰਾਨੀ ਫੌਜੀ ਮੋਰਚਿਆਂ 'ਚ ਬੈਠੇ ਈ ਸਦਾ ਦੀ ਨੀਂਦ ਸੌਂ ਗਏ। ਇਸੇ ਕਰ ਕੇ ਮਜਬੂਰ ਹੋ ਕੇ ਇਰਾਨ ਨੂੰ ਲੜਾਈ ਬੰਦ ਕਰਨੀ ਪਈ ਸੀ। ਸਭ ਨੂੰ ਪਤਾ ਐ ਕਿ ਇਰਾਕ ਕੋਲ ਹੁਣ ਵੀ ਉਹ ਹਥਿਆਰ ਹੈਗੇ ਨੇ। ਉਨ੍ਹਾਂ ਦੀ ਵਰਤੋਂ ਕਰ ਕੇ ਉਹ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਸਕਦਾ ਐ। ਨਾਲੇ ਇਹ ਫੈਸਲਾ ਯੂ.ਐਨ.ਓ. ਦਾ ਐ, ਨਾ ਕਿ ਅਮਰੀਕਾ ਦਾ ਕਿ ਇਰਾਕ ਨੂੰ ਉਨ੍ਹਾਂ ਘਾਤਕ ਹਥਿਆਰਾਂ ਤੋਂ ਮੁਕਤ ਕੀਤਾ ਜਾਵੇ।"

"ਇਹ ਤਾਂ ਸਭ ਬਹਾਨੇ ਨੇ। ਅਸਲੀ ਮਸਲਾ ਤਾਂ ਹੋਰ ਐ।" ਆਫੀਆ ਉਸ ਦੀ ਕਿਸੇ ਗੱਲ ਨਾਲ ਸਹਿਮਤ ਨ੍ਹੀਂ ਹੋ ਰਹੀ ਸੀ।

"ਅਸਲੀ ਗੱਲ ਕੀ ਐ ਤੂੰ ਦੱਸ ਦੇ ਫਿਰ?"

"ਅਮਰੀਕਾ, ਇਜ਼ਰਾਇਲ ਨੂੰ ਮਹਾਂ ਇਜ਼ਰਾਇਲ ਬਣਾਉਣ ਲਈ, ਉਸ ਦੇ ਨੇੜਲੇ ਮੁਲਕਾਂ ਨੂੰ ਖਤਮ ਕਰ ਕੇ ਸਭ ਨੂੰ ਇਜ਼ਰਾਇਲ 'ਚ ਸ਼ਾਮਲ ਕਰ ਦੇਵੇਗਾ। ਸਾਰੇ ਅਰਬ ਮੁਲਕ ਖਤਮ ਹੋ ਜਾਣਗੇ। ਇਕੱਲਾ ਇਜ਼ਰਾਇਲ ਰਹਿ ਜਾਵੇਗਾ ਅਤੇ ਅਰਬ ਦੇ ਸਾਰੇ ਤੇਲ ਭੰਡਾਰਾਂ 'ਤੇ ਅਮਰੀਕਾ ਕਾਬਜ਼ ਹੋ ਜਾਵੇਗਾ।"

"ਇਹ ਮੁਮਕਿਨ ਨ੍ਹੀਂ ਐ। ਇਹ ਸਭ ਕੋਰੀਆਂ ਅਟਕਲਾਂ ਨੇ।"

"ਕਿਉਂ ਮੁਮਕਿਨ ਕਿਉਂ ਨ੍ਹੀਂ ਐ। ਪਹਿਲਾਂ ਵੀ ਇਹੀ ਕੁਛ ਤਾਂ ਹੋਇਆ ਸੀ।"

"ਪਹਿਲਾਂ ਕਦੋਂ?"

"ਜਦੋਂ ਇਹ ਸੋ ਕਾਲਡ ਇਜ਼ਰਾਇਲ ਬਣਿਆ ਸੀ। ਉਦੋਂ ਵੀ ਇਵੇਂ ਹੀ ਧੱਕਾ ਕੀਤਾ ਗਿਆ ਸੀ।"

"ਮੈਨੂੰ ਪਤਾ ਐ ਕਿ ਤੂੰ ਕੀ ਕਹਿਣਾ ਚਾਹੁੰਨੀ ਐਂ ਪਰ ਮੈਂ ਉਸ ਗੱਲ ਨੂੰ ਵੀ ਵੱਖਰੇ ਨਜ਼ਰੀਏ ਤੋਂ ਵੇਖਦਾ ਆਂ। ਉਦੋਂ ਇਜ਼ਰਾਇਲ ਨਾਂ ਦਾ ਕੋਈ ਮੁਲਕ ਨ੍ਹੀਂ ਸੀ। ਸਿਰਫ ਫਲਸਤੀਨ ਮੁਲਕ ਸੀ ਜੋ ਉਸ ਵੇਲੇ ਅੰਗਰੇਜ਼ਾਂ ਦਾ ਗੁਲਾਮ ਸੀ। ਫਲਸਤੀਨ ਦੇ ਯਹੂਦੀ ਵੱਧ ਅਧਿਕਾਰਾਂ ਵਾਲਾ ਸੂਬਾ ਮੰਗਦੇ ਸਨ, ਕਿਉਂਕਿ ਉਨ੍ਹਾਂ ਨੇ ਵੇਖ ਲਿਆ ਸੀ ਕਿ ਆਪਣੇ ਘਰ ਤੋਂ ਬਿਨਾਂ ਉਨ੍ਹਾਂ ਦੀ ਹੋਂਦ ਬਰਕਰਾਰ ਨ੍ਹੀਂ ਰਹਿ ਸਕਦੀ। ਦੂਜੀ ਵੱਡੀ ਜੰਗ ਵੇਲੇ ਹੀ ਹਿਟਲਰ ਨੇ ਅੱਧੋਂ ਵੱਧ ਯਹੂਦੀ ਵਸੋਂ ਮਾਰ ਮੁਕਾਈ ਸੀ। ਉਨ੍ਹਾਂ ਜੱਦੋਜਹਿਦ ਕਰ ਕੇ ਵੱਧ ਅਧਿਕਾਰਾਂ ਵਾਲਾ ਸੂਬਾ ਇਜ਼ਰਾਇਲ, ਫਲਸਤੀਨ ਦੇ ਅੰਦਰੇ ਹੀ ਲੈ ਲਿਆ। ਜਦੋਂ ਅੰਗਰੇਜ਼ ਚਲੇ ਗਏ ਤਾਂ ਸਾਰੇ ਅਰਬ ਮੁਲਕਾਂ ਨੇ ਰਲ ਕੇ, ਉਸ ਵੱਖਰੇ ਸੂਬੇ ਇਜ਼ਰਾਇਲ 'ਚੋਂ ਯਹੂਦੀਆਂ ਨੂੰ ਭਜਾਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ, ਪਰ ਯਹੂਦੀਆਂ ਨੂੰ ਇਸ ਗੱਲ ਦਾ ਪਹਿਲਾਂ ਹੀ ਅਹਿਸਾਸ ਸੀ ਕਿ ਅਜਿਹਾ ਹੋਵੇਗਾ। ਉਨ੍ਹਾਂ ਵੀ ਆਪਣੀ ਤਿਆਰੀ ਕੀਤੀ ਹੋਈ ਸੀ। ਜਦੋਂ ਹਾਲਾਤ ਜ਼ਿਆਦਾ ਖਰਾਬ ਹੋ ਗਏ ਤਾਂ ਅਰਬ ਮੁਲਕਾਂ ਨੇ ਇਕੱਠੇ ਹੋ ਕੇ ਯਹੂਦੀਆਂ ਦੇ ਖਿਲਾਫ ਮੋਰਚਾ ਖੋਲ੍ਹ ਦਿੱਤਾ। ਤੈਨੂੰ ਪਤਾ ਈ ਐ, ਇਹ 1948 ਦੀ ਇਜ਼ਰਾਇਲ ਅਰਬਾਂ ਦੀ ਪਹਿਲੀ ਲੜਾਈ ਦੀ ਗੱਲ ਐ। ਉਸ ਲੜਾਈ 'ਚ ਅਰਬ ਮੁਲਕ ਹਾਰ ਗਏ। ਫਿਰ ਇਜ਼ਰਾਇਲ ਨੇ ਆਪਣੇ ਆਪ ਨੂੰ ਤਕੜਾ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਉਸ ਨੂੰ ਪਤਾ ਸੀ ਕਿ ਜੋ ਕੁਝ ਹੁਣ ਹੋਇਆ ਹੈ, ਇਹ ਅੱਗੇ ਵੀ ਵਾਪਰੇਗਾ।...ਤੇ ਇਸ ਤਰ੍ਹਾਂ ਹੋਇਆ ਵੀ। ਅੱਗੇ ਚੱਲ ਕੇ 1973 'ਚ ਫਿਰ ਇਜ਼ਰਾਇਲ ਅਤੇ ਅਰਬ ਮੁਲਕਾਂ ਦੀ ਜੰਗ ਹੋਈ। ਇਸ ਵਾਰ ਵੀ ਇਜ਼ਰਾਇਲ ਜਿੱਤ ਗਿਆ। ਅਸਲੀ ਗੱਲ ਇਹ ਐ ਕਿ ਜੇ ਇਜ਼ਰਾਈਲ ਕਮਜ਼ੋਰ ਹੋਵੇ ਤਾਂ ਅਰਬ ਮੁਲਕ ਉਸ ਨੂੰ ਇਕ ਦਿਨ ਵਿਚ ਖਤਮ ਕਰ ਦੇਣ। ਸੋ, ਆਪਣੇ ਆਪ ਨੂੰ ਬਚਾਉਣ ਦਾ ਤਾਂ ਹਰ ਇੱਕ ਦਾ ਪਹਿਲਾ ਹੱਕ ਐ।"

"ਅਮਜਦ ਇਹ ਤੂੰ ਨ੍ਹੀਂ ਬੋਲਦਾ, ਤੇਰੇ ਅੰਦਰਲਾ ਅਮਰੀਕਨ ਅਮਜਦ ਬੋਲਦਾ ਐ।" ਆਫੀਆ ਨੇ ਤਨਜ਼ ਕੱਸੀ।

"ਜਦੋਂ ਕੋਈ ਹੋਰ ਜੁਆਬ ਨ੍ਹੀਂ ਅਹੁੜਦਾ ਤਾਂ ਤੂੰ ਮੈਨੂੰ ਇਹ ਮਿਹਣਾ ਮਾਰ ਦਿੰਨੀ ਐਂ।"

ਗੱਲਾਂ ਕਰਦੀ ਆਫੀਆ ਨੇ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਕਿ ਉਸ ਦੇ ਪੇਟ ਵਿਚ ਪੀੜ ਹੋਈ ਹੋਵੇ ਤੇ ਉਹ ਭੁੰਜੇ ਹੀ ਬੈਠ ਗਈ। ਅਮਜਦ ਨੇ ਛੇਤੀ ਦੇਣੇ ਐਂਬੂਲੈਂਸ ਕਾਲ ਕੀਤੀ ਤੇ ਉਸ ਨੂੰ ਹਸਪਤਾਲ ਲੈ ਗਿਆ ਪਰ ਹਸਪਤਾਲ ਵਾਲਿਆਂ ਨੇ ਕਿਸੇ ਬਿਮਾਰੀ ਦੀ ਬਜਾਇ ਉਨ੍ਹਾਂ ਨੂੰ ਖੁਸ਼ੀ ਦੀ ਖ਼ਬਰ ਦਿੱਤੀ। ਆਫੀਆ ਤੀਜੇ ਬੱਚੇ ਦੀ ਮਾਂ ਬਣਨ ਵਾਲੀ ਸੀ। ਉਹ ਖੁਸ਼ੀ-ਖੁਸ਼ੀ ਘਰ ਮੁੜ ਆਏ। ਘਰੇ ਆ ਕੇ ਆਫੀਆ ਸੋਫੇ 'ਤੇ ਟੇਢੀ ਜਿਹੀ ਹੋ ਕੇ ਪੈ ਗਈ। ਅਮਜਦ ਕੁਰਸੀ ਖਿੱਚ ਕੇ ਉਸ ਦੇ ਕੋਲ ਬੈਠ ਗਿਆ। ਆਫੀਆ ਉਸ ਦੇ ਮੂੰਹ ਵੱਲ ਨੀਝ ਲਾ ਕੇ ਵੇਖਦੀ ਰਹੀ। ਫਿਰ ਅੱਖਾਂ ਭਰਦਿਆਂ ਬੋਲੀ, "ਅਮਜਦ ਮੇਰਾ ਇੱਥੇ ਦਿਲ ਨ੍ਹੀਂ ਲੱਗਦਾ।"

"ਕਿਉਂ ਅਜਿਹੀ ਕੀ ਗੱਲ ਐ?"

"ਬੱਸ ਪਤਾ ਨ੍ਹੀਂ ਕੀ ਗੱਲ ਐ। ਮੈਂ ਚਾਹੁੰਨੀ ਆਂ ਕਿ ਆਪਾਂ ਪਾਕਿਸਤਾਨ ਵਾਪਸ ਚੱਲੀਏ।"

ਅਮਜਦ ਕੁਝ ਨਾ ਬੋਲਿਆ। ਉਹ ਚੁੱਪ-ਚਾਪ ਉਸ ਦੇ ਮੂੰਹ ਵੱਲ ਵੇਖਦਾ ਰਿਹਾ ਤਾਂ ਆਫੀਆ ਫਿਰ ਬੋਲੀ, "ਤੂੰ ਕੋਈ ਜੁਆਬ ਕਿਉਂ ਨ੍ਹੀਂ ਦਿੰਦਾ?"

"ਆਫੀਆ ਉਥੇ ਜਾ ਕੇ ਤੂੰ ਪਹਿਲਾਂ ਵਾਂਗ ਫਿਰ ਮੇਰੇ 'ਤੇ ਜ਼ੋਰ ਪਾਉਣਾ ਸ਼ੁਰੂ ਕਰ ਦੇਵੇਂਗੀ ਕਿ ਜਹਾਦ 'ਚ ਸ਼ਾਮਲ ਹੋਈਏ।"

"ਅਮਜਦ ਮੈਂ ਤਾਂ ਵਿਚ-ਵਿਚਾਲੇ ਫਸ ਗਈ ਆਂ।" ਕਾਫੀ ਦੇਰ ਚੁੱਪ ਰਹਿਣ ਪਿੱਛੋਂ ਕੰਧ ਵੱਲ ਝਾਕਦਿਆਂ ਆਫੀਆ ਬੋਲੀ।

"ਉਹ ਕਿਵੇਂ?"

"ਇੱਕ ਪਾਸੇ ਤੂੰ ਐਂ ਤੇ ਦੂਜੇ ਪਾਸੇ ਜਹਾਦ।"

"ਆਫੀਆ, ਇੱਕ ਗੱਲ ਪੁੱਛਾਂ? ਸੱਚ ਦੱਸੀਂ।"

"ਹਾਂ ਪੁੱਛ।" ਆਫੀਆ ਨੇ ਮੂੰਹ ਉਸ ਵੱਲ ਕਰ ਲਿਆ।

"ਜੇ ਤੈਨੂੰ ਭਲਾ ਕਦੇ ਚੋਣ ਕਰਨੀ ਪੈ ਗਈ ਤਾਂ ਤੂੰ ਕਿਸ ਨੂੰ ਚੁਣੇਗੀ? ਮੈਨੂੰ ਜਾਂ ਜਹਾਦ ਨੂੰ?"

"ਅਮਜਦ, ਜੇ ਅਜਿਹੀ ਚੋਣ ਕਰਨ ਦਾ ਸਮਾਂ ਕਦੇ ਆਉਂਦਾ ਐ ਤਾਂ ਇਹ ਮੇਰੇ ਲਈ ਬੜਾ ਦੁਖਦਾਈ ਵਕਤ ਹੋਵੇਗਾ, ਪਰ ਸੱਚੀ ਗੱਲ ਪਹਿਲਾਂ ਈ ਦੱਸ ਦਿੰਨੀ ਆਂ ਕਿ ਆਖਰ ਮੈਂ ਚੁਣਾਂਗੀ ਤਾਂ ਜਹਾਦ ਨੂੰ ਈ।" ਇੰਨਾ ਕਹਿੰਦਿਆਂ ਆਫੀਆ ਨੇ ਅੱਖਾਂ ਮੀਚ ਲਈਆਂ ਤੇ ਸਿੱਧੀ ਹੋ ਕੇ ਸੋਫੇ 'ਤੇ ਪੈ ਗਈ। ਅਮਜਦ ਉਦਾਸ ਜਿਹਾ ਉਠ ਕੇ ਬਾਹਰ ਚਲਾ ਗਿਆ।

ਅਗਲੇ ਦਿਨ ਸਵੇਰ ਵੇਲੇ ਕਿਸੇ ਫੋਨ ਦੀ ਘੰਟੀ ਨੇ ਆਫੀਆ ਨੂੰ ਨੀਂਦ 'ਚੋਂ ਜਗਾਇਆ। ਫੋਨ ਸੁਹੇਲ ਦਾ ਸੀ। ਉਹ ਦੱਸਣ ਲੱਗਾ ਕਿ ਐਫ.ਬੀ.ਆਈ. ਨੇ ਕੇਅਰ ਬਰਦਰਜ਼ ਅਤੇ



***ਪੱਤਰਕਾਰ ਡੇਨੀਅਲ ਪਰਲ ਜਿਸ ਦਾ ਸਿਰ ਕਲਮ ਕਰ ਦਿੱਤਾ ਗਿਆ ਸੀ।***

ਬੋਨੇਵੋਲੈਂਸ ਇੰਟਰਨੈਸ਼ਨਲ ਦੇ ਕਈ ਹੋਰ ਮੈਂਬਰਾਂ ਨੂੰ ਪੁੱਛ-ਗਿੱਛ ਲਈ ਫੜਿਆ ਸੀ, ਪਰ ਲੰਬੀ ਪੁੱਛ-ਗਿੱਛ ਪਿੱਛੋਂ ਸਭ ਨੂੰ ਛੱਡ ਦਿੱਤਾ। ਸੁਹੇਲ ਨੇ ਆਫੀਆ ਨੂੰ ਸਾਵਧਾਨ ਕੀਤਾ ਕਿ ਉਹ ਆਪਣੀ ਅਸਲੀ ਈ-ਮੇਲ 'ਤੇ ਕੁਝ ਵੀ ਸ਼ੱਕੀ ਨਾ ਲਿਖੇ। ਨਾਲ ਹੀ ਫੋਨ ਵਰਤਣ ਲੱਗੀ ਇਹਤਿਆਤ ਰੱਖੇ। ਕੋਸ਼ਿਸ਼ ਕਰੇ ਕਿ ਜ਼ਿਆਦਾ ਗੱਲ ਉਹ ਉਸ ਨੂੰ ਦਿੱਤੇ ਗਏ ਲੁਕਵੇਂ ਫੋਨ ਤੋਂ ਕਰੇ। ਸੁਹੇਲ ਨੂੰ ਲੱਗਿਆ ਕਿ ਆਫੀਆ ਨੀਂਦ 'ਚ ਹੋਣ ਕਾਰਨ ਸ਼ਾਇਦ ਗੱਲ ਨ੍ਹੀਂ ਕਰਨਾ ਚਾਹੁੰਦੀ। ਉਸ ਨੂੰ ਸੌਣ ਦਾ ਕਹਿ ਕੇ ਉਸ ਨੇ ਫੋਨ ਕੱਟ ਦਿੱਤਾ। ਆਫੀਆ ਨੂੰ ਮੁੜ ਨੀਂਦ ਆਉਣ ਲੱਗੀ ਹੀ ਸੀ ਕਿ ਫੋਨ ਫਿਰ ਤੋਂ ਖੜਕ ਪਿਆ। ਉਸ ਨੇ ਸਕਰੀਨ 'ਤੇ ਨਜ਼ਰ ਮਾਰੀ। ਸੁਹੇਲ ਹੀ ਦੁਬਾਰਾ ਫੋਨ ਕਰ ਰਿਹਾ ਸੀ। ਸੁਹੇਲ ਬੜੇ ਉਤਸ਼ਾਹ 'ਚ ਬੋਲਿਆ।

"ਮੈਂ ਜੋ ਕੁਝ ਤੈਨੂੰ ਦੱਸਣ ਜਾ ਰਿਹਾਂ, ਇਸ ਨੇ ਤੇਰੀ ਨੀਂਦ ਅਤੇ ਸੁਸਤੀ ਸਭ ਉਡਾ ਦੇਣੀ ਐ।"

"ਅੱਛਾ!"

"ਮੈਨੂੰ ਹੁਣੇ-ਹੁਣੇ ਅਦਨਾਨ ਸ਼ੁਕਰੀਜੁਮਾ ਦਾ ਮੈਸਿਜ ਮਿਲਿਐ।"

"ਮੇਰੇ ਨਾਲ ਵੀ ਉਸ ਦੀ ਰਾਤ ਈ ਗੱਲ ਹੋਈ ਸੀ, ਪਰ ਹੁਣ ਉਹ ਕੀ ਕਹਿ ਰਿਹੈ?"

"ਆਫੀਆ ਤੈਨੂੰ ਯਾਦ ਐ ਨਾ ਕਿ ਪਿੱਛੇ ਜਿਹੇ ਇੱਕ ਯਹੂਦੀ ਪੱਤਰਕਾਰ ਨੇ ਪਾਕਿਸਤਾਨ ਜਾ ਕੇ ਜੈਸ਼-ਏ-ਮੁਹੰਮਦ ਦੇ ਲੀਡਰ ਦੀ ਇੰਟਰਵਿਊ ਕੀਤੀ ਸੀ ਤੇ ਪਿੱਛੋਂ ਉਸ ਨੇ ਜੈਸ਼-ਏ-ਮੁਹੰਮਦ ਬਾਰੇ ਕਾਫੀ ਕੁਝ ਅਜਿਹਾ ਵੀ ਲਿਖਿਆ ਸੀ ਜੋ ਸਾਡੇ ਉਸ ਲੀਡਰ ਨੂੰ ਪਸੰਦ ਨ੍ਹੀਂ ਆਇਆ ਸੀ।"

"ਮੈਨੂੰ ਪਤਾ ਐ। ਤੂੰ ਡੇਨੀਅਲ ਪਰਲ ਦੀ ਗੱਲ ਕਰ ਰਿਹੈਂ।"

"ਹਾਂ ਹਾਂ ਉਸੇ ਦੀ। ਉਸ ਨੂੰ ਉਸ ਦੀ ਆਖਰੀ ਮੰਜ਼ਲ 'ਤੇ ਪਹੁੰਚਾ ਦਿੱਤਾ ਗਿਆ ਐ।"

"ਕੀ ਮਤਲਬ?" ਆਫੀਆ ਛਾਲ ਮਾਰ ਕੇ ਖੜ੍ਹੀ ਹੋ ਗਈ।

"ਤੂੰ ਆਹ ਇੱਕ ਅਡਰੈਸ ਲਿਖ ਤੇ ਫਿਰ ਇੰਟਰਨੈਟ 'ਤੇ ਜਾ ਕੇ ਇਸ ਵੈਬਸਾਈਟ 'ਤੇ ਆਪ ਵੇਖ।" ਅਡਰੈਸ ਲਿਖਾ ਕੇ ਸੁਹੇਲ ਨੇ ਫੋਨ ਕੱਟ ਦਿੱਤਾ। ਆਫੀਆ ਨੇ ਕੰਪਿਊਟਰ 'ਤੇ ਸੁਹੇਲ ਦੀ ਦੱਸੀ ਵੈਬਸਾਈਟ ਖੋਲ੍ਹੀ ਤੇ ਵੀਡੀਓ ਚਲਾ ਦਿੱਤੀ। ਉਹ ਬੜੇ ਧਿਆਨ ਨਾਲ ਵੇਖਣ ਲੱਗੀ। ਦੋ ਢਕੇ ਚਿਹਰਿਆਂ ਵਾਲੇ ਡੇਨੀਅਲ ਪਰਲ ਨੂੰ ਖੁੱਲ੍ਹੇ ਵਿਹੜੇ ਵਿਚ ਲੈ ਕੇ ਆਉਂਦੇ ਹਨ। ਫਿਰ ਉਸ ਦੀਆਂ ਬਾਹਾਂ ਪਿੱਛੇ ਬੰਨ੍ਹ ਦਿੱਤੀਆਂ ਜਾਂਦੀਆਂ ਹਨ। ਢਕੇ ਚਿਹਰੇ ਵਾਲਾ ਇੱਕ ਜਣਾ ਅੱਗੇ ਵਧਦਾ ਹੈ ਤੇ ਡੇਨੀਅਲ ਪਰਲ ਦੀ ਜੀਭ ਵੱਢ ਦਿੰਦਾ ਹੈ। ਫਿਰ ਖੱਬੇ ਹੱਥ ਨਾਲ ਉਹ ਉਸ ਦੇ ਵਾਲ ਫੜ ਕੇ ਸਿਰ ਨੂੰ ਪਿੱਛੇ ਨੂੰ ਉਲਾਰਦਾ ਹੈ ਤੇ ਸੱਜੇ ਹੱਥ ਨਾਲ ਹੌਲੀ-ਹੌਲੀ ਕਰ ਕੇ ਉਸ ਦੀ ਸ਼ਾਹ ਰਗ ਇਸ ਤਰ੍ਹਾਂ ਵੱਢਦਾ ਹੈ ਜਿਵੇਂ ਬੱਕਰੇ ਨੂੰ ਹਲਾਲ ਕੀਤਾ ਜਾਂਦਾ ਹੈ। ਸਾਰਾ ਕੁਝ ਦੋ ਕੁ ਮਿੰਟ ਦੀ ਵੀਡੀਓ ਵਿਚ ਹੀ ਵਾਪਰ ਜਾਂਦਾ ਹੈ। ਆਫੀਆ ਇਹ ਦੋ ਮਿੰਟ ਅੱਖਾਂ ਨਹੀਂ ਝਮਕਦੀ। ਪਹਿਲਾਂ ਉਸ ਦਾ ਚਿੱਤ ਖਰਾਬ ਹੋਣ ਲੱਗਦਾ ਹੈ। ਫਿਰ ਉਸ ਨੂੰ ਅਫਗਾਨਿਸਤਾਨ 'ਚ ਅਮਰੀਕਾ ਵੱਲੋਂ ਮਾਰੇ ਜਾ ਰਹੇ ਜਹਾਦੀ ਯਾਦ ਆਉਂਦੇ ਹਨ ਤਾਂ ਉਸ ਦਾ ਮਨ ਬਦਲਣ ਲੱਗਦਾ ਹੈ। ਉਸ ਨੂੰ ਡੇਨੀਅਲ ਪਰਲ ਦੀ ਹੱਤਿਆ ਕਰਨ ਵਾਲੇ ਜਹਾਦੀਆਂ 'ਤੇ ਮਾਣ ਮਹਿਸੂਸ ਹੁੰਦਾ ਹੈ।

ਅਗਲੇ ਦਿਨ ਇਹ ਘਟਨਾ ਅਖ਼ਬਾਰਾਂ ਦੀ ਮੁੱਖ ਸੁਰਖੀ ਬਣ ਗਈ। ਅਸਲ 'ਚ ਡੇਨੀਅਲ ਪਰਲ ਕਈ ਦਿਨਾਂ ਦਾ ਫੜਿਆ ਹੋਇਆ ਸੀ। ਉਸ ਦੀ ਗਰਭਵਤੀ ਪਤਨੀ ਨੇ ਟੀ.ਵੀ.'ਤੇ ਜਹਾਦੀਆਂ ਨੂੰ ਬੇਨਤੀ ਵੀ ਕੀਤੀ ਸੀ ਕਿ ਉਸ ਦੇ ਘਰਵਾਲੇ ਦੀ ਜਾਨ ਬਖਸ਼ ਦਿੱਤੀ ਜਾਵੇ, ਹੋਰ ਕਿਸੇ ਲਈ ਨਹੀਂ ਤਾਂ ਇਸ ਨੰਨ੍ਹੀ ਜਾਨ ਲਈ ਹੀ ਸਹੀ, ਜੋ ਕੁਝ ਮਹੀਨਿਆਂ ਬਾਅਦ ਜਨਮ ਲੈਣ ਵਾਲੀ ਹੈ। ਕਮ ਸੇ ਕਮ ਇਸ ਨੂੰ ਪਿਉ ਤੋਂ ਵਾਂਝਾ ਨਾ ਕੀਤਾ ਜਾਵੇ, ਪਰ ਉਸ ਦੀਆਂ ਮਿੰਨਤਾਂ ਦਾ ਕੋਈ ਅਸਰ ਨਾ ਹੋਇਆ। ਅਤਿਵਾਦੀਆਂ ਨੇ ਪਰਲ ਦੀ ਸਿਰਫ ਹੱਤਿਆ ਹੀ ਨਾ ਕੀਤੀ, ਸਗੋਂ ਉਸ ਨੂੰ ਮਾਰਨ ਵੇਲੇ ਉਸ ਦੀ ਵੀਡੀਓ ਇਸ ਕਰ ਕੇ ਬਣਾਈ ਗਈ ਤਾਂ ਕਿ ਹੋਰ ਪੱਤਰਕਾਰਾਂ ਨੂੰ ਡਰਾਇਆ ਜਾ ਸਕੇ।

ਅਮਰੀਕਾ ਲੜਾਈ ਦਾ ਮੂੰਹ ਭਾਵੇਂ ਇਰਾਕ ਵੱਲ ਮੋੜ ਰਿਹਾ ਸੀ ਪਰ ਉਸ ਨੇ ਅਲ-ਕਾਇਦਾ ਮੈਂਬਰਾਂ ਦਾ ਪਿੱਛਾ ਕਰਨਾ ਹੋਰ ਤੇਜ਼ ਕਰ ਦਿੱਤਾ ਸੀ। ਆਖਰ ਮਾਰਚ 2002 'ਚ ਅਮਰੀਕਾ ਨੂੰ ਉਸ ਵੇਲੇ ਵੱਡੀ ਕਾਮਯਾਬੀ ਮਿਲੀ ਜਦੋਂ ਚੋਟੀ ਦਾ ਅਲ-ਕਾਇਦਾ ਮੈਂਬਰ ਅਬੂ ਜ਼ੁਬੈਦ ਫੜ ਲਿਆ। ਪਹਿਲੀ ਵਾਰ ਅਬੂ ਜ਼ੁਬੈਦ ਨੇ ਅਜਿਹੀ ਜਾਣਕਾਰੀ ਦਿੱਤੀ ਕਿ ਅਮਰੀਕੀ ਸਰਕਾਰ ਦੇ ਹੋਸ਼ ਉਡ ਗਏ। ਉਸ ਮੁਤਾਬਕ 9/11 ਦੀ ਸਾਰੀ ਕਾਰਵਾਈ ਸਿਰੇ ਚੜ੍ਹਾਉਣ ਦੀ ਜ਼ਿੰਮੇਵਾਰੀ ਖਾਲਿਦ ਸ਼ੇਖ ਮੁਹੰਮਦ (ਕੇ.ਐਸ.ਐਮ.) ਦੀ ਸੀ। ਤੇ 1993 ਵਿਚ ਨਾਰਥ ਟਾਵਰ ਦੇ ਪਾਰਕਿੰਗ ਲਾਟ ਵਿਚ ਬੰਬ ਧਮਾਕਾ ਕਰ ਕੇ ਛੇ ਜਣਿਆਂ ਦੀ ਮੌਤ ਅਤੇ ਸੈਂਕੜਿਆਂ ਨੂੰ ਜ਼ਖ਼ਮੀ ਕਰਨ ਵਾਲਾ ਰਮਜ਼ੀ ਯੂਸਫ ਇਸੇ ਕੇ.ਐਸ.ਐਮ. ਦਾ ਭਤੀਜਾ ਹੈ। ਅਮਰੀਕੀ ਏਜੰਸੀਆਂ ਜਿਹੜੀਆਂ ਹੁਣ ਤੱਕ 9/11 ਬਾਰੇ ਹਨ੍ਹੇਰੇ 'ਚ ਹੀ ਤੀਰ ਮਾਰ ਰਹੀਆਂ ਸਨ, ਹੁਣ ਸਾਰੀ ਕਹਾਣੀ ਸਮਝ ਗਈਆਂ। ਉਹ ਜਾਣ ਗਈਆਂ ਕਿ ਕਿਵੇਂ ਕੇ.ਐਸ.ਐਮ. ਨੇ ਉਸਾਮਾ ਬਿਨ-ਲਾਦਿਨ ਨਾਲ ਮਿਲ ਕੇ 9/11 ਵਾਲਾ ਕਾਰਾ ਕਰਨ ਦਾ ਮਤਾ ਪਕਾਇਆ। ਫਿਰ ਇਸ ਨੂੰ ਸਿਰੇ ਚੜ੍ਹਾਉਣ ਦੀ ਸਾਰੀ ਜ਼ਿੰਮੇਵਾਰੀ ਵੀ ਕੇ.ਐਸ.ਐਮ. ਨੇ ਹੀ ਪੂਰੀ ਕੀਤੀ। ਉਸੇ ਨੇ ਸਾਰੇ ਅਤਿਵਾਦੀਆਂ ਨੂੰ ਅਮਰੀਕਾ ਪਹੁੰਚਾਉਣ 'ਚ ਮੱਦਦ ਕੀਤੀ ਤੇ ਉਨ੍ਹਾਂ ਨੂੰ ਟਰੇਨਿੰਗ ਦਿੱਤੀ। ਅਬੂ ਜ਼ੁਬੈਦ ਬਹੁਤ ਥੋੜ੍ਹੇ ਟਾਰਚਰ ਨਾਲ ਹੀ ਬਹੁਤ ਕੁਝ ਮੰਨ ਗਿਆ। ਉਸ ਨੇ ਕੇ.ਐਸ.ਐਮ. ਦੀਆਂ ਅਗਾਂਹ ਦੀਆਂ ਸਕੀਮਾਂ ਵੀ ਦੱਸ ਦਿੱਤੀਆਂ। ਅਬੂ ਨੇ ਦੱਸਿਆ, "ਕੇ.ਐਸ.ਐਮ. ਆਪਣੀ ਇਸ 9/11 ਦੀ ਪ੍ਰਾਪਤੀ ਤੋਂ ਬਹੁਤ ਉਤਸ਼ਾਹਤ ਐ। ਉਹ ਇਸ ਲੜਾਈ ਨੂੰ ਜ਼ੋਰ ਸ਼ੋਰ ਨਾਲ ਅੱਗੇ ਵਧਾਉਂਦਾ ਹੋਇਆ ਦੂਜੇ ਵੱਡੇ ਹਮਲੇ ਦੀ ਤਿਆਰੀ ਕਰ ਰਿਹਾ ਐ। ਉਸ ਦੀ ਅਗਾਂਹ ਦੀ ਪਹਿਲੀ ਸਕੀਮ ਇਹ ਹੈ ਕਿ ਅਮਰੀਕਾ ਵਿਚ ਰੇਡੀਉ ਐਕਟਿਵ ਬੰਬਾਂ ਨਾਲ ਹਮਲਾ ਕੀਤਾ ਜਾਵੇ। ਅਮਰੀਕਾ ਦੀਆਂ ਨੈਚੁਰਲ ਗੈਸ ਲਾਈਨਾਂ ਨੂੰ ਅੱਗ ਲਗਾ ਦਿੱਤੀ ਜਾਵੇ ਜਿਸ ਨਾਲ ਇੱਕ ਵਾਰ ਵਿਚ ਹੀ ਲੱਖਾਂ ਲੋਕ ਮਰ ਜਾਣਗੇ। ਜਾਂ ਫਿਰ ਉਹ ਚਾਹੁੰਦਾ ਐ ਕਿ ਅਮਰੀਕਨ ਪਾਣੀ ਦੇ ਸਿਸਟਮ ਵਿਚ ਜ਼ਹਿਰ ਮਿਲਾ ਦਿੱਤਾ ਜਾਵੇ। ਇਸ ਨਾਲ ਵੀ ਬਹੁਤ ਲੋਕ ਮਰਨਗੇ। ਅਮਰੀਕਨ ਐਟਮੀ ਊਰਜਾ ਪਲਾਂਟ ਵੀ ਉਸ ਦੇ ਨਿਸ਼ਾਨੇ 'ਤੇ ਹਨ।"

ਅਬੂ ਜ਼ੁਬੈਦ ਨੇ ਹੋਰ ਦੱਸਿਆ ਕਿ ਇਸ ਦੂਜੇ ਵੱਡੇ ਹਮਲੇ ਲਈ ਕੇ.ਐਸ.ਐਮ. ਨੇ ਵੱਖਰਾ ਤਰੀਕਾ ਅਖਤਿਆਰ ਕੀਤਾ ਹੈ। ਇਸ ਦੇ ਲਈ ਉਹ ਪਹਿਲਾਂ ਤੋਂ ਹੀ ਅਮਰੀਕਾ ਰਹਿ ਰਹੇ ਲੋਕਾਂ 'ਚੋਂ ਜਹਾਦੀਆਂ ਦੀ ਭਰਤੀ ਕਰ ਰਿਹਾ ਹੈ। ਇਸ ਕੰਮ ਲਈ ਉਸ ਨੇ ਹੋਜ਼ੇ ਪਦੀਲਾ ਵਰਗੇ ਕਈ ਬੰਦੇ ਚੁਣ ਵੀ ਲਏ ਹਨ। ਅਬੂ ਜ਼ੁਬੈਦ ਨੇ ਇਹ ਵੀ ਦੱਸਿਆ ਕਿ ਅਗਲੀਆਂ ਸਾਰੀਆਂ ਸਕੀਮਾਂ ਨੂੰ ਸਿਰੇ ਚੜ੍ਹਾਉਣ ਲਈ ਕੇ.ਐਸ.ਐਮ. ਨੇ ਅਦਨਾਨ ਸ਼ੁਕਰੀਜੁਮਾ ਦੀ ਜ਼ਿੰਮੇਵਾਰੀ ਲਾਈ ਹੈ। ਉਹੀ ਅਮਰੀਕਾ ਰਹਿੰਦਾ ਹੋਇਆ ਅੱਗੇ ਦੇ ਅਪਰੇਸ਼ਨ ਅੰਜ਼ਾਮ ਦੇਵੇਗਾ। ਅਬੂ ਜ਼ੁਬੈਦ ਤੋਂ ਜਿਨ੍ਹਾਂ ਬਾਰੇ ਵੀ ਜਾਣਕਾਰੀ ਮਿਲੀ ਐਫ.ਬੀ.ਆਈ. ਉਨ੍ਹਾਂ ਸਾਰਿਆਂ ਦੇ ਮਗਰ ਲੱਗ ਗਈ।

***(ਚੱਲਦਾ)***

## ਕਾਵਿ-ਜਗਤ

### ਮੇਰਾ ਘਰ

ਜਿਸ ਵਿਹੜੇ ਸੂਰਜ-ਮੁਖੀਆ
ਸੂਰਜ ਉਗਣ 'ਤੇ ਮੁਸਕਰਾਵੇ।
ਜਿਸ ਵਿਹੜੇ ਫੁੱਲਾਂ ਦੇ ਬੂਟੇ
ਬਸ ਫੁੱਲਾਂ ਦੀ ਮਹਿਕ ਹੀ ਆਵੇ।
ਜਿਸ ਵਿਹੜੇ ਵਿਚ ਰੁੱਤਾਂ ਖੇਡਣ
ਗਰਮੀ ਸਰਦੀ ਰਾਸ ਰਚਾਵੇ।
ਜਿਸ ਵਿਹੜੇ ਦਰਵਾਜ਼ਾ ਖੜਕੇ
ਆਪਣਾ ਕੋਈ ਖਬਰ ਲਿਆਵੇ।
ਸਮਝ ਲਈਂ ਇਹ ਕੋਈ ਘਰ ਹੈ।
ਇਹ ਤਾਂ ਬਸ ਮੇਰਾ ਹੀ ਘਰ ਹੈ।

ਜਿਸ ਘਰ ਵਿਚ ਥੋੜ੍ਹੀਆਂ ਲੋੜਾਂ
ਹਰ ਕੋਈ ਨਿਕੜੇ ਖਾਬ ਹੰਢਾਵੇ।
ਜਿਸ ਘਰ ਵਿਚ ਛੋਟੀਆਂ ਖਾਹਿਸ਼ਾਂ
ਚੰਨ ਨੂੰ ਫੜਨਾ ਕੋਈ ਨਾ ਚਾਹਵੇ।
ਜਿਸ ਘਰ ਦੇ ਕਿਸੇ ਕੋਨੇ ਦੇ ਵਿਚ
ਆਲ੍ਹਣਾ ਕੋਈ ਉਮੀਦ ਬਣਾਵੇ।
ਵਿੱਤੋਂ ਬਾਹਰਾ ਕੋਈ ਕਦਮ ਨਾ ਪੁੱਟੇ
ਜ਼ਿੰਦਗੀ ਦੇ ਨਾਲ ਚਲਦਾ ਜਾਵੇ।
ਸਮਝ ਲਈਂ ਇਹ ਕੋਈ ਘਰ ਹੈ।
ਇਹ ਤਾਂ ਬਸ ਮੇਰਾ ਹੀ ਘਰ ਹੈ।

ਇਹ ਘਰ ਆਪਣੀਆਂ ਕੰਧਾਂ ਅੰਦਰ
ਹੌਲੀ ਹੌਲੀ ਜੀਉਂਦਾ ਜਾਵੇ।
ਹਰ ਖਿੜਕੀ ਹਰ ਬੂਹਾ ਇਸ ਦਾ
ਸਮਿਆਂ ਦੇ ਨਾਲ ਫਰਜ਼ ਨਿਭਾਵੇ।
ਨਿੱਘ ਵੀ ਦੇਵੇ, ਠੰਡ ਵੀ ਦੇਵੇ
ਸੁੱਖ ਬੁੱਕਲ ਦਾ ਵੰਡਦਾ ਜਾਵੇ।
ਇੱਟਾਂ ਦੀ ਗਲਵਕੜੀ ਦੇ ਵਿਚ
ਜ਼ਿੰਦਗੀ ਕਈ ਕਈ ਰੰਗ ਦਿਖਾਵੇ।
ਸਮਝ ਲਈਂ ਇਹ ਕੋਈ ਘਰ ਹੈ।
ਇਹ ਤਾਂ ਬਸ ਮੇਰਾ ਹੀ ਘਰ ਹੈ।

ਜ਼ਿੰਦਗੀ ਦੇ ਇਹ ਰਿਸ਼ਤੇ ਸਮਝੇ
ਸਮਿਆਂ ਦੇ ਨਾਲ ਸਾਂਝ ਨਿਭਾਵੇ।
ਢਲਦੇ ਹੋਏ ਪਰਛਾਵੇਂ ਦੇ ਨਾਲ
ਚਿਹਰਾ ਵੀ ਕੁਝ ਢਲਦਾ ਜਾਵੇ।
ਉਮਰ ਦੀਆਂ ਲੀਕਾਂ ਦੇ ਪਿੱਛੇ
ਦੁੱਖ-ਸੁੱਖ ਦੇ ਕਈ ਪਲ ਛੁਪਾਵੇ।
ਵਕਤ ਦੀਆਂ ਪੀੜਾਂ ਤਨ 'ਤੇ ਸਹਿ ਕੇ
ਸੁੱਖ ਦਾ ਸਭ ਨੂੰ ਲਾਡ ਲਡਾਵੇ।
ਸਮਝ ਲਈਂ ਇਹ ਕੋਈ ਘਰ ਹੈ।
ਇਹ ਤਾਂ ਬਸ ਮੇਰਾ ਹੀ ਘਰ ਹੈ।

ਇਸ ਘਰ ਦੀਆਂ ਮੈਂ ਖੈਰਾਂ ਮੰਗਾਂ
ਸਮਿਆਂ ਸਾਹਮਣੇ ਹਾਰ ਨਾ ਜਾਵੇ।
ਇਸ ਘਰ ਦਾ ਨਿੱਘ ਮਾਣਨ ਦੇ ਲਈ
ਆਪਣਾ ਕੋਈ ਬੂਹੇ ਆਵੇ।
ਚੰਦਰੀ ਚੁੱਪ ਨਾ ਵਿਹੜੇ ਵੱਸੇ
ਕੋਈ ਜੰਦਰਾ ਨਾ ਪਹਿਰਾ ਲਾਵੇ।
ਦੇਸ਼ ਦਿਸ਼ਾਂਤਰ ਘੁੰਮਦਾ ਜੀਅ ਕੋਈ
ਮਾਂ ਵਰਗੇ ਵਲ ਕਦਮ ਵਧਾਵੇ।
ਸਮਝ ਲਈਂ ਇਹ ਕੋਈ ਘਰ ਹੈ।
ਇਹ ਤਾਂ ਬਸ ਮੇਰਾ ਹੀ ਘਰ ਹੈ।

***-ਦਿਲਜੋਧ ਸਿੰਘ***

### ਸਤਲੁਜ

ਚੁੱਪ ਦੀ ਚਾਦਰ ਤਾਣ ਕੇ ਆਈ ਅੱਜ ਜਾਂ ਰਾਤ,
ਅੰਬਰ ਸੱਚੀਂ ਲੱਗਿਆ ਜਿਉਂ ਤਾਰਿਆਂ ਭਰੀ ਪਰਾਤ।
ਇਕ ਪਾਸੇ ਚੰਦ ਸੀ ਪਾ ਰਿਹਾ ਹੌਲੀ-ਹੌਲੀ ਝਾਤ,
ਜੀ ਚਾਹਵੇ ਬਹਿ ਕੇ ਸੁਣ ਲਵਾਂ ਜੋ ਦਾਦ ਦੀ ਪਾਵੇ ਬਾਤ।

ਇਨ੍ਹਾਂ ਸੋਚਾਂ ਦੇ ਵਿਚ ਡੁਬੀ ਨੂੰ ਲਿਆ ਘੇਰਾ ਨੀਂਦ ਨੇ ਪਾ,
ਸੁਪਨੇ ਵਿਚ ਮੰਜੀ ਆਪਣੀ ਲਈ ਸਤਲੁਜ ਕੰਢੇ ਡਾਹ।
ਮੇਰੇ ਮੱਥੇ ਉਤੇ ਦੁੱਖ ਦੀ ਇਕ ਰੇਖਾ ਉਭਰੀ ਆ,
ਤੱਕ ਪਾਣੀ ਕਾਲਾ ਗੰਧਲਾ, ਦਿਲ ਮਾਰੀ ਉਚੀ ਧਾਹ।

ਉਠ ਆਪਣਾ ਆਪ ਸੰਭਾਲਦੀ, ਮੈਂ ਕੰਢੇ ਗਈ ਖਲੋ,
ਫਿਰ ਭਰ ਕੇ ਚੂਲ੍ਹੀ ਉਸ 'ਚੋਂ ਮੈਂ ਪੁਛਿਆ ਸੀ ਰੋ-ਰੋ।

ਤੇਰੇ ਆਸੇ ਪਾਸੇ ਗੰਦਗੀ, ਦੱਸ ਕਿੰਜ ਫੈਲੀ ਇਹ ਬੋਅ,
ਜਿਸ ਕੀਤਾ ਤੇਰਾ ਹਾਲ ਇਹ, ਜ਼ਰਾ ਦੱਸਦੇ ਕੌਣ ਹੈ ਉਹ।

ਇਕ ਛੱਲ ਛੋਟੀ ਜਿਹੀ ਉਛਲੀ ਜਾਪੇ ਕਹਿੰਦੀ ਮੈਨੂੰ ਆ,
ਵੀਰ ਭਗਤ ਦੀਆਂ ਅਸਥੀਆਂ ਜਦ ਹੋਈਆਂ ਜਲ ਪ੍ਰਵਾਹ।
ਮੇਰੇ ਕੰਢੇ ਮੇਲੇ ਲੱਗ ਗਏ ਕਈਆਂ ਗੀਤ ਦਿੱਤੇ ਮੇਰੇ ਗਾ,
ਮੈਨੂੰ ਗੋਬਿੰਦ ਬਾਟੇ ਘੋਲਿਆ ਅਤੇ ਅੰਮ੍ਰਿਤ ਲਿਆ ਬਣਾ।

ਕੁਝ ਠੇਕੇਦਾਰ ਸਮਾਜ ਦੇ ਅੱਜ ਚੱਲਣ ਕੋਝੀ ਚਾਲ,
ਮੇਰਾ ਰੂਪ ਘਿਨਾਉਣਾ ਕਰਕੇ ਖੁਦ ਹੋ ਰਹੇ ਮਾਲੋ ਮਾਲ।
ਨਿੱਤ ਨਵਾਂ ਪੁੱਟ ਕੇ ਪਾਂਵਦੇ ਮੇਰੇ ਵਿਚ ਤੇਜ਼ਾਬੀ ਖਾਲ,
ਮੇਰਾ ਪਾਣੀ ਵਗਣਾ ਭੁਲ ਕੇ ਰਿਹਾ ਗੰਦਗੀ ਨੂੰ ਸੰਭਾਲ।

ਮੇਰੇ ਕਾਰਨ ਘਰ ਕਈ ਉਜੜੇ ਮੈਂ ਬਣ ਕੇ ਰਹਿ ਗਿਆ ਜ਼ਹਿਰ,
ਨਾਗਣ ਬਣ ਕੇ ਡੱਸ ਰਹੀ ਅੱਜ ਮੇਰੀ ਇਕ ਇਕ ਲਹਿਰ।
ਮੈਂ ਨਾ ਚਾਹੁੰਦੇ ਵੀ ਢਾਹ ਰਿਹਾ, ਮਨੁੱਖਤਾ 'ਤੇ ਹਾਏ ਕਹਿਰ,
ਮੈਂ ਮੁੜ ਮੁੜ ਵਗਣਾ ਲੋਚਦਾ ਮੈਨੂੰ ਆਖਣ ਇਹੋ ਠਹਿਰ।

ਸਭ ਖਾਲ ਤੇਜ਼ਾਬੀ ਪੂਰਨੇ, ਮੇਰਾ ਲੈ ਜਾ ਤੂੰ ਸੰਦੇਸ਼,
ਤੇਰਾ ਘੁੱਗ ਵਸੇ ਪੰਜਾਬ ਇਹ, ਫੁਲ ਖਿੜਦੇ ਰਹਿਣ ਹਮੇਸ਼।
ਕੋਈ ਹੋਵੇ ਮਾਰੂ ਰੋਗ ਨਾ, ਹੋਵੇ ਖੁਸ਼ੀਆਂ ਦਾ ਪਰਵੇਸ਼,
ਮੈਨੂੰ ਮੁੜ ਕੇ ਨਿਰਮਲ ਕਰ ਦਏ, ਜਾਹ ਲੱਭ ਕੋਈ ਦਰਵੇਸ਼।

***-ਨੀਲਮ ਸੈਣੀ, ਫੋਨ: 510-502-0551***

### ਸਮਾਨੰਤਰ

ਬੱਚੇ ਨੂੰ ਬਹੁਤ ਰੋਕਿਆ
ਬੇਟੇ, ਉਨ੍ਹਾਂ ਦੇ ਘਰ ਨਹੀਂ ਜਾਣਾ
ਉਹ ਗੰਦੇ ਬੱਚੇ ਹਨ।

ਥੋੜ੍ਹੀ ਦੇਰ ਪਿੱਛੋਂ
ਮੈਥੋਂ ਅੱਖ ਬਚਾ ਕੇ
ਗੇਟ ਨੂੰ ਬਾਹਰੋਂ ਕੁੰਡੀ ਲਾ ਕੇ
ਬੱਚਾ
ਫਿਰ ਉਨ੍ਹਾਂ ਹੀ ਬੱਚਿਆਂ ਨਾਲ
ਬੜੇ ਮਜ਼ੇ ਨਾਲ ਖੇਡ ਰਿਹਾ ਸੀ।

***-ਰਾਮ ਸਿੰਘ ਚਾਹਲ***

ਉਰਦੂ ਕਹਾਣੀ

# ਬੁਲਬੁਲਾ

**ਉਰਦੂ ਨਾਮਾਨਿਗਾਰ ਸਈਅਦ ਮੁਹੰਮਦ ਅਸ਼ਰਫ਼ ਦੀ ਕਹਾਣੀ 'ਬੁਲਬੁਲਾ' ਬਦਲ ਰਹੇ ਵਕਤਾਂ ਦੀ ਬਾਤ ਹੈ। ਇਹ ਵਕਤ ਭਾਰਤ ਦੀ ਆਜ਼ਾਦੀ ਤੋਂ ਬਾਅਦ ਦਾ ਹੈ। ਉਦੋਂ ਜਗੀਰਦਾਰੀ ਉਤੇ ਸਿੱਧੀਆਂ ਸੱਟਾਂ ਪੈ ਰਹੀਆਂ ਸਨ। ਚੁਸਤ-ਚਲਾਕ ਜਗੀਰਦਾਰ ਨਵੇਂ ਬਣ ਰਹੇ ਸਿਸਟਮ ਵਿਚ ਫਟਾ-ਫਟ ਫਿੱਟ ਹੋ ਰਹੇ ਸਨ। ਇਨ੍ਹਾਂ ਵਿਚੋਂ ਕੁਝ ਅਜਿਹੇ ਵੀ ਸਨ ਜਿਹੜੇ ਦੇਖਦਿਆਂ-ਦੇਖਦਿਆਂ ਇਸ ਦੌੜ ਵਿਚ ਬਹੁਤ ਪਛੜ ਗਏ। ਫਿਰ ਇਨ੍ਹਾਂ ਦਾ ਉਹੀ ਹਾਲ ਹੋਇਆ ਜੋ ਆਮ ਵੇਲਿਆਂ ਵਿਚ ਕਿਸੇ ਆਮ ਬੰਦੇ ਦਾ ਹੁੰਦਾ ਹੈ। ਇਹ ਕਹਾਣੀ ਅਜਿਹੇ ਹੀ ਇਕ ਬੰਦੇ ਦੁਆਲੇ ਘੁੰਮਦੀ ਹੈ। ਉਹ ਪੁਰਾਣੇ ਸਿਸਟਮ ਨਾਲੋਂ ਅਜੇ ਟੁੱਟਿਆ ਨਹੀਂ ਅਤੇ ਅਗਲੇ ਨਾਲ ਸਹੀ ਢੰਗ ਨਾਲ ਜੁੜ ਨਹੀਂ ਸਕਿਆ; ਸਿੱਟੇ ਵਜੋਂ ਅੱਧ-ਵਿਚਾਲੇ ਡੋਲ ਰਿਹਾ ਹੈ। ਫਿਰ ਉਸ ਕੋਲ ਆਪਣੇ ਆਪ ਨੂੰ ਦਿੱਤੀ ਤਸੱਲੀਆਂ ਤੋਂ ਇਲਾਵਾ ਕੁਝ ਵੀ ਨਹੀਂ ਬਚਦਾ। ਅਸ਼ਰਫ਼ ਨੇ ਇਸ ਬੰਦੇ ਦੇ ਮਨ ਵਿਚ ਹੋ ਰਹੀ ਉਥਲ-ਪੁਥਲ ਨੂੰ ਧੁਰ ਅੰਦਰੋਂ ਫੜਿਆ ਹੈ। -ਸੰਪਾਦਕ**

**ਸਈਅਦ ਮੁਹੰਮਦ ਅਸ਼ਰਫ਼**

ਸੂਰਜ ਦੀਆਂ ਕਿਰਨਾਂ ਮੰਦ ਪੈ ਰਹੀਆਂ ਸਨ ਅਤੇ ਉਚੀਆਂ-ਉਚੀਆਂ ਕੰਧਾਂ ਦੇ ਪਰਛਾਵੇਂ ਲੰਮੇ ਹੋ ਚੱਲੇ ਸਨ। ਧੁੱਪ ਕੰਧਾਂ ਦੀ ਛੱਤ 'ਤੇ ਕਦੋਂ ਦੀ ਚੜ੍ਹ ਚੁੱਕੀ ਸੀ ਪਰ ਇੰਜ ਮਹਿਸੂਸ ਹੋ ਰਿਹਾ ਸੀ ਕਿ ਵਿਹੜੇ ਵਿਚ ਸੂਰਜ ਆਪਣੀ ਪੂਰੀ ਗਰਮੀ ਨਾਲ ਦਹਿਕ ਰਿਹਾ ਹੈ।

"ਉਹਦੀ ਇਹ ਹਿੰਮਤ ਕਿ ਮੇਰੇ ਬੱਚੇ 'ਤੇ ਹੱਥ ਚੁੱਕੇ? ਭੁੱਲ ਗਿਆ ਉਹ ਦਿਨ, ਜਦ ਉਸ ਦਾ ਪਿਉ ਮੇਰੀ ਡਿਊਟੀ 'ਤੇ ਬੈਠਾ-ਬੈਠਾ ਚਿਲਮ ਪੀਂਦਾ ਹੁੰਦਾ ਸੀ ਅਤੇ ਅੱਬਾ ਹਜ਼ੂਰ ਨੂੰ ਦੇਖ ਕੇ ਜ਼ਮੀਨ ਤੱਕ ਝੁਕ ਜਾਂਦਾ ਸੀ?"

ਸ਼ੇਖ਼ ਨਜੀਬ ਅਹਿਮਦ ਆਪਣੀ ਘਰਵਾਲੀ ਕੋਲ ਖੜ੍ਹੇ ਗੱਜ ਰਹੇ ਸਨ ਜਿਹੜੀ ਲੱਕੜ ਦੇ ਸੰਦੂਕ ਵਿਚ ਘਸੇ ਹੋਏ ਗਰਾਰੇ ਨੂੰ ਇੰਨੇ ਧਿਆਨ ਨਾਲ ਰੱਖ ਰਹੀ ਸੀ ਜਿਵੇਂ ਕੋਈ ਜ਼ਿਮੀਂਦਾਰੀ ਖ਼ਤਮ ਹੋਣ ਪਿੱਛੋਂ ਆਪਣੀ ਬਚੀ-ਖੁਚੀ ਜ਼ਮੀਨ ਦੇ ਕਾਗਜ਼ ਸਾਂਭ-ਸਾਂਭ ਕੇ ਰੱਖਦਾ ਹੋਵੇ।

ਉਹਦੀ ਘਰਵਾਲੀ ਉਂਜ ਹੀ ਬੈਠੀ ਪੁਰਾਣੇ ਕੱਪੜੇ ਫ਼ੋਲ-ਫੋਲ ਦੇਖਦੀ ਰਹੀ ਜਿਵੇਂ ਉਨ੍ਹਾਂ ਵਿਚੋਂ ਲੰਘੇ ਦਿਨਾਂ ਦੀਆਂ ਰੰਗੀਨੀਆਂ ਭਾਲ ਰਹੀ ਹੋਵੇ। ਉਹ ਜਾਣਦੀ ਸੀ ਕਿ ਜਿਹੜੇ ਉਸ ਜ਼ਮਾਨੇ ਵਿਚ ਚਿਲਮ ਪੀਂਦੇ ਹੁੰਦੇ ਸਨ, ਉਨ੍ਹਾਂ ਨੂੰ ਹੁਣ ਦੌਲਤ ਦਾ ਨਸ਼ਾ ਹੈ ਅਤੇ ਇਨ੍ਹਾਂ ਜ਼ਿਮੀਂਦਾਰਾਂ ਕੋਲ ਹੁਣ ਧੂੰਆਂ ਹੀ ਧੂੰਆਂ ਬਚਿਆ ਹੈ।

ਉਹਨੇ ਸਿਰਫ਼ ਇੰਨਾ ਹੀ ਕਿਹਾ, "ਜਾਣ ਦਿਉ, ਹੁਣ ਬੋਲਣ-ਬਲਾਉਣ ਦਾ ਕੀ ਫ਼ਾਇਦਾ?"

"ਨਹੀਂ ਜਦ ਤੱਕ ਮੈਂ ਉਸ ਨੂੰ ਖ਼ਰੀਆਂ-ਖ਼ਰੀਆਂ ਨਾ ਸੁਣਾ ਆਵਾਂ, ਮੈਨੂੰ ਚੈਨ ਨਹੀਂ ਆਉਣ ਲੱਗਾ। ਉਂਜ ਉਸ ਕੰਬਖ਼ਤ ਦੀ ਇਹ ਮਜ਼ਾਲ ਨਹੀਂ ਹੋ ਸਕਦੀ ਕਿ ਮੇਰੇ ਮੂੰਹ ਲੱਗੇ।" ਹੋਇਆ ਇਹ ਸੀ ਕਿ ਉਨ੍ਹਾਂ ਦੇ ਮੁੰਡੇ ਸਰਫ਼ਰਾਜ਼ ਦੀ ਕਿਸੇ ਗੱਲ ਤੋਂ ਦਿਲਾਵਰ ਅਲੀ ਦੇ ਮੁੰਡੇ ਨਾਲ ਤੂੰ-ਤੂੰ ਮੈਂ-ਮੈਂ ਹੋ ਗਈ ਅਤੇ ਦਿਲਾਵਰ ਅਲੀ ਨੇ ਉਨ੍ਹਾਂ ਦੇ ਮੁੰਡੇ ਨੂੰ ਚਪੇੜ ਕੱਢ ਮਾਰੀ ਅਤੇ ਉਹ ਰੋਂਦਾ ਹੋਇਆ ਘਰ ਆਇਆ। ਜਦ ਉਹਨੇ ਰੋ-ਰੋ ਕੇ ਸਾਰਾ ਹਾਲ ਦੱਸਿਆ ਤਾਂ ਸ਼ੇਖ਼ ਸਾਹਿਬ ਦੇ ਤਨ-ਬਦਨ ਵਿਚ ਕੰਨਖਜੂਰੇ ਜਿਹੇ ਰੀਂਗਣ ਲੱਗੇ। ਉਹ ਸੋਚਣ ਲੱਗੇ, ਇਹ ਉਹੀ ਦਿਲਾਵਰ ਅਲੀ ਹੈ ਜਿਹੜਾ ਨੱਕ ਪੂੰਝਦਾ ਆਪਣੇ ਪਿਉ ਨਾਲ ਉਨ੍ਹਾਂ ਦੇ ਘਰ ਆਉਂਦਾ ਹੁੰਦਾ ਸੀ। ਜਿਸ ਦਾ ਪਿਉ ਉਨ੍ਹਾਂ ਦੇ ਪੰਜ ਰੁਪਏ ਅਤੇ ਦੋ ਵਕਤ ਦੀ ਜੂਠ 'ਤੇ ਇੰਨੀ ਕੁ ਗੱਲ ਦਾ ਨੌਕਰ ਸੀ ਕਿ ਜਦ ਉਸ ਦਾ ਬਾਪ ਸ਼ੇਖ਼ ਰਸੂਲ ਅਹਿਮਦ ਡਿਊੜੀ ਤੋਂ ਬਾਹਰ ਪੈਰ ਕੱਢੇ ਤਾਂ ਉਹ ਜ਼ਮੀਨ ਤੱਕ ਝੁਕ ਕੇ ਉਨ੍ਹਾਂ ਨੂੰ ਸਲਾਮ ਕਰੇ ਅਤੇ ਅੱਜ ਜ਼ਿਮੀਂਦਾਰੀ ਖ਼ਤਮ ਹੋ ਚੁੱਕੀ ਹੈ, ਵਕਤ ਬਦਲ ਚੁੱਕਾ ਹੈ ਅਤੇ ਇਹ ਦਿਲਾਵਰ ਅਲੀ ਮਿਉਂਸਪੈਲਿਟੀ ਦਾ ਚੇਅਰਮੈਨ ਬਣ ਗਿਆ ਤਾਂ ਉਹ ਦੌਲਤ ਦੇ ਨਸ਼ੇ ਵਿਚ ਆਪਣੀ ਹਸਤੀ ਹੀ ਭੁੱਲ ਗਿਆ?

ਵੱਡੇ ਦਾਲਾਨ ਵਿਚ ਆ ਕੇ ਉਨ੍ਹਾਂ ਨੇ ਸੁਰਮਈ ਸ਼ੇਰਵਾਨੀ ਕੱਢੀ ਜਿਸ ਦੇ ਕਾਲਰ ਦੇ ਉਪਰਲੇ ਕਿਨਾਰੇ ਵਿਚੋਂ ਬੁਕਰਮ ਝਾਕ ਰਿਹਾ ਸੀ। ਪਤਨੀ ਦੇ ਛਿੱਜੇ ਹੋਏ ਜ਼ਰਦ ਦੁਪੱਟੇ ਨਾਲ ਉਨ੍ਹਾਂ ਨੇ ਸ਼ੇਰਵਾਨੀ ਖ਼ੂਬ ਝਾੜੀ-ਪੂੰਝੀ। ਸਫ਼ੈਦ ਕਸ਼ਮੀਰੀ ਉਨ ਦੇ ਸਕਾਰਫ਼ ਨਾਲ ਸਿਰਫ਼ ਪਾਲਾ ਹੀ ਨਹੀਂ ਰੁਕਦਾ, ਸ਼ੇਰਵਾਨੀ ਦਾ ਫ਼ਟਿਆ ਹੋਇਆ ਕਾਲਰ ਵੀ ਲੁਕ ਸਕਦਾ ਹੈ।

ਸਰਫ਼ਰਾਜ਼ ਨੂੰ ਰਿਕਸ਼ਾ ਲਿਆਉਣ ਲਈ ਕਿਹਾ ਅਤੇ ਲੱਕੜੀ ਦੇ ਸੰਦੂਕ ਵਿਚੋਂ ਚਾਂਦੀ ਦੀ ਮੁੱਠ ਵਾਲੀ ਆਬਨੂਸੀ ਖੂੰਡੀ ਕੱਢੀ। ਖੂੰਡੀ ਹੱਥ ਵਿਚ ਫ਼ੜ ਕੇ ਉਨ੍ਹਾਂ ਨੂੰ ਇੱਕ ਵਾਰ ਫ਼ਿਰ ਇਹ ਅਹਿਸਾਸ ਹੋਇਆ ਕਿ ਦਿਲਾਵਰ ਅਲੀ ਦੀ ਉਨ੍ਹਾਂ ਸਾਹਮਣੇ ਕੋਈ ਔਕਾਤ ਨਹੀਂ। ਰਿਕਸ਼ੇ 'ਤੇ ਬੈਠੇ ਹੋਏ ਉਹ ਸੋਚ ਰਹੇ ਸਨ ਕਿ ਮੇਰੇ ਜਾਂਦਿਆਂ ਹੀ ਰੌਲਾ ਪੈ ਜਾਵੇਗਾ-'ਸ਼ੇਖ਼ ਨਜੀਬ ਅਹਿਮਦ ਆ ਗਏ।' ਦਿਲਾਵਰ ਦਾ ਨੌਕਰ ਮੇਰੇ ਹੱਥੋਂ ਖੂੰਡੀ ਫ਼ੜ ਕੇ ਕਿੱਲੀ 'ਤੇ ਟੰਗ ਦੇਵੇਗਾ। ਦਿਲਾਵਰ ਉਠ ਕੇ ਖੜ੍ਹਾ ਹੋ ਜਾਵੇਗਾ। ਝੁਕ ਕੇ ਸਲਾਮ ਕਰੇਗਾ ਅਤੇ ਮੈਂ ਖੜ੍ਹਾ-ਖੜ੍ਹਾ ਉਸ ਨੂੰ ਪੰਜਾਹ ਗਾਲਾਂ ਕੱਢਾਂਗਾ ਅਤੇ ਉਹ ਮੇਰੇ ਪੈਰਾਂ ਵਿਚ ਟੋਪੀ ਰੱਖ ਕੇ ਮੇਰੇ ਕੋਲੋਂ ਮੁਆਫ਼ੀ ਮੰਗੇਗਾ ਅਤੇ ਮੈਂ ਲਾਪ੍ਰਵਾਹੀ ਨਾਲ ਵਾਪਸ ਮੁੜ ਆਵਾਂਗਾ। ਨੇੜੇ-ਤੇੜੇ ਬੈਠੇ ਲੋਕਾਂ 'ਤੇ ਕਿੰਨਾ ਰੋਅਬ ਪਵੇਗਾ।

ਦਿਲਾਵਰ ਦੇ ਮਕਾਨ ਕੋਲ ਰਿਕਸ਼ਾ ਰੁਕਿਆ, ਉਹ ਉਤਰੇ।

"ਅਜੇ ਰੁਕ ਜਾ, ਵਾਪਸ ਵੀ ਜਾਣਾ ਹੈ।"

ਸ਼ਾਨਦਾਰ ਮਕਾਨ ਕੋਲ ਖੜ੍ਹੀ ਚਮਕਦੀ ਕਾਰ ਦੇਖ ਕੇ ਉਨ੍ਹਾਂ ਨੇ ਸੋਚਿਆ, 'ਚੇਅਰਮੈਨ ਬਣਦਿਆਂ ਹੀ ਹਰਾਮ ਦੀ ਕਮਾਈ ਨਾਲ ਕਾਰ ਲੈ ਲਈ।' ਪਰ ਕਾਰ ਦੇਖਦਿਆਂ ਹੀ ਉਨ੍ਹਾਂ ਨੂੰ ਅਜੀਬ ਜਿਹਾ ਲੱਗਾ। ਆਪਣੇ ਉਪਰ ਦਿਲਾਵਰ ਦੀ ਦੌਲਤ ਦਾ ਰੋਅਬ ਝੜਦਾ ਮਹਿਸੂਸ ਹੋਇਆ। ਕਾਰ ਦੇ ਲਾਗਿਓਂ ਲੰਘਦਿਆਂ ਜਦ ਉਸ ਦੇ ਸੁਰਖ਼ ਰੰਗ ਦਾ ਪ੍ਰਛਾਵਾਂ ਉਨ੍ਹਾਂ ਦੀ ਸ਼ੇਰਵਾਨੀ 'ਤੇ ਪਿਆ ਤਾਂ ਉਨ੍ਹਾਂ ਨੂੰ ਲੱਗਾ, ਜਿਵੇਂ ਉਨ੍ਹਾਂ ਦੀ ਗੱਲ ਸੁਣ ਕੇ ਦਿਲਾਵਰ ਅਲੀ ਦਾ ਕਾਲਾ ਚਿਹਰਾ ਲਾਲ ਹੋ ਗਿਆ ਹੋਵੇ।

ਇਹ ਸਾਰੇ ਖ਼ਿਆਲ ਦਿਮਾਗ਼ ਵਿਚੋਂ ਝਟਕਦਿਆਂ ਉਹ ਦਰਵਾਜ਼ੇ ਕੋਲ ਆ ਕੇ ਖੜ੍ਹੇ ਹੋ ਗਏ। ਕਾਲ ਬੈਲ ਨੂੰ ਨਜ਼ਰਅੰਦਾਜ਼ ਕਰਦਿਆਂ ਉਨ੍ਹਾਂ ਨੇ ਖੂੰਡੀ ਦੀ ਮੁੱਠ ਨਾਲ ਬੂਹੇ 'ਤੇ ਦਸਤਕ ਦਿੱਤੀ। ਖੂੰਡੀ ਦੀ ਸਹੀ ਵਰਤੋਂ ਅੱਜ ਉਨ੍ਹਾਂ ਦੀ ਸਮਝ ਵਿਚ ਆਈ। ਉਨ੍ਹਾਂ ਨੂੰ ਅਜੀਬ ਜਿਹੀ ਖ਼ੁਸ਼ੀ ਦਾ ਅਹਿਸਾਸ ਹੋਇਆ ਜਿਵੇਂ ਖੂੰਡੀ ਦੀ ਮੁੱਠ ਬੂਹੇ 'ਤੇ ਨਹੀਂ, ਦਿਲਾਵਰ ਦੇ ਸਿਰ 'ਤੇ ਵੱਜ ਰਹੀ ਹੋਵੇ।

ਨੌਕਰ ਬਾਹਰ ਨਿਕਲਿਆ।

"ਦਿਲਾਵਰ ਹੈ?"

"ਚੇਅਰਮੈਨ ਦਿਲਾਵਰ ਅਲੀ ਕਹੋ ਬੜੇ ਮੀਆਂ।"

ਉਨ੍ਹਾਂ ਨੇ ਸੋਚਿਆ ਕਿ ਨੌਜਵਾਨ ਮੁੰਡਾ ਹੈ, ਗੱਲ ਕਰਨ ਦੀ ਤਮੀਜ਼ ਨਹੀਂ। ਜਾਣਦਾ ਨਹੀਂ ਮੈਂ ਕੌਣ ਹਾਂ। ਦਿਲਾਵਰ ਨੂੰ ਕਹਿ ਕੇ ਇਸ ਦੇ ਕੰਨ ਖਿਚਾਵਾਂਗਾ।

"ਚੰਗਾ ਭਾਈ, ਉਨ੍ਹਾਂ ਨੂੰ ਕਹਿ ਦਿਓ ਨਜੀਬ ਅਹਿਮਦ ਆਏ ਹਨ।"

ਨੌਕਰ ਅਰਥ ਭਰਪੂਰ ਮੁਸਕਰਾਹਟ ਬੁੱਲ੍ਹਾਂ ਵਿਚ ਦੱਬੀ ਅੰਦਰ ਗਿਆ। ਕੁਝ ਪਲਾਂ ਬਾਅਦ ਮੁੜਿਆ ਅਤੇ ਬੋਲਿਆ, "ਜਾਉ, ਅੰਦਰ ਬੈਠੇ ਹਨ।"

ਪੈਰ ਪਟਕਦੇ ਹੋਏ ਉਹ ਡਰਾਇੰਗ ਰੂਮ ਦੇ ਬੂਹੇ ਤੱਕ ਆਏ। ਇੱਕ ਵਾਰ ਫ਼ਿਰ ਆਪਣਾ ਜਾਇਜ਼ਾ ਲਿਆ। ਸਕਾਰਫ਼ ਤਸੱਲੀ ਨਾਲ ਲਪੇਟਿਆ ਅਤੇ ਬੂਹੇ ਤੱਕ ਜਾ ਕੇ ਖੜ੍ਹੇ ਹੋ ਗਏ। ਕੁਝ ਪਲਾਂ ਤੱਕ ਉਨ੍ਹਾਂ ਨੇ ਉਡੀਕ ਕੀਤੀ ਕਿ ਦਿਲਾਵਰ ਉਠ ਕੇ ਸਲਾਮ ਕਰੇ ਅਤੇ ਉਨ੍ਹਾਂ ਨੂੰ ਆਪਣੀ ਥਾਂ ਲਿਜਾ ਕੇ ਬਿਠਾਵੇ ਪਰ ਅਜਿਹਾ ਕੁਝ ਨਾ ਹੋਇਆ। ਜ਼ਿਮੀਂਦਾਰੀ ਖ਼ਤਮ ਹੋ ਜਾਣ ਤੋਂ ਬਾਅਦ ਉਨ੍ਹਾਂ ਨੂੰ



ਵੀ ਮਜਲਿਸ ਦੇ ਕੁਝ ਆਦਾਬ ਆ ਗਏ ਸਨ। ਹੌਲੀ ਜਿਹੇ ਸਲਾਮ ਕੀਤੀ।

ਚੇਅਰਮੈਨ ਦਿਲਾਵਰ ਅਲੀ ਨੇ ਹੱਥ ਦੇ ਇਸ਼ਾਰੇ ਨਾਲ ਸਲਾਮ ਦਾ ਜਵਾਬ ਦਿੱਤਾ। ਉਹ ਸ਼ਾਨਦਾਰ ਸੋਫ਼ੇ 'ਤੇ ਆਦਮੀਆਂ ਨਾਲ ਘਿਰਿਆ ਬੈਠਾ ਸੀ। ਹੱਥ ਦੇ ਇਸ਼ਾਰੇ ਨਾਲ ਹੀ ਉਸ ਨੇ ਉਨ੍ਹਾਂ ਨੂੰ ਬੈਠਣ ਲਈ ਕਿਹਾ।

ਸ਼ੇਖ਼ ਸਾਹਿਬ ਕੁਰਸੀ 'ਤੇ ਫ਼ੈਲ ਗਏ। ਚਾਰੇ ਪਾਸੇ ਨਜ਼ਰ ਮਾਰੀ। ਸੁੰਦਰ ਅਤੇ ਮਹਿੰਗੀਆਂ ਪੇਂਟਿੰਗਾਂ ਕੰਧਾਂ 'ਤੇ ਲੱਗੀਆਂ ਹੋਈਆਂ ਸਨ। ਕੱਚ ਦੇ ਖ਼ੂਬਸੂਰਤ ਸ਼ੀਸ਼ੇ ਇੱਕ ਪਾਸੇ ਸਲੀਕੇ ਨਾਲ ਸਜੇ ਹੋਏ ਸਨ। ਠੰਢੀ ਮਸ਼ੀਨ ਕੋਲ ਰੱਖਿਆ ਹੋਇਆ ਵੱਡਾ ਸਾਰਾ ਟੈਲੀਵਿਜ਼ਨ ਅਤੇ ਪਤਾ ਨਹੀਂ ਕੀ-ਕੀ। ਇਹ ਸਭ ਕੁਝ ਦੇਖ ਕੇ ਉਨ੍ਹਾਂ ਦੇ ਅਰਧ ਚੇਤਨ ਮਨ ਦੇ ਤੌਰ 'ਤੇ ਉਨ੍ਹਾਂ ਦਾ ਫ਼ੈਲਿਆ ਹੋਇਆ ਜਿਸਮ ਕੁਰਸੀ 'ਤੇ ਸੁੰਗੜ ਗਿਆ ਜਿਵੇਂ ਉਹ ਆਪਣੀ ਸ਼ਖ਼ਸੀਅਤ ਲੁਕਾਉਣਾ ਚਾਹੁੰਦੇ ਹੋਣ।

ਦਿਲਾਵਰ ਅਲੀ ਕਿਸੇ ਨਾਲ ਉਚੀ ਆਵਾਜ਼ ਵਿਚ ਗੱਲਾਂ ਕਰ ਰਿਹਾ ਸੀ। ਉਸ ਆਦਮੀ 'ਤੇ ਜਦ ਉਨ੍ਹਾਂ ਦੀ ਨਜ਼ਰ ਪਈ ਤਾਂ ਉਨ੍ਹਾਂ ਨੂੰ ਹੈਰਾਨੀ ਹੋਈ। ਮਕਬੂਲ ਮੀਆਂ ਦਿਲਾਵਰ ਅਲੀ ਸਾਹਮਣੇ ਕਿਸੇ ਚੋਰ ਵਾਂਗੂੰ ਬੈਠੇ ਸਨ, ਸਿਰ ਝੁਕਾਈ, ਥੱਕੇ-ਥੱਕੇ। ਉਨ੍ਹਾਂ ਦੇ ਹੱਥ ਵਿਚ ਚਾਹ ਦਾ ਕੱਪ ਕੰਬ ਰਿਹਾ ਸੀ। ਸ਼ੇਖ਼ ਸਾਹਿਬ ਨੂੰ ਵੀ ਚਾਹ ਦਿੱਤੀ ਗਈ ਅਤੇ ਉਹ ਸੋਚ ਰਹੇ ਸਨ ਕਿ ਇਹ ਉਹੀ ਮਕਬੂਲ ਮੀਆਂ ਹਨ ਜਿਹੜੇ ਉਨ੍ਹਾਂ ਦੀ ਹੀ ਟੱਕਰ ਦੇ ਜ਼ਿਮੀਂਦਾਰ ਸਨ, ਜਿਨ੍ਹਾਂ ਦੇ ਫ਼ਾਟਕ 'ਤੇ ਹਾਥੀ ਝੂਲਦਾ ਸੀ ਅਤੇ ਕਹਾਰ ਬੀੜੀਆਂ ਪੀਂਦੇ ਸਨ ਅਤੇ ਅੱਜ ਉਹੀ ਦਿਲਾਵਰ ਸਾਹਮਣੇ ਸਿਰ ਝੁਕਾਈ ਬੈਠੇ ਹਨ ਅਤੇ ਦਿਲਾਵਰ ਅਲੀ ਉਨ੍ਹਾਂ ਨੂੰ ਪੁੱਛ ਰਿਹਾ ਹੈ, "ਆਖ਼ਰ ਮੈਂ ਪੁੱਛਦਾ ਹਾਂ ਕਿ ਤੁਹਾਡੀ ਹਿੰਮਤ ਕਿਵੇਂ ਹੋਈ ਕਿ ਤੁਸੀਂ ਕਿਸੇ ਨੂੰ ਕਹਿ ਸਕੋ ਕਿ ਮੇਰਾ ਬਾਪ ਤੁਹਾਡੇ ਬਾਗ਼ ਵਿਚੋਂ ਤਰਕਾਰੀ ਚੋਰੀ ਕਰ ਲਿਆਉਂਦਾ ਸੀ? ਹੋਸ਼ ਵਿਚ ਰਹੋ ਮਕਬੂਲ ਮੀਆਂ, ਇੱਥੇ ਰਹਿਣਾ ਭੁਲਾ ਦਿਆਂਗਾ...ਸਮਝੇ?"

...ਤੇ ਮਕਬੂਲ ਮੀਆਂ ਦੇ ਹੱਥ ਵਿਚ ਚਾਹ ਦਾ ਕੱਪ ਅਚਾਨਕ ਜ਼ੋਰ ਨਾਲ ਕੰਬਿਆ ਅਤੇ ਛੁੱਟ ਕੇ ਡਿੱਗ ਪਿਆ ਅਤੇ ਟੋਟੇ-ਟੋਟੇ ਹੋ ਗਿਆ। ਉਨ੍ਹਾਂ ਦੇ ਚਿਹਰੇ 'ਤੇ ਅਜਿਹੀ ਵਹਿਸ਼ਤ ਬਰਸਣ ਲੱਗੀ ਜਿਵੇਂ ਚਾਹ ਦੇ ਕੱਪ ਨਾਲ ਸਾਰੀ ਮਾਣ-ਮਰਯਾਦਾ ਟੁੱਟ ਕੇ ਖਿੱਲਰ ਗਈ ਹੋਵੇ।

ਸ਼ੇਖ਼ ਨਜੀਬ ਅਹਿਮਦ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਹੱਥ ਵਿਚ ਵੀ ਕੱਪ ਕੰਬ ਰਿਹਾ ਹੈ। ਦਿਲਾਵਰ ਅਲੀ ਨੇ ਉਨ੍ਹਾਂ ਨੂੰ ਸੰਬੋਧਨ ਕੀਤਾ, "ਕਹੋ ਸ਼ੇਖ਼ ਜੀ, ਕਿਵੇਂ ਆਉਣਾ ਹੋਇਆ?"

ਸ਼ੇਖ਼ ਸਾਹਿਬ ਨੇ ਬੜੀ ਕੋਸ਼ਿਸ਼ ਕਰਕੇ ਕੰਬਦੇ ਹੋਏ ਕੱਪ ਨੂੰ ਡਿੱਗਣ ਤੋਂ ਰੋਕਿਆ, ਖੰਘਾਰੇ ਅਤੇ ਬੋਲੇ, "ਮੈਂ...ਮੈਂ...।" ਇੰਨਾ ਕਹਿ ਕੇ ਉਹ ਚੁੱਪ ਕਰ ਗਏ। ਉਨ੍ਹਾਂ ਨੂੰ ਇੰਜ ਲੱਗ ਰਿਹਾ ਸੀ ਜਿਵੇਂ ਹਜ਼ਾਰਾਂ ਚੀਜ਼ਾਂ ਉਨ੍ਹਾਂ ਦੇ ਦਿਮਾਗ਼ ਵਿਚ ਗੱਡ-ਮੱਡ ਹੋ ਰਹੀਆਂ ਹਨ। ਉਨ੍ਹਾਂ ਨੂੰ ਥੋੜ੍ਹੀ ਦੇਰ ਲਈ ਇੰਜ ਮਹਿਸੂਸ ਹੋਇਆ ਜਿਵੇਂ ਉਨ੍ਹਾਂ ਦਾ ਦਿਮਾਗ਼ ਵੀ ਸਾਹਮਣੇ ਰੱਖੇ ਹੋਏ ਟੇਬਲ ਫ਼ੈਨ ਵਾਂਗੂੰ ਹੈ ਜਿਸ ਦੇ ਸਾਰੇ ਖੰਭ ਟੁੱਟ ਕੇ ਅੰਦਰ ਹੀ ਅੰਦਰ ਇੱਕ-ਦੂਜੇ ਨਾਲ ਟਕਰਾ ਰਹੇ ਹੋਣ।

ਦਿਲਾਵਰ ਅਲੀ ਦੀਆਂ ਚੁਭਵੀਆਂ ਨਜ਼ਰਾਂ ਨੇ ਉਨ੍ਹਾਂ ਦੇ ਬੁੱਲ੍ਹਾਂ 'ਤੇ ਪਿਆ ਤਾਲਾ ਤੋੜ ਦਿੱਤਾ। ਪਤਾ ਨਹੀਂ ਕੀ ਹੋਇਆ, ਉਨ੍ਹਾਂ ਦੇ ਮੂੰਹੋਂ ਬੇਵਸੀ ਨਾਲ ਨਿਕਲਿਆ, "ਮੈਂ...ਮੈਂ ਸੋਚਿਆ ਤੁਸੀਂ ਚੇਅਰਮੈਨ ਬਣ ਗਏ ਹੋ, ਤੁਹਾਨੂੰ ਵਧਾਈ ਦੇ ਆਵਾਂ।"

"ਚੰਗਾ-ਚੰਗਾ ਇਹ ਲਉ।" ਉਸ ਨੇ ਸੁੱਕੇ ਮੇਵਿਆਂ ਦੀ ਪਲੇਟ ਵੱਲ ਇਸ਼ਾਰਾ ਕੀਤਾ ਅਤੇ ਥੋੜ੍ਹੀ ਦੇਰ ਬਾਅਦ ਉਹ ਉਠ ਗਏ।

ਰਿਕਸ਼ੇ ਵਿਚ ਬੈਠਿਆਂ ਸਾਰੇ ਰਾਹ ਉਨ੍ਹਾਂ ਨੇ ਕੁਝ ਨਹੀਂ ਸੋਚਿਆ। ਬੱਸ ਰਿਕਸ਼ੇ ਦੇ ਪੈਡਲਾਂ ਨੂੰ ਦੇਖਦੇ ਰਹੇ। ਇੱਕ ਪੈਡਲ ਉਪਰੋਂ ਥੱਲੇ ਜਾਂਦਾ ਹੈ ਅਤੇ ਦੂਜਾ ਇਕਦਮ ਥੱਲਿਓਂ ਉਪਰ ਆ ਜਾਂਦਾ ਹੈ ਅਤੇ ਇਹ ਸਾਰਾ ਕੁਝ ਇੰਨੀ ਛੇਤੀ ਹੋ ਜਾਂਦਾ ਹੈ ਕਿ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਉਪਰਲਾ ਪੈਡਲ ਥੱਲੇ ਆ ਗਿਆ ਅਤੇ ਕਦੋਂ ਥੱਲੜਾ ਉਪਰ ਆਇਆ?

ਟੁੱਟੇ ਹੋਏ ਬੂਹੇ ਤੋਂ ਨਜ਼ਰਾਂ ਚੁਰਾਉਂਦੇ ਉਹ ਘਰ ਅੰਦਰ ਦਾਖ਼ਲ ਹੋਏ। ਆਬਨੂਸੀ ਖੂੰਡੀ ਕਿੱਲੀ 'ਤੇ ਟੰਗੀ। ਸਰਫ਼ਰਾਜ਼ ਨੂੰ ਆਵਾਜ਼ ਮਾਰੀ ਅਤੇ ਕਿਹਾ, "ਬੇਟਾ, ਮੈਂ ਦਿਲਾਵਰ ਨੂੰ ਬਹੁਤ ਡਾਂਟਿਆ। ਉਹ ਮੁਆਫ਼ੀ ਮੰਗਣ ਲੱਗਾ। ਮੈਨੂੰ ਵੀ ਤਰਸ ਆ ਗਿਆ। ਹੁਣ ਉਹਨੂੰ ਜਾਂ ਉਹਦੇ ਬੱਚਿਆਂ ਨੂੰ ਕੁਝ ਕਹਿਣ ਦੀ ਲੋੜ ਨਹੀਂ ਹੈ।"

ਤੇ ਕਮਰੇ ਵਿਚ ਆ ਕੇ ਸ਼ੇਰਵਾਨੀ ਲਾਹੁੰਦਿਆਂ ਉਹ ਸੋਚ ਰਹੇ ਸਨ ਕਿ ਜੇ ਅੱਜ ਮਕਬੂਲ ਮੀਆਂ ਵਾਂਗੂੰ ਉਨ੍ਹਾਂ ਹੱਥੋਂ ਵੀ ਚਾਹ ਦਾ ਕੱਪ ਡਿੱਗ ਕੇ ਟੁੱਟ ਜਾਂਦਾ ਤਾਂ ਕੀ ਹੁੰਦਾ...?

**ਤਰਜਮਾ: ਭਜਨਬੀਰ ਸਿੰਘ**
**ਫੋਨ: 91-98556-75724**

# ਮਿੱਠੀਆਂ ਗੋਲੀਆਂ ਦੀ ਉਡੀਕ

**ਕੁਲਦੀਪ ਭੁੱਲਰ**

ਰਾਤ ਦੇ ਘੁਸਮੁਸੇ 'ਚ ਜਦੋਂ ਫੁੱਫੜ ਨਾਜਰ ਸਾਡੇ ਘਰ ਆਉਂਦਾ, ਉਸ ਕੋਲ ਖਾਕੀ ਝੋਲਾ, ਇਕ ਦਾਤਰੀ ਤੇ ਸਿਰ 'ਤੇ 'ਦੋ ਰੁੱਗ ਘਾਹ' ਹੁੰਦਾ। ਦਾਤਰੀ ਉਸ ਨੇ ਆਪਣੀ ਮੰਜੀ ਦੇ ਸੱਜੇ ਪਾਸੇ ਸਿਰਹਾਣੇ ਵੱਲ ਭੁੰਜੇ ਟਿਕਾ ਦੇਣੀ। ਘਾਹ ਪਸ਼ੂਆਂ ਦੀ ਖੁਰਲੀ ਵਿਚ ਸੁੱਟ ਦੇਣਾ ਅਤੇ ਖਾਕੀ ਥੈਲੇ ਦਾ ਸੁੱਬੀ ਨਾਲ ਬੱਝਿਆ ਮੂੰਹ ਖੋਲ੍ਹ ਕੇ ਉਸ ਵਿਚੋਂ ਇਕ ਲੱਪ ਭੁੱਕੀ ਦੀ ਭਰਨੀ ਤੇ ਫੱਕਾ ਮਾਰ ਲੈਣਾ। ਇਸ ਪਿਛੋਂ ਉਸ ਨੇ ਠੰਢਾ ਪਾਣੀ ਪੀਣਾ ਅਤੇ ਗਿਲਾਸ ਮੰਜੀ ਦੇ ਸਿਰਹਾਣੇ ਵੱਲ ਰੱਖ ਕੇ ਆਪਣੀ ਉਸ ਦਿਨ ਦੀ ਕਹਾਣੀ ਬਿਆਨ ਕਰਨ ਲੱਗ ਪੈਣਾ,

"ਅੱਜ 'ਮਰੀਕ ਸਿੰਹਾਂ ਰੱਬ ਨੇ ਬਚਾਇਆ। ਨਹਿਰ ਦੇ ਪੁਲ ਤੋਂ ਕੋਈ ਸੌ ਗਜ਼ ਦੂਰ ਮੈਨੂੰ 'ਮਾਮੇ' ਦਿੱਸੇ। ਮੈਂ ਸੋਚਿਆ ਬਈ ਅੱਜ ਤਾਂ ਆ'ਗੇ 'ੜਿਕੇ। ਮੈਂ ਡਰਦਾ ਡਰਦਾ ਪੁਲ ਵੱਲ ਵਧਣ ਲੱਗਾ। ਉਹ ਦੋਵੇਂ ਮਾਮੇ ਵੀ ਪੁਲ ਵੱਲ ਹੀ ਆਉਣ ਲੱਗ'ਪੇ। ਪਹਿਲਾਂ ਤਾਂ ਮੇਰਾ ਦਿਲ ਕਰੇ ਬਈ ਪਿੱਛੇ ਹੋ ਲਾਂ। ਫਿਰ ਸੋਚਿਆ ਜੇ ਸਵੇਰੇ ਘਰ ਨਾ ਗਿਆ ਸੱਜਰੀ ਸੂਈ ਗਾਂ ਨੂੰ ਕੋਈ ਚੋਣ ਵਾਲਾ ਨਹੀਂ ਮਿਲਣਾ। ਉਹਦਾ ਵੱਛਾ ਵੱਖਰਾ ਬਾਂ ਬਾਂ ਕਰਕੇ ਰੱਸੀ ਤੁੜਾਏਗਾ। ਚਲੋ ਇਕ ਡੰਗ ਤਾਂ ਸਰ ਜਾਂਦੈ, ਦੋ ਵੇਲੇ ਜੇ ਗਾਂ ਨਾ ਚੋਈ, ਉਸ ਦਾ ਹਵਾਨਾ ਪਾਟਣ ਨੂੰ ਆ ਜਾਏਗਾ। ਮੈਂ ਦੋ ਦੋ ਕਦਮ ਪੁੱਟਦਾ ਅੱਗੇ ਵਧੀ ਗਿਆ ਉਹ ਵੀ ਮੇਰੇ ਨੇੜੇ ਹੀ ਆ ਗਏ। ਲੈ ਬਈ ਹਾਸੇ ਵਾਲੀ ਗੱਲ ਇਹ ਨਿਕਲੀ, ਉਹ ਜੋ ਮਾਮੇ ਲੱਗਦੇ ਸੀ ਨਹਿਰ ਦੇ ਬੇਲਦਾਰ ਨਿਕਲੇ। ਮੈਂ ਆਪਣੇ ਆਪ ਨੂੰ ਕਿਹਾ, ਨਾਜਰਾ ਤੂੰ ਇਨ੍ਹਾਂ ਭੇਡੂਆਂ ਤੋਂ ਡਰਨ ਲੱਗ ਪਿਆ ਹੁਣ। ਲੈ ਬਈ ਹਾਸੇ ਵਾਲੀ ਗੱਲ ਜਿਹਨੂੰ ਵੀ ਸੁਣਾਵਾਂ ਮੈਨੂੰ ਈ ਬੁੱਧੂ ਕਹੂ।"

ਹਰ ਵਾਰ ਦੀ ਕਹਾਣੀ ਦੇ ਆਖਰ ਵਿਚ ਉਸ ਨੇ ਤਾੜੀ ਮਾਰਨੀ, ਕਹਿਕਹਾ ਮਾਰਨਾ ਤੇ ਫਿਰ ਚੁੱਲ੍ਹੇ ਚੌਂਕੇ ਵੱਲ ਵੇਖਣਾ। ਆਪਣੀ ਕਹਾਣੀ ਨੂੰ ਵਿਸ਼ਰਾਮ ਦਿੰਦਿਆਂ ਕਹਿਣਾ, "ਮੈਂ 'ਖਿਆ ਰੋਟੀ ਤਿਆਰ ਏ ਤਾਂ ਲਿਆ ਦੋ ਮੰਨੀਆਂ ਰੇੜ੍ਹ ਕੇ ਸੌਂ ਜਾਈਏ। ਸਵੇਰੇ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਘਰ ਵੀ ਪਹੁੰਚਣੈ।"

ਨਾਜਰ ਫੁੱਫੜ ਹਰ ਵਾਰ ਹੀ ਕੋਈ ਲੰਮੀ ਗੱਲ ਛੇੜ ਕੇ ਲੱਪ ਖਾਧੀ ਭੁੱਕੀ ਦੇ ਸਰੂਰ ਦੀ ਉਡੀਕ ਕਰਨ ਲੱਗਦਾ ਤੇ ਸਰੂਰ ਦੇ ਪਹਿਲੇ ਝੂਟੇ ਨਾਲ ਹੀ ਕਹਾਣੀ ਖਤਮ ਕਰਕੇ ਰੋਟੀ ਪਾਉਣ ਲਈ ਕਹਿ ਦਿੰਦਾ। ਉਸ ਦੀ ਹਰ ਵਾਰ ਦੀ ਕਹਾਣੀ ਵਿਚ ਕੋਈ ਬਹੁਤਾ ਫਰਕ ਨਾ ਹੁੰਦਾ। ਮਾਮੇ ਤਾਂ ਹਰ ਵਾਰ ਉਸ ਦੀ ਕਹਾਣੀ ਦੇ ਮੁੱਖ ਪਾਤਰ ਹੁੰਦੇ ਈ ਹੁੰਦੇ। ਸਾਨੂੰ ਘਰ ਦੇ ਸਾਰੇ ਜੀਆਂ ਨੂੰ ਉਸ ਦੇ ਇਸ ਰੂਪ ਦਾ ਪਤਾ ਹੁੰਦਾ ਸੀ। ਉਸ ਦਾ ਇਹ ਛਲੇਡਾ ਰੂਪ ਕਾਫੀ ਸਾਲਾਂ ਤੋਂ ਦੇਖਦੇ ਆਏ ਸੀ। ਫੁੱਫੜ ਨਾਜਰ ਨੂੰ ਭੁੱਕੀ ਦੀ ਲਤ ਪੁਰਾਣੀ ਲੱਗੀ ਹੋਈ ਸੀ ਅਤੇ ਭੁੱਕੀ ਉਸ ਨੂੰ ਮਿਲਦੀ ਰਾਜਸਥਾਨ ਦੇ ਪਿੰਡਾਂ ਵਿਚੋਂ ਸੀ। ਪੰਦਰਾਂ ਵੀਹ ਦਿਨ ਜਾਂ ਮਹੀਨੇ ਬਾਅਦ ਉਹ ਪੰਜ ਛੇ ਕੋਹ ਪੈਂਡਾ ਤੈਅ ਕਰਕੇ ਸਾਡੇ ਪਿੰਡੋਂ ਲੰਘ ਕੇ ਅੱਗੇ ਰਾਜਸਥਾਨ ਦੇ ਪਿੰਡ ਪਹੁੰਚਦਾ। ਉਥੋਂ ਭੁੱਕੀ ਖਰੀਦਦਾ ਅਤੇ ਪੁਲਿਸ ਨੂੰ ਧੋਖਾ ਦੇਣ ਲਈ ਉਹ ਹਰ ਵਾਰ ਘਾਹੀਆ ਬਣ ਕੇ ਸਾਡੇ ਪਿੰਡ ਦੀ ਜੂਹ ਪਾਰ ਕਰਦਾ, ਇਕ ਦੋ ਤਿਣਕੇ ਇਕੱਠਾ ਕਰਦਾ ਕਰਦਾ ਰਾਜਸਥਾਨ ਪਹੁੰਚ ਜਾਂਦਾ। ਉਥੇ ਜਾਣ ਤੋਂ ਪਹਿਲਾਂ ਉਹ ਦੁਪਹਿਰ ਵੇਲੇ ਸਾਡੇ ਘਰ ਦੇ ਬੂਹੇ ਅੱਗੇ ਖੜ੍ਹ ਕੇ ਬੱਸ ਏਨਾ ਕਹਿ ਜਾਂਦਾ ਕਿ 'ਅੱਜ ਮੈਂ ਰੁੱਗ ਪੱਠਿਆਂ ਦਾ ਲੈਣ ਚੱਲਿਆਂ।' ਅਸੀਂ ਸਮਝ ਜਾਂਦੇ ਕਿ ਫੁੱਫੜ ਨਾਜਰ ਅੱਜ ਆਪਣੇ ਖਾਣ-ਪੀਣ ਦਾ ਸਮਾਨ ਯਾਨਿ ਭੁੱਕੀ ਦਾ ਪ੍ਰਬੰਧ ਕਰਨ ਲਈ ਆਇਐ। ਰਾਤ ਨੂੰ ਸਾਡੇ ਘਰ ਹੀ ਰੁਕੇਗਾ। ਉਦੋਂ ਅਸੀਂ ਛੋਟੇ-ਛੋਟੇ ਹੁੰਦੇ ਸੀ। ਉਸ ਦੇ ਆਉਣ ਦਾ ਤਾਂ ਸਾਨੂੰ ਪਤਾ ਹੁੰਦਾ ਪਰ ਜਾਣ ਵੇਲੇ ਕਦੋਂ ਚਲਾ ਜਾਂਦੈ ਸਾਨੂੰ ਕੋਈ ਖਬਰ ਨਹੀਂ ਸੀ ਹੁੰਦੀ। ਉਂਜ ਸਾਨੂੰ ਉਸ ਦੇ ਆਉਣ ਦੀ ਹਰ ਦਮ ਉਡੀਕ ਰਹਿੰਦੀ ਕਿਉਂਕਿ ਉਹ ਜਦੋਂ ਵੀ ਸਾਡੇ ਘਰ ਆਉਂਦਾ ਉਸ ਕੋਲ ਖੰਡ ਦੀਆਂ ਰੰਗ-ਬਰੰਗੀਆਂ ਗੋਲੀਆਂ ਹੁੰਦੀਆਂ। ਉਹ ਬਿਨਾਂ ਮੰਗਿਆਂ ਹੀ ਇਹ ਗੋਲੀਆਂ ਸਾਡੀ ਤਲੀ 'ਤੇ ਧਰਦਾ ਜਾਂਦਾ। ਉਨ੍ਹਾਂ ਰੰਗ-ਬਰੰਗੀਆਂ ਗੋਲੀਆਂ ਲਈ ਅਸੀਂ ਉਸ ਦੇ ਆਉਣ ਦੀ ਉਡੀਕ ਕਰਦੇ, ਮਨ ਹੀ ਮਨ ਵਿਚ ਖੁਸ਼ ਹੁੰਦੇ ਤੇ ਸ਼ਾਮ ਵੇਲੇ ਤੋਂ ਉਸ ਦੇ ਆਉਣ ਤਕ ਉਸ ਦੇ ਆਉਣ ਵਾਲੇ ਰਾਹ 'ਤੇ ਬੈਠੇ ਰਹਿੰਦੇ। ਅਗਲੀ ਸਵੇਰ ਅਸੀਂ ਅਜੇ ਸੁੱਤੇ ਹੀ ਹੁੰਦੇ ਉਹ ਚਲਾ ਗਿਆ ਹੁੰਦਾ ਤੇ ਉਹਦੀ ਮੰਜੀ ਵੀ ਟੋਕੇਆਣੀ 'ਚ ਰੱਖ ਦਿੱਤੀ ਜਾਂਦੀ।

ਇਹ ਸਿਲਸਿਲਾ ਕਈ ਸਾਲ ਚੱਲਿਆ। ਮੈਂ ਪੜ੍ਹਨ ਲਈ ਸ਼ਹਿਰ ਚਲਾ ਗਿਆ। ਪੰਦਰਾਂ ਵੀਹ ਦਿਨਾਂ ਬਾਅਦ ਜਦੋਂ ਘਰ ਆਉਂਦਾ, ਫੁੱਫੜ ਬਾਰੇ ਜ਼ਰੂਰ ਪੁੱਛਦਾ। ਪਤਾ ਲੱਗਦਾ ਕਿ ਹੁਣ ਉਹ ਛੇ ਮਹੀਨੇ ਜਾਂ ਸਾਲ ਬਾਅਦ ਫੇਰਾ ਲਾਉਂਦਾ ਹੈ ਜਦੋਂ ਉਹਨੂੰ ਉਹਦੇ ਪਿੰਡ ਵਿਚੋਂ ਭੁੱਕੀ ਨਾ ਮਿਲੇ। ਪਰ ਉਸ ਕੋਲੋਂ ਮਿਲਦੀਆਂ ਰੰਗ-ਬਰੰਗੀਆਂ ਖੰਡ ਦੀਆਂ ਗੋਲੀਆਂ ਦਾ ਸਵਾਦ ਮੈਂ ਕਦੇ ਨਾ ਭੁੱਲਿਆ। ਪਹਿਲਾਂ ਤਾਂ ਆਪਣੀ ਪੜ੍ਹਾਈ ਚੰਡੀਗੜ੍ਹ ਵਿਚ ਮੁਕੰਮਲ ਕੀਤੀ ਅਤੇ ਫਿਰ ਨੌਕਰੀ ਵੀ ਉਥੇ ਹੀ ਲੱਗ ਗਈ। 34-35 ਸਾਲ ਦੀ ਨੌਕਰੀ ਕਰਨ ਬਾਅਦ ਸੇਵਾਮੁਕਤੀ ਪਿਛੋਂ ਮੈਂ ਆਪਣੇ ਬੇਟੇ ਕਰਨਵੀਰ ਕੋਲ ਦਿੱਲੀ ਚਲਾ ਗਿਆ ਹਾਂ। ਇਸ ਸਾਰੇ ਸਮੇਂ ਦੌਰਾਨ ਤਰ੍ਹਾਂ-ਤਰ੍ਹਾਂ ਦੇ ਭੋਜਨ ਪਕਵਾਨਾਂ ਤੇ ਮਹਿੰਗੇ ਚਾਕਲੇਟਾਂ ਦਾ ਸੇਵਨ ਵੀ ਕੀਤਾ ਹੈ ਪਰ ਫੁੱਫੜ

(ਬਾਕੀ ਅਗਲੇ ਸਫੇ 'ਤੇ)

# ਆਪਣੇ ਵੇ.ਲੇ ਦਾ ਬੁਲੰਦ ਗਵੱਈਆ 95 ਸਾਲਾ ਮਿਲਖੀ ਰਾਮ

**ਕੀ ਮੈਂ ਝੂਠ ਬੋਲਿਐ...**



**ਸਵਰਨ ਸਿੰਘ ਟਹਿਣਾ**
*ਫੋਨ:91-98141-78883*

ਕਈ ਦਿਨਾਂ ਤੋਂ ਉਸ ਕਲਾਕਾਰ ਦੀ ਭਾਲ 'ਚ ਸਾਂ, ਜਿਸ ਦਾ ਕਦੇ ਕੋਈ ਗੀਤ ਨਹੀਂ ਸੀ ਸੁਣਿਆ, ਨਾ ਹੀ ਫੋਟੋ ਦੇਖੀ ਸੀ। ਪਰ 70-75 ਨੂੰ ਢੁੱਕੇ 5-7 ਬਜ਼ੁਰਗਾਂ ਤੋਂ ਜ਼ਰੂਰ ਸੁਣਿਆ ਸੀ, "ਮਿਲਖੀ ਰਾਮ ਮਿਲਖੀ ਦੇ ਬੜੇ ਗਾਣੇ ਵੱਜਦੇ ਸੀ ਰੇਡੀਓ 'ਤੇ...ਪੂਰੀ ਚੜ੍ਹਾਈ ਸੀ ਉਹਦੀ ਆਪਣੇ ਵੇ.ਲੇ।" ਪਰ ਮੁਸ਼ਕਲ ਇਹ ਸੀ ਕਿ ਮਿਲਖੀ ਰਾਮ ਨੂੰ ਲੱਭਿਆ ਕਿਵੇਂ ਜਾਵੇ...ਹੈ ਕਿੱਥੇ ਉਹ?

ਕਿਸੇ ਨਵੇਂ ਨੂੰ ਪੁੱਛਦਾ ਤਾਂ ਉਹ ਨਾਂ ਸੁਣਦਿਆਂ ਸਾਰ 'ਕੀ...ਕੌਣ' ਆਖਣ ਲੱਗਦਾ, ਪੁਰਾਣੇ ਤੋਂ ਪੁੱਛਦਾ ਤਾਂ ਉਹ 'ਪਤਾ ਨਹੀਂ' ਕਹਿ ਪੱਲਾ ਝਾੜ ਲੈਂਦਾ। ਹੌਲੀ-ਹੌਲੀ ਪਤਾ ਲੱਗਾ ਕਿ ਮਿਲਖੀ ਰਾਮ ਜਲੰਧਰ ਦੇ ਨਜ਼ਾਤਮ ਨਗਰ 'ਚ ਰਹਿੰਦੈ। ਲੱਭਦਿਆਂ ਲਭਾਉਂਦਿਆਂ ਨਜ਼ਾਤਮ ਨਗਰ ਪਹੁੰਚਿਆ। ਜਿਸ ਨੂੰ ਪੁੱਛਦਾ, "ਮਿਲਖੀ ਰਾਮ ਮਿਲਖੀ ਦਾ ਘਰ ਕਿਹੜਾ ਏ ਏਥੇ?" ਜਵਾਬ ਉਹੀ ਮਿਲਦਾ, "ਕੌਣ ਮਿਲਖੀ, ਇਥੇ ਤਾਂ ਇਸ ਨਾਂ ਦਾ ਕੋਈ ਨਹੀਂ ਰਹਿੰਦਾ।"

"ਉਹੀ ਜੀ, ਜਿਹੜੇ ਗਾਉਂਦੇ ਰਹੇ ਨੇ... ਵਾਹਵਾ ਬਜ਼ੁਰਗ ਨੇ ਹੁਣ...।" ਮੈਂ ਆਖਦਾ ਤਾਂ ਦੱਸਣ ਵਾਲਾ ਕਹਿੰਦਾ, "ਸਾਨੂੰ ਇਥੇ ਰਹਿੰਦਿਆਂ ਵੀਹ ਸਾਲ ਹੋ ਚੱਲੇ ਨੇ...ਪੱਚੀ ਹੋ ਗਏ ਨੇ...ਚਾਲੀ ਹੋ ਗਏ... ਕੋਈ ਮਿਲਖੀ ਨਹੀਂ ਸੁਣਿਆ ਕਦੇ।"

ਢਹੇ ਜਿਹੇ ਮਨ ਨਾਲ ਇੱਕ ਛੋਟੇ ਜਿਹੇ ਘਰ ਦਾ ਬੂਹਾ ਖੜਕਾਇਆ ਤਾਂ ਤੇੜ ਧੋਤੀ ਵਾਲੇ ਬਜ਼ੁਰਗ ਨੇ ਕੁੰਡਾ ਖੋਲ੍ਹਿਆ। ਸਵਾਲ ਪੁੱਛਿਆ ਤਾਂ ਜਵਾਬ ਮਿਲਿਆ, "ਅੱਛਾ-ਅੱਛਾ, ਮਿਲਖੀ ਬਾਰੇ ਪੁੱਛਨੈਂ, ਪਿਛਲੀ ਗਲੀ 'ਚ ਅੱਗੇ ਜਾ ਕੇ ਆਸ਼ਰਮ ਏ, ਉਹਦੇ ਨਾਲ ਦਾ ਘਰ ਉਹਦਾ ਏ। ਬਾਹਰ ਮਿਲਖੀ ਦੇ ਨਾਂ ਦਾ ਬੋਰਡ ਲੱਗਾ ਹੋਇਐ।"

ਆਖਰ ਘਰ ਲੱਭ ਗਿਆ। ਬਾਹਰ ਨਿੱਕੀ ਜਹੀ 'ਨਾਂ ਵਾਲੀ ਪਲੇਟ' 'ਤੇ ਕਾਲੇ ਅੱਖਰਾਂ 'ਚ ਲਿਖਿਆ ਸੀ, 'ਮਿਲਖੀ ਰਾਮ ਮਿਲਖੀ-ਰੇਡੀਓ ਆਰਟਿਸਟ।' ਮਿਲਖੀ ਘਰ ਨਹੀਂ ਸੀ। ਉਹਦੇ ਮੁੰਡੇ ਨੇ ਦੱਸਿਆ, "ਪਾਪਾ ਮੰਦਰ ਗਏ ਨੇ, ਭਜਨ-ਪਾਠ ਬਹੁਤ ਕਰਦੇ ਨੇ। ਲੱਭ ਕੇ ਲਿਆਉਨਾ।"

ਤੇ ਥੋੜ੍ਹੀ ਦੇਰ ਬਾਅਦ ਛੋਟੇ ਜਿਹੇ ਕੱਦ, ਤਾਂਬੜ ਜਿਹੇ ਸਰੀਰ ਦਾ ਮਾਲਕ, ਛੋਟੀਆਂ-ਛੋਟੀਆਂ ਅੱਖਾਂ ਤੇ ਮੁਸਕਰਾਉਂਦੇ ਬੁੱਲ੍ਹਾਂ ਵਾਲਾ ਬਜ਼ੁਰਗ ਮੇਰੇ ਮੂਹਰੇ ਆਣ ਖੜ੍ਹਿਆ।

ਮੈਂ ਆਖਿਆ, "ਬਾਪੂ ਜੀ, ਮੁਲਾਕਾਤ ਕਰਨੀ ਸੀ ਥੋਡੇ ਨਾਲ ਅਖ਼ਬਾਰਾਂ ਲਈ, ਬਹੁਤ ਮੁਸ਼ਕਲ ਨਾਲ ਲੱਭਿਆ ਥੋਨੂੰ।"

"ਜੈ ਸ੍ਰੀ ਰਾਮ, ਜੈ ਭਗਵਾਨ" ਕਰਦਿਆਂ ਉਸ ਨੇ ਅੰਦਰ ਆਉਣ ਦਾ ਇਸ਼ਾਰਾ ਕੀਤਾ ਤੇ ਗੱਲਾਂਬਾਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

95 ਸਾਲ ਦੀ ਉਮਰੇ ਕੋਈ ਇੰਨਾ ਜ਼ਿੰਦਾਦਿਲ ਹੋ ਸਕਦੈ, ਜ਼ਿੰਦਗੀ ਏਦਾਂ ਵੀ ਮਾਣ ਸਕਦੈ, ਹੈਰਾਨੀ ਹੋ ਰਹੀ ਸੀ। ਆਪਣੀ ਤੰਦਰੁਸਤੀ ਦੇ ਰਾਜ਼, ਖੁਰਾਕ, ਗਾਉਣ, ਉਚਾਣ-ਨਿਵਾਣ, ਗ਼ਮੀ-ਖੁਸ਼ੀ ਤੇ ਪਰਿਵਾਰ ਨਾਲ ਸਬੰਧਤ ਕਿੰਨਾ



*ਆਪਣੀ ਜਵਾਨੀ ਵੇਲੇ ਦੀ ਤਸਵੀਰ ਨਾਲ ਮਿਲਖੀ ਰਾਮ ਮਿਲਖੀ*

ਹੀ ਕੁਝ ਉਸ ਨੇ ਦੱਸਿਆ। ਜਦੋਂ ਕਹਾਂ, "ਜਵਾਨੀ ਵੇ.ਲੇ ਗਾਏ ਕਿਸੇ ਗੀਤ ਦਾ ਨਮੂਨਾ ਤਾਂ ਸੁਣਾ ਦਿਓ", ਤਾਂ ਉਹ ਕੀਮਾ-ਮਲਕੀ ਜਾਂ ਪੂਰਨ ਭਗਤ ਦਾ ਕਿੱਸਾ ਸੁਣਾਉਣ ਲੱਗ ਜਾਂਦਾ, ਜਿਸ ਦੀ ਅੱਧੀ ਕੁ ਸਮਝ ਪੈ ਜਾਂਦੀ ਤੇ ਦਿਮਾਗ 'ਤੇ ਜ਼ੋਰ ਪਾਉਂਦਿਆਂ ਵੀ ਅੱਧਾ ਕੁ ਪੱਲੇ ਨਾ ਪੈਂਦਾ, ਕਿਉਂਕਿ ਵੱਡੀ ਉਮਰੇ ਉਚਾਰਨ ਪਹਿਲਾਂ ਜਿਹਾ ਨਹੀਂ ਰਹਿੰਦਾ।

ਮਲਕੀ ਭਰਦੀ ਪਈ ਸੀ ਖੂਹ ਤੋਂ ਪਾਣੀ,
ਕੀਮਾ ਕੋਲ ਜਾ ਕੇ ਬੇਨਤੀ ਗੁਜ਼ਾਰੇ।
ਓਏ ਉਡਦੇ-ਉਡਦੇ ਆ ਗਏ ਭੌਰ ਪ੍ਰਦੇਸੀ,
ਤੇਰੇ ਜੋਬਨ ਦੇ ਲੈਣ ਨੀਂ ਨਜ਼ਾਰੇ।
ਪੱਲਾ ਨਾ ਕਰ ਐਵੇਂ
ਚੁੰਨੀ ਸਾੜ ਦੇਏਂਗੀ ਨੀਂ ਕੁੜੀਏ,
ਤੇਰੇ ਘੁੰਡ ਵਿਚ ਦੋ ਜਲਦੇ ਨੀਂ ਅੰਗਿਆਰੇ।

ਵੰਡ ਦਾ ਦ੍ਰਿਸ਼ ਮਿਲਖੀ ਰਾਮ ਦੀਆਂ ਅੱਖਾਂ ਅੱਗੇ ਅੱਜ ਵੀ ਘੁੰਮਦਾ ਏ। ਉਸ ਮੁਤਾਬਕ ਬੜਾ ਕੁਝ ਦੇਖਿਆ ਇਨ੍ਹਾਂ ਅੱਖਾਂ ਨਾਲ, ਪਰ ਕੀਤਾ ਵੀ ਕੀ ਜਾ ਸਕਦਾ ਸੀ। ਜਨਮ ਉਸ ਦਾ ਲਾਹੌਰ ਜ਼ਿਲ੍ਹੇ ਦੇ ਕਿਸੇ ਪਿੰਡ ਹੋਇਆ। ਉਥੇ ਹੀ ਰੇਡੀਓ ਲਈ ਆਡੀਸ਼ਨ ਦਿੱਤਾ। ਪਾਸ ਵੀ ਹੋ ਗਿਆ, ਪਰ ਅਗਲੇ ਸਾਲ ਵੰਡ ਹੋ ਗਈ। ਆਡੀਸ਼ਨ ਮੌਕੇ ਉਸ ਨੇ 'ਹੀਰ' ਪੇਸ਼ ਕੀਤੀ ਸੀ। ਜਦੋਂ ਵੰਡ ਮਗਰੋਂ ਏਧਰ ਆਏ ਤਾਂ ਸਭ ਤੋਂ ਪਹਿਲਾਂ ਜਲੰਧਰ ਦੀ ਬਸਤੀ ਸ਼ੇਖ ਵਿਚ ਰਹਿਣਾ ਸ਼ੁਰੂ ਕੀਤਾ। ਗਾਉਣ ਦੀ ਕੋਸ਼ਿਸ਼ ਜਾਰੀ ਰੱਖੀ ਤੇ ਰੇਡੀਓ 'ਤੇ ਮੁੜ ਆਡੀਸ਼ਨ ਦਿੱਤਾ, 'ਮਿਰਜ਼ਾ' ਗਾਇਆ, 'ਜੱਟ ਚੜ੍ਹਦੇ ਮਿਰਜ਼ੇ ਖਾਨ ਨੂੰ, ਜੱਟ ਵੰਝਲ ਦਿੰਦਾ ਮੱਤ' ਤੇ 'ਪਾਸ' ਦਾ ਸਰਟੀਫ਼ਿਕੇਟ ਮਿਲ ਗਿਆ। ਬਸ ਫੇਰ ਸ਼ੁਰੂ ਹੋ ਗਿਆ ਗਾਉਣ ਦਾ ਸਿਲਸਿਲਾ। ਲਗਾਤਾਰ ਰੇਡੀਓ ਤੋਂ ਕੰਮ ਮਿਲਦਾ ਗਿਆ ਤੇ ਚਰਚਾ ਹੋਣ ਮਗਰੋਂ ਬਾਹਰੋਂ ਪ੍ਰੋਗਰਾਮ ਨਿਕਲਣੇ ਸ਼ੁਰੂ ਹੋ ਗਏ। ਨਜ਼ਾਤਮ ਨਗਰ 'ਚ ਪਲਾਟ ਲੈ ਗਿਆ ਤੇ ਪਰਿਵਾਰ ਸਮੇਤ ਇਥੇ ਰਹਿਣ ਲੱਗ ਪਿਆ।

ਮਿਲਖੀ ਰਾਮ ਮਿਲਖੀ ਦੀ ਘਰਵਾਲੀ ਕਮਲਾਵੰਤੀ ਦੀ ਮੌਤ ਵੰਡ ਤੋਂ ਕੁਝ ਸਾਲ ਬਾਅਦ ਹੋ ਗਈ। ਤਿੰਨ ਕੁੜੀਆਂ ਤੇ ਚਾਰ ਪੁੱਤ ਉਸ ਦੇ ਪਰਿਵਾਰ ਦਾ ਹਿੱਸਾ ਬਣੇ। ਇੱਕ ਪੁੱਤ ਗੁਰਦਰਸ਼ਨ ਲਾਲ, ਜਿਹੜਾ ਕਲਾਸੀਕਲ ਸੰਗੀਤ ਦਾ ਪ੍ਰੋਫ਼ੈਸਰ ਸੀ, ਚਲਾਣਾ ਕਰ ਗਿਆ। ਇਸ ਦਾ ਮਿਲਖੀ ਨੂੰ ਡੂੰਘਾ ਝਟਕਾ ਲੱਗਾ। ਮਿਲਖੀ ਹੁਣ ਪੋਤਿਆਂ-ਪੜਪੋਤਿਆਂ, ਦੋਹਤਿਆਂ ਵਾਲਾ ਏ।

ਉਮਰ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ, ਪਰ ਜ਼ਿੰਦਗੀ ਦੀ ਇਸ ਸ਼ਾਮ ਤੋਂ ਬੇਖ਼ਬਰ ਮਿਲਖੀ ਦਾ ਦਿਨ ਆਮ ਵਾਂਗ ਚੜ੍ਹਦਾ ਏ ਤੇ ਆਮ ਵਾਂਗ ਛਿਪ ਜਾਂਦਾ ਏ। "ਬਸ ਮਾਅਰਾਜ ਜੋ ਕਰਦੈ, ਚੰਗਾ ਏ...ਉਹਦੀ ਰਜ਼ਾ 'ਚ ਰਹਿਣਾ ਹੀ ਚੰਗਾ ਏ...ਮਾੜੇ ਕੰਮ ਦਾ ਨਤੀਜਾ ਮਾੜਾ ਨਿਕਲਦੈ" ਵਰਗੀਆਂ ਗੱਲਾਂ ਉਸ ਦੇ ਮੂੰਹੋਂ ਆਪ ਮੁਹਾਰੇ ਨਿਕਲਦੀਆਂ ਰਹਿੰਦੀਆਂ ਨੇ।

ਗਾ ਕੇ ਮਿਲਖੀ ਨੇ ਬਹੁਤ ਕੁਝ ਕਮਾਇਆ ਪਰ ਰਿਕਾਰਡਿੰਗ ਵੱਲ ਬਹੁਤਾ ਧਿਆਨ ਨਾ ਕੀਤਾ। ਉਹ ਮੌਜੀ ਬੰਦਾ ਸੀ, ਜਿਹੜਾ ਭੱਜ-ਦੌੜ 'ਚ ਯਕੀਨ ਨਹੀਂ ਸੀ ਰੱਖਦਾ। ਉਸ ਮੁਤਾਬਕ, "ਬਹੁਤ ਕਲਾਕਾਰਾਂ ਨੇ ਕਿਹਾ ਸੀ ਕਿ ਤੁਸੀਂ ਵੀ ਆਪਣੀਆਂ ਰਿਕਾਰਡਿੰਗਾਂ ਕਰਾਓ, ਪਰ ਮੇਰਾ ਮਨ ਨਾ ਮੰਨਿਆ। ਸਿਰਫ਼ ਇਕੋ ਗੀਤ ਰਿਕਾਰਡ ਹੋਇਆ, 'ਚੜ੍ਹਿਆ ਦਿਨ ਜਦ ਰਾਜੇ ਨੇ ਦਰਬਾਰ ਲਗਾਇਆ' ਤੇ ਉਸ ਪਿਛੋਂ ਕਈ ਕੰਪਨੀਆਂ ਦੇ ਬੁਲਾਵੇ ਆਏ ਪਰ ਮੈਂ ਨਾਂਹ ਕਰ ਦਿੱਤੀ। ਨਰਿੰਦਰ ਬੀਬਾ ਨੇ ਵੀ ਬੜੀ ਵਾਰ ਕਿਹਾ, 'ਮਿਲਖੀ ਜੀ, ਕੁਝ ਰਿਕਾਰਡ ਕਰਾ ਲਵੋ, ਪਛਾਣ ਬਣੀ ਰਹੇਗੀ, ਰਾਇਲਟੀ ਆਈ ਜਾਏਗੀ, ਪਰ ਮੇਰਾ ਧਿਆਨ ਇਨ੍ਹਾਂ ਗੱਲਾਂ ਵੱਲ ਨਹੀਂ ਸੀ। ਬਿਨਾਂ ਰਿਕਾਰਡਿੰਗ ਦੇ ਏਨਾ ਜ਼ਿਆਦਾ ਕੰਮ ਸੀ ਕਿ ਪੁੱਛੋ ਕੁਝ ਨਾ। ਪੰਜਾਬੋਂ ਬਾਹਰਲੇ ਸੂਬਿਆਂ ਵਿਚ ਵੀ ਮੇਰੇ ਸੁਣਨ ਵਾਲੇ ਸਨ। ਕਦੇ ਰਾਜਸਥਾਨ, ਕਦੇ ਹਿਮਾਚਲ, ਕਦੇ ਦਿੱਲੀ, ਕਦੇ ਹਰਿਆਣੇ, ਗਾਉਂਦਾ ਰਿਹਾ, ਕਮਾਉਂਦਾ ਰਿਹਾ, ਨਿਆਣੇ ਪਾਲਦਾ ਰਿਹਾ।"

ਮਿਲਖੀ ਰਾਮ ਦੀਆਂ ਗੱਲਾਂ ਦੱਸਦੀਆਂ ਨੇ ਕਿ ਕਲਾਕਾਰਾਂ ਦੀ ਇਕ ਜਮਾਤ ਇਹੋ ਜਹੀ ਸਾਦ-ਮੁਰਾਦੀ ਜ਼ਿੰਦਗੀ ਵਾਲੀ ਵੀ ਰਹੀ ਏ। ਘਟਨਾਵਾਂ, ਪ੍ਰਾਪਤੀਆਂ, ਸਨਮਾਨਾਂ ਦੇ ਬਹੁਤੇ ਵੇਰਵੇ ਜ਼ਿਆਦਾ ਉਮਰ ਕਰਕੇ ਉਸ ਨੂੰ ਯਾਦ ਨਹੀਂ, ਸੋ ਵਾਰ-ਵਾਰ ਉਨ੍ਹਾਂ ਪੰਜ-ਸੱਤ ਗੀਤਾਂ ਦੇ ਹੀ ਨਾਂ ਲੈਂਦੈ, ਜਿਹੜੇ ਰੇਡੀਓ-ਟੀ.ਵੀ. ਤੋਂ ਪੇਸ਼ ਹੁੰਦੇ ਰਹੇ ਨੇ। ਉਸ ਨੇ ਲੋਕ ਗਾਥਾਵਾਂ ਨਿੱਠ ਕੇ ਗਾਈਆਂ, 'ਪੂਰਨ ਭਗਤ', 'ਕੀਮਾ ਮਲਕੀ', 'ਢੋਲ ਸੰਮੀ', 'ਰਾਜਾ ਹਰੀਸ਼ ਚੰਦਰ।' ਦੇਸ਼ ਭਗਤੀ ਦੇ ਗੀਤਾਂ ਸਮੇਤ ਕਈ ਮਨਚਲੇ ਗੀਤਾਂ ਨੂੰ ਵੀ ਅਵਾਜ਼ ਦਿੱਤੀ।

"ਚੜ੍ਹਤ ਦੇ ਦਿਨਾਂ ਵਾਲੀ ਕੋਈ ਗੱਲ ਸੁਣਾ ਦਿਓ" ਕਹਿਣ 'ਤੇ ਮਿਲਖੀ ਰਾਮ "ਬਸ ਗੁਰੂ ਦੀ ਕ੍ਰਿਪਾ ਏ। ਜ਼ਿੰਦਗੀ 'ਚ ਕਦੇ ਕਿਸੇ ਦਾ ਮਾੜਾ ਨਹੀਂ ਕੀਤਾ, ਬੜਾ ਕੁਝ ਕਮਾਇਆ, ਬੇਅੰਤ ਪਿਆਰ ਮਿਲਿਆ ਪਰ ਕਿਸੇ ਦਾ ਦਿਲ ਨਹੀਂ ਦੁਖਾਇਆ। ਸੱਭਿਅਤਾ ਤੋਂ ਗਿਰੀ ਗੱਲ ਨਹੀਂ ਕੀਤੀ। ਚੰਗਾ ਗਾਇਆ, ਨੇਕ ਕੰਮ ਕਰਨ ਦੀ ਕੋਸ਼ਿਸ਼ ਕੀਤੀ ਏ। ਚੰਦਰਕਾਂਤਾ ਸਮੇਤ ਕਈ ਹੋਰ ਕੁੜੀਆਂ ਨਾਲ ਵੀ ਗਾਇਆ। ਸਿਹਰੇ ਗਾ-ਗਾ ਨਿਆਣੇ ਪਾਲ ਲਏ। ਵਿਆਹਾਂ ਦੇ ਪ੍ਰੋਗਰਾਮ ਬੜੇ ਹੁੰਦੇ ਸਨ, ਬੱਲੇ-ਬੱਲੇ ਸੀ ਪੂਰੀ, ਖੂਬ ਬੁੱਲ੍ਹੇ ਲੁੱਟੇ ਨੇ ਜ਼ਿੰਦਗੀ ਦੇ। ਪਰ ਹੁਣ ਮੇਰਾ ਮਨ ਭਰ ਗਿਐ ਗਾਉਣ ਵੱਲੋਂ, ਬਹੁਤਾ ਤੁਰ-ਫਿਰ ਨਹੀਂ ਸਕਦਾ ਹੁਣ। ਜੇ ਕੋਈ ਬੁਲਾਵੇ ਵੀ ਤਾਂ ਜਵਾਬ ਦੇ ਦਈਦਾ ਹੈ। ਤੋਰਾ-ਫੇਰਾ ਨਹੀਂ ਹੁੰਦਾ। ਚੰਗੇ ਵਿਚਾਰ, ਚੰਗੇ ਕਰਮ ਮੇਰੀ ਕਮਾਈ ਨੇ, ਜੋ ਮੇਰੇ ਨਾਲ ਜਾਣਗੇ।"

ਮਿਲਖੀ ਰਾਮ ਮਿਲਖੀ ਅਤੇ ਅਲਗੋਜ਼ਾ ਵਾਦਕ ਬੇਲੀ ਰਾਮ ਦੀ ਬੜੀ ਨੇੜਤਾ ਸੀ। ਬੇਲੀ ਰਾਮ ਨੇ ਅਲਗੋਜ਼ੇ ਵਜਾਉਣੇ ਤੇ ਮਿਲਖੀ ਨੇ ਗਾਉਣਾ। ਖੂਬ ਨਿਭੀ ਦੋਹਾਂ ਦੀ। ਪਰ ਜਦੋਂ ਬੇਲੀ ਰਾਮ ਚਲਾਣਾ ਕਰ ਗਿਆ ਤਾਂ ਮਿਲਖੀ ਰਾਮ ਨੂੰ ਡੂੰਘੀ ਸੱਟ ਵੱਜੀ ਤੇ ਸੋਚ ਲਿਆ ਕਿ ਹੁਣ ਪਹਿਲਾਂ ਵਾਂਗ ਨਹੀਂ ਗਾਉਣਾ। ਚੁੱਪ ਵੱਟ ਲਈ, ਪਰ ਬਹੁਤੇ ਨੇੜਲਿਆਂ ਦੇ ਬੁਲਾਵਿਆਂ 'ਤੇ ਜਾਂਦਾ ਰਿਹਾ।

"ਤੁਹਾਡੀ ਔਲਾਦ ਨੂੰ ਅੱਗੋਂ ਗਾਉਣ ਦਾ ਸ਼ੌਕ ਏ ਜਾਂ ਨਹੀਂ?" ਦੇ ਜਵਾਬ 'ਚ ਮਿਲਖੀ ਕਹਿੰਦੈ, "ਪੋਤਾ ਗਾਉਂਦੈ ਮੇਰਾ, ਜੀਹਦਾ ਬੋਰਡ ਬਾਹਰ ਲੱਗੈ, ਅੱਜ ਵੀ ਫ਼ੰਕਸ਼ਨ 'ਤੇ ਗਿਐ। ਜਗਰਾਤੇ ਸੋਹਣੇ ਲਾ ਲੈਂਦੈ ਤੇ ਵਿਆਹਾਂ ਦੇ ਪ੍ਰੋਗਰਾਮ ਵੀ ਕਰਦੈ। ਚੰਗਾ ਕੰਮ ਏ ਉਹਦਾ, ਨਾਂ ਲੱਕੀ ਏ, ਵੈਸੇ ਵੀ 'ਲੱਕੀ' ਏ। ਪੁੱਤ ਕਲਾਸੀਕਲ ਦਾ ਬੜਾ ਮਾਹਿਰ ਸੀ, ਵਿਚਾਰਾ ਚੱਲਦਾ ਬਣਿਆ। ਬਹੁਤ ਕ੍ਰਿਪਾ 'ਮਾਅਰਾਜ' ਦੀ, ਸਾਰੇ ਆਪੋ-ਆਪਣੇ ਕੰਮਾਂ 'ਚ ਲੱਗੇ ਨੇ, ਚੰਗੀ ਰੋਟੀ ਖਾਂਦੇ ਨੇ।"

"ਪਰ ਤੁਹਾਡੇ ਵਾਂਗ ਕਮਰਸ਼ੀਅਲ ਤੌਰ 'ਤੇ ਵਿਚਰਨ ਵਾਲਾ ਜਾਂ ਨਾਂ ਕਮਾਉਣ ਵਾਲਾ ਤਾਂ ਨਹੀਂ ਕੋਈ।"

"ਨਹੀਂ, ਨਹੀਂ, ਏਦਾਂ ਦਾ ਕੋਈ ਨਹੀਂ, ਜੀਹਦਾ ਜਿਵੇਂ ਮਨ ਕਰਦੈ, ਕਰੀ ਜਾਂਦੈ। ਮੈਨੂੰ ਤਸੱਲੀ ਏ ਕਿ ਸਾਰੇ ਆਹਰ ਲੱਗੇ ਹੋਏ ਨੇ।"

ਮਿਲਖੀ ਨੂੰ ਸਰਕਾਰਾਂ 'ਤੇ ਥੋੜ੍ਹਾ ਗਿਲਾ ਜ਼ਰੂਰ ਏ ਕਿ ਉਹ ਕਲਾ ਨੂੰ ਪ੍ਰਣਾਏ ਲੋਕਾਂ ਦੀ ਸਾਰ ਨਹੀਂ ਲੈਂਦੀਆਂ। ਉਸ ਮੁਤਾਬਕ ਇਕ-ਦੋ ਵਾਰ ਸਨਮਾਨ ਵੀ ਹੋਇਆ। ਦੋ-ਚਾਰ ਹਜ਼ਾਰ ਨਾਲ ਸਨਮਾਨਤ ਕੀਤਾ। ਪਰ ਏਨੇ ਨਾਲ ਕੀ ਬਣਦੈ, ਮਹਿੰਗਾਈ ਕਿੰਨੀ ਏ। ਕਲਾਕਾਰਾਂ ਲਈ ਕੁਝ ਤਾਂ ਜ਼ਰੂਰ ਸੋਚਣਾ ਚਾਹੀਦੈ।

ਇਹ ਪੁੱਛਣ 'ਤੇ ਕਿ ਨਵੇਂ ਕਲਾਕਾਰਾਂ ਦੇ ਗੀਤਾਂ ਬਾਬਤ ਕੀ ਕਹੋਗੇ...ਮਾੜੀ ਗਾਇਕੀ ਨੇ ਅੱਤ ਚੁੱਕੀ ਏ, ਉਹ ਚੁੱਪ ਰਹਿਣ ਨੂੰ ਆਖਦੈ, "ਚੁੱਪ ਕਰੋ...ਚੁੱਪ ਕਰੋ, ਕਿਸੇ ਨੂੰ ਕੁੱਝ ਨਹੀਂ ਕਹਿਣਾ। ਅੱਜ-ਕੱਲ੍ਹ ਜ਼ਮਾਨਾ ਮਾੜੇ ਨੂੰ ਮਾੜਾ ਕਹਿਣ ਦਾ ਨਹੀਂ, ਵੈਰ ਪੈ ਜਾਂਦੈ। 'ਗੁਰੂ' ਸਭ ਦਾ ਭਲਾ ਕਰੇ, ਸਭ ਦੀ ਡਿਊਟੀ ਲੱਗੀ ਹੋਈ ਏ, ਕੀ ਲੈਣੈ ਕਿਸੇ ਵਿਚ ਨੁਕਸ ਕੱਢ ਕੇ।"

ਮਿਲਖੀ ਰਾਮ ਦੀਆਂ ਜਵਾਨੀ ਵੇ.ਲੇ ਦੀਆਂ ਫੋਟੋਆਂ ਦੇਖ ਮੈਂ ਸੋਚਾਂ ਵਿਚ ਗੁਆਚ ਗਿਆ ਕਿ ਜੁੱਸੇ ਦਾ ਏਨਾ ਤਕੜਾ ਬੰਦਾ ਇਕ ਦਿਨ ਹੱਡੀਆਂ ਦੀ ਮੁੱਠ ਵੀ ਬਣ ਜਾਂਦੈ। ਸੱਚ ਏ ਕਿ ਉਮਰ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ। ਇੱਕ ਤਸਵੀਰ ਦੇਖ ਕੇ ਮੂੰਹੋਂ ਮੱਲੋਜ਼ੋਰੀ 'ਵਾਹ' ਨਿਕਲ ਗਿਆ। ਜਿਊਣੇ ਮੋੜ ਵਰਗਾ, ਰੋਅਬਦਾਰ ਮੁੱਛਾਂ ਵਾਲਾ ਮਿਲਖੀ ਜਵਾਨੀ ਵੇ.ਲੇ ਹੁਣ ਨਾਲੋਂ ਬਿਲਕੁਲ ਵੱਖਰਾ ਸੀ। ਹੁਣ ਉਸ ਦੀਆਂ ਕਈ ਗੱਲਾਂ 'ਚੋਂ ਡਰ ਝਲਕਦੈ ਤੇ ਜਵਾਨੀ ਵੇ.ਲੇ ਉਸ ਦਾ ਤਕੜਾ ਸਰੀਰ ਕਈਆਂ ਨੂੰ ਡਰਾਉਂਦਾ ਰਿਹਾ ਹੋਏਗਾ।

# ਸਵੈ-ਪਛਾਣ ਲਈ ਔਰਤਾਂ ਦੀ ਜਦੋਜਹਿਦ

**ਸੁਰਜੀਤ, ਟੋਰਾਂਟੋ**
**ਫੋਨ: 905-216-4981**

ਤਕਰੀਬਨ ਸਾਰੀ ਦੁਨੀਆਂ ਵਿਚ ਹੀ ਔਰਤ ਨੇ ਆਪਣੇ ਹੱਕਾਂ ਲਈ ਇਕ ਲੰਬੀ ਲੜਾਈ ਲੜੀ ਹੈ। ਇਤਿਹਾਸ, ਮਿਥਿਹਾਸ ਅਤੇ ਸਾਹਿਤ ਵਿਚ ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਮਿਲਦੀਆਂ ਹਨ। ਅਮਰੀਕਾ ਅਤੇ ਕੈਨੇਡਾ ਵਰਗੇ ਅਗਾਂਹਵਧੂ ਦੇਸ਼ਾਂ ਵਿਚ ਵੀ ਔਰਤ ਨੂੰ ਮਰਦ ਤੋਂ ਪਿਛਾਂਹ ਰੱਖਿਆ ਜਾਂਦਾ ਹੈ ਪਰ ਔਰਤ ਨੇ ਕਦੇ ਹਾਰ ਨਹੀਂ ਮੰਨੀ ਅਤੇ ਉਹ ਆਪਣੇ ਹੱਕਾਂ ਲਈ ਨਿਰੰਤਰ ਜਦੋਜਹਿਦ ਕਰਦੀ ਰਹੀ ਹੈ।

ਐਲਿਸ ਵਾਕਰ ਇਕ ਅਫ਼ਰੀਕਨ ਐਕਟਿਵਿਸਟ ਤੇ ਸੰਸਾਰ ਪ੍ਰਸਿਧ ਔਰਤ ਲੇਖਕ ਹੈ। ਉਸ ਨੇ 'ਦਾ ਕਲਰ ਪਰਪਲ' ਨਾਵਲ ਲਿਖ ਕੇ ਲਿਤਾੜੀਆਂ ਹੋਈਆਂ ਅਫਰੀਕਨ ਔਰਤਾਂ ਦੇ ਹੱਕ ਵਿਚ ਆਵਾਜ਼ ਉਠਾਉਣ ਦੀ ਜੁਰੱਅਤ ਕੀਤੀ। ਇਸ ਵਿਚ ਉਸ ਨੇ 1930 ਵਿਚ ਅਮਰੀਕਾ ਦੀ ਜਾਰਜੀਆ ਸਟੇਟ 'ਚ ਵਸਦੇ ਅਫਰੀਕਨ ਖੇਤ ਮਜ਼ਦੂਰਾਂ ਵਲੋਂ ਆਪਣੀਆਂ ਔਰਤਾਂ ਨਾਲ ਕੀਤੇ ਸਰੀਰਕ ਤੇ ਮਾਨਸਿਕ ਸ਼ੋਸਣ ਦੀ ਇਕ ਦਿਲ ਦਹਿਲਾ ਦੇਣ ਵਾਲੀ ਤਸਵੀਰ ਪੇਸ਼ ਕੀਤੀ ਹੈ। ਬੁਰੀ ਤਰ੍ਹਾਂ ਪਿਸ ਰਹੀਆਂ ਇਨ੍ਹਾਂ ਔਰਤਾਂ ਵਿਚੋਂ ਹੀ ਇਕ ਔਰਤ ਦੂਜੀਆਂ ਔਰਤਾਂ ਨੂੰ ਹੱਲਾਸ਼ੇਰੀ ਦੇਣ ਲਈ ਉਠ ਖੜ੍ਹਦੀ ਹੈ। ਇਹ ਔਰਤਾਂ ਇਕੱਠੀਆਂ ਹੋ ਕੇ ਆਪਣੇ ਪਤੀਆਂ ਦੇ ਤਸ਼ੱਦਦ ਵਿਰੁਧ ਖੜ੍ਹੀਆਂ ਹੋ ਜਾਂਦੀਆਂ ਹਨ। ਉਹ ਔਰਤਾਂ ਜਿਨ੍ਹਾਂ ਨੂੰ ਸਿਰਫ ਮਰਦ ਦੇ ਪੈਰਾਂ ਜਾਂ ਗੋਡਿਆਂ ਵਲ ਵੇਖ ਕੇ ਹੀ ਗੱਲ ਕਰਨ ਦੀ ਇਜਾਜ਼ਤ ਸੀ, ਆਪਣੀ ਸਮਾਜਿਕ ਅਤੇ ਆਰਥਿਕ ਅਜ਼ਾਦੀ ਹਾਸਿਲ ਕਰ ਲੈਂਦੀਆਂ ਹਨ ਜਿਸ ਨੂੰ ਅੱਜ 'ਸਿਸਟਰਹੁਡ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।



ਅੱਜ ਦੇ ਮੀਡੀਏ ਦੀ ਦੁਨੀਆਂ ਦੀ ਮਸ਼ਹੂਰ ਅਤੇ ਸਭ ਤੋਂ ਅਮੀਰ ਹਸਤੀ ਓਪਰਾ ਵਿਨਫਰੇ ਇਕ ਬਹੁਤ ਗਰੀਬ ਘਰ ਵਿਚ ਪੈਦਾ ਹੋਈ ਸੀ। ਗਰੀਬੀ ਕਾਰਨ ਬਚਪਨ ਵਿਚ ਉਸ ਨੇ ਦਰ ਦਰ ਦੀਆਂ ਠੋਕਰਾਂ ਖਾਧੀਆਂ। ਆਪਣੇ ਅਨੇਕਾਂ ਰਿਸ਼ਤੇਦਾਰਾਂ ਤੇ ਹੋਰ ਮਰਦਾਂ ਦੇ ਸ਼ੋਸਣ ਦਾ ਸ਼ਿਕਾਰ ਹੋਈ, ਪਰ ਉਸ ਨੇ ਹਿੰਮਤ ਨਹੀਂ ਹਾਰੀ। ਪੜ੍ਹਾਈ ਅਤੇ ਮਿਹਨਤ ਸਦਕਾ ਅੱਜ ਉਹ ਦੁਨੀਆਂ ਦੀਆਂ ਔਰਤਾਂ ਲਈ ਰੋਲ ਮਾਡਲ ਬਣੀ ਹੋਈ ਹੈ।

ਹੁਣ ਤਕ ਔਰਤ ਇਹ ਸਿੱਧ ਕਰ ਚੁੱਕੀ ਹੈ ਕਿ ਉਹ ਬੰਦੇ ਨਾਲੋਂ ਕਿਸੇ ਗੱਲੋਂ ਵੀ ਘਟ ਨਹੀਂ। ਕੈਨੇਡਾ ਦੀਆਂ 'ਫੇਮਸ ਫਾਈਵ' ਨੇ ਵੀ ਇਹੋ ਜਿਹੀ ਇਕ ਲੜਾਈ ਲੜੀ ਸੀ। ਅੱਜ ਕੈਨੇਡਾ ਵਿਚ ਔਰਤ ਜੋ ਰਾਜਨੀਤੀ ਦੇ ਖੇਤਰ 'ਚ ਹੱਕ ਮਾਣ ਰਹੀ ਹੈ, ਇਹ ਇਨ੍ਹਾਂ 'ਫੇਮਸ ਫਾਈਵ' ਦੀ ਹੀ ਦੇਣ ਹਨ।

ਕੈਨੇਡਾ ਵਰਗੇ ਅਗਾਂਹਵਧੂ ਦੇਸ਼ ਵਿਚ ਵੀ ਔਰਤਾਂ ਹਮੇਸ਼ਾ ਆਜ਼ਾਦ ਨਹੀਂ ਸਨ। ਇਨ੍ਹਾਂ ਦੀ ਗਿਣਤੀ 'ਪਰਸਨਜ਼' ਯਾਨਿ ਵਿਅਕਤੀਆਂ ਵਿਚ ਨਹੀਂ ਕੀਤੀ ਜਾਂਦੀ ਸੀ। 1927 ਵਿਚ ਪੰਜ ਔਰਤਾਂ- ਐਮਲੀ ਮਰਫੀ, ਆਇਰਨ ਮਾਰਟਿਨ ਪਰਲਬੀ, ਨੈਨੀ ਮੂਲੀ ਮੈਕਲੰਗ, ਲੂਈਸ ਮਕੀਨੀ ਤੇ ਹੈਨਰੀਅਟਾ ਮਯੂਰ ਨੇ ਇਕੱਠਿਆਂ ਹੋ ਕੇ ਕੈਨੇਡਾ ਦੀ ਸੁਪਰੀਮ ਕੋਰਟ ਤੋਂ ਬ੍ਰਿਟਿਸ਼ ਸੰਵਿਧਾਨ ਵਿਚ ਲਿਖੇ 'ਕੁਆਲੀਫਾਈਡ ਪਰਸਨਜ਼' ਦੀ ਪਰਿਭਾਸ਼ਾ ਪੁੱਛੀ। ਉਨ੍ਹਾਂ ਦਾ ਮਤਲਬ ਸੀ ਕਿ ਕੀ 'ਪਰਸਨਜ਼' ਵਿਚ ਔਰਤਾਂ ਸ਼ਾਮਿਲ ਹੋ ਸਕਦੀਆਂ ਸਨ ਕਿ ਨਹੀਂ। ਅਸਲ ਵਿਚ ਉਹ ਇਹ ਜਾਨਣਾ ਚਾਹੁੰਦੀਆਂ ਸਨ ਕਿ ਕੀ ਔਰਤਾਂ ਵੀ ਸੈਨੇਟ ਦੀ ਨੁਮਾਇੰਦਗੀ ਕਰ ਸਕਦੀਆਂ ਸਨ ਕਿ ਨਹੀਂ।

1928 ਵਿਚ ਕੈਨੇਡਾ ਦੀ ਸੁਪਰੀਮ ਕੋਰਟ ਨੇ ਇਹ ਫ਼ੈਸਲਾ ਸੁਣਾਇਆ ਕਿ ਔਰਤਾਂ 'ਪਰਸਨਜ਼' ਵਿਚ ਸ਼ਾਮਿਲ ਨਹੀਂ ਸਨ। ਇਸ ਫੈਸਲੇ ਦੀ ਆਖਿਰੀ ਸਤਰ ਵਿਚ ਲਿਖਿਆ ਗਿਆ ਸੀ ਕਿ ਔਰਤਾਂ ਨੂੰ ਕੈਨੇਡਾ ਦੀ ਸੈਨੇਟ ਦਾ ਮੈਂਬਰ ਬਣਨ ਦਾ ਅਧਿਕਾਰ ਨਹੀਂ ਹੈ। ਇਸ ਕੇਸ ਨੂੰ 'ਪਰਸਨਜ਼ ਕੇਸ' ਦਾ ਨਾਂ ਦਿਤਾ ਗਿਆ। ਪਰ ਇਹ ਔਰਤਾਂ ਹਾਰੀਆਂ ਨਹੀਂ। ਇਨ੍ਹਾਂ ਨੇ ਇਸ ਕੇਸ ਦੀ ਇੰਗਲੈਂਡ ਵਿਚ ਬ੍ਰਿਟਿਸ਼ ਸਰਕਾਰ ਦੀ 'ਜੂਡੀਸ਼ੀਅਲ ਪ੍ਰੀਵੀ ਕੌਂਸਲ' ਅੱਗੇ ਪਟੀਸ਼ਨ ਕੀਤੀ। 18 ਅਕਤੂਬਰ 1929 ਨੂੰ ਪਹਿਲੇ ਫ਼ੈਸਲੇ ਨੂੰ ਰੱਦ ਕਰ ਦਿਤਾ ਗਿਆ ਤੇ 'ਪਰਸਨਜ਼' ਵਿਚ ਔਰਤਾਂ ਵੀ ਸ਼ਾਮਿਲ ਕੀਤੀਆਂ ਗਈਆਂ। ਇਸ ਤਰ੍ਹਾਂ ਔਰਤਾਂ ਨੂੰ ਸੈਨੇਟ ਦੀਆਂ ਮੈਂਬਰ ਬਣਨ ਦੇ ਅਧਿਕਾਰ ਮਿਲ ਗਏ।

ਇਹ ਪੰਜੇ ਔਰਤਾਂ ਅਲਬਰਟਾ ਦੀਆਂ ਰਹਿਣ ਵਾਲੀਆਂ ਸਨ। ਕੇਸ ਜਿੱਤਣ ਤੋਂ ਬਾਅਦ ਇਨ੍ਹਾਂ ਨੇ ਕੈਨੇਡੀਅਨ ਔਰਤਾਂ ਦੇ ਹੱਕਾਂ ਲਈ ਬਹੁਤ ਸਾਰੇ ਲਾਹੇਵੰਦ ਕੰਮ ਕੀਤੇ। ਕੰਮ 'ਤੇ ਔਰਤ ਕਾਮਿਆਂ ਲਈ ਸੁਖਾਵਾਂ ਮਾਹੌਲ, ਸਿਹਤ ਸਬੰਧੀ ਸੇਵਾਵਾਂ, ਵਿਆਹੁਤਾ ਔਰਤਾਂ ਦੇ ਅਧਿਕਾਰ, ਬੱਚਿਆਂ ਦੇ ਪਾਲਣ-ਪੋਸ਼ਣ, ਰਾਜਨੀਤੀ ਵਿਚ ਹਿੱਸਾ ਲੈਣ, ਵਿਦਿਅਕ ਅਦਾਰਿਆਂ ਵਿਚ ਔਰਤਾਂ ਦੇ ਹਰ ਮਸਲੇ ਲਈ ਇਨ੍ਹਾਂ ਪੰਜਾਂ ਨੇ ਸਾਰੀ ਜ਼ਿੰਦਗੀ ਲਗਨ ਅਤੇ ਹਿੰਮਤ ਨਾਲ ਅੱਗੇ ਹੋ ਕੇ ਕੰਮ ਕੀਤਾ। ਔਰਤਾਂ ਨੂੰ ਹੱਕ ਦੁਆਉਣ ਵੇਲੇ ਇਨ੍ਹਾਂ ਰੰਗ ਭੇਦ, ਨਸਲ ਅਤੇ ਲਿੰਗ ਦੀ ਪਰਵਾਹ ਨਹੀਂ ਕੀਤੀ।

ਅੱਜ ਇਹ ਪੰਜੇ ਔਰਤਾਂ 'ਫੇਮਸ ਫਾਈਵ' ਦੇ ਨਾਂ ਨਾਲ ਜਾਣੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਕੈਨੇਡਾ ਸਰਕਾਰ ਨੇ ਬਹੁਤ ਮਾਣ ਦਿਤਾ। ਇਨ੍ਹਾਂ ਦੀਆਂ ਜੀਵਨੀਆਂ ਤਿਆਰ ਕਰਵਾਈਆਂ ਗਈਆਂ। ਇਨ੍ਹਾਂ ਦੀ ਤਸਵੀਰ ਪੰਜਾਹਾਂ ਦੇ ਨੋਟ 'ਤੇ ਛਾਪੀ ਗਈ। ਕੈਨੇਡਾ ਦੀ ਸਰਕਾਰ ਨੇ ਇਨ੍ਹਾਂ ਨੂੰ ਟਰਾਫ਼ੀਆਂ ਦੇ ਕੇ ਵੀ ਸਨਮਾਨਿਤ ਕੀਤਾ। ਇਨ੍ਹਾਂ ਦੇ ਬੁੱਤ ਮਸ਼ਹੂਰ ਬੁੱਤਘਾੜੀ ਬਾਰਬਰਾ ਪੈਟਰਸਨ ਤੋਂ ਬਣਵਾ ਕੇ 'ਪਾਰਲੀਮੈਂਟ ਹਿਲ', ਔਟਵਾ ਅਤੇ 'ਉਲਿੰਪਕ ਪਲਾਜ਼ਾ' ਕੈਲਗਰੀ ਵਿਚ ਲਗਵਾਏ ਗਏ ਹਨ। ਇਨ੍ਹਾਂ ਦੀ ਇਸ ਪ੍ਰਾਪਤੀ ਤੇ ਸਾਰੀ ਇਸਤਰੀ ਜਾਤੀ ਨੂੰ ਮਾਣ ਹੈ।

ਅਜੇ ਵੀ ਔਰਤ ਜਾਤੀ ਦੇ ਸਾਹਮਣੇ ਅਨੇਕਾਂ ਚੁਣੌਤੀਆਂ ਹਨ। ਇਸ ਦਾ ਭਾਵ ਇਹ ਨਹੀਂ ਕਿ ਔਰਤ ਹਾਰ ਕੇ ਬੈਠ ਜਾਵੇ। ਔਰਤ ਮਾਂ ਵੀ ਹੈ ਤੇ ਜੇ ਹਰ ਮਾਂ ਇਹ ਪ੍ਰਣ ਕਰ ਲਵੇ ਕਿ ਉਹ ਪੁੱਤਰ ਅਤੇ ਧੀ ਵਿਚ ਫ਼ਰਕ ਨਹੀਂ ਕਰੇਗੀ। ਉਹ ਆਪਣੇ ਪੁੱਤਰ ਨੂੰ ਇਹੋ ਜਿਹੇ ਸੰਸਕਾਰ ਦੇਵੇਗੀ ਕਿ ਵੱਡਾ ਹੋ ਕੇ ਉਹ ਹਰ ਔਰਤ ਦਾ ਸਤਿਕਾਰ ਕਰੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਮਰਦ ਤੇ ਔਰਤ ਦੀ ਹੋਂਦ ਵਿਚ ਕੋਈ ਭਿੰਨਤਾ ਨਹੀਂ ਰਹੇਗੀ।

## *ਮਿੱਠੀਆਂ ਗੋਲੀਆਂ ਦੀ ਉਡੀਕ*

*(ਪਿਛਲੇ ਸਫੇ ਦੀ ਬਾਕੀ)*

ਨਾਜਰ ਦੀਆਂ ਦਿੱਤੀਆਂ ਖੰਡ ਦੀਆਂ ਗੋਲੀਆਂ ਦਾ ਸਵਾਦ ਹੀ ਕੁਝ ਵੱਖਰਾ ਸੀ। ਬਾਕੀ ਸਭ ਤਰ੍ਹਾਂ ਦੇ ਖਾਧੇ ਪਕਵਾਨਾਂ ਦਾ ਸਵਾਦ ਉਸ ਦੀਆਂ ਗੋਲੀਆਂ ਤੋਂ ਫਿੱਕਾ ਹੀ ਰਿਹਾ ਹੈ। ਕਈ ਵਾਰ ਬੱਸਾਂ ਵਿਚ ਮਿਲਦੀਆਂ ਸੰਤਰੇ ਤੇ ਖੰਡ ਦੀਆਂ ਗੋਲੀਆਂ ਆਪ ਖਰੀਦ ਕੇ ਵੀ ਖਾਧੀਆਂ ਹਨ ਪਰ ਬਚਪਨ ਦੇ ਦਿਨਾਂ ਵਿਚ ਫੁੱਫੜ ਦੇ ਹੱਥਾਂ ਦੀਆਂ ਦਿੱਤੀਆਂ ਤੇ ਖਾਧੀਆਂ ਗੋਲੀਆਂ ਦਾ ਮੁਕਾਬਲਾ ਨਹੀਂ ਕਰ ਸਕੀਆਂ। ਉਂਜ ਤਾਂ ਬੀਤੇ ਦਾ ਰੁਮਾਂਚ ਤੇ ਯਾਦ ਹਮੇਸ਼ਾਂ ਮਿੱਠੀ ਹੀ ਲਗਦੀ ਹੈ ਪਰ ਥੁੜਾਂ ਮਾਰੇ ਬਚਪਨ ਵਿਚ ਕਿਸੇ ਵੱਲੋਂ ਕੀਤਾ ਦਇਆ ਦਾ ਅਹਿਸਾਨ ਨਾ ਕਦੇ ਭੁੱਲੇਗਾ ਅਤੇ ਨਾ ਕੋਈ ਭੁੱਲ ਸਕਦਾ ਹੈ। ਕਾਸ਼! ਉਹ ਦਿਨ ਫਿਰ ਵਾਪਸ ਆ ਜਾਣ। ਆਮੀਨ।

# ਮਿਸ ਇੰਡਿਆ ਨਵਨੀਤ



ਕੱਲ੍ਹ ਤੱਕ ਨਵਨੀਤ ਕੌਰ ਢਿੱਲੋਂ ਪਟਿਆਲੇ ਪੰਜਾਬੀ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਦੀ ਵਿਦਿਆਰਥਣ ਸੀ, ਅੱਜ ਉਹ ਸੱਤਵੇਂ ਆਸਮਾਨ ਉਤੇ ਹੈ। ਉਸ ਦੇ ਸਿਰ ਉਤੇ ਮਿਸ ਇੰਡੀਆ ਦਾ ਵੱਕਾਰੀ ਤਾਜ ਸਜ ਗਿਆ ਹੈ। ਹੁਣ ਉਹ ਆਪਣੀ ਜ਼ਿੰਦਗੀ ਦੀ ਬਹੁਤ ਉਚੀ ਉਡਾਣ ਭਰਨ ਲਈ ਤਿਆਰ ਹੈ। ਅਸਲ ਵਿਚ ਉਸ ਦੀ ਸੂਰਤ ਅਤੇ ਸੀਰਤ ਮਾਰਕ ਰੌਬਿਸਨ ਨੇ ਚੰਡੀਗੜ੍ਹ ਵਿਚ ਇਕ ਸਮਾਗਮ ਵਿਚ ਉਦੋਂ ਤਾੜ ਲਈ ਸੀ। ਉਹ ਆਖਦਾ ਹੈ ਕਿ ਨਵਨੀਤ ਬਾਕੀਆਂ ਨਾਲੋਂ ਵੱਖਰੀ ਕੁੜੀ ਲੱਗੀ ਸੀ। ਫਿਰ ਨਵਨੀਤ ਨੇ ਮਾਰਚ ਦੀ ਸਿਖਲਾਈ ਹੇਠ ਹੀ ਮਿਸ ਇੰਡੀਆ ਮੁਕਾਬਲੇ ਲਈ ਤਿਆਰੀ ਕੀਤੀ ਅਤੇ ਇਹ ਮੁਕਾਮ ਹਾਸਲ ਕੀਤਾ। ਨਵਨੀਤ ਦਾ ਫੌਜੀ ਪਿਤਾ ਭਰਪੂਰ ਸਿੰਘ ਅਤੇ ਮਾਂ ਅਕਵਿੰਦਰ ਕੌਰ ਆਪਣੀ ਧੀ ਦੀ ਪ੍ਰਾਪਤੀ ਉਤੇ ਬਾਗੋ-ਬਾਗ ਹਨ।

# ਪ੍ਰਿਯੰਕਾ ਦੇ ਠੁਮਕੇ ਢਾਈ ਕਰੋੜੀ



ਅੱਜਕਲ 'ਸ਼ੂਟਆਊਟ ਐਟ ਵਡਾਲਾ' ਵਿਚ ਪ੍ਰਿਯੰਕਾ ਚੋਪੜਾ ਵਲੋਂ ਕੀਤੇ ਜਾਣ ਵਾਲੇ 'ਬਬਲੀ ਬਦਮਾਸ਼' ਨਾਮੀ ਆਈਟਮ ਡਾਂਸ ਦੇ ਕਾਫੀ ਚਰਚੇ ਹਨ। ਖ਼ਬਰ ਹੈ ਕਿ ਇਸ ਆਈਟਮ ਡਾਂਸ ਵਿਚ ਪ੍ਰਿਯੰਕਾ ਦੇ ਲਟਕਿਆਂ-ਝਟਕਿਆਂ ਲਈ ਉਸ ਨੂੰ ਢਾਈ ਕਰੋੜ ਤੋਂ ਵੀ ਵਧੇਰੇ ਰੁਪਏ ਦਿੱਤੇ ਜਾ ਰਹੇ ਹਨ। ਇਹ ਉਸ ਦਾ ਪਹਿਲਾ ਆਈਟਮ ਨੰਬਰ ਹੋਵੇਗਾ ਤੇ ਇਸ ਦੇ ਲਈ ਫ਼ਿਲਮ ਦੀ ਨਿਰਮਾਤਾ ਏਕਤਾ ਕਪੂਰ ਪ੍ਰਿਯੰਕਾ ਨੂੰ ਪੂਰੇ ਦੋ ਕਰੋੜ 80 ਲੱਖ ਰੁਪਏ ਦੇਣ ਵਾਲੀ ਹੈ। ਦਿਲਚਸਪ ਗੱਲ ਹੈ ਕਿ ਪ੍ਰਿਯੰਕਾ ਇਕ ਫ਼ਿਲਮ ਵਿਚ ਅਦਾਕਾਰੀ ਲਈ ਵੀ ਤਕਰੀਬਨ ਇੰਨਾ ਹੀ ਮਿਹਨਤਾਨਾ ਲੈਂਦੀ ਹੈ। ਬਾਲਾਜੀ ਟੈਲੀਫ਼ਿਲਮਜ਼ ਦੇ ਬੁਲਾਰੇ ਮੁਤਾਬਕ ਪ੍ਰਿਯੰਕਾ ਨੂੰ ਦਿੱਤੀ ਜਾ ਰਹੀ ਇਹ ਰਕਮ ਸਹੀ ਹੈ ਕਿਉਂਕਿ ਇਹ ਉਸ ਦਾ ਪਹਿਲਾ ਆਈਟਮ ਨੰਬਰ ਬਣਨ ਵਾਲਾ ਹੈ। ਇਸੇ ਗੀਤ ਨਾਲ ਫ਼ਿਲਮ ਦਾ ਪ੍ਰਚਾਰ ਵੀ ਹੋਵੇਗਾ। ਇਸ ਗੀਤ ਉਤੇ ਬਹੁਤ ਮਿਹਨਤ ਕੀਤੀ ਗਈ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਪ੍ਰਿਯੰਕਾ ਚੋਪੜਾ ਗਾਉਂਦੀ ਹੈ ਅਤੇ ਗੀਤ ਵੀ ਲਿਖਦੀ ਹੈ, ਪਰ ਜਦੋਂ 2000 ਵਿਚ ਜਦੋਂ ਉਸ ਨੇ ਮਿਸ ਇੰਡੀਆ ਦਾ ਤਾਜ ਸਿਰ ਉਤੇ ਪਹਿਨ ਲਿਆ ਅਤੇ ਫਿਰ ਉਸੇ ਸਾਲ ਅਗਲੇ ਮੁਕਾਬਲੇ ਵਿਚ ਉਸ ਦੇ ਸਿਰ ਉਤੇ ਮਿਸ ਵਰਲਡ ਦਾ ਤਾਜ ਵੀ ਸਜ ਗਿਆ, ਤਾਂ ਉਸ ਨੂੰ ਫਿਲਮਾਂ ਦੀਆਂ ਪੇਸ਼ਕਸ਼ਾਂ ਦਾ ਹੜ੍ਹ ਆ ਗਿਆ ਅਤੇ ਉਸ ਨੇ ਅਦਾਕਾਰੀ ਦਾ ਰਾਹ ਚੁਣ ਲਿਆ। ਇਸ ਪਿੜ ਵਿਚ ਵੀ ਉਸ ਨੇ ਆਉਂਦਿਆਂ ਹੀ ਧੁੰਮਾਂ ਪਾ ਦਿੱਤੀਆਂ। ਉਸ ਦੀ ਪਹਿਲੀ ਫਿਲਮ ਤਾਮਿਲ ਸੀ ਜੋ 2002 'ਚ ਆਈ। ਫਿਰ ਹਿੰਦੀ ਫਿਲਮ 'ਹੀਰੋ' ਨਾਲ ਬਾਲੀਵੁੱਡ ਵਿਚ ਪ੍ਰਵੇਸ਼ ਕਰ ਲਿਆ। ਫਿਰ ਚੱਲ ਸੋ ਚੱਲ...।

## ਸਿਰਫ ਕਲਾ ਨੂੰ ਸਮਰਪਿਤ ਸਨ

# ਜੁਆਏ ਮੁਖਰਜੀ

ਅਦਾਕਾਰ ਜੁਆਏ ਮੁਖਰਜੀ ਕਈ ਸਫਲ ਫ਼ਿਲਮਾਂ ਤੇ ਬਾਲੀਵੁੱਡ ਦੇ ਰੋਮਾਂਟਿਕ ਹੀਰੋ ਦੇ ਰੂਪ ਵਿਚ ਭਰਪੂਰ ਪ੍ਰਸਿੱਧੀ ਖੱਟਣ ਦੇ ਬਾਵਜੂਦ ਹਿੰਦੀ ਫ਼ਿਲਮਾਂ ਦੇ ਬੇਹੱਦ ਸਫਲ ਅਦਾਕਾਰਾਂ ਦੀ ਸੂਚੀ ਵਿਚ ਕਦੇ ਸ਼ਾਮਲ ਨਾ ਹੋ ਸਕੇ ਕਿਉਂਕਿ ਉਹ ਸਿਰਫ ਕਲਾ ਪ੍ਰਤੀ ਸਮਰਪਿਤ ਸਨ।

ਜੁਆਏ ਮੁਖਰਜੀ ਦਾ ਜਨਮ 24 ਫਰਵਰੀ 1939 ਨੂੰ ਹੋਇਆ ਸੀ। ਉਨ੍ਹਾਂ ਦਾ ਤਕਰੀਬਨ ਸਾਰਾ ਪਰਿਵਾਰ ਹੀ ਫ਼ਿਲਮਾਂ ਵਿਚ ਸਰਗਰਮ ਸੀ। ਉਨ੍ਹਾਂ ਦੇ ਪਿਤਾ ਸ਼ਸ਼ਧਰ ਮੁਖਰਜੀ ਸਫਲ ਨਿਰਮਾਤਾ ਤੇ ਫ਼ਿਲਮਿਸਤਾਨ ਸਟੂਡੀਓ ਦੇ ਸਹਿ-ਬਾਨੀ ਸਨ, ਉਥੇ ਹੀ ਉਨ੍ਹਾਂ ਦੇ ਚਾਚਾ ਜੀ ਸੁਬੋਧ ਮੁਖਰਜੀ ਨਿਰਦੇਸ਼ਕ ਸਨ। ਉਨ੍ਹਾਂ ਦੇ ਮਾਮਾ ਜੀ ਅਸ਼ੋਕ ਕੁਮਾਰ ਤੇ ਕਿਸ਼ੋਰ ਕੁਮਾਰ ਦੀ ਸਫਲਤਾ ਤੇ ਲੋਕਪ੍ਰਿਯਤਾ ਕਿਸੇ ਤੋਂ ਵੀ ਲੁਕੀ ਨਹੀਂ ਹੈ। ਜੁਆਏ ਦੇ ਭਰਾ ਦੇਬ ਮੁਖਰਜੀ ਤੇ ਸ਼ੋਮੂ ਮੁਖਰਜੀ ਹਨ। ਫ਼ਿਲਮੀ ਫਾਰਮੂਲਿਆਂ ਦੇ ਆਦਿ ਗੁਰੂ ਸ਼ਸ਼ਧਰ ਮੁਖਰਜੀ ਦਾ ਪੂਰਾ ਪਰਿਵਾਰ ਭਾਵੇਂ ਫ਼ਿਲਮੀ ਰਿਹਾ ਪਰ ਉਨ੍ਹਾਂ ਦੇ ਬੇਟੇ ਜੁਆਏ ਮੁਖਰਜੀ ਨੂੰ ਫ਼ਿਲਮ ਸਟਾਰ ਬਣਨਾ ਬਿਲਕੁਲ ਵੀ ਪਸੰਦ ਨਹੀਂ ਸੀ।

ਜਦੋਂ ਉਹ ਬੀ.ਏ. ਦੀ ਪੜ੍ਹਾਈ ਕਰ ਰਹੇ ਸਨ, ਉਦੋਂ ਇਕ ਦਿਨ ਪਿਤਾ ਸ਼ਸ਼ਧਰ ਮੁਖਰਜੀ ਨੇ ਪੁੱਛ ਲਿਆ ਕਿ ਆਖਿਰ ਉਹ ਆਪਣੀ ਜ਼ਿੰਦਗੀ ਵਿਚ ਕੀ ਕਰਨਾ ਚਾਹੁੰਦੇ ਹਨ। ਇਸ ਸਵਾਲ ਦੇ ਨਾਲ ਹੀ ਉਨ੍ਹਾਂ ਨੇ ਫ਼ਿਲਮ 'ਹਮ ਹਿੰਦੁਸਤਾਨੀ' ਦਾ ਕਾਂਟਰੈਕਟ ਵੀ ਜੁਆਏ ਦੇ ਸਾਹਮਣੇ ਰੱਖ ਦਿੱਤਾ। ਜੁਆਏ ਨੇ ਇਹ ਸੋਚ ਕੇ ਅਣਮੰਨੇ ਮਨ ਨਾਲ ਫ਼ਿਲਮ ਸਾਈਨ ਕਰ ਲਈ ਕਿ



ਚਲੋ ਪਾਕੇਟ ਮਨੀ ਲਈ ਚੰਗੀ ਰਕਮ ਮਿਲ ਜਾਏਗੀ ਅਤੇ ਅਖੀਰ ਉਨ੍ਹਾਂ ਨੂੰ ਅਦਾਕਾਰੀ ਵਿਚ ਹੀ ਕਰੀਅਰ ਬਣਾਉਣਾ ਪਿਆ। ਇਸ ਕਰੀਅਰ ਦੀ ਬਕਾਇਦਾ ਸ਼ੁਰੂਆਤ ਵੀ 1960 ਵਿਚ ਪਿਤਾ ਦੇ ਹੋਮ ਪ੍ਰੋਡਕਸ਼ਨ ਦੀ ਫ਼ਿਲਮ 'ਲਵ ਇਨ ਸ਼ਿਮਲਾ' ਨਾਲ ਹੋਈ, ਜਿਸ ਵਿਚ ਉਨ੍ਹਾਂ ਦੀ ਹੀਰੋਇਨ ਸਾਧਨਾ ਸੀ। ਇਹ ਫ਼ਿਲਮ ਦੋਹਾਂ ਲਈ ਬੇਹੱਦ ਸਫਲ ਸਿੱਧ ਹੋਈ। ਆਸ਼ਾ ਪਾਰੇਖ, ਸਾਧਨਾ, ਮਾਲਾ ਸਿਨ੍ਹਾ ਤੇ ਸਾਇਰਾ ਬਾਨੋ ਵਰਗੀਆਂ ਸਫਲ ਤੇ ਪ੍ਰਸਿੱਧ ਅਭਿਨੇਤਰੀਆਂ ਨਾਲ ਉਨ੍ਹਾਂ ਦੀ ਰੋਮਾਂਟਿਕ ਜੋੜੀ ਬੇਹੱਦ ਪਸੰਦ ਕੀਤੀ ਗਈ। 1963 ਵਿਚ ਬਣੀ ਫ਼ਿਲਮ 'ਫਿਰ ਵਹੀ ਦਿਲ ਲਾਇਆ ਹੂੰ' ਜੁਆਏ ਮੁਖਰਜੀ ਦੇ ਕਰੀਅਰ ਦੀ ਜ਼ਿਕਰਯੋਗ ਫ਼ਿਲਮ ਰਹੀ।



ਫ਼ਿਲਮਾਂ ਵਿਚ ਧਰਮਿੰਦਰ, ਜਤਿੰਦਰ, ਰਾਜੇਸ਼ ਖੰਨਾ ਵਰਗੇ ਅਦਾਕਾਰਾਂ ਦੇ ਦੌਰ ਦੌਰਾਨ ਉਹ ਗਿਣੀਆਂ-ਚੁਣੀਆਂ ਫ਼ਿਲਮਾਂ ਕਰਨ ਲੱਗੇ। ਫਿਰ ਬਤੌਰ ਨਿਰਮਾਤਾ-ਨਿਰਦੇਸ਼ਕ 'ਹਮਸਾਇਆ' ਬਣਾਈ। ਰਾਜੇਸ਼ ਖੰਨਾ ਤੇ ਜ਼ੀਨਤ ਅਮਾਨ ਨੂੰ ਲੈ ਕੇ ਉਨ੍ਹਾਂ ਨੇ 'ਛੈਲਾ ਬਾਬੂ' ਨਿਰਦੇਸ਼ਤ ਕੀਤੀ ਪਰ ਅਸਫਲਤਾ ਹੀ ਹੱਥ ਲੱਗੀ। ਜੁਆਏ ਮੁਖਰਜੀ ਨੇ 2009 ਵਿਚ ਸੀਰੀਅਲ 'ਐ ਦਿਲ-ਏ-ਨਾਦਾਨ' ਰਾਹੀਂ ਛੋਟੇ ਪਰਦੇ 'ਤੇ ਵੀ ਆਪਣੀ ਮੌਜੂਦਗੀ ਦਰਜ ਕਰਵਾਈ। ਵਿਦੇਸ਼ੀ ਕਲਾਕਾਰਾਂ ਵਿਚ ਜੁਆਏ ਮੁਖਰਜੀ ਗ੍ਰੇਗਰੀ ਪੈਕ ਤੋਂ ਕਾਫੀ ਪ੍ਰਭਾਵਿਤ ਸਨ ਤੇ ਉਨ੍ਹਾਂ ਨੂੰ ਆਪਣਾ ਰੋਲ ਮਾਡਲ ਵੀ ਮੰਨਦੇ ਸਨ। ਸਟਾਰਡਮ ਦਾ ਭਰਪੂਰ ਸਵਾਦ ਚੱਖਣ ਦੇ ਬਾਵਜੂਦ ਲਗਾਤਾਰ ਆਪਣੇ ਪ੍ਰਸ਼ੰਸਕਾਂ ਨੂੰ ਮਿਲਣਾ, ਹੱਥ ਮਿਲਾਉਣਾ ਜਾਂ ਆਟੋਗ੍ਰਾਫ ਦੇਣਾ ਜੁਆਏ ਨੂੰ ਕਦੇ ਰਾਸ ਨਾ ਆਇਆ। ਇਥੋਂ ਤੱਕ ਕਿ ਪ੍ਰੈੱਸ ਤੋਂ ਵੀ ਜੁਆਏ ਨੇ ਹਮੇਸ਼ਾ ਦੂਰੀ ਹੀ ਬਣਾਈ ਰੱਖੀ। ਇਸ ਦਾ ਕਾਰਨ ਸ਼ਾਇਦ ਇਹੀ ਸੀ ਕਿ ਉਨ੍ਹਾਂ ਨੂੰ ਜ਼ਬਰਦਸਤੀ ਅਦਾਕਾਰ ਬਣਾ ਦਿੱਤਾ ਗਿਆ ਸੀ। ਇਸ ਲਈ ਗਲੈਮਰ ਜਗਤ ਦੇ ਲਟਕਿਆਂ-ਝਟਕਿਆਂ ਤੋਂ ਉਹ ਹਮੇਸ਼ਾ ਅਣਜਾਣ ਹੀ ਰਹੇ।

# ਓਮ ਪੁਰੀ ਦਾ ਟੱਬਰ ਅਤੇ ਅਦਾਕਾਰੀ ਦੀ ਪਰਵਾਜ਼




ਲੰਬੇ ਸਮੇਂ ਤੋਂ ਓਮ ਪੁਰੀ ਤੇ ਉਸ ਦੀ ਪਤਨੀ ਨੰਦਿਤਾ ਵਿਚਾਲੇ ਮਨ-ਮੁਟਾਵ ਚੱਲ ਰਿਹਾ ਹੈ ਤੇ ਉਸ ਨੇ ਤਲਾਕ ਦੀ ਅਰਜ਼ੀ ਅਦਾਲਤ ਵਿਚ ਦਾਖਲ ਕੀਤੀ ਹੋਈ ਹੈ। ਇਸੇ ਦੌਰਾਨ ਖਬਰ ਸੀ ਕਿ ਦੋਹਾਂ ਵਿਚਕਾਰ ਸਮਝੌਤਾ ਹੋਇਆ ਸੀ ਪਰ ਤਾਜ਼ਾ ਖਬਰਾਂ ਹਨ ਕਿ ਓਮ ਪੁਰੀ ਨੰਦਿਤਾ ਤੋਂ ਤਲਾਕ ਲੈਣ ਦਾ ਮਨ ਬਣਾ ਚੁੱਕੇ ਹਨ। ਨੰਦਿਤਾ ਦਾ ਕਹਿਣਾ ਹੈ, "ਉਹ ਮੈਨੂੰ ਤੇ ਇਸ਼ਾਨ ਨੂੰ ਫਲੈਟ ਵਿਚੋਂ ਬਾਹਰ ਕੱਢਣਾ ਚਾਹੁੰਦੇ ਹਨ ਤੇ ਆਪਣੀ ਪਹਿਲੀ ਪਤਨੀ ਸੀਮਾ ਕਪੂਰ ਦੇ ਨਾਲ ਰਹਿਣਾ ਚਾਹੁੰਦੇ ਹਨ।" ਦੂਸਰੇ ਪਾਸੇ ਓਮ ਪੁਰੀ ਇਨ੍ਹਾਂ ਇਲਜ਼ਾਮਾਂ ਤੋਂ ਇਨਕਾਰ ਕਰਦੇ ਹੋਏ ਕਹਿੰਦੇ ਹਨ, "ਮੈਂ ਭਲਾ ਉਨ੍ਹਾਂ ਨੂੰ ਫਲੈਟ ਵਿਚੋਂ ਕਿਉਂ ਕੱਢਾਂਗਾ। ਮੇਰੇ ਕੋਲ ਚਾਰ ਫਲੈਟ ਹਨ ਜਿਨ੍ਹਾਂ ਵਿਚੋਂ ਤਿੰਨ ਸਾਡੇ ਦੋਹਾਂ ਦੇ ਨਾਂ 'ਤੇ ਹਨ। ਨੰਦਿਤਾ ਨੇ ਮੇਰੀ ਜੀਵਨੀ ਵਿਚ ਮੇਰੀ ਗਲਤ ਤਸਵੀਰ ਪੇਸ਼ ਕੀਤੀ ਸੀ।" ਦੂਜੇ ਪਾਸੇ ਨੰਦਿਤਾ ਦਾ ਕਹਿਣਾ ਹੈ ਕਿ ਉਨ੍ਹਾਂ ਵਿਚਕਾਰ ਵੱਖ ਹੋਣ ਪਿੱਛੇ ਜੀਵਨੀ ਦਾ ਤਾਂ ਇਕ ਬਹਾਨਾ ਹੀ ਹੈ। 2008 ਵਿਚ ਓਮ ਦੇ ਜੀਵਨ ਵਿਚ ਉਸ ਦੀ ਪਹਿਲੀ ਪਤਨੀ ਸੀਮਾ ਦੇ ਆਉਣ ਤੋਂ ਬਾਅਦ ਹੀ ਸਾਡੇ ਵਿਚ ਸਮੱਸਿਆਵਾਂ ਪੈਦਾ ਹੋਈਆਂ ਹਨ।

ਓਮ ਪੁਰੀ ਦੀ ਨਿੱਜੀ ਜ਼ਿੰਦਗੀ ਵਿਚ ਭਾਵੇਂ ਅਜੇ ਉਬਾਲ ਜਿਹਾ ਆਇਆ ਹੋਇਆ ਹੈ, ਪਰ ਉਸ ਦਾ ਫਿਲਮੀ ਕਰੀਅਰ ਸਦਾ ਹੀ ਬੜਾ ਸ਼ਾਨਦਾਰ ਰਿਹਾ ਹੈ। ਸੂਰਤ ਪੱਖੋਂ ਬਹੁਤਾ ਸੋਹਣਾ ਨਾ ਹੋਣ ਦੇ ਬਾਵਜੂਦ ਉਸ ਨੇ ਅਦਾਕਾਰੀ ਦੇ ਸਿਰ ਉਤੇ ਫਿਲਮੀ ਦੁਨੀਆਂ ਵਿਚ ਦਹਾਕਿਆਂ ਤੋਂ ਆਪਣਾ ਅਸਰ ਪਾਇਆ ਹੋਇਆ ਹੈ। ਉਸ ਦੀ ਪਹਿਲੀ ਫਿਲਮ 'ਘਾਸੀਰਾਮ ਕੋਤਵਾਲ' 1976 ਵਿਚ ਆਈ ਸੀ ਅਤੇ ਇਸ ਫਿਲਮ ਨਾਲ ਉਸ ਨੇ ਆਪਣੀ ਵਿਲੱਖਣ ਅਦਾਕਾਰੀ ਦਾ ਝੰਡਾ ਗੱਡ ਦਿੱਤਾ ਸੀ। ਉਸ ਵੇਲੇ ਉਹ ਸਿਨੇਮਾ ਦੇ ਖੇਤਰ ਵਿਚ ਚੱਲੀ 'ਸਾਰਥਕ ਸਿਨੇਮਾ ਲਹਿਰ' ਦੇ ਕਰਤੇ-ਧਰਤਿਆਂ ਵਿਚ ਸ਼ਾਮਲ ਸੀ। ਉਹ ਟੈਲੀਵਿਜ਼ਨ ਉਤੇ ਵੀ ਧਮਾਲਾਂ ਪਾ ਚੁੱਕਾ ਹੈ। ਪਿਛਲੇ ਸਾਲ ਉਸ ਨੇ 'ਓ ਮਾਈ ਗੌਡ' ਫਿਲਮ ਨਾਲ ਧਮਾਲ ਪਾਈ। 2013 ਵਿਚ ਉਸ ਦੀ ਫਿਲਮ 'ਬਠਿੰਡਾ ਟੂ ਬ੍ਰੈਂਪਟਨ' ਆ ਰਹੀ ਹੈ। ਇਹ ਪੰਜਾਬੀ ਫਿਲਮ ਹੈ ਜਿਹੜੀ ਅੰਗਰੇਜ਼ੀ ਵਿਚ ਵੀ ਡੱਬ ਕੀਤੀ ਗਈ ਹੈ। 2014 ਵਿਚ 'ਦਿ ਰਿਲੱਕਟੈਂਟ ਫੰਡਾਮੈਂਟਲਿਸਟ' ਆਵੇਗੀ।


WATCH A NEW MOVIE EVERYDAY
1000+ SOUTH ASIAN MOVIES ON DEMAND FOR FREE
SUBSCRIBE TO THE PUNJABI PACK FOR $24.99/MO
AND GET MOVIES ON DEMAND FREE FOR A YEAR
BIG MAGIC INTERNATIONAL + BIGFLIX
PTC PUNJABI
jus punjabi
GET ਪੰਜਾਬੀ
9Punjab
MH ONE
JUS one
CHANNEL SELECTION WILL VARY BY PACKAGE
PACKAGES STARTING FROM $24.99/MO
1.888.242.2276
Facebook.com/DishPunjabiTV
www.DishSouthAsianTV.com/MOD
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Offer valid with activation of new DISH residential service with a qualifying South Asian package ($19.99/mo or higher) between 2/01/13 and 04/30/13. You must separately sign up for Big Magic by calling 1.888.723.0197, and visit www.dish.com/southasianmod by 5/15/13 to redeem offer; your account will be credited on or about 7/01/13. You must maintain qualifying South Asian package for the duration. After promotional period Big Magic add-on package will continue at then-current price unless you call or go online to downgrade. May not be combined with other special offers. Depending on qualifying plan, one or more of the following will apply – activation fee (minimum $79), Social Security Number, credit approval, 24-month Agreement, early cancellation fee. Upgrade fees will apply for select receivers based on model. Monthly fees for receivers may apply. Some plans require all payments to be made in advance, including monthly programming, pay-per-view (prior to event), equipment upgrades and other one-time charges. New and qualifying former customers only. Offer is subject to the terms of the Promotional and Residential Customer Agreements. All prices, packages, programming, features, functionality and offers subject to change without notice. ©2013, DISH Network L.L.C. All rights reserved.




**May 4, 2013**
New Jersy
Namay USA Inc.
Amit: 732-609-0124

**May 5, 2013**
Hype Apna DKNY Entertainment
Colden Center, Flushing, NY
For More Information: Lakhi Gill, 516-808-7171
Jaswinder Tony, 347-723-2533 or Randhir Brar, 516-462-5070

**May 11, 2013**
Punjab Productions
Cleveland (OH)
For Info.: 216-571-9980
216-392-1490

**May 18, 2013**
Civic Auditorium - San Jose
At Bahl Production in association with George Chohan
Gary Bahl 510-449-1665

**May 19, 2013**
Woodward Park - Fresno
Punjabi Cultural Asssociation of Central Valley, Fresno
Amrit Dhaliwal 209-598-6980
Jagroop Bhandal 559-917-9608

**May 24, 2013**
Jordan High - Long Beach
Surjit Ent. & Meher Ent.
626-450-5450 or 925-899-4838

**May 25, 2013**
Fox Theater - Bakersfield
Babbu Burpal 510-557-9670

**May 26, 2013**
Yuba Sutter Fairgrounds, Yuba City
530-844-0247

*For more info.: Lakhi Gill 516-808-7171, Nirmal Dhaliwal 604-653-9000*